ਐਲੀਮੈਂਟਰੀ ਸਿੱਖਿਆ ਵਿੱਚ ਡਿਪਲੋਮਾ

(ਡੀ.ਈਐੱਲ.ਐੱਡ.)

ਐਲੀਮੈਂਟਰੀ ਸਕੂਲਾਂ ਵਿੱਚ ਪ੍ਰਕਿਰਿਆ

ਬਲਾਕ-1

ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆ


ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ

ਏ-24/25, ਇੰਡਸਟਰੀਅਲ ਏਰੀਆ, ਸੈਕਟਰ-62,

ਨੋਇਡਾ ਗੌਤਮ ਬੁੱਧ ਨਗਰ, ਯੂਪੀ-201309

ਵੈਬਸਾਈਟ: **www.nios.ac.in**

ਲਰਨਰ ਸਪੋਰਟ ਸੈਂਟਰ ਟੋਲ ਫਰੀ ਨੰਬਰ:1800 180 9393, ਈ-ਮੇਲ : **lsc@nios.ac.in**



ਲਰਨਰ ਸਪੋਰਟ ਸੈਂਟਰ ਟੋਲ ਫਰੀ ਨੰਬਰ:1800 180 9393, ਈ-ਮੇਲ : **lsc@nios.ac.in**

## Declaration/ Disclaimer

This is translated version of D.El.Ed. course material available in English medium at www.dled.nios.ac.in. All care and diligence has been ensured while translating to ensure sanctity of materials, however, in case of any kind of divergence/translation/meaning the source version i.e material in English medium shall prevail.

## ਘੋਸ਼ਣਾ

ਇਹ Dled ਲਈ www. Dled.nios.ac.in ਤੇ ਉਪਲਬਧ ਕੋਰਸ ਸਮੱਗਰੀ ਦਾ ਕੀਤਾ ਗਿਆ ਪੰਜਾਬੀ ਅਨੁਵਾਦ ਹੈ. ਕਿਸੇ ਵੀ ਕਿਸਮ ਦੀ ਭਿੰਨਤਾ ਦੇ ਸਿਲਸਿਲੇ ਵਿਚ ਅੰਗ੍ਰਜੀ ਸੰਸਕਰਣ ਪ੍ਰਬਲ ਹੋਵੇਗਾ

**ਚੇਅਰਮੈਨ ਦਾ ਸੰਦੇਸ਼...**

ਪਿਆਰੇ ਵਿਦਿਆਰਥੀਓ

ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ (ਐੱਨਆਈਓਐੱਸ) ਭਾਰਤ ਸਰਕਾਰ ਦੇ ਮਨੁੱਖੀ ਵਸੀਲੇ ਵਿਭਾਗ (ਐੱਮਐੱਚਆਰਡੀ) ਅਧੀਨ ਇੱਕ ਖੁਦਮੁਖਤਿਆਰ ਸੰਸਥਾ ਹੈ। ਮੌਜੂਦਾ ਸਮੇਂ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਪੱਧਰ 'ਤੇ 2.02 ਮਿਲੀਅਨ ਵਿਦਿਆਰਥੀਆਂ ਦੇ ਪੰਜੀਕਰਨ ਨਾਲ ਇਹ ਵਿਸ਼ਵ ਦੀ ਸਭ ਤੋਂ ਵੱਡੀ ਸਕੂਲ ਪ੍ਰਣਾਲੀ ਹੈ। ਐੱਨਆਈਓਐੱਸ ਦੇ ਦੇਸ਼ ਦੇ ਅੰਦਰ ਅਤੇ ਬਾਹਰ ਆਪਣੇ ਅਕਾਦਮਿਕ ਅਤੇ ਵੋਕੇਸ਼ਨਲ ਪ੍ਰੋਗਰਾਮਾਂ ਲਈ 15 ਤੋਂ ਜ਼ਿਆਦਾ ਖੇਤਰੀ ਕੇਂਦਰਾਂ, 2 ਉਪ ਕੇਂਦਰਾਂ ਅਤੇ ਲਗਪਗ 5,000 ਅਧਿਐਨ ਕੇਂਦਰਾਂ ਨਾਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਨੈੱਟਵਰਕ ਹੈ। ਇਹ ਓਪਨ ਅਤੇ ਡਿਸਟੈਂਸ ਸਿੱਖਿਆ ਪ੍ਰਣਾਲੀ ਰਾਹੀਂ ਵਿਦਿਆਰਥੀ ਕੇਂਦਰਿਤ ਗੁਣਵੱਤਾ ਸਿੱਖਿਆ, ਹੁਨਰ ਅਪ-ਗ੍ਰੇਡੇਸ਼ਨ ਅਤੇ ਸਿਖਲਾਈ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਇਹ ਆਪਣੇ ਪ੍ਰੋਗਰਾਮਾਂ ਦਾ ਆਦਾਨ ਪ੍ਰਦਾਨ ਪ੍ਰਿੰਟਿਡ ਸਮੱਗਰੀ ਦੇ ਜ਼ਰੀਏ ਕਰਦਾ ਹੈ ਜਿਸ ਵਿੱਚ ਆਹਮੋ ਸਾਹਮਣੇ ਪੜ੍ਹਾਈ (ਵਿਅਕਤੀਗਤ ਸੰਪਰਕ ਪ੍ਰੋਗਰਾਮ), ਸੂਚਨਾ ਅਤੇ ਸੰਚਾਰ ਤਕਨਾਲੋਜੀ ਆਡਿਓ/ਵੀਡਿਓ ਕੈਸੇਟ, ਰੇਡਿਓ ਪ੍ਰਸਾਰਣ ਅਤੇ ਟੈਲੀਕਾਸਟ ਆਦਿ ਨਾਲ ਇਨ੍ਹਾਂ ਦੇ ਉਪਯੋਗ ਦੀ ਪੂਰਤੀ ਕਰਦਾ ਹੈ।

ਐੱਨਆਈਓਐੱਸ ਨੂੰ ਐਲੀਮੈਂਟਰੀ ਪੱਧਰ ਦੇ ਅਸਿੱਖਿਅਤ ਅਧਿਆਪਕਾਂ ਨੂੰ ਸਿਖਲਾਈ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ। ਐੱਨਆਈਓਐੱਸ ਵੱਲੋਂ ਖੇਤਰ ਦੀਆਂ ਵਿਭਿੰਨ ਏਜੰਸੀਆਂ ਦੇ ਸਹਿਯੋਗ ਨਾਲ ਡੀ.ਈਐੱਲ.ਈਡੀ. ਪ੍ਰੋਗਰਾਮ ਲਈ ਸਿਖਲਾਈ ਪੈਕੇਜ ਵਿਕਸਤ ਕੀਤਾ ਗਿਆ ਹੈ। ਸੰਸਥਾ ਆਰਟੀਈ 2009 ਮੁਤਾਬਿਕ ਵੱਖ ਵੱਖ ਰਾਜਾਂ ਵਿੱਚ ਇਨ-ਸਰਵਿਸ ਅਸਿੱਖਿਅਤ ਅਧਿਆਪਕਾਂ ਨੂੰ ਐਲੀਮੈਂਟਰੀ ਸਿੱਖਿਆ ਪ੍ਰੋਗਰਾਮ ਵਿੱਚ ਦੋ ਸਾਲ ਦਾ ਨਵੀਨਤਮ ਅਤੇ ਚੁਣੌਤੀਪੂਰਨ ਡਿਪਲੋਮੇ ਦੀ ਪੇਸ਼ਕਸ਼ ਦਿੰਦੀ ਹੈ।

ਮੈਂ ਤੁਹਾਡਾ ਸਾਰਿਆਂ ਦਾ ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ (ਐੱਨਆਈਓਐੱਸ) ਦੇ ਐਲੀਮੈਂਟਰੀ ਸਿੱਖਿਆ ਪ੍ਰੋਗਰਾਮ ਦੇ ਡਿਪਲੋਮਾ ਕੋਰਸ ਵਿੱਚ ਸਵਾਗਤ ਕਰਦੇ ਹੋਏ ਮਾਣ ਮਹਿਸੂਸ ਕਰਦਾ ਹਾਂ। ਮੈਂ ਤੁਹਾਡੇ ਰਾਜਾਂ ਦੀ ਐਲੀਮੈਂਟਰੀ ਸਿੱਖਿਆ ਵਿੱਚ ਤੁਹਾਡੇ ਵੱਲੋਂ ਪਾਏ ਯੋਗਦਾਨ ਦੀ ਸ਼ਲਾਘਾ ਕਰਦਾ ਹਾਂ। ਆਰਟੀਈ 2009 ਕਾਨੂੰਨ ਅਨੁਸਾਰ ਸਾਰੇ ਸਕੂਲ ਅਧਿਆਪਕਾਂ ਦਾ ਪੇਸ਼ੇਵਰ ਸਿੱਖਿਅਤ ਹੋਣਾ ਲਾਜ਼ਮੀ ਬਣ ਗਿਆ ਹੈ। ਅਸੀਂ ਸਮਝਦੇ ਹਾਂ ਕਿ ਅਧਿਆਪਕ ਦੇ ਰੂਪ ਵਿੱਚ ਤੁਹਾਡੇ ਅਨੁਭਵ ਨੇ ਤੁਹਾਨੂੰ ਪਹਿਲਾਂ ਤੋਂ ਹੀ ਇੱਕ ਚੰਗਾ ਅਧਿਆਪਕ ਬਣਨ ਲਈ ਜ਼ਰੂਰੀ ਹੁਨਰ ਪ੍ਰਦਾਨ ਕਰ ਦਿੱਤਾ ਹੈ। ਤੁਹਾਨੂੰ ਇਹ ਕੋਰਸ ਮੁਕੰਮਲ ਕਰਨ ਲਈ ਹੁਣ ਇਹ ਕਾਨੂੰਨ ਰਾਹੀਂ ਲਾਜ਼ਮੀ ਕਰ ਦਿੱਤਾ ਹੈ। ਮੈਨੂੰ ਵਿਸ਼ਵਾਸ ਹੈ ਕਿ ਹੁਣ ਤੱਕ ਤੁਹਾਡੇ ਵੱਲੋਂ ਹਾਸਲ ਕੀਤਾ ਗਿਆ ਗਿਆਨ ਅਤੇ ਅਨੁਭਵ ਨਿਸ਼ਚਿਤ ਰੂਪ ਨਾਲ ਇਸ ਪ੍ਰੋਗਰਾਮ ਵਿੱਚ ਤੁਹਾਡੀ ਮਦਦ ਕਰਨਗੇ।

ਇਹ ਡੀ.ਈਐੱਲ.ਈਡੀ. ਪ੍ਰੋਗਰਾਮ ਓਪਨ ਅਤੇ ਡਿਸਟੈਂਸ ਸਿੱਖਿਆ (ਓਡੀਐੱਲ) ਮੋਡ ਰਾਹੀਂ ਹੁੰਦਾ ਹੈ ਅਤੇ ਤੁਹਾਨੂੰ ਅਧਿਆਪਕ ਦੇ ਰੂਪ ਵਿੱਚ ਨਿਯਮਤ ਰੂਪ ਨਾਲ ਕਾਰਜ ਕਰਨ ਤੋਂ ਪ੍ਰੇਸ਼ਾਨ ਕੀਤੇ ਬਿਨਾਂ ਪੇਸ਼ੇਵਰ ਰੂਪ ਵਿੱਚ ਸਿੱਖਿਅਤ ਹੋਣ ਦਾ ਢੁਕਵਾਂ ਮੌਕਾ ਪ੍ਰਦਾਨ ਕਰਦਾ ਹੈ।

ਤੁਹਾਡੀ ਵਰਤੋਂ ਲਈ ਵਿਸ਼ੇਸ਼ ਰੂਪ ਤੋਂ ਵਿਕਸਤ ਸਵੈ ਸਿੱਖਿਆ ਸਮੱਗਰੀ ਸਮਝਣ ਵਿੱਚ ਸਹਾਇਕ ਹੋਏਗੀ ਅਤੇ ਤੁਹਾਨੂੰ ਨੌਕਰੀ ਦੇ ਯੋਗ ਬਣਾਉਣ ਤੋਂ ਇਲਾਵਾ ਚੰਗਾ ਅਧਿਆਪਕ ਬਣਨ ਵਿੱਚ ਤੁਹਾਡੀ ਮਦਦ ਕਰੇਗੀ।

ਇਸ ਮਹਾਨ ਕਾਰਜ ਲਈ ਸ਼ੁਭਕਾਮਨਾਵਾਂ!!

**ਚੇਅਰਮੈਨ**

**(ਐੱਨਆਈਓਐੱਸ)**

**ਕਰੈਡਿਟ ਅੰਕ** (8=6+2)

| ਬਲਾਕ | ਇਕਾਈ | ਇਕਾਈ ਦਾ ਨਾਂ | ਸਿਧਾਂਤਕ ਅਧਿਐਨ ਘੰਟ | | ਵਿਵਹਾਰਕ ਅਧਿਐਨ |
|---|---|---|---|---|---|
| ਬਲਾਕ−1: ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆ | ਇਕਾਈ 1 | ਸ਼ੁਰੂਆਤੀ ਸਕੂਲ ਦੌਰਾਨ ਸਿਖਲਾਈ ਅਤੇ ਅਧਿਆਪਨ | 6 | 4 | ਆਪਣੇ ਅਨੁਭਵ ਤੋਂ ਇੱਕ ਸਹਾਇਕ ਦੇ ਰੂਪ ਵਿੱਚ ਭੂਮਿਕਾ ਦੀ ਪਛਾਣ |
| | ਇਕਾਈ 2 | ਸਿਖਲਾਈ ਅਤੇ ਅਧਿਆਪਨ ਦੇ ਦ੍ਰਿਸ਼ਟੀਕੋਣ | 8 | 5 | ਆਪਣੇ ਸਹਿਕਰਮੀਆਂ ਦੇ ਵਿਵਹਾਰ ਤੋਂ ਬਾਲ ਕੇਂਦਰਿਤ ਪਹੁੰਚ ਦੇ ਗੁਣਾਂ ਦੀ ਪਛਾਣ ਕਰਨੀ |
| | ਇਕਾਈ 3 | ਸਿਖਲਾਈ ਅਤੇ ਅਧਿਆਪਨ ਦੀਆਂ ਵਿਧੀਆਂ | 7 | 4 | ਸਿਖਲਾਈ ਅਤੇ ਅਧਿਆਪਨ ਦੀ ਪ੍ਰਕਿਰਿਆ ਦੀਆਂ ਵਿਭਿੰਨ ਵਿਧੀਆਂ ਦੇ ਵਿਚਕਾਰ ਅੰਤਰ ਕਰਨਾ |
| | ਇਕਾਈ 4 | ਸਿਖਲਾਈ ਅਤੇ ਅਧਿਆਪਨ ਕੇਂਦਰਤ ਪਹੁੰਚਾਂ | 9 | 7 | ਇਕਾਈ ਵਿੱਚ ਦਿੱਤੀਆਂ ਗਈਆਂ ਵਿਭਿੰਨ ਪਹੁੰਚਾਂ ਦਾ ਕਲਾਸ ਰੂਮ ਪ੍ਰਬੰਧਨ ਸਮੱਸਿਆਵਾਂ ਵਿੱਚ ਪਚੂੰਚ ’ਤੇ ਸੈਮੀਨਾਰ |
| ਬਲਾਕ−2: ਸਿਖਲਾਈ ਅਧਿਆਪਨ ਪ੍ਰਕਿਰਿਆ ਦਾ ਪ੍ਰਬੰਧਨ | ਇਕਾਈ 5 | ਕਲਾਸ ਰੂਮ ਪ੍ਰਕਿਰਿਆ ਦਾ ਪ੍ਰਬੰਧਨ | 6 | 3 | ਅਧਿਆਪਕ ਸਹਿਕਰਮੀ ਵੱਲੋਂ ਕਲਾਸ ਰੂਮ ਵਿੱਚ ਕੀਤੀਆਂ ਜਾਣ ਵਾਲੀਆਂ ਸਾਧਨ ਅਣਪ੍ਰੇਰਕ ਕਿਰਿਆਵਾਂ ਦੀ ਪਛਾਣ |
| | | | | | |

| | | | | | |
|---|---|---|---|---|---|
| | ਇਕਾਈ 6 | ਸਿਖਲਾਈ ਅਤੇ ਅਧਿਐਨ ਸਮੱਗਰੀ | 7 | 3 | ਵਿਭਿੰਨ ਵਿਸ਼ਾ ਖੇਤਰਾਂ ਦੀਆਂ ਅਲੱਗ ਅਲੱਗ ਧਾਰਨਾਵਾਂ ਸਬੰਧੀ ਸਿਖਲਾਈ ਪਹੁੰਚ ਸਮੱਗਰੀ ਨੂੰ ਅਲੱਗ ਅਲੱਗ ਕਰਨਾ |
| | ਇਕਾਈ 7 | ਬਹੁਕ੍ਰਮ ਅਤੇ ਬਹੁਪੱਧਰੀ ਪਰਿਸਥਿਤੀਆਂ ਦਾ ਪ੍ਰਬੰਧਨ | 8 | 5 | ਬਹੁਪੱਧਰੀ ਕਲਾਸਾਂ ਵਿੱਚ ਵਿਭਿੰਨ ਵਿਸ਼ਾ ਖੇਤਰਾਂ ਵਿੱਚ ਗਤੀਵਿਧੀਆਂ ਦਾ ਵਿਕਾਸ |
| | ਇਕਾਈ 8 | ਸਿਖਲਾਈ ਗਤੀਵਿਧੀਆਂ ਦੀ ਯੋਜਨਾਬੰਦੀ | 5 | 3 | ਸਿੱਖਿਆ ਅਤੇ ਸਹਿ ਸਿੱਖਿਆ ਕਿਰਿਆਵਾਂ, ਪਾਠ ਅਤੇ ਪਾਠ ਵਿਵਰਣ ਦੇ ਸਾਲਾਨਾ ਕੈਲੰਡਰ ਦਾ ਵਿਕਾਸ |
| ਬਲਾਕ–3: ਕਲਾਸ ਰੂਮ ਸਿਖਲਾਈ ਵਿੱਚ ਉੱਭਰਦੇ ਮੁੱਦੇ | ਇਕਾਈ 9 | ਏਕੀਕ੍ਰਿਤ ਸਿਖਲਾਈ ਸਿੱਖਿਆ ਪ੍ਰਕਿਰਿਆ | 5 | 2 | ਵਿਭਿੰਨ ਵਿਸ਼ਾ ਖੇਤਰਾਂ ਦੀਆਂ ਧਾਰਨਾਵਾਂ ਦੇ ਏਕੀਰਨ ਲਈ ਗਤੀਵਿਧੀਆਂ ਦਾ ਵਿਕਾਸ |
| | ਇਕਾਈ 10 | ਸਿਖਲਾਈ ਪ੍ਰਕਿਰਿਆਵਾਂ ਅਤੇ ਸਾਧਨਾਂ ਦੇ ਸੰਦਰਭ | 5 | 2 | ਲੋਕ ਪਰੰਪਰਾਗਤ ਸਾਧਨਾਂ ਦਾ ਸੰਗ੍ਰਹਿ ਅਤੇ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਉਸ ਦਾ ਉਪਯੋਗ |
| | ਇਕਾਈ 11 | ਸਿਖਲਾਈ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ | 6 | 3 | ਪਾਠ ਤਿਆਰ ਕਰਨ ਸਬੰਧੀ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਾਧਨਾਂ ਦਾ ਵਿਕਾਸ |
| | ਇਕਾਈ 12 | ਕੰਪਿਊਟਰ ਸਹਿ ਸਿਖਲਾਈ | 6 | 3 | ਵਿਭਿੰਨ ਵਿਸ਼ਿਆਂ ਵਿੱਚ ਸਿਖਲਾਈਕਰਤਾ ਦੀ ਉਪਲੱਬਧੀ ਦਾ ਕੰਪਿਊਟਰੀਕ੍ਰਿਤ ਵਿਸ਼ਲੇਸ਼ਣ |
| ਬਲਾਕ–4 ਸਿਖਲਾਈ ਮੁਲਾਂਕਣ | ਇਕਾਈ 13 | ਮੁਲਾਂਕਣ ਅਤੇ ਮੁਲਾਂਕਣ ਦੇ ਆਧਾਰ | 7 | 3 | ਨਿਰੰਤਰ ਅਤੇ ਵਿਆਪਕ ਮੁਲਾਂਕਣ ਦਾ ਕਿਸੇ ਇੱਕ ਵਿਸ਼ਾ ਖੇਤਰ ਵਿੱਚ ਸੰਚਾਲਨ/ਆਯੋਜਨ |
| | ਇਕਾਈ 14 | ਮੁਲਾਂਕਣ ਦੇ ਸਾਧਨ ਅਤੇ ਰਣਨੀਤੀਆਂ | 8 | 5 | |
| | | | | | |

| | | | | | |
|---|---|---|---|---|---|
| | ਇਕਾਈ 15 | ਸਿਖਲਾਈ ਵਿੱਚ ਸੁਧਾਰ ਲਈ ਮੁਲਾਂਕਣ ਦੇ ਨਤੀਜਿਆਂ ਦੀ ਵਰਤ | 7 | 3 | ਵਿਭਿੰਨ ਵਿਸ਼ਾ ਖੇਤਰਾਂ ਵੱਿਚ ਇਕਾਈ ਸਿਖਲਾਈ ਦਾ ਵਿਕਾਸ |
| | ਇਕਾਈ 16 | ਸਿਖਲਾਈ ਅਤੇ ਮੁਲਾਂਕਣ | 7 | 3 | ਵਿਭਿੰਨ ਵਿਸ਼ਾ ਖੇਤਰਾਂ ਦੇ ਪ੍ਰਸ਼ਨ ਪੱਤਰਾਂ ਦਾ ਵਿਸ਼ਲੇਸ਼ਣ, ਸਿਖਿਆਰਥੀਆਂ ਦੇ ਨਤੀਜਿਆਂ ਦਾ ਵਿਸ਼ਲੇਸ਼ਣ ਅਤੇ ਸੰਬਧਿਤ ਪ੍ਰਸ਼ਨਾਂ ਨਾਲ ਚਰਚਾ ਦੇ ਵਿਭਿੰਨ ਤਰੀਕੇ |
| | | ਟਿਊਸ਼ਨ | 15 | | |
| | | ਕੁੱਲ | 122 | 58 | 60 |
| ਕੁੱਲ ਜੋੜ | | | | 122+58+60=240 ਘੰਟੇ | |

ਬਲਾਕ 1

ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆ

ਇਕਾਈ 1: ਸਕੂਲ ਦੇ ਸ਼ੁਰੂਆਤੀ ਸਮੇਂ ਦੌਰਾਨ ਸਿਖਲਾਈ ਅਤੇ ਅਧਿਆਪਨ

ਇਕਾਈ 2: ਅਧਿਆਪਨ ਅਤੇ ਸਿਖਲਾਈ ਦੇ ਦ੍ਰਿਸ਼ਟੀਕੋਣ

ਇਕਾਈ 3: ਅਧਿਆਪਨ ਅਤੇ ਸਿਖਲਾਈ ਦੀਆਂ ਵਿਧੀਆਂ

ਇਕਾਈ 4: ਸਿਖਿਆਰਥੀ ਅਤੇ ਸਿਖਲਾਈ ਕੇਂਦਰਿਤ ਦ੍ਰਿਸ਼ਟੀਕੋਣ

**ਬਲਾਕ ਜਾਣ ਪਛਾਣ**

ਸਿਖਿਆਰਥੀ ਦੇ ਰੂਪ ਵਿੱਚ ਤੁਸੀਂ ਬਲਾਕ 1: ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆ ਦਾ ਅਧਿਐਨ ਕਰੋਗੇ। ਇਸ ਬਲਾਕ ਵਿੱਚ ਸਿਖਲਾਈ ਅਤੇ ਅਧਿਆਪਨ ਨਾਲ ਸਬੰਧਿਤ ਚਾਰ ਇਕਾਈਆਂ ਹਨ। ਹਰੇਕ ਇਕਾਈ ਬਲਾਕਾਂ ਅਤੇ ਉਪ ਬਲਾਕਾਂ ਵਿੱਚ ਵੰਡੀ ਹੋਈ ਹੈ।

**ਇਕਾਈ**–1: ਇਹ ਇਕਾਈ ਤੁਹਾਨੂੰ ਸਿਖਲਾਈ ਦੀ ਧਾਰਨਾ ਅਤੇ ਪ੍ਰਕਿਰਿਆ ਦੇ ਬਾਰੇ ਵਿੱਚ ਸਮਝ ਪ੍ਰਦਾਨ ਕਰੇਗੀ। ਇਹ ਸਿਖਲਾਈ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦੀ ਵਿਸਥਾਰਤ ਵਿਆਖਿਆ ਕਰੇਗੀ ਕਿਉਂਕਿ ਹਰੇਕ ਬੱਚਾ ਵਿਸ਼ੇਸ਼ ਹੈ ਅਤੇ ਉਹ ਆਪਣੇ ਤਰੀਕੇ ਨਾਲ ਸਿੱਖਦਾ ਹੈ। ਸਿੱਖਣ ਦੇ ਬਹੁਤ ਤਰੀਕੇ ਹਨ ਜਿਵੇਂ ਨਕਲ, ਨਿਰੀਖਣ, ਅਜ਼ਮਾਇਸ਼ ਅਤੇ ਗਲਤੀ, ਸਹਿਭਾਗਤਾ, ਜਾਂਚ ਅਤੇ ਅਨੁਭਵ ਦੇ ਨਿਰਮਾਣ ’ਤੇ ਸਿੱਖਣਾ ਆਦਿ। ਇਸ ਇਕਾਈ ਦੇ ਅਧਿਐਨ ਤੋਂ ਬਾਅਦ ਤੁਸੀਂ ਸਿਖਲਾਈ ਅਤੇ ਅਧਿਆਪਨ ਦੇ ਵਿਭਿੰਨ ਪੱਧਰਾਂ ਨੂੰ ਸਮਝਣ ਵਿੱਚ ਸਮਰੱਥ ਹੋ ਸਕੋਗੇ।

**ਇਕਾਈ**–2: ਇਹ ਇਕਾਈ ਤੁਹਾਨੂੰ ਸਿਖਲਾਈ ਅਤੇ ਅਧਿਆਪਨ ਨਾਲ ਸਬੰਧਿਤ ਵਿਭਿੰਨ ਦ੍ਰਿਸ਼ਟੀਕੋਣਾਂ ਦੀ ਵਿਆਖਿਆ ਕਰਨ ਵਿੱਚ ਸਮਰੱਥ ਬਣਾ ਸਕੇਗੀ। ਸਿੱਖਿਆ ਕੇਂਦਰਿਤ ਦ੍ਰਿਸ਼ਟੀਕੋਣ ਅਤੇ ਵਿਸ਼ਾ ਕੇਂਦਰਿਤ ਦ੍ਰਿਸ਼ਟੀਕੋਣ ਦੋਨੋਂ ਹੀ ਪਰੰਪਰਾਗਤ ਦ੍ਰਿਸ਼ਟੀਕੋਣ ਹਨ। ਰਾਸ਼ਟਰੀ ਪਾਠਕ੍ਰਮ ਰੂਪਰੇਖਾ 2005 ਰਚਨਾਵਾਦੀ ਦ੍ਰਿਸ਼ਟੀਕੋਣ ’ਤੇ ਜ਼ੋਰ ਦਿੰਦੀ ਹੈ ਕਿਉਂਕਿ ਹਰੇਕ ਬੱਚਾ ਖੁਦ ਗਿਆਨ ਦੀ ਸਿਰਜਣਾ/ਨਿਰਮਾਣ ਕਰਦਾ ਹੈ, ਇਸੀ ਦਿਸ਼ਾ ਵਿੱਚ ਬਾਲ ਕੇਂਦਰਿਤ ਦ੍ਰਿਸ਼ਟੀਕੋਣ ਅਤੇ ਕੁਸ਼ਲਤਾ ਆਧਾਰਿਤ ਦ੍ਰਿਸ਼ਟੀਕੋਣ ਆਦਿ ਸਿਖਲਾਈ ਅਤੇ ਅਧਿਆਪਨ ਦੇ ਆਧੁਨਿਕ ਦ੍ਰਿਸ਼ਟੀਕੋਣ ਹਨ।

**ਇਕਾਈ**–3: ਇਹ ਇਕਾਈ ਤੁਹਾਡੇ ਵਿੱਚ ਸਿਖਲਾਈ ਅਤੇ ਅਧਿਆਪਨ ਨੂੰ ਵਿਭਿੰਨ ਵਿਧੀਆਂ ਦੇ ਬਾਰੇ ਵਿੱਚ ਸਮੁੱਚੀ ਸਮਝ ਵਿਕਸਤ ਕਰਨ ਦਾ ਉਪਰਾਲ ਕਰੇਗੀ। ਸਿਖਲਾਈ ਅਤੇ ਅਧਿਆਪਨ ਦੀਆਂ ਕੁਝ ਵਿਧੀਆਂ ਹਦਾਇਤਾਂ ’ਤੇ ਆਧਾਰਿਤ ਹੁੰਦੀਆਂ ਹਨ ਜਿਵੇਂ ਵਿਆਖਿਆ ਵਿਧੀ, ਪ੍ਰਦਰਸ਼ਨ ਵਿਧੀ, ਪ੍ਰੇਰਕ ਅਤੇ ਪ੍ਰਭਾਵੀ ਵਿਧੀ ਆਦਿ। ਕੁਝ ਵਿਧੀਆਂ ਵਿਦਿਆਰਥੀ ਕੇਂਦਰਿਤ ਹੁੰਦੀਆਂ ਹਨ ਜਿਵੇਂ ਖੇਡ ਵਿਧੀ, ਪ੍ਰਾਜੈਕਟ ਵਿਧੀ, ਸਮੱਸਿਆ ਸਮਾਧਾਨ ਵਿਧੀ। ਪ੍ਰਭਾਵੀ ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆ ਲਈ ਢੁਕਵੀਆਂ ਵਿਧੀਆਂ ਦੀ ਚੋਣ ਲਾਜ਼ਮੀ ਹੈ।

**ਇਕਾਈ**–4: ਇਸ ਇਕਾਈ ਦੇ ਅਧਿਐਨ ਤੋਂ ਬਾਅਦ ਤੁਸੀਂ ਸਿਖਲਾਈ ਨਾਲ ਸਬੰਧਿਤ ਵਿਭਿੰਨ ਸਿਖਲਾਈਆਂ ਜਿਵੇਂ ਸਿੱਖਿਆਰਥੀ ਕੇਂਦਰਿਤ ਸਿਖਲਾਈ, ਸਹਿਭਾਗੀ ਸਿਖਲਾਈ, ਸਹਿਯੋਗਾਤਮਕ ਸਿਖਲਾਈ ਆਦਿ ਨੂੰ ਸਮਝਣ ਦੇ ਯੋਗ ਹੋ ਸਕੋਗੇ। ਇਸ ਵਿੱਚ ਅੱਗੇ ਤੁਸੀਂ ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ ਸਿਖਲਾਈ ਦੀਆਂ ਗਤੀਵਿਧੀਆਂ ਦੀ ਪ੍ਰਕਿਰਤੀ ਅਤੇ ਤੱਤਾਂ ਨੂੰ ਜਾਣ ਸਕੋਗੇ। ਐਲੀਮੈਂਟਰੀ ਪੱਧਰ ’ਤੇ ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ ਬਹੁਤ ਹੀ ਮਹੱਤਵਪੂਰਨ ਮੰਨਿਆ ਗਿਆ ਹੈ।

ਵਿਸ਼ਾ ਸੂਚੀ


| ਲੜੀ ਨੰਬਰ | ਪਾਠ ਦਾ ਨਾਂ | ਪੇਜ਼ ਸੰਖਿਆ |
|---|---|---|
| 1 | ਇਕਾਈ 1: ਸਕੂਲ ਦੇ ਸ਼ੁਰੂਆਤੀ ਸਮੇਂ ਦੌਰਾਨ ਸਿਖਲਾਈ ਅਤੇ ਅਧਿਆਪਨ | 1 |
| 2 | ਇਕਾਈ 2: ਅਧਿਆਪਨ ਅਤੇ ਸਿਖਲਾਈ ਦੇ ਦ੍ਰਿਸ਼ਟੀਕੋਣ | 36 |
| 3 | ਇਕਾਈ 3: ਅਧਿਆਪਨ ਅਤੇ ਸਿਖਲਾਈ ਦੀਆਂ ਵਿਧੀਆਂ | 68 |
| 4 | ਇਕਾਈ 4: ਸਿਖਿਆਰਥੀ ਅਤੇ ਸਿਖਲਾਈ ਕੇਂਦਰਿਤ ਦ੍ਰਿਸ਼ਟੀਕੋਣ | 106 |

## Declaration/ Disclaimer

This is translated version of D.El.Ed. course material available in English medium at www.dled.nios.ac.in. All care and diligence has been ensured while translating to ensure sanctity of materials, however, in case of any kind of divergence/translation/meaning the source version i.e material in English medium shall prevail.

## ਘੋਸ਼ਣਾ

ਇਹ Dled ਲਈ www. Dled.nios.ac.in ਤੇ ਉਪਲਬਧ ਕੋਰਸ ਸਮੱਗਰੀ ਦਾ ਕੀਤਾ ਗਿਆ ਪੰਜਾਬੀ ਅਨੁਵਾਦ ਹੈ. ਕਿਸੇ ਵੀ ਕਿਸਮ ਦੀ ਭਿੰਨਤਾ ਦੇ ਸਿਲਸਿਲੇ ਵਿਚ ਅੰਗ੍ਰਜੀ ਸੰਸਕਰਣ ਪ੍ਰਬਲ ਹੋਵੇਗਾ

## ਇਕਾਈ 1: ਸਕੂਲ ਦੇ ਸ਼ੁਰੂਆਤੀ ਸਮੇਂ ਦੌਰਾਨ ਸਿਖਲਾਈ ਅਤੇ ਅਧਿਆਪਨ

### ਸੰਰਚਨਾ

1.0 ਜਾਣ ਪਛਾਣ

1.1 ਸਿਖਲਾਈ ਉਦੇਸ਼

1.2 ਸਿਖਲਾਈ ਪ੍ਰਕਿਰਿਆ

1.2.1 ਧਾਰਨਾ ਅਤੇ ਪ੍ਰਕਿਰਿਆ

1.2.2 ਸਿਖਲਾਈ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ

1.3 ਬੱਚਾ ਕਿਵੇਂ ਸਿੱਖਦਾ ਹੈ

1.3.1 ਨਕਲ

1.3.2 ਨਿਰੀਖਣ

1.3.3 ਅਜ਼ਮਾਇਸ਼ ਅਤੇ ਗਲਤੀ

1.3.4 ਸਹਿਭਾਗਤਾ

1.3.5 ਜਾਂਚ ਅਤੇ ਪੁੱਛਗਿੱਛ

1.3.6 ਸਮੱਸਿਆ ਸਮਾਧਾਨ

1.3.7 ਅਰਥ ਪੂਰਨ ਸਿਖਲਾਈ

1.4 ਸਿਖਲਾਈ ਪ੍ਰਕਿਰਿਆ

1.4.1 ਵਿਵਹਾਰਕ ਸੋਧ ਲਈ ਅਧਿਆਪਨ

1.4.2 ਸਮਝ ਦੇ ਵਿਕਾਸ ਲਈ ਸਿੱਖਿਆ

1.4.3 ਅਨੁਭਵਾਂ ਦੀ ਸੰਰਚਨਾ ਲਈ ਸਿੱਖਿਆ

1.5 ਸਿੱਟਾ

1.6 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

1.7 ਸੰਦਰਭ ਗ੍ਰੰਥ/ ਕੁਝ ਉਪਯੋਗੀ ਪੁਸਤਕਾਂ

1.8 ਇਕਾਈ ਅੰਤ ਅਭਿਆਸ

1.0 **ਜਾਣ ਪਛਾਣ**

ਇੱਕ ਅਧਿਆਪਕ ਦੇ ਰੂਪ ਵਿੱਚ ਅਧਿਆਪਨ ਅਤੇ ਸਿਖਲਾਈ ਦੀਆਂ ਇਨ੍ਹਾਂ ਦੋ ਪ੍ਰਕਿਰਿਆਵਾਂ ਤੋਂ ਤੁਸੀਂ ਚੰਗੀ ਤਰ੍ਹਾਂ ਜਾਣੂ ਹੋ ਕਿਉਂਕਿ ਤੁਸੀਂ ਬੱਚਿਆਂ ਨੂੰ ਸਿਖਾਉਣ ਲਈ ਅਧਿਆਪਨ ਵਿੱਚ ਰੁੱਝੇ ਰਹਿੰਦੇ ਹੋ। ਆਮ ਤੌਰ 'ਤੇ ਇਹ ਉਮੀਦ ਕਰਦੇ ਹਨ ਕਿ ਸਾਰੇ ਬੱਚੇ ਆਪਣੀ ਸਮਰੱਥਾ ਅਨੁਸਾਰ ਸਿਖਲਾਈ ਅਨੁਭਵਾਂ ਨੂੰ ਪ੍ਰਾਪਤ ਕਰਨ ਵਿੱਚ ਤੁਹਾਡੀ ਕਲਾਸ ਵਿੱਚ ਸ਼੍ਰੇਸ਼ਠ ਹੋਣ। ਜਦੋਂ ਕਿ ਸਾਰੇ ਅਧਿਆਪਕਾਂ ਦੀਆਂ ਬਰਾਬਰ ਉਮੀਦਾਂ ਹੁੰਦੀਆਂ ਹਨ ਜਿਵੇਂ ਨਵੇਂ ਅਨੁਭਵਾਂ ਨੂੰ ਸਿੱਖਣ ਲਈ ਵਿਦਿਆਰਥੀਆਂ ਵੱਲੋਂ ਸਿਖਲਾਈ ਕੋਸ਼ਿਸ ਕਰਨੀ, ਪਰ ਹਰੇਕ ਵਿਅਕਤੀਗਤ ਅਧਿਆਪਕ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਬਰਾਬਰ ਤਰੀਕਿਆਂ ਦਾ ਉਪਯੋਗ ਨਹੀਂ ਕਰਦੇ।

**ਸਥਿਤੀ**–1 ਕਲਾਸ ਪੰਜਵੀਂ ਵਿੱਚ ਸ਼੍ਰੀਮਾਨ ਰਮਨ ਆਪਣੇ ਵਿਦਿਆਰਥੀਆਂ ਨੂੰ ਪੌਦਿਆਂ ਦੇ ਵਿਭਿੰਨ ਭਾਗਾਂ ਦੇ ਬਾਰੇ ਵਿੱਚ ਸਿਖਾਉਣ ਲਈ ਸਿਖਲਾਈ ਦੇ ਰਹੇ ਸਨ। ਉਹ ਪੌਦਿਆਂ ਦੇ ਵਿਭਿੰਨ ਭਾਗਾਂ ਦੀ ਕੁਝ ਇਸ ਪ੍ਰਕਾਰ ਵਿਆਖਿਆ ਕਰ ਰਹੇ ਸਨ ਜਿਵੇਂ ਇਹ ਜੜ੍ਹ ਹੈ, ਇਹ ਤਣਾ ਹੈ, ਇਹ ਪੱਤਾ ਹੈ, ਇਹ ਫੁੱਲ ਹੈ, ਇਹ ਫ਼ਲ ਹੈ ਅਤੇ ਇਹ ਬੀਜ ਹੈ। ਸ਼੍ਰੀਮਾਨ ਰਮਨ ਇਹ ਸਭ ਬਲੈਕਬੋਰਡ 'ਤੇ ਪੌਦੇ ਦਾ ਇੱਕ ਚਿੱਤਰ ਬਣਾ ਕੇ ਕਰ ਰਹੇ ਸਨ। ਉਹ ਅਵਸਰ ਮੁਤਾਬਿਕ ਬੱਚਿਆਂ ਤੋਂ ਪ੍ਰਸ਼ਨ ਪੁੱਛ ਰਹੇ ਸਨ, ਇਹ ਸੁਨਿਸ਼ਚਤ ਕਰਨ ਲਈ ਕਿ ਬੱਚੇ ਧਾਰਨਾ ਨੂੰ ਸਮਝ ਵੀ ਰਹੇ ਹਨ ਜਾਂ ਨਹੀਂ। ਕਦੇ ਕਦੇ ਉਹ ਬੱਚਿਆਂ ਨਾਲ ਮਜ਼ਾਕੀਆ ਤਰੀਕੇ ਨਾਲ ਪੇਸ਼ ਆ ਰਹੇ ਸਨ ਅਤੇ ਕਦੇ ਕਦੇ ਉਹ ਉਨ੍ਹਾਂ ਬੱਚਿਆਂ ਦਾ ਧਿਆਨ ਬਣਾਏ ਚਿੱਤਰ 'ਤੇ ਦੇਣ ਲਈ ਕਹਿ ਰਹੇ ਸਨ ਜੋ ਬੇਪਰਵਾਹ ਸਨ। ਅੰਤ ਵਿੱਚ ਸਿੱਟੇ ਦੇ ਰੂਪ ਵਿੱਚ ਉਨ੍ਹਾਂ ਨੇ ਕਲਾਸ ਦੇ ਬੱਚਿਆਂ ਨੂੰ ਪੌਦੇ ਦੇ ਵਿਭਿੰਨ ਭਾਗਾਂ ਨੂੰ ਕਲਾਸ ਵਿੱਚ ਲੈ ਕੇ ਆਉਣ ਨੂੰ ਕਿਹਾ।

**ਸਥਿਤੀ**–2 ਇੱਕ ਹੋਰ ਕਲਾਸ ਵਿੱਚ ਮਿਸ ਸੀਮਾ ਇਸੀ ਪ੍ਰਕਾਰ ਦਾ ਅਧਿਆਪਨ ਕਰ ਰਹੀ ਸੀ ਜਿਵੇਂ ਵਿਭਿੰਨ ਤਰੀਕਿਆਂ ਨਾਲ ਪੌਦੇ ਦੇ ਵਿਭਿੰਨ ਭਾਗਾਂ ਦੀ ਪਛਾਣ ਕਰਨੀ। ਉਸਨੇ ਬੱਚਿਆਂ ਨੂੰ ਇਹ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ ਕਿ ਸਾਰੇ ਬੱਚੇ ਆਪਣੇ ਘਰ ਤੋਂ ਇੱਕ ਇੱਕ ਪੌਦਾ ਕਲਾਸ ਵਿੱਚ ਲੈ ਕੇ ਆਉਣ। ਉਸ ਨੇ ਬੱਚਿਆਂ ਨੂੰ ਪੰਜ ਛੋਟੇ ਸਮੂਹਾਂ ਵਿੱਚ ਵੰਡ ਦਿੱਤਾ ਅਤੇ ਕਾਗਜ਼ ਦੇ ਟੁਕੜੇ 'ਤੇ ਹਰੇਕ ਸਮੂਹ ਨੂੰ ਪੰਜ ਪੌਦਿਆਂ ਦਾ ਚਿੱਤਰ ਬਣਾਉਣ ਲਈ ਕਿਹਾ ਅਤੇ ਪੌਦਿਆਂ ਵਿੱਚ ਰੰਗ ਭਰਕੇ ਉਨ੍ਹਾਂ ਦੇ ਵਿਭਿੰਨ ਭਾਗਾਂ ਦਾ ਲੇਬਲ ਲਗਾਉਣ ਲਈ ਕਿਹਾ। ਸਮੂਹਾਂ ਵੱਲੋਂ ਕਾਰਜ ਪੂਰਾ ਕਰਨ ਤੋਂ ਬਾਅਦ ਮਿਸ ਸੀਮਾ ਨੇ ਉਨ੍ਹਾਂ ਸ਼ੀਟਾਂ ਨੂੰ ਦੀਵਾਰ 'ਤੇ ਲਗਾ ਦਿੱਤਾ ਜਿਸ ਨਾਲ ਹੋਰ ਬੱਚੇ ਵੀ ਇੱਕ ਦੂਜੇ ਦੀ ਸ਼ੀਟ ਨੂੰ ਦੇਖ ਸਕਣ। ਕਲਾਸ ਦੇ ਅੰਤ ਵਿੱਚ ਜਦੋਂ ਸੀਮਾ ਨੇ ਅੰਬ ਦੇ ਪੌਦੇ ਦੇ ਚਿੱਤਰ ਦੇ ਵਿਭਿੰਨ ਭਾਗਾਂ 'ਤੇ ਲੇਬਲ ਲਗਾਉਣ ਲਈ ਕਿਹਾ ਤਾਂ ਬੱਚਿਆਂ ਦੇ ਵਿਚਕਾਰ ਇਸ ਕਾਰਜ ਨੂੰ ਕਰਨ ਦੀ ਹੋੜ ਜਿਹੀ ਮਚ ਗਈ।

ਕੀ ਦੋ ਕਲਾਸਾਂ ਵਿੱਚ ਕੀਤੇ ਗਏ ਅਧਿਆਪਨ ਸਿਖਲਾਈ ਦੇ ਤਰੀਕਿਆਂ ਵਿੱਚ ਅੰਤਰ ਦੀ ਪਛਾਣ ਕੀਤੀ ਜਾ ਸਕਦੀ ਹੈ ?

ਦੋਨੋਂ ਸਥਿਤੀਆਂ ਵਿੱਚ ਸਮਾਨਤਾਵਾਂ ਹਨ—

(1) ਗਤੀਵਿਧੀ ਦੀ ਯੋਜਨਾ ਅਧਿਆਪਕ ਨੇ ਬਣਾਈ ਅਤੇ

(2) ਦੋਨਾਂ ਨੇ ਅਧਿਆਪਨ ਲਈ ਕੁਝ ਸਮੱਗਰੀ ਦਾ ਉਪਯੋਗ ਕੀਤਾ। ਫਿਰ ਵੀ ਇਨ੍ਹਾਂ ਵਿੱਚ ਨਿਮਨਲਿਖਤ ਅੰਤਰ ਹਨ-

- ਪਹਿਲੀ ਸਥਿਤੀ ਵਿੱਚ ਕਲਾਸ ਪੂਰਨ ਰੂਪ ਨਾਲ ਅਧਿਆਪਨ ਕੇਂਦਰਿਤ ਸੀ। ਅਧਿਆਪਕ ਨੇ ਪਾਠ ਦੀ ਯੋਜਨਾ ਬਣਾਈ, ਅਧਿਆਪਨ ਸਿਖਲਾਈ ਸਮੱਗਰੀ ਨੂੰ ਵਿਵਸਥਿਤ ਕੀਤਾ, ਧਾਰਨਾ ਦੀ ਵਿਆਖਿਆ ਦੇ ਪ੍ਰਸ਼ਨ ਕੀਤੇ ਅਤੇ ਹੋਰ ਕਲਾਸ ਦੀਆਂ ਗਤੀਵਿਧੀਆਂ ਕੀਤੀਆਂ। ਵਿਦਿਆਰਥੀਆਂ ਨੇ ਸਿੱਟਾਮੁਖੀ ਭੂਮਿਕਾ ਨਿਭਾਈ ਅਤੇ ਉਮੀਦ ਅਨੁਸਾਰ ਅਧਿਆਪਕ ਵੱਲੋਂ ਦਿੱਤੀ ਗਈਆਂ ਸੂਚਨਾਵਾਂ ਦਾ ਆਦਰ ਕੀਤਾ।

- ਦੂਜੀ ਸਥਿਤੀ ਵਿੱਚ ਵਿਦਿਆਰਥੀ ਕਲਾਸ ਵਿੱਚ ਅਧਿਆਪਨ ਸਿਖਲਾਈ ਗਤੀਵਿਧੀ ਵਿੱਚ ਸਰਗਰਮ ਰੂਪ ਨਾਲ ਰੁੱਝੇ ਸਨ ਅਤੇ ਉਮੀਦ ਅਨੁਸਾਰ ਅਧਿਆਪਕ ਨੇ ਕੇਵਲ ਸੂਚਨਾਵਾਂ ਸੰਚਾਲਿਤ ਕੀਤੀਆਂ ਸਨ। ਉਹ ਆਪਣੇ ਨਾਲ ਸਮੱਗਰੀ ਲੈ ਕੇ ਆਏ, ਚਾਰਟ ਤਿਆਰ ਕੀਤੇ, ਪੌਦਿਆਂ ਦੇ ਵਿਭਿੰਨ ਭਾਗਾਂ ’ਤੇ ਲੇਬਲ ਲਗਾਏ,ਚਾਰਟਾਂ ਨੂੰ ਪ੍ਰਦਰਸ਼ਿਤ ਕੀਤਾ ਅਤੇ ਸਵੈਇੱਛਾ ਨਾਲ ਮੁਲਾਂਕਣ ਕਾਰਜ ਵਿੱਚ ਹਿੱਸਾ ਲਿਆ।

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਅਧਿਆਪਨ ਦੇ ਦੋ ਤਰੀਕਿਆਂ ਦੇ ਵਿਚਕਾਰ ਵਿਭਿੰਨਤਾ ਅਧਿਆਪਕ ਦਾ ਬੱਚਿਆਂ ਪ੍ਰਤੀ ਉਨ੍ਹਾਂ ਦੇ ਰਵੱਈਆਂ ਵਿੱਚ ਵਿਭਿੰਨਤਾ ਕਾਰਨ ਹੈ। ਅਸਲ ਵਿੱਚ ਅਧਿਆਪਨ ਸਿਖਲਾਈ ਅਭਿਆਸ ਵਿੱਚ ਬੁਨਿਆਦੀ ਧਾਰਨਾ ਵਿਸ਼ਵਾਸਾਂ ਵਿੱਚ ਅੰਤਰ ਸੀ। ਸ਼੍ਰੀਮਾਨ ਰਮਨ ਦਾ ਵਿਸ਼ਵਾਸ ਸੀ ਕਿ ਬੱਚੇ ਛੋਟੇ ਅਤੇ ਘੱਟ ਅਨੁਭਵੀ ਹਨ ਅਤੇ ਇਨ੍ਹਾਂ ਨੂੰ ਸਿਖਲਾਈ ਦੇ ਤੱਥਾਂ ਨੂੰ ਪ੍ਰਦਾਨ ਕਰਨ ਦੀ ਲੋੜ ਹੈ, ਮਿਸ ਸੀਮਾ ਦਾ ਵਿਸ਼ਵਾਸ ਸੀ ਕਿ ਬੱਚਿਆਂ ਕੋਲ ਕਲਾਸ ਵਿੱਚ ਆਉਣ ਤੋਂ ਪਹਿਲਾਂ ਆਪਣੇ ਚਾਰੋ ਤਰਫ਼ ਦੇ ਵਾਤਾਵਰਣ ਤੋਂ ਪ੍ਰਾਪਤ ਕੀਤਾ ਗਿਆ ਅਨੁਭਵ ਹੈ ਅਤੇ ਜਿਸ ਦਾ ਉਪਯੋਗ ਉਹ ਨਵੇਂ ਅਨੁਭਵਾਂ ਨੂੰ ਪ੍ਰਾਪਤ ਕਰਨ ਲਈ ਕਰ ਸਕਦੇ ਹਨ।

ਬੱਚਿਆਂ ਦੇ ਬਾਰੇ ਵਿੱਚ ਵਿਸ਼ਵਾਸ ਅਤੇ ਧਾਰਨਾਵਾਂ, ਅਧਿਆਪਕ ਦੀ ਭੂਮਿਕਾ, ਕਲਾਸ ਦੀ ਪਰਸਪਰ ਕਿਰਿਆ ਦੀ ਪ੍ਰਕਿਰਿਆ ਅਤੇ ਮੁਲਾਂਕਣ ਦਾ ਤਰੀਕਾ, ਵਾਸਤਵਿਕ ਅਧਿਆਪਨ ਪ੍ਰਕਿਰਿਆ ਅਤੇ ਅਭਿਆਸ ਨੂੰ ਪ੍ਰਭਾਵਿਤ ਕਰਦਾ ਹੈ। ਕੁਝ ਅਧਿਆਪਕ ਬੱਚਿਆਂ ਦੇ ਨਿਰੀਖਣ ਅਨੁਸਾਰ ਵਿਵਹਾਰ ਨੂੰ ਰੁਪਾਂਤਰਿਤ ਕਰਨ ਲਈ ਅਧਿਆਪਨ ਅਤੇ ਸਿਖਲਾਈ ’ਤੇ ਜ਼ੋਰ ਦਿੰਦੇ ਹਨ ਅਤੇ ਕੁਝ ਸਮਝ ਯੋਗਤਾ ਨੂੰ ਵਿਕਸਤ ਕਰਨ ’ਤੇ ਜ਼ੋਰ ਦਿੰਦੇ ਹਨ ਅਤੇ ਕੁਝ ਦਾ ਵਿਸ਼ਵਾਸ ਹੈ ਕਿ ਬੱਚਿਆਂ ਦੇ ਖੁਦ ਦੇ ਗਿਆਨ ਦਾ ਨਿਰਮਾਣ ਕਰਨ ਵਿੱਚ ਉਨ੍ਹਾਂ ਦੀ ਸਹਾਇਤਾ ਕੀਤੀ ਜਾ ਸਕਦੀ ਹੈ। ਇੱਕ ਅਧਿਆਪਕ ਦੇ ਰੂਪ ਵਿੱਚ ਤੁਹਾਨੂੰ ਵਿਭਿੰਨ ਸਿਖਲਾਈ ਅਤੇ ਉਨ੍ਹਾਂ ਲਈ ਬੁਨਿਆਦੀ ਵਿਸ਼ਵਾਸਾਂ ਦੇ ਬਾਰੇ ਵਿੱਚ ਜਾਗਰੂਕ ਹੋਣ ਦੀ ਲੋੜ ਹੈ ਅਤੇ ਅਜਿਹਾ ਇਸ ਲਈ ਹੈ ਜੋ ਕਿ ਤੁਸੀਂ ਇਸ ਇਕਾਈ ਵਿੱਚ ਸਿੱਖੋਗੇ। ਤੁਸੀਂ ਸਿਖਲਾਈ ਪ੍ਰਕਿਰਿਆ ਦੀ ਪ੍ਰਕਿਰਤੀ ਦੇ ਬਾਰੇ ਵਿੱਚ ਜਾਣੋਗੇ, ਬੱਚੇ ਕਿਸ ਤਰੀਕੇ ਨਾਲ ਸਿੱਖਦੇ ਹਨ ਅਤੇ ਪ੍ਰਭਾਵੀ ਵਿਸ਼ਵਾਸ ਮਾਰਗਦਰਸ਼ਿਤ ਵਿਭਿੰਨ ਪ੍ਰਚਲਨਾਂ ਦੇ ਬਾਰੇ ਵਿੱਚ ਜਾਣਨਗੇ। ਅਧਿਆਪਨ ਸਿਖਲਾਈ ਪ੍ਰਕਿਰਿਆ ਦੇ ਸਿਧਾਂਤ ਅਤੇ ਅਭਿਆਸ ਦੇ ਨਿਮਨਲਿਖਤ ਤਿੰਨ ਦ੍ਰਿਸ਼ਟੀਕੋਣ ਜਿਨ੍ਹਾਂ ਦੇ ਨਾਂ ਹੇਠ ਲਿਖੇ ਹਨ-(1) ਅਧਿਆਪਨ ਅਤੇ ਸਿਖਲਾਈ ਲਈ ਵਿਵਹਾਰ ਦਾ ਰੁਪਾਂਤਰਣ (2) ਅਧਿਆਪਨ ਅਤੇ ਸਿਖਲਾਈ ਲਈ ਸਮੱਸਿਆ ਸਮਾਧਾਨ (3) ਅਧਿਆਪਨ ਅਤੇ ਸਿਖਲਾਈ ਲਈ ਅਨੁਭਵਾਂ ਦਾ ਨਿਰਮਾਣ,

ਦੀ ਚਰਚਾ ਕਰਾਂਗੇ। ਛੋਟੇ ਬੱਚਿਆਂ ਲਈ ਵਿਧੀਆਂ ਅਰਥਪੂਰਨ ਪਾਈਆਂ ਗਈਆਂ ਹਨ। ਇਹ ਵਿਸ਼ਵਾਸ ਹੈ ਕਿ ਜਦੋਂ ਸਿਖਲਾਈ ਇੱਕ ਬੱਚੇ ਲਈ ਅਰਥਪੂਰਨ ਹੁੰਦੀ ਹੈ ਤਾਂ ਉਹ ਸਿਖਲਾਈ ਨਾਲ ਪਿਆਰ ਕਰਦਾ ਹੈ ਅਤੇ ਉਸ ਨੂੰ ਨਿਰੰਤਰ ਬਣਾਏ ਰੱਖਦਾ ਹੈ।

ਜਦੋਂ ਤੁਸੀਂ ਇਸ ਇਕਾਈ ਦਾ ਅਧਿਆਪਨ ਕਰਾ ਰਹੇ ਹੋ ਤਾਂ ਤੁਹਾਨੂੰ ਬੱਚਿਆਂ ਨੂੰ ਆਪਣੇ ਧਿਆਨ ਵਿੱਚ ਰੱਖਣਾ ਹੈ ਜਿਨ੍ਹਾਂ ਨੇ ਅਜੇ ਪ੍ਰਾਇਮਰੀ ਸਕੂਲ ਵਿੱਚ ਆਉਣਾ ਸ਼ੁਰੂ ਕੀਤਾ ਹੈ। ਇਸ ਇਕਾਈ ਦੀਆਂ ਵਿਭਿੰਨ ਧਾਰਨਾਵਾਂ ਨੂੰ ਪੂਰਾ ਕਰਨ ਲਈ ਤੁਹਾਨੂੰ ਅਧਿਆਪਨ ਦੇ 12 ਘੰਟਿਆਂ ਦੀ ਲੋੜ ਹੁੰਦੀ ਹੈ।

### 1.1 **ਸਿਖਲਾਈ ਦਾ ਉਦੇਸ਼**

ਇਸ ਇਕਾਈ ਨੂੰ ਪੂਰਾ ਕਰਨ ਤੋਂ ਬਾਅਦ ਤੁਸੀਂ ਇਸ ਯੋਗ ਹੋ ਸਕੋਗੇ ਕਿ

- ਸਿਖਲਾਈ ਦੀ ਧਾਰਨਾ ਅਤੇ ਪ੍ਰਕਿਰਿਆ ਦੀ ਵਿਆਖਿਆ ਕਰ ਸਕੋਗੇ।
- ਸਿਖਲਾਈ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਨੂੰ ਕਰਨਾ
- ਸਿਖਲਾਈ ਦੇ ਵਿਭਿੰਨ ਤਰੀਕਿਆਂ ਅਤੇ ਸਿਧਾਂਤਾਂ ਦੀ ਵਿਆਖਿਆ ਕਰਨੀ।
- ਸਿਖਲਾਈ ਅਤੇ ਅਧਿਆਪਨ ਦੇ ਪਰਸਪਰ ਅਤੇ ਆਧੁਨਿਕ ਦ੍ਰਿਸ਼ਟੀਕੋਣਾਂ ਦੇ ਵਿਚਕਾਰ ਅੰਤਰ ਕਰਨਾ।

### 1.2. **ਸਿਖਲਾਈ ਪ੍ਰਕਿਰਿਆ**

ਸਿਖਲਾਈ ਕੀ ਹੈ ? ਇੱਕ ਬੱਚਾ ਕਿਵੇਂ ਸਿੱਖਦਾ ਹੈ ? ਅਸੀਂ ਬੱਚੇ ਦੀ ਸਿਖਲਾਈ ਨੂੰ ਕਿਵੇਂ ਸੁਵਿਧਾ ਪ੍ਰਦਾਨ ਕਰ ਸਕਦੇ ਹਾਂ ? ਇੱਕ ਅਧਿਆਪਕ ਦੇ ਰੂਪ ਵਿੱਚ ਇਸ ਪ੍ਰਕਾਰ ਦੇ ਕੁਝ ਪ੍ਰਸ਼ਨ ਹਨ ਜਿਨ੍ਹਾਂ ਨੂੰ ਸਕੂਲ ਵਿੱਚ ਬੱਚਿਆਂ ਦੀ ਸਿਖਲਾਈ ਨੂੰ ਆਕਾਰ ਦੇਣ ਵਿੱਚ, ਇਸ ਜ਼ਿੰਮੇਵਾਰੀ ਨੂੰ ਕ੍ਰਮ ਵਿੱਚ ਨਿਭਾਉਣ ਲਈ ਸਮਝਣਾ ਜ਼ਰੂਰੀ ਹੈ।

#### 1.2.1 **ਸਿਖਲਾਈ ਦੀ ਧਾਰਨਾ ਅਤੇ ਪ੍ਰਕਿਰਿਆ**

ਤੁਹਾਡੇ ਪੜ੍ਹਨ ਅਤੇ ਵਿਚਾਰ ਕਰਨ ਲਈ ਹੇਠ ਕੁਝ ਤੱਥ ਦਿੱਤੇ ਗਏ ਹਨ:-

- ਸਿਖਲਾਈ ਜ਼ਿਆਦਾ ਜਾਂ ਘੱਟ ਰਾਹੀਂ ਸੰਸਾਰ ਵਿੱਚ ਸਾਡੇ ਚਾਰੋਂ ਤਰਫ਼ ਕੀ ਹੋ ਰਿਹਾ ਹੈ, ਇਸ ਰਾਹੀਂ ਸਾਨੂੰ ਕੀ ਕਰਨਾ ਅਤੇ ਸਾਨੂੰ ਕੀ ਮੁਲਾਂਕਣ ਕਰਨਾ ਹੈ, ਇਸ ਸਭ ਰਾਹੀਂ ਰੁਪਾਂਤਰਿਤ ਹੋਣ ਦੀ ਇੱਕ ਪ੍ਰਕਿਰਿਆ ਹੈ।
- ਸਿਖਲਾਈ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਰਾਹੀਂ ਵਿਵਹਾਰ ਨੂੰ ਸਿਖਲਾਈ ਰਾਹੀਂ ਪੈਦਾ ਜਾਂ ਬਦਲਿਆ ਜਾ ਸਕਦਾ ਹੈ (ਜਾਂ ਤਾਂ ਕੁਦਰਤੀ ਵਾਤਾਵਰਣ ਜਾਂ ਪ੍ਰਯੋਗਸ਼ਾਲਾ ਵਿੱਚ)।
- ਸਿਖਲਾਈ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਰਾਹੀਂ ਵਿਅਕਤੀ ਵਿਭਿੰਨ ਆਦਤਾਂ, ਗਿਆਨ ਅਤੇ ਪ੍ਰਵਿਰਤੀ ਪ੍ਰਾਪਤ ਕਰਦਾ ਹੈ, ਜਿਸ ਦਾ ਆਮ ਰੂਪ ਨਾਲ ਜੀਵਨ ਦੀ ਮੰਗ ਅਨੁਸਾਰ ਮਿਲਣਾ ਜ਼ਰੂਰੀ ਹੁੰਦਾ ਹੈ।
- 'ਸਿਖਲਾਈ ਵਿਅਕਤੀਤਵ (ਬੋਧ, ਪ੍ਰਭਾਵੀ, ਪ੍ਰਵਿਰਤੀਪੂਰਨ, ਉਤਸ਼ਾਹਪੂਰਨ, ਵਿਵਹਾਰ ਪੂਰਨ ਅਤੇ ਅਭਿਆਸਾਤਮਕ) ਵਿੱਚ ਸੰਪੂਰਨ ਤਬਦੀਲ ਕਰ ਦਿੰਦੀ ਹੈ ਅਤੇ ਉਸ ਦੇ ਪ੍ਰਦਰਸ਼ਨ ਵਿੱਚ ਤਬਦੀਲੀ ਦੀ ਚਮਕ ਦਿਖਾਈ ਦਿੰਦੀ ਹੈ। ਅਕਸਰ ਇਹ ਅਭਿਆਸ ਰਾਹੀਂ ਆਉਂਦਾ ਹੈ

ਅਤੇ ਫਿਰ ਵੀ ਅੰਤਰਦ੍ਰਿਸ਼ਟੀ ਨਾਲ ਜਾਂ ਹੋਰ ਕਾਰਕਾਂ ਜਾਂ ਯਾਦ ਕਰਨ ਨਾਲ ਪੈਦਾ ਹੋ ਸਕਦਾ ਹੈ।" (ਸਾਖੀਆਂ, 1976 ਪੇਜ਼ 3)

ਉਪਰੋਕਤ ਤੱਥ ਸਾਨੂੰ ਸਿਖਲਾਈ ਨੂੰ ਤਿੰਨ ਵਿਸਥਾਰਤ ਤਰੀਕਿਆਂ ਨਾਲ ਸਮਝਣ ਦੀ ਤਰਫ਼ ਇਸ਼ਾਰਾ ਕਰਦੇ ਹਨ।

ਸਿਖਲਾਈ ਨੂੰ ਹੇਠ ਲਿਖੇ ਮੁਤਾਬਿਕ ਸੁਨਿਸ਼ਚਤ ਕੀਤਾ ਜਾ ਸਕਦਾ ਹੈ-

• ਵਿਵਹਾਰ ਦੀ ਸੰਪੂਰਨ ਸਥਾਈ ਤਬਦੀਲੀ

• ਜੀਵਨ ਦੀਆਂ ਮੰਗਾਂ ਤੋਂ ਮਿਲਣ ਲਈ ਜ਼ਰੂਰੀ ਆਦਤਾਂ, ਗਿਆਨ ਅਤੇ ਪ੍ਰਵਿਰਤੀ ਨੂੰ ਗ੍ਰਹਿਣ ਕਰਨਾ।

• ਵਿਅਕਤੀਤਵ ਵਿੱਚ ਸੰਪੂਰਨ ਸਥਾਈ ਤਬਦੀਲੀ (ਸਾਰੇ ਸੰਭਵ ਪੱਖਾਂ ਤੋਂ)

**ਸਿਖਲਾਈ ਪ੍ਰਕਿਰਿਆ ਦੀਆਂ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ-**

• **ਸਿਖਲਾਈ ਇੱਕ ਨਿਰੰਤਰ ਪ੍ਰਕਿਰਿਆ ਹੈ:** ਬਚਪਨ ਤੋਂ ਹੀ ਹਰੇਕ ਮਨੁੱਖ ਆਪਣੀ ਵਿਵਹਾਰਕ ਸੋਚ, ਪ੍ਰਵਿਰਤੀ, ਰੁਚੀ ਆਦਿ ਨਾਲ ਆਪਣੇ ਵਿਵਹਾਰ ਵਿੱਚ ਤਬਦੀਲੀ ਦੀ ਕੋਸ਼ਿਸ਼ ਕਰਦਾ ਹੈ। ਉਹ ਅਜਿਹਾ ਜੀਵਨ ਦੀਆਂ ਪਰਿਵਰਤਨਸ਼ੀਲ ਸਥਿਤੀਆਂ ਵਿੱਚ ਖੁਦ ਨੂੰ ਨਿਰੰਤਰ ਫਿੱਟ ਰੱਖਣ ਲਈ ਕਰਦੇ ਹਨ।

• **ਸਿਖਲਾਈ ਇੱਕ ਪ੍ਰਤੱਖ ਟੀਚਾ ਹੈ:** ਹਰੇਕ ਮਨੁੱਖ ਆਪਣੇ ਜੀਵਨ ਵਿੱਚ ਕੁਝ ਟੀਚਿਆਂ ਨੂੰ ਪ੍ਰਾਪਤ ਕਰਨ ਦੀ ਅਭਿਲਾਸ਼ਾ ਕਰਦਾ ਹੈ। ਇਨ੍ਹਾਂ ਟੀਚਿਆਂ ਨੂੰ ਸਿਖਲਾਈ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਜੇਕਰ ਪ੍ਰਾਪਤ ਕਰਨ ਲਈ ਕੋਈ ਉਦੇਸ਼ ਨਹੀਂ ਹੈ ਤਾਂ ਉੱਥੇ ਸਿਖਲਾਈ ਦੀ ਕੋਈ ਲੋੜ ਨਹੀਂ ਹੋਏਗੀ।

• **ਸਿਖਲਾਈ ਇਰਾਦਤਨ ਹੈ:** ਜਦੋਂ ਕੋਈ ਵਿਅਕਤੀ ਆਪਣੇ ਲਈ ਟੀਚੇ ਨਿਰਧਾਰਤ ਕਰਦਾ ਹੈ ਤਾਂ ਉਹ ਟੀਚਾ ਪ੍ਰਾਪਤ ਕਰਨ ਲਈ ਜਾਣਬੁੱਝ ਕੇ ਕੁਝ ਗਤੀਵਿਧੀਆਂ ਕਰਦਾ ਹੈ। ਜੇਕਰ ਉਸ ਕੋਲ ਟੀਚੇ ਤੱਕ ਪਹੁੰਚਣ ਲਈ ਕੋਈ ਵਿਚਾਰ ਨਹੀਂ ਹੈ ਜਾਂ ਉਹ ਇਸ ਦੇ ਬਾਰੇ ਵਿੱਚ ਬਿਲਕੁਲ ਸ਼ਾਂਤ ਹੈ ਤਾਂ ਉਸਦਾ ਟੀਚੇ ਤੱਕ ਪਹੁੰਚਣਾ ਮੁਸ਼ਕਿਲ ਹੈ, ਇਸਦਾ ਮਤਲਬ ਹੈ ਕਿ ਉਸ ਦੀ ਸਿਖਲਾਈ ਕਮਜ਼ੋਰ ਹੈ।

• **ਸਿਖਲਾਈ ਇੱਕ ਸਰਗਰਮ ਪ੍ਰਕਿਰਿਆ ਹੈ:** ਕੁਝ ਸਿੱਖਣ ਲਈ ਸਰੀਰਿਕ, ਮਾਨਸਿਕ ਜਾਂ ਦੋਨੋਂ ਪ੍ਰਕਾਰ ਦੀਆਂ ਕੁਝ ਗਤੀਵਿਧੀਆਂ ਕਰਨ ਦੀ ਲੋੜ ਹੁੰਦੀ ਹੈ। ਨਵੇਂ ਅਨੁਭਵਾਂ ਨੂੰ ਸਿੱਖਣ ਲਈ ਮਾਨਸਿਕ ਤੌਰ 'ਤੇ ਸਰਗਰਮ ਹੋਣਾ ਲਾਜ਼ਮੀ ਹੈ ਨਹੀਂ ਤਾਂ ਸਿਖਲਾਈ ਸੰਭਵ ਨਹੀਂ ਹੋਏਗੀ।

• **ਸਿਖਲਾਈ ਵਿਅਕਤੀਗਤ ਹੈ:** ਤੁਸੀਂ ਕਲਾਸ ਵਿੱਚ ਇਹ ਮੁਲਾਂਕਣ ਕੀਤਾ ਹੋਏਗਾ ਕਿ ਕੁਝ ਬੱਚੇ ਜ਼ਿਆਦਾ ਜਲਦੀ ਨਾਲ ਸਿੱਖਦੇ ਹਨ ਅਤੇ ਹੋਰ ਹੌਲੀ ਹੌਲੀ ਸਿੱਖਦੇ ਹਨ। ਅਸਲ ਵਿੱਚ ਵਿਭਿੰਨ ਵਿਅਕਤੀਆਂ ਦੀ ਸਿਖਲਾਈ ਦੀ ਗਤੀ ਭਿੰਨ ਭਿੰਨ ਹੁੰਦੀ ਹੈ।

• **ਸਿਖਲਾਈ ਇੱਕ ਵਿਅਕਤੀ ਦੀ ਵਾਤਾਵਰਣ ਨਾਲ ਪਰਸਪਰ ਕਿਰਿਆ ਦਾ ਨਤੀਜਾ ਹੈ:** ਇੱਕ ਅਧਿਆਪਕ ਦੇ ਰੂਪ ਵਿੱਚ ਬੱਚਿਆਂ ਨੂੰ ਪ੍ਰੋਤਸ਼ਾਹਿਤ ਕਰਨ ਲਈ ਸਾਵਧਾਨੀ ਨਾਲ ਵਾਤਾਵਰਣ ਦਾ ਸੰਗਠਨ ਕਰਨਾ ਹੈ, ਪਹਿਲਾਂ ਜਦੋਂ ਉਹ ਤੁਹਾਡੇ ਨਾਲ ਪਰਸਪਰ ਕਿਰਿਆ ਕਰਦੇ ਹਨ, ਆਪਸ ਵਿੱਚ ਆਪਣੇ ਸਾਥੀਆਂ ਨਾਲ ਪਰਸਪਰ ਕਿਰਿਆ ਕਰਦੇ ਹਨ ਅਤੇ ਅਧਿਆਪਨ ਸਿਖਲਾਈ ਸਮੱਗਰੀ ਨਾਲ ਪਰਸਪਰ ਕਿਰਿਆ ਕਰਦੇ ਹਨ।

• **ਸਿਖਲਾਈ ਤਬਦੀਲੀਯੋਗ ਹੈ**: ਇੱਕ ਸਥਿਤੀ ਵਿੱਚ ਕੀਤੀ ਗਈ ਸਿਖਲਾਈ ਹੋਰ ਸਥਿਤੀਆਂ ਵਿੱਚ ਸਮੱਸਿਆ ਹੱਲ ਕਰਨ ਵਿੱਚ ਉਪਯੋਗੀ ਹੋ ਸਕਦੀ ਹੈ। ਗਣਿਤ, ਵਿਗਿਆਨ, ਸਮਾਜਿਕ ਵਿਗਿਆਨ ਅਤੇ ਭਾਸ਼ਾ ਦੀ ਸਿਖਲਾਈ ਬੱਚਿਆਂ ਦੇ ਅਸਲ ਜੀਵਨ ਵਿੱਚ ਵਿਭਿੰਨ ਗਤੀਵਿਧੀਆਂ ਦੇ ਪ੍ਰਦਰਸ਼ਨ ਵਿੱਚ ਉਨ੍ਹਾਂ ਦੀ ਸਹਾਇਤਾ ਕਰਦਾ ਹੈ।

**ਈ 1. ਸਿਖਲਾਈ ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਦੀ ਉਦਾਹਰਨ ਸਹਿਤ ਵਿਆਖਿਆ ਕਰੋ।**

______________________

______________________

______________________

### 1.2.2 ਸਿਖਲਾਈ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ

ਤੁਸੀਂ ਇਹ ਮੁਲਾਂਕਣ ਕਰ ਸਕਦੇ ਹੋ ਕਿ ਕੁਝ ਵਿਅਕਤੀ ਗੱਡੀ ਚਲਾਉਣਾ ਜਾਂ ਤੈਰਨਾ ਜਾਂ ਖਾਣਾ ਬਣਾਉਣਾ ਆਸਾਨੀ ਨਾਲ ਸਿੱਖ ਲੈਂਦੇ ਹਨ ਜਦੋਂਕਿ ਕੁਝ ਇੰਨੀ ਆਸਾਨੀ ਨਾਲ ਨਹੀਂ ਸਿੱਖ ਪਾਉਂਦੇ ਹਨ। ਅਜਿਹਾ ਕਿਉਂ ਹੁੰਦਾ ਹੈ ? ਉਹ ਕੀ ਸਿੱਖਦੇ ਹਨ, ਕਿਵੇਂ ਸਿੱਖਦੇ ਹਨ ਇਸ ਸੰਦਰਭ ਵਿੱਚ ਵਿਅਕਤੀਗਤ ਭਿੰਨਤਾ ਦੇ ਕੀ ਕਾਰਨ ਹੋ ਸਕਦੇ ਹਨ ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਪ੍ਰਾਪਤ ਕਰੋ, ਆਓ ਸਿਖਲਾਈ ਨੂੰ ਪ੍ਰਭਾਵਿਤ ਕਰਨ ਵਾਲੇ ਵਿਭਿੰਨ ਕਾਰਕਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

• **ਸਿਖਲਾਈ ਅਤੇ ਪਰਿਪੱਕਤਾ**: ਪਰਿਪੱਕਤਾ, ਬੁੱਧੀ ਦੀ ਪ੍ਰਕਿਰਿਆ/ਵਿਕਾਸ ਦੀ ਪ੍ਰਕਿਰਿਆ ਨਾਲ ਸੰਬੰਧਿਤ ਹੁੰਦੀ ਹੈ। ਇਹ ਤਬਦੀਲੀਆਂ ਦਾ ਵਰਣਨ ਕਰਦੀ ਹੈ ਜੋ ਮੁਕਾਬਲਤਨ ਵਾਤਾਵਰਣ ਦੇ ਪ੍ਰਭਾਵ ਤੋਂ ਸੁਤੰਤਰ ਹੈ ਅਤੇ ਇਹ ਮੰਨਿਆ ਜਾਂਦਾ ਹੈ ਕਿ ਉਹ ਵੰਸ਼ਵਾਦ ਜਾਂ ਪਰੰਪਰਾਵਾਦ ਦੇ ਪ੍ਰਭਾਵ ਤੋਂ ਸੰਪੂਰਨ ਰੂਪ ਨਾਲ ਸੰਬਧਿਤ ਹੈ। ਅਤੇ ਦੂਜੇ ਸ਼ਬਦਾਂ ਵਿੱਚ ਸਿਖਲਾਈ ਤਤਕਾਲ ਵਾਤਾਵਰਣ ਨਾਲ ਵਿਅਕਤੀਗਤ ਪਰਸਪਰ ਕਿਰਿਆ ਰਾਹੀਂ ਮੁੱਢਲਾ ਰੂਪ ਹੈ। ਉਦਾਹਰਨ- ਤੁਰਨ ਦੀ ਸ਼ੁਰੂਆਤ ਕੁਝ ਨਿਸ਼ਚਤ ਮਾਸਪੇਸ਼ੀਆਂ ਦੇ ਸਮੂਹਾਂ ਦੀ ਪਰਿਪੱਕਤਾ ਅਤੇ ਉਨ੍ਹਾਂ ਦੀ ਗਤੀ ਦੇ ਵਧਦੇ ਹੋਏ ਨਿਯੰਤਰਣ 'ਤੇ ਨਿਰਭਰ ਕਰਦੀ ਹੈ। (ਪਰਿਪੱਕਤਾ ਦ ਵਿਕਾਸ) ਪਰ ਤੁਰਨਾ ਵਿਭਿੰਨ ਕੁਸ਼ਲਾਂ ਨਾਲ ਸ਼ਾਮਲ ਸਿਖਲਾਈ ਦੇ ਅਵਸਰ ਤੋਂ ਬਿਨਾਂ (ਵਾਤਾਵਰਣ ਅਤੇ ਸਿਖਲਾਈ) ਕਿਸੇ ਲਈ ਵੀ ਸੰਭਵ ਨਹੀਂ ਹੋ ਸਕਦਾ। ਉਸੀ ਪ੍ਰਕਾਰ ਜੇਕਰ ਬੋਲਣਾ ਸ਼ੁਰੂ ਕਰਨਾ ਪਹਿਲਾਂ ਪਰਿਪੱਕਤਾ ਰਾਹੀਂ ਪ੍ਰਭਾਵਿਤ ਹੁੰਦਾ ਹੈ, ਕੋਈ ਵੀ ਉਚਿਤ ਅਭਿਆਸ ਅਤੇ ਸਿਖਲਾਈ ਦੇ ਬਿਨਾਂ ਧਾਰਾ ਪ੍ਰਵਾਹ ਅਤੇ ਅਰਥਪੂਰਨ ਤਰੀਕੇ ਨਾਲ ਨਹੀਂ ਬੋਲ ਸਕਦਾ ਹੈ, ਜੋ ਸਿਖਲਾਈ ਰਾਹੀਂ ਪ੍ਰਭਾਵਿਤ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਇੱਕ ਛੇ ਮਹੀਨੇ ਦੇ ਛੋਟੇ ਬੱਚੇ ਨੂੰ ਪਹਾੜਾ ਸਿਖਾਉਣਾ ਅਸੰਭਵ ਹੈ ਜਦੋਂ ਤੱਕ ਕਿ ਉਹ ਮਾਨਸਿਕ ਪਰਿਪੱਕਤਾ ਦੇ ਨਿਸ਼ਚਤ ਪੱਧਰ ਤੱਕ ਨਹੀਂ ਪਹੁੰਚ ਜਾਂਦਾ ਹੈ।

• **ਸਿੱਖਣ ਦੀ ਤਤਪਰਤਾ**: ਜਦੋਂ ਬੱਚੇ ਕਲਾਸ ਵਿੱਚ ਸਿਖਲਾਈ ਸਮੱਗਰੀ ਦਾ ਪ੍ਰਬੰਧ ਕਰ ਰਹੇ ਹਨ ਤਾਂ ਤੁਹਾਨੂੰ ਬੱਚੇ ਕੋਲ ਸਾਵਧਾਨੀ ਨਾਲ ਆਉਣਾ ਚਾਹੀਦਾ ਹੈ। ਜਦੋਂ ਉਹ ਤੁਹਾਡੇ ਪ੍ਰਸ਼ਨਾਂ ਦਾ ਉੱਤਰ ਨਹੀਂ ਦਿੰਦੇ ਹਨ ਤਾਂ ਤੁਸੀਂ ਉਨ੍ਹਾਂ ਨਾਲ ਨਾਰਾਜ਼ ਹੋ ਜਾਂਦੇ ਹੋ। ਅਜਿਹਾ ਕਿਉਂ ਹੋਇਆ ? ਕੀ ਤੁਸੀਂ ਕਦੇ ਇਸ ਦੇ ਬਾਰੇ ਵਿੱਚ ਬੱਚਿਆਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ?

ਠੀਕ ਹੈ, ਅਨੇਕ ਕਾਰਨਾਂ ਕਾਰਨ, ਕਿਹੜਾ ਮਾਨਸਿਕ ਸਰੀਰਿਕ ਅਤੇ ਜਾਂ ਸਮਾਜਿਕ ਕਾਰਨ ਹੋ ਸਕਦਾ ਹੈ, ਜਿਸ ਕਾਰਨ ਬੱਚਾ ਸਿੱਖਣ ਲਈ ਤਿਆਰ ਨਹੀਂ ਹੋ ਸਕਦਾ ਹੈ। ਇਹ ਵਿਭਿੰਨ ਪ੍ਰਕਾਰ ਦੀ ਤਤਪਰਤਾ ਹੈ। ਕੁਝ ਸਰੀਰਿਕ ਪਰਿਪੱਕਤਾ ਨਾਲ ਸੰਬੰਧਿਤ ਹੈ (ਜੋ ਬੱਚਾ ਤੁਰਨ ਦੇ ਯੋਗ

ਨਹੀਂ ਹੈ, ਉਹ ਦੌੜ ਵਿੱਚ ਹਿਸਾ ਨਹੀਂ ਲੈ ਸਕਦਾ)। ਕੁਝ ਬੌਧਿਕ ਪਰਿਪੱਕਤਾ ਨਾਲ ਸਬੰਧਿਤ ਹੈ ਅਤੇ ਕੁਝ ਪਿੱਛੇ ਦੀਆਂ ਸੂਚਨਾਵਾਂ ਨੂੰ ਗ੍ਰਹਿਣ ਕਰਨ ਦੀ ਪਰਿਪੱਕਤਾ ਨਾਲ ਸਬੰਧਿਤ ਹੈ (ਜੋ ਬੱਚਾ ਜੋੜ ਕਰਨਾ ਨਹੀਂ ਜਾਣਦਾ ਹੈ, ਉਹ ਗੁਣਾਂ ਕਰਨਾ ਕਿਵੇਂ ਸਿੱਖ ਸਕਦਾ ਹੈ।) ਅਤੇ ਕੁਝ ਪ੍ਰੋਤਸਾਹਨ ਦੀ ਪਰਿਪੱਕਤਾ ਨਾਲ ਸਬੰਧਿਤ ਹੈ।

ਬੱਚਿਆਂ ਦੀ ਮਾਨਸਿਕ ਤਤਪਰਤਾ ਸਿਖਲਾਈ ਲਈ ਅਤਿ ਲੋੜੀਂਦੀ ਹੈ। ਉਦਾਹਰਨ ਲਈ:ਭਾਸ਼ਾ ਸਿਖਲਾਈ ਦੀ ਸਥਿਤੀ ਵਿੱਚ ਜਦੋਂ ਬੱਚਾ ਪ੍ਰਾਇਮਰੀ ਪੱਧਰ ’ਤੇ ਹੈ ਤਾਂ ਉਸ ਤੋਂ ਕਠਿਨ ਸ਼ਬਦਾਂ ਅਤੇ ਵਾਕਾਂ ਨੂੰ ਸਿੱਖਣ ਦੀ ਉਮੀਦ ਨਹੀਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਹੀ ਸਰੀਰਿਕ ਕਿਰਿਆਵਾਂ ਲਈ ਜਿਵੇਂ ਟਾਇਪ ਕਰਨਾ, ਡਾਂਸ ਕਰਨਾ ਆਦਿ ਵਿੱਚ ਬੱਚੇ ਦੀ ਸਰੀਰਿਕ ਤਤਪਰਤਾ ਦੀ ਲੋੜ ਹੁੰਦੀ ਹੈ। ਜਦੋਂ ਬੱਚਾ ਸਿੱਖਣ ਲਈ ਤਤਪਰ ਹੁੰਦਾ ਹੈ ਤਾਂ ਉਹ ਪ੍ਰਭਾਵਸ਼ਾਲੀ ਸਿਖਲਾਈ ਕਰ ਸਕਦਾ ਹੈ। ਇਸ ਲਈ ਤਤਪਰਤਾ ਦਾ ਨਿਰਧਾਰਨ ਕਰਨ ਲਈ ਤੁਹਾਨੂੰ ਬੱਚਿਆਂ ਦੇ ਭਾਵਨਾਤਮਕ ਅਤੇ ਬੌਧਿਕ ਵਿਕਾਸ ਦਾ ਗਿਆਨ ਹੋਣਾ ਲਾਜ਼ਮੀ ਹੈ।

• **ਸਿਖਲਾਈ ਵਾਤਾਵਰਣ**: ਸਕੂਲ ਵਿੱਚ ਪ੍ਰਭਾਵਸ਼ਾਲੀ ਲਈ ਸਕੂਲ ਦਾ ਵਾਤਾਵਰਣ ਸਿਖਲਾਈ ਦੇ ਅਨੁਕੂਲ ਹੋਣਾ ਲਾਜ਼ਮੀ ਹੈ। ਸਮੇਂ ਅਤੇ ਸਥਾਨ ਅਨੁਸਾਰ ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆ ਵਿੱਚ ਪਰਸਪਰ ਕਿਰਿਆ ਹੋਣੀ ਲਾਜ਼ਮੀ ਹੈ। ਵਧੀਆ ਸਿਖਲਾਈ ਵਾਤਾਵਰਣ ਦੀ ਸਿਰਜਣਾ ਅਤੇ ਨਿਰਮਾਣ ਪ੍ਰਭਾਵਸ਼ਾਲੀ ਕਲਾਸ ਦੇ ਸੰਗਠਨ ਰਾਹੀਂ, ਪਰਸਪਰ ਕਿਰਿਆ ਰਾਹੀਂ ਅਤੇ ਪੂਰੇ ਸਕੂਲ ਦੇ ਪ੍ਰਦਰਸ਼ਨ ਅਤੇ ਖੋਜਪੂਰਨ ਵਾਤਾਵਰਣ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਹੇਠ ਲਿਖੀਆਂ ਦੋ ਕਲਾਸਾਂ ਦੀ ਸਥਿਤੀ ਦੀ ਕਲਪਨਾ ਕਰੋ–

**ਸਥਿਤੀ**–3: ਇੱਕ ਕਲਾਸ ਦੇ ਛੋਟੇ ਕਮਰੇ ਵਿੱਚ ਜਿੱਥੇ 40 ਬੱਚੇ ਬਿਨਾਂ ਢੁਕਵੇਂ ਸਥਾਨ ਦੇ ਸੁਤੰਤਰ ਰੂਪ ਨਾਲ ਬੈਠੇ ਹਨ। ਪ੍ਰਕਾਸ਼ ਅਤੇ ਹਵਾ ਨਿਕਾਸੀ ਵੀ ਕਮਰੇ ਵਿੱਚ ਢੁਕਵੇਂ ਰੂਪ ਵਿੱਚ ਨਹੀਂ ਹੈ। ਜ਼ਿਆਦਾ ਗਰਮੀ ਅਤੇ ਭੀੜ ਭਾੜ ਵਾਲੇ ਕਮਰੇ ਵਿੱਚ ਬੱਚੇ ਪਸੀਨੇ ਨਾਲ ਭਿੱਜੇ ਹੋਏ ਹਨ ਅਤੇ ਸ਼ੋਰ ਕਰ ਰਹੇ ਹਨ। ਸਥਾਨ ਦੀ ਘਾਟ ਕਾਰਨ ਕਮਰੇ ਵਿੱਚ ਕੋਈ ਅਧਿਆਪਨ ਸਿਖਲਾਈ ਸਮੱਗਰੀ ਉਪਲੱਬਧ ਨਹੀਂ ਹੈ। ਅਧਿਆਪਕ ਅਨੁਸ਼ਾਸਨ ਬਣਾਏ ਰੱਖਣ ਲਈ ਬੱਚਿਆਂ ’ਤੇ ਚਿਲਾ ਰਿਹਾ ਹੈ।

**ਸਥਿਤੀ**–4: ਦੂਜੇ ਸਕੂਲ ਵਿੱਚ ਲਗਪਗ ਬਰਾਬਰ ਸੰਖਿਆ ਦੇ ਬੱਚੇ ਸਾਫ਼ ਸੁਥਰੇ, ਢੁਕਵੇਂ ਸਥਾਨ ਵਾਲੇ ਹਵਾਦਾਰ ਕਮਰੇ ਵਿੱਚ ਵਿਭਿੰਨ ਕਿਰਿਆਵਾਂ ਵਿੱਚ ਰੁੱਝੇ ਹਨ। ਦੀਵਾਰਾਂ ਨੂੰ ਸਿਖਲਾਈ ਸਮੱਗਰੀ ਨਾਲ ਲੋੜ ਅਨੁਸਾਰ ਸਜਾਇਆ ਗਿਆ ਹੈ। ਅਧਿਆਪਨ ਸਿਖਲਾਈ ਸਮੱਗਰੀ ਢੁਕਵੇਂ ਸਥਾਨ ’ਤੇ ਰੱਖੀ ਹੋਈ ਹੈ ਅਤੇ ਢੁਕਵੀਂ ਮਾਤਰਾ ਵਿੱਚ ਬੱਚਿਆਂ ਲਈ ਉਪਲੱਬਧ ਹੈ। ਅਧਿਆਪਕ ਬੱਚਿਆਂ ਨੂੰ ਸਮਝਣ ਵਾਲਾ ਅਤੇ ਉਨ੍ਹਾਂ ਨਾਲ ਦੋਸਤਾਨਾ ਵਿਵਹਾਰ ਕਰਨ ਵਾਲਾ ਹੈ।

• ਇੱਕ ਪਲ ਲਈ ਸੋਚੋ ਕਿ ਉਪਰੋਕਤ ਵਿੱਚੋਂ ਕਿਹੜੀ ਸਥਿਤੀ ਪ੍ਰਭਾਵਸ਼ਾਲੀ ਸਿਖਲਾਈ ਲਈ ਢੁਕਵੀਂ ਹੈ ਅਤੇ ਕਿਉਂ ? ਅਤੇ ਆਪਣੇ ਖੁਦ ਦੇ ਸਕੂਲ ਦੇ ਦਿਨਾਂ ਦੇ ਬਾਰੇ ਵਿੱਚ ਵੀ ਸੋਚੋ। ਕੀ ਯਾਦ ਆਉਂਦਾ ਹੈ ? ਸਿਖਲਾਈ ਦੀ ਪ੍ਰਕਿਰਿਆ ਵਿੱਚ ਕਿਹੜੀਆਂ ਗਤੀਵਿਧੀਆਂ ਤੁਹਾਨੂੰ ਜ਼ਿਆਦਾ ਸੰਤੁਸ਼ਟੀ ਪ੍ਰਦਾਨ ਕਰਦੀਆਂ ਹਨ। ਸ਼ਾਇਦ ਸਮਾਜ, ਕਲਾਸ ਤੋਂ ਬਾਹਰ ਖੇਤਰੀ ਦੌਰੇ, ਸਮੂਹ ਗਤੀਵਿਧੀਆਂ/ ਸਮੂਹ ਕਾਰਜ, ਪ੍ਰਾਜੈਕਟ ਜਾਂ ਸਿਖਲਾਈ ਗਤੀਵਿਧੀਆਂ ਆਦਿ ਵਿੱਚ ਤੁਹਾਨੂੰ ਜ਼ਿਆਦਾ ਸੰਤੁਸ਼ਟੀ ਪ੍ਰਦਾਨ ਕੀਤੀ ਹੋਏਗੀ।

• ਅਸਲ ਵਿੱਚ ਢੁਕਵਾਂ ਪ੍ਰਭਾਵਸ਼ਾਲੀ ਵਾਤਾਵਰਣ ਆਪਣੇ ਆਪ ਨਹੀਂ ਹੋ ਜਾਂਦਾ। ਇਸ ਨੂੰ ਬਣਾਉਣਾ ਪੈਂਦਾ ਹੈ ਅਤੇ ਇਸ ਨੂੰ ਬਣਾਉਣ ਲਈ ਭੌਤਿਕ ਵਾਤਾਵਰਣ ਜਿਵੇਂ ਕਲਾਸ ਦਾ ਆਕਾਰ, ਮਾਪ, ਦੀਵਾਰਾਂ ਦਾ ਰੰਗ, ਫਰਸ਼ ਦੀ ਸੁੰਦਰਤਾ, ਹਵਾ, ਰੌਸ਼ਨੀ ਦੇ ਨਾਲ ਨਾਲ ਪ੍ਰਭਾਵਸ਼ਾਲੀ ਕਲਾਸ ਸੰਗਠਨ ਜਿਸ ਨਾਲ ਬੱਚੇ ਖੁਦ ਹੀ ਸਿਖਲਾਈ ਵਿੱਚ ਲੱਗ ਜਾਂਦੇ ਹਨ। ਸੁਰੱਖਿਅਤ, ਰੌਚਿਕ ਅਤੇ ਆਰਾਮਦਾਇਕ ਅਤੇ ਦੋਸਤਾਨਾ ਵਾਤਾਵਰਣ ਵਿਦਿਆਰਥੀਆਂ ਨੂੰ ਤੁਹਾਡੇ ਵੱਲੋਂ ਦਿੱਤੀ ਗਈ ਸਿਖਲਾਈ ਅਨੁਰੂਪ ਗਤੀਵਿਧੀਆਂ ਵਿੱਚ ਰੁੱਝ ਦਿੰਦਾ ਹੈ।

• ***ਸਿਖਲਾਈ ਅਤੇ ਪ੍ਰੇਰਣਾ:*** ਪ੍ਰੇਰਣਾ ਤੋਂ ਭਾਵ ਵਿਅਕਤੀਗਤ ਰੂਪ ਵਿੱਚ ਪੈਦਾ ਹੋਇਆ ਜਾਂ ਉਤਪੰਨ ਹੋਇਆ ਭਾਵ ਹੈ ਜੋ ਟੀਚਾ ਪ੍ਰਾਪਤ ਹੋਣ ਤੱਕ ਵਿਦਿਆਰਥੀ ਦੀ ਗਤੀਵਿਧੀ ਨੂੰ ਕਾਇਮ ਰੱਖਦਾ, ਨਿਰਦੇਸ਼ਿਤ ਕਰਦਾ ਅਤੇ ਕੰਟਰੋਲ ਕਰਦਾ ਹੈ। ਪ੍ਰੇਰਣਾ ਦੇ ਦੋ ਪ੍ਰਕਾਰ ਹਨ- ਅੰਦਰੂਨੀ ਪ੍ਰੇਰਣਾ ਅਤੇ ਬਾਹਰੀ ਪ੍ਰੇਰਣਾ।

• ***ਅੰਦਰੂਨੀ ਪ੍ਰੇਰਣਾ:*** ਅੰਦਰੂਨੀ ਪ੍ਰੇਰਣਾ ਰੁਚੀ ਅਤੇ ਆਨੰਦ ਵਿੱਚ ਖੁਦ ਉਤਪੰਨ ਹੁੰਦੀ ਹੈ ਨਾ ਕਿਸੇ ਬਾਹਰੀ ਦਲ ਦੇ ਕਾਰਨ ਅੰਦਰੂਨੀ ਪ੍ਰੇਰਨਾ ਕਿਸੇ ਗਤੀਵਿਧੀ ਵਿੱਚ ਪ੍ਰਾਪਤ ਹੋਣ ਵਾਲੇ ਆਨੰਦ 'ਤੇ ਆਧਾਰਿਤ ਹੁੰਦੀ ਹੈ ਨਾ ਹੀ ਕਿਸੇ ਬਾਹਰੀ ਪੁਰਸਕਾਰ ਦੇ ਲਾਲਚ ਵਿੱਚ ਅੰਦਰੂਨੀ ਪ੍ਰੇਰਣਾ ਨਾਲ ਉੱਚ ਕੋਟੀ ਦੀ ਸਿਖਲਾਈ ਹੁੰਦੀ ਹੈ। ਉਦਾਹਰਨ-ਵਿਗਿਆਨ/ਗਣਿਤ ਦੇ ਪ੍ਰਾਜੈਕਟ ਵਿਦਿਆਰਥੀ ਨੂੰ ਸ਼ਾਇਦ ਇੰਨਾ ਆਨੰਦ ਪ੍ਰਦਾਨ ਕਰਨ ਕਿ ਇਸ ਦੇ ਫਲਸਰੂਪ ਵਿਦਿਆਰਥੀ ਖੁਦ ਹੀ ਉਸ ਪ੍ਰਕਾਰ ਦੀਆਂ ਗਤੀਵਿਧੀਆਂ ਕਰਨ ਲਈ ਪ੍ਰੇਰਿਤ ਹੋ ਜਾਏ।

• ***ਬਾਹਰੀ ਪ੍ਰੇਰਣਾ:*** ਕਿਸੇ ਬਾਹਰੀ ਉਦੇਸ਼ ਦੀ ਪ੍ਰਾਪਤ ਲਈ ਕਾਰਜ ਕਰਨਾ ਬਾਹਰੀ ਪ੍ਰੇਰਣਾ ਹੈ। ਉਦਾਹਰਨ ਲਈ ਜੇਕਰ ਵਿਦਿਆਰਥੀ ਮਾਤਾ-ਪਿਤਾ ਦੀ ਡਾਂਟ ਤੋਂ ਬਚਣ ਲਈ ਜਾਂ ਉਨ੍ਹਾਂ ਨੂੰ ਨਾਰਾਜ਼ ਨਾ ਕਰਨ ਦੇ ਕਾਰਨ ਗ੍ਰਹਿ ਕਾਰਜ ਕਰਦਾ ਹੈ ਤਾਂ ਉਹ ਬਾਹਰੀ ਪ੍ਰਭਾਵਾਂ ਤੋਂ ਪ੍ਰੇਰਿਤ ਹੈ। ਜ਼ਿਆਦਾਤਰ ਬਾਹਰੀ ਪ੍ਰੇਰਣਾ ਦੇ ਸਰੋਤ ਇਨਾਮ, ਪ੍ਰਸੰਸਾ ਜਿਵੇਂ ਪੈਸੇ ਅਤੇ ਅੰਕ ਆਦਿ ਹੋ ਸਕਦੇ ਹਨ। ਜੇਕਰ ਮਾਤਾ-ਪਿਤਾ ਅਤੇ ਅਧਿਆਪਕ ਖੁਦ ਆਪਣੇ ਬੱਚਿਆਂ ਦੇ ਸਫਲਤਾ ਨਾਲ ਕਾਰਜ ਪੂਰੇ ਕਰਨ 'ਤੇ ਕੁਝ ਇਨਾਮ ਜਾਂ ਤੋਹਫ਼ਾ ਆਦਿ ਦਿੰਦੇ ਹਨ ਤਾਂ ਉਹ ਬਾਹਰੀ ਪ੍ਰੇਰਣਾ ਹੈ।

ਸਹੀ ਅਤੇ ਢੁਕਵੀਂ ਪ੍ਰੇਰਣਾ ਵਿਦਿਆਰਥੀ ਵਿੱਚ ਸਿਖਲਾਈ ਨੂੰ ਵਧਾਉਂਦੀ ਹੈ। ਇੱਕ ਅਧਿਆਪਕ ਦੇ ਨਾਤੇ ਬੱਚਿਆਂ ਦਾ ਧਿਆਨ ਸਿਖਲਾਈ ਦੀ ਤਰਫ਼ ਕੇਂਦਰਿਤ ਕਰਨ ਲਈ ਤੁਹਾਨੂੰ ਢੁਕਵੀਆਂ ਰਣਨੀਤੀਆਂ ਸੋਚਣੀਆਂ ਚਾਹੀਦੀਆਂ ਹਨ।

**ਈ-2 ਕੋਈ ਦੋ ਉਦਾਹਰਨਾਂ ਦਿਓ ਕਿ ਕਿਉਂ ਅੰਦਰੂਨੀ ਪ੍ਰੇਰਣਾ, ਬਾਹਰੀ ਪ੍ਰੇਰਣਾ ਤੋਂ ਸਿਖਲਾਈ ਲਈ ਬਿਹਤਰ ਹੈ।**

————————————————————————

————————————————————————

————————————————————————

• 1.3 ਬੱਚਾ ਕਿਵੇਂ ਸਿੱਖਦਾ ਹੈ

ਤੁਸੀਂ ਬਹੁਤ ਸਾਰੇ ਬੱਚਿਆਂ ਨੂੰ ਪਹਿਲੀ ਵਾਰ ਕਲਾਸ-1 ਵਿੱਚ ਪ੍ਰਵੇਸ਼ ਹੋਣ ਲਈ ਆਉਂਦੇ ਹੋਏ ਦੇਖਿਆ ਹੋਏਗਾ। ਇਹ ਬੱਚੇ ਜੋ ਪਹਿਲੀ ਵਾਰ ਸਕੂਲ ਵਿੱਚ ਰਸਮੀ ਪਾਠਕ੍ਰਮ ਅਨੁਸਾਰ ਸਿਖਲਾਈ ਲਈ ਆਏ ਹਨ, ਕੀ ਤੁਸੀਂ ਸਮਝਦੇ ਹੋ ਕਿ ਇਨ੍ਹਾਂ ਬੱਚਿਆਂ ਨੇ ਪਹਿਲਾਂ ਕੁਝ ਨਹੀਂ ਸਿੱਖਿਆ ਅਤੇ ਹੁਣ ਪਹਿਲੀ ਵਾਰ ਸਿੱਖਣਗੇ ?

**ਗਤੀਵਿਧੀ-1**

ਇੱਕ ਆਮ ਪੰਜ ਸਾਲ ਦਾ ਬੱਚਾ ਜੋ ਪਹਿਲੀ ਵਾਰ ਸਕੂਲ ਵਿੱਚ ਸਿਖਲਾਈ ਲਈ ਆਇਆ ਹੈ। ਉਹ ਜੋ ਕਾਰਜ ਕਰ ਸਕਦਾ ਹੈ ਉਸ ਦੀ ਸੂਚੀ ਬਣਾਓ।

ਸ਼੍ਰੀਮਾਨ ਬਿਨਰੇ ਇੱਕ ਤੁਹਾਡੇ ਵਰਗੇ ਅਧਿਆਪਕ ਹਨ ਜੋ ਪ੍ਰਾਇਮਰੀ ਸਕੂਲ ਵਿੱਚ ਹਨ, ਉਨ੍ਹਾਂ ਇੱਕ ਨਵੇਂ ਦਾਖਲ ਹੋਣ ਵਾਲੇ ਬੱਚੇ ਜਿਸ ਦਾ ਨਾਂ ਜੁੰਪਾ ਹੈ, ਨਾਲ ਗੱਲਬਾਤ ਕੀਤੀ ਅਤੇ ਉਸ ਦਾ ਮੁਲਾਂਕਣ ਕੀਤਾ ਅਤੇ ਨਿਮਨਲਿਖਤ ਗਤੀਵਿਧੀਆਂ ਦੀ ਸੂਚੀ ਬਣਾਈ ਜੋ ਉਹ ਆਸਾਨੀ ਨਾਲ ਕਰ ਸਕਦੀ ਸੀ।

• ਉਹ ਸਾਧਾਰਨ ਵਾਕਾਂ ਵਿੱਚ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰ ਸਕਦੀ ਹੈ।

• ਉਹ ਵਿਸ਼ੇ ਅਨੁਸਾਰ ਕਿਰਿਆ ਦੇ ਕਾਲ ਦਾ ਢੁਕਵਾਂ ਉਪਯੋਗ ਕਰਦੇ ਹੋਏ ਬੋਲਦੀ ਹੈ।

• ਉਹ ਸਾਧਾਰਨ ਪ੍ਰਸ਼ਨਾਂ ਜਿਵੇਂ "ਤੁਸੀਂ ਦੁਪਹਿਰ ਦੇ ਭੋਜਨ ਵਿੱਚ ਕੀ ਖਾਧਾ।", "ਤੁਸੀਂ ਕਿਹੜੀ ਖੇਡ ਖੇਡਣਾ ਪਸੰਦ ਕਰਦੇ ਹੋ।", "ਕੱਲ੍ਹ ਤੁਹਾਡੇ ਘਰ ਕੌਣ ਆਇਆ ਸੀ।" ਦੇ ਉੱਤਰ ਦਿੰਦੀ ਹੈ।

• ਉਹ ਜਗਿਆਸੂ ਹੈ ਅਤੇ ਬਹੁਤ ਸਾਰੇ ਪ੍ਰਸ਼ਨ ਪੁੱਛਦੀ ਹੈ।

• ਉਹ ਅਧਿਆਪਕ ਦੇ ਕਹੇ ਅਨੁਸਾਰ ਕਾਰਜ ਕਰਦੀ ਹੈ ਅਤੇ ਉਸ ਦੀਆਂ ਗੱਲਾਂ ਨੂੰ ਸਮਝਦੀ ਹੈ ਜਿਵੇਂ, "ਖੜ੍ਹੇ ਹੋ ਜਾਓ", "ਖੱਬੇ ਮੁੜੋ","ਆਪਣੀਆਂ ਅੱਖਾਂ ਬੰਦ ਕਰੋ", "ਬਲੈਕ ਬੋਰਡ ਦੇ ਕੋਲ ਜਾਓ" ਆਦਿ।

• ਉਹ ਆਪਣੀ ਪਸੰਦ ਅਨੁਸਾਰ ਕੋਈ ਗੀਤ ਗਾਉਂਦੀ ਹੈ।

• ਉਹ ਆਪਣੀ ਕਲਾਸ ਦੇ ਬੱਚਿਆਂ ਨਾਲ ਖੇਡ ਦੇ ਨਿਯਮਾਂ ਦਾ ਮਜ਼ਬੂਤੀ ਨਾਲ ਪਾਲਣ ਕਰਦੇ ਹੋਏ ਕੋਈ ਖੇਡ ਖੇਡਦੀ ਹੈ।

ਧਿਆਨ ਦਿਓ ਸੂਚੀ ਲੰਬੀ ਹੈ। ਕੋਈ ਵੀ ਆਮ ਬੱਚਾ ਇਹ ਸਾਰੀਆਂ ਕਿਰਿਆਵਾਂ ਕਰ ਸਕਦਾ ਹੈ। ਪਰ ਝੁੰਪਾ ਇਹ ਸਾਰੀਆਂ ਕਿਰਿਆਵਾਂ ਆਸਾਨੀ ਨਾਲ ਕਿਵੇਂ ਸਿੱਖੀ। ਚਾਹੇ ਉਸ ਦੇ ਚਾਰੋਂ ਤਰਫ਼ ਪਰਿਵਾਰ ਵਿੱਚ ਅਤੇ ਗੁਆਂਢ ਵਿੱਚ ਬਹੁਤ ਸਾਰੇ ਵਿਅਕਤੀ ਹਨ, ਪਰ ਕਿਸੇ ਨੇ ਵੀ ਉਸ ਨੂੰ ਇਹ ਸਾਰੀਆਂ ਕਿਰਿਆਵਾਂ ਕਰਨੀਆਂ ਨਹੀਂ ਸਿਖਾਈਆਂ।

ਸਪੱਸ਼ਟ ਹੈ ਕਿ ਸਕੂਲ ਹੀ ਸਿੱਖਣ ਦੀ ਇੱਕ ਮਾਤਰ ਜਗ੍ਹਾ ਨਹੀਂ ਹੈ, ਅਤੇ ਕੋਈ ਵੀ ਆਪਣੇ ਚਾਰੋ ਤਰਫ਼ ਤੋਂ ਇਸ ਸੰਸਾਰ ਦੇ ਅਨੁਭਵਾਂ ਦੀ ਇੱਕ ਵਿਸਥਾਰਤ ਲੜੀ ਸਿੱਖ ਸਕਦਾ ਹੈ। ਜੇਕਰ ਅਸੀਂ ਅਸਲ ਤੌਰ 'ਤੇ ਅਨੁਭਵ ਗ੍ਰਹਿਣ ਕਰਨ ਦੀ ਪ੍ਰਕਿਰਿਆ ਨੂੰ ਜਾਣਦੇ ਹਾਂ ਤਾਂ ਅਸੀਂ ਕਲਾਸ ਵਿੱਚ ਉਨ੍ਹਾਂ ਪ੍ਰਕਿਰਿਆਵਾਂ ਦੇ ਉਪਯੋਗ ਨਾਲ ਸਿਖਲਾਈ ਨੂੰ ਜ਼ਿਆਦਾ ਕੁਦਰਤੀ, ਅਰਥਪੂਰਨ ਅਤੇ ਸਿੱਖਣ ਲਈ ਆਸਾਨ ਬਣਾ ਸਕਦੇ ਹਾਂ। ਆਓ ਕੁਝ ਨਵੇਂ ਅਨੁਭਵਾਂ ਨੂੰ ਪ੍ਰਾਪਤ ਕਰਨ ਦੀਆਂ

ਪ੍ਰਕਿਰਿਆਵਾਂ ਨੂੰ ਸਮਝਦੇ ਹਾਂ ਜੋ ਬੱਚਿਆਂ ਰਾਹੀਂ ਉਪਯੋਗ ਕੀਤੀਆਂ ਜਾਂਦੀਆਂ ਹਨ ਅਤੇ ਦੂਜਿਆਂ ਰਾਹੀਂ ਵੀ ਅਤੇ ਜਿਸ ਲਈ ਸਿਖਲਾਈ ਖੁਦ ਹੀ ਹੋ ਜਾਂਦੀ ਹੈ।

### 1.3.1 ਅਨੁਸਰਨ

ਜ਼ਿਆਦਾਤਰ ਵਿਅਕਤੀ ਕਿਸੇ ਕਾਰਜ ਦੀ ਨਕਲ ਕਰਕੇ, ਵਿਵਹਾਰ ਨੂੰ ਦੇਖ ਕੇ ਅਤੇ ਹੋਰ ਪ੍ਰਕਾਰ ਦੀਆਂ ਕਿਰਿਆਵਾਂ ਨਾਲ ਸਿੱਖਦੇ ਹਨ। ਇਹ ਵੀ ਕੁਝ ਮੁੱਖ ਪ੍ਰਕਿਰਿਆਵਾਂ ਹਨ ਜਿਨ੍ਹਾਂ ਨਾਲ ਬੱਚੇ ਨਵੇਂ ਅਨੁਭਵਾਂ ਅਤੇ ਵਿਵਹਾਰਕਤਾ ਨੂੰ ਸਿੱਖਦੇ ਹਨ।ਅਨੁਸਰਨ ਕਿਸੇ ਹੋਰ ਵਿਅਕਤੀ ਦੇ ਵਿਵਹਾਰ ਜਾਂ ਕਿਰਿਆ ਦੀ ਨਕਲ ਹੈ। ਬੱਚਾ ਹਰੇਕ ਦਾ ਅਨੁਸਰਨ ਨਹੀਂ ਕਰਦਾ ਹੈ। ਉਹ ਇਸ ਦੀ ਚੋਣ ਕਰਦਾ ਹੈ ਜਿਸ ਨੂੰ ਉਹ ਪਸੰਦ ਕਰਦਾ ਹੈ ਜਾਂ ਉਸ ਵਿਅਕਤੀ ਦਾ ਅਨੁਸਰਨ ਕਰਦਾ ਹੈ ਜੋ ਆਪਣੇ ਵਿਵਹਾਰ ਜਾਂ ਕਿਰਿਆਵਾਂ ਨਾਲ ਉਸ ਨੂੰ ਆਕਰਸ਼ਿਤ ਕਰਦਾ ਹੈ। ਅਜਿਹਾ ਵਿਅਕਤੀ ਅਨੁਸਰਨ ਲਈ ਆਦਰਸ਼ ਬਣ ਜਾਂਦਾ ਹੈ, ਉਹ ਆਦਰਸ਼ ਕੋਈ ਵੀ ਵਿਅਕਤੀ ਹੋ ਸਕਦਾ ਹੈ ਜੋ ਉਸਦੇ ਪ੍ਰਤੱਖ ਰੂਪ ਨਾਲ ਸੰਪਰਕ ਵਿੱਚ ਰਹਿੰਦਾ ਹੈ ਜਿਵੇਂ ਮਾਤਾ ਪਿਤਾ, ਭੈਣ ਭਰਾ, ਅਧਿਆਪਕ ਜਾਂ ਹੋਰ ਕੋਈ ਬਾਲਗ ਮੈਂਬਰ ਜਿਸ ਦੇ ਅਨੁਸਰਨ ਦੇ ਕੁਝ ਗੁਣ ਹੋਣ। ਕੁਝ ਅਜਿਹੇ ਹੋਰ ਵਿਅਕਤੀ ਹੁੰਦੇ ਹਨ ਜਿਨ੍ਹਾਂ ਦੇ ਪ੍ਰਤੱਖ ਸੰਪਰਕ ਵਿੱਚ ਬੱਚਾ ਨਹੀਂ ਰਹਿੰਦਾ ਪਰ ਉਹ ਅਨੁਸਰਨ ਲਈ ਆਦਰਸ਼ ਬਣ ਜਾਂਦੇ ਹਨ। ਉਦਾਹਰਨ ਅਜਿਹੇ ਵਿਅਕਤੀ ਇਤਿਹਾਸ ਜਾਂ ਪੌਰਾਣਿਕ ਕਥਾਵਾਂ ਦੇ ਆਦਰਸ਼ ਹੋ ਸਕਦੇ ਹਨ ਜਿਵੇਂ ਅਸ਼ੋਕ ਮਹਾਨ, ਸ਼ਿਵਾਜੀ, ਅਕਬਰ, ਗਾਂਧੀ, ਨਹਿਰੂ, ਮਦਰ ਟੈਰੇਸਾ, ਸ਼੍ਰੀ ਰਾਮ, ਸ਼੍ਰੀ ਕ੍ਰਿਸ਼ਨ, ਮੀਰਾਬਾਈ, ਈਸਾ ਮਸੀਹ ਜਾਂ ਪ੍ਰਸਿੱਧ ਫਿਲਮ ਅਦਾਕਾਰ, ਖਿਡਾਰੀ, ਕਲਾਕਾਰ ਆਦਿ। ਇੱਥੋਂ ਤੱਕ ਕਿ ਪ੍ਰਸਿੱਧ ਕਾਮਿਕਸ ਦੇ ਚਰਿੱਤਰ ਵੀ ਛੋਟੇ ਬੱਚਿਆਂ ਦੇ ਆਦਰਸ਼ ਬਣ ਜਾਂਦੇ ਹਨ। ਅਜਿਹੇ ਆਦਰਸ਼ ਨੂੰ ਪ੍ਰਤੀਕਾਤਮਕ ਆਦਰਸ਼ ਕਿਹਾ ਜਾਂਦਾ ਹੈ। ਬਹੁਤ ਵਾਰ ਮਾਤਾ ਪਿਤਾ, ਭਾਈ ਭੈਣ ਅਤੇ ਅਧਿਆਪਕਾਂ ਨੇ ਬੱਚਿਆਂ ਦੇ ਸਾਹਮਣੇ ਪ੍ਰਸਿੱਧ ਵਿਅਕਤੀ ਦੀ ਉਦਾਹਰਨ ਦਿੰਦੇ ਹਨ। ਅਜਿਹੇ ਆਦਰਸ਼ਾਂ ਨੂੰ ਜਾਂ ਵਾਸਤਵਿਕ ਆਦਰਸ਼ ਜਾਂ ਮਿਸਾਲੀ ਆਦਰਸ਼ ਕਿਹਾ ਜਾਂਦਾ ਹੈ।

ਇਹ ਧਿਆਨ ਦੇਣ ਦੀ ਗੱਲ ਹੈ ਕਿ ਸਾਰੇ ਅਨੁਸਰਨ ਸਿਖਲਾਈ ਨਹੀਂ ਹੁੰਦੇ ਜਦੋਂ ਤੱਕ ਕਿ ਅਨੁਸਰਨੀ ਵਿਅਕਤੀ ਬੱਚੇ ਦੇ ਦਿਮਾਗ ’ਤੇ ਆਪਣੀ ਪੱਕੀ ਛਾਪ ਨਹੀਂ ਛੱਡਦਾ। ਜਦੋਂ ਤੁਸੀਂ ਕਿਸੇ ਬੱਚੇ ਨੂੰ ਸਾਕਾਰਾਤਮਕ ਅਤੇ ਇੱਛੁਕ ਕਿਰਿਆ ਦਾ ਅਨੁਸਰਨ ਕਰਦੇ ਹੋਏ ਮੁਲਾਂਕਣ ਕਰਦੇ ਹੋ ਤਾਂ ਤੁਸੀਂ ਕਿਸੇ ਉਸ ਅਨੁਸਰਨੀ ਵਿਵਹਾਰ ਨੂੰ ਸਿਖਲਾਈ ਵਿਵਹਾਰ ਵਿੱਚ ਬਦਲਣ ਲਈ ਜ਼ੋਰ ਦੇ ਸਕਦੇ ਹੋ ? ਆਮ ਤੌਰ ’ਤੇ ਅਨੁਸਰਨ ’ਤੇ ਜ਼ੋਰ ਦੇਣ ਲਈ ਤਿੰਨ ਰਸਤੇ ਹੋ ਸਕਦੇ ਹਨ ਜੋ ਨਿਮਨ ਹਨ:

• ***ਪ੍ਰਤੱਖ ਪ੍ਰਸੰਸਾ ਜਾਂ ਇਨਾਮ ਪ੍ਰਦਾਨ ਕਰਨਾ:*** ਕਥਨ ਰਾਹੀਂ ਜਿਵੇਂ “ ਉਹ ਤਾਂ ਇੱਕ ਵਿਸ਼ੇਸ਼ਤਾ ਦੀ ਤਰ੍ਹਾਂ ਸਮੱਸਿਆ ਹੱਲ ਕਰ ਸਕਦਾ ਹੈ।”, “ਉਹ ਤਾਂ ਲਤਾ ਮੰਗੇਸ਼ਕਰ ਦੀ ਤਰ੍ਹਾਂ ਬਹੁਤ ਚੰਗਾ ਗਾ ਰਹੀ ਹੈ।” ਜਾਂ ‘ਕੀ ਸ਼ਾਟ ਖੇਡਿਆ ਹੈ ਇਹ ਤਾਂ ਬਿਲਕੁਲ ਸਚਿਨ ਤੇਂਦਲੂਕਰ ਦੀ ਤਰ੍ਹਾਂ ਖੇਡਿਆ।” ਬੱਚੇ ਦੇ ਵਿਵਹਾਰ ਨੂੰ ਹੱਲਾਸ਼ੇਰੀ ਦੇਣ ਲਈ ਪ੍ਰੇਰਿਤ ਕਰਦੇ ਹਨ।

• ***ਸੰਤੁਸ਼ਟੀਜਨਕ ਨਤੀਜੇ:*** ਜੇਕਰ ਅਨੁਕਰਨ ਨਾਲ ਬੱਚਾ ਇੱਕ ਸਮਾਜ ਸਵੀਕਾਰਤ ਵਿਵਹਾਰ ਨੂੰ ਅਪਣਾਉਂਦਾ ਹੈ ਅਤੇ ਇੱਛੁਕ ਉਦੇਸ਼ਾਂ ਨੂੰ ਪ੍ਰਾਪਤ ਕਰਦਾ ਹੈ ਤਾਂ ਉਹ ਉਸ ਨੂੰ ਦੁਹਰਾਉਣਾ ਪਸੰਦ ਕਰਦਾ ਹੈ। ਉਦਾਹਰਨ ਲਈ ਜਦੋਂ ਕੋਈ ਬੱਚਾ ਆਪਣੀ ਮਾਂ ਨੂੰ ‘ਦੁੱਧ’ ਕਹਿੰਦੇ ਹੋਏ ਅਨੁਸਰਨ ਕਰਦਾ ਹੈ ਤਾਂ ਉਹ ਉਸ ਸ਼ਬਦ ਨੂੰ ਦੁਹਰਾਉਣਾ ਪਸੰਦ ਕਰੇਗਾ ਜੇਕਰ ਦੁਹਰਾਉਣ ’ਤੇ ਉਸ ਨੂੰ ਪੀਣ ਲਈ ਦੁੱਧ ਮਿਲਦਾ ਹੈ।

• ***ਵਿਵਹਾਰਕ ਦ੍ਰਿੜੀਕਰਨ:*** ਕਦੇ ਕਦੇ ਬੱਚਾ ਦੂਜਿਆਂ ਦੇ ਅਨੁਸਰਨ ਨੂੰ ਦੇਖ ਕੇ ਬਿਨਾਂ ਕਿਸੇ ਇਨਾਮ ਜਾਂ ਸੰਤੁਸ਼ਟੀਜਨਕ ਨਤੀਜੇ ਦੇ ਲਾਲਚ ਦੇ ਅਨੁਸਰਨ ਕਰਦਾ ਹੈ। ਇਸ ਦੇ ਪਿੱਛੇ ਉਸ ਦਾ ਤਰਕ ਹੁੰਦਾ ਹੈ ਕਿ ਜੇਕਰ ਦੂਜਿਆਂ ਨੂੰ ਅਜਿਹਾ ਕਰਨ ਨਾਲ ਲਾਭ ਪ੍ਰਾਪਤ ਹੁੰਦਾ ਹੈ ਤਾਂ ਮੈਨੂੰ ਵੀ ਹੋਏਗਾ। ਕਿਸੇ ਵਿਸ਼ੇਸ਼ ਪ੍ਰਕਾਰ ਦੀ ਡਰੈੱਸ ਜਾਂ ਲਿਪਸਟਿਕ ਦੀ ਚੋਣ ਕਰਨਾ ਕਿਸੇ ਵਿਸ਼ੇਸ਼ ਤਰੀਕੇ

ਨਾਲ ਗੱਲ ਕਰਨਾ ਜਾਂ ਕੋਈ ਵੱਖਰੀ ਧੁਨ ਨੂੰ ਗਾਉਣਾ ਆਦਿ ਅਜਿਹੇ ਕੁਝ ਵਿਵਹਾਰਕ ਅਨੁਸਰਨ ਦੇ ਉਦਾਹਰਨ ਹਨ।

***ਅਨੁਸਰਨ ਦੇ ਪ੍ਰਭਾਵ:*** ਜ਼ਮੀਨੀ ਪੱਧਰ 'ਤੇ ਅਨੁਸਰਨ ਇੱਕ ਆਦਰਸ਼ ਦੇ ਵਿਵਹਾਰ ਦੀ ਪੂਰੀ ਨਕਲ ਹੈ। ਹੇਠ ਲਿਖੀਆਂ ਪ੍ਰਤੀਕਿਰਿਆਵਾਂ ਦਾ ਗੰਭੀਰਤਾ ਨਾਲ ਪਰੀਖਣ ਕਰਨ 'ਤੇ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਅਨੁਸਰਨੀ ਵਿਵਹਾਰ ਦੀਆਂ ਤਿੰਨ ਸ਼੍ਰੇਣੀਆਂ ਹਨ: ਆਦਰਸ਼ੀ ਪ੍ਰਭਾਵ, ਰੁਕਾਵਟ ਵਿਰੋਧੀ/ਅਯੋਗਤਾ ਪ੍ਰਭਾਵ ਅਤੇ ਪ੍ਰਗਟੀਕਰਨ ਪ੍ਰਭਾਵ।

• ਕਿਸੇ ਆਦਰਸ਼ ਦੇ ਮੁਲਾਂਕਣ ਦੇ ਨਤੀਜੇ ਸਵਰੂਪ ਗ੍ਰਹਿਣ ਕੀਤੇ ਗਏ ਨਵੇਂ ਵਿਵਹਾਰ ਆਦਰਸ਼ੀ ਵਿਵਹਾਰ ਵਿੱਚ ਸ਼ਾਮਲ ਹੁੰਦੇ ਹਨ।

• ਆਮ ਤੌਰ 'ਤੇ ਬਰਾਬਰ ਵਿਵਹਾਰ ਵਿੱਚ ਰੁੱਝੇ ਕਿਸੇ ਆਦਰਸ਼ ਨੂੰ ਦੰਡਿਤ ਹੁੰਦਾ ਹੋਇਆ ਦੇਖਣ ਦੇ ਪਰਿਣਾਮ ਸਵਰੂਪ ਆਦਰਸ਼ ਦੇ ਪਥ ਭ੍ਰਿਸ਼ਟ ਵਿਵਹਾਰ ਦੇ ਪ੍ਰਤਿਬੰਧ ਨਾਲ ਇਹ ਰੁਕਾਵਟ ਵਿਰੋਧੀ ਪ੍ਰਭਾਵ ਸਬੰਧਿਤ ਹਨ। ਅਯੋਗਤਾ ਪ੍ਰਭਾਵ ਇਸ ਤੋਂ ਉਲਟ ਹੈ। ਇਹ ਉਦੋਂ ਹੁੰਦਾ ਹੈ ਜਦੋਂ ਇੱਕ ਬੱਚਾ ਇਸ ਲਈ ਇਨਾਮ ਪ੍ਰਾਪਤ ਕੀਤੇ ਜਾਣ ਵਾਲੇ ਪਿਛਲੇ ਵਿਵਹਾਰਕ ਵਿਵਹਾਰ ਵਿੱਚ ਲੱਗੇ ਆਦਰਸ਼ ਨੂੰ ਦੇਖਦਾ ਹੈ।

• ਪ੍ਰਗਟੀਕਰਨ ਪ੍ਰਭਾਵ ਕਿਸੇ ਆਦਰਸ਼ ਦੇ ਪ੍ਰਤੀਕਿਰਿਆਤਮਕ ਕਾਰਜ ਨਾਲ ਸਬੰਧਿਤ ਹੈ ਨਾ ਕਿ ਉਸ ਦੀ ਵਿਵਹਾਰਕ ਵਿਸ਼ੇਸ਼ਤਾਵਾਂ 'ਤੇ। ਪ੍ਰਗਟੀਕਰਨ ਪ੍ਰਭਾਵ ਦਾ ਇੱਕ ਉਦਾਹਰਨ ਸਮੂਹ ਦਾ ਵਿਵਹਾਰ ਹੈ। ਕਿਸੇ ਖੇਡ ਦੀ ਘਟਨਾ ਵਿੱਚ, ਭੀੜ ਵਿੱਚ ਇੱਕ ਵਿਅਕਤੀ ਦੂਜਿਆਂ ਦੇ ਵਿਵਹਾਰ ਨੂੰ ਦੇਖ ਕੇ ਤਾਲੀ ਵਜਾ ਰਿਹਾ ਹੈ। ਕਦੇ ਕਦੇ ਭੀੜ ਵਿੱਚ ਬਹੁਤ ਸਾਰੇ ਵਿਅਕਤੀ ਇਹ ਨਹੀਂ ਜਾਣਦੇ ਕਿ ਉਹ ਇਸ ਤਰ੍ਹਾਂ ਦਾ ਵਿਵਹਾਰ ਕਿਉਂ ਪ੍ਰਗਟ ਕਰ ਰਹੇ ਹਨ।

ਇੱਕ ਅਧਿਆਪਕ ਦੇ ਰੂਪ ਵਿੱਚ ਤੁਸੀਂ ਕਲਾਸ ਵਿੱਚ, ਛੋਟੇ ਬੱਚਿਆਂ ਵਿੱਚ ਸਾਕਾਰਾਤਮਕ ਅਤੇ ਸਮਾਜਿਕ ਇਛੁੱਕ ਵਿਵਹਾਰ ਨੂੰ ਵਿਕਸਤ ਕਰਨ ਦੇ ਯੋਗ ਬਣਾਉਣ ਲਈ ਪ੍ਰਗਟੀਕਰਨ ਦਾ ਕਿਸ ਪ੍ਰਕਾਰ ਉਪਯੋਗ ਕਰ ਸਕਦੇ ਹੋ ? ਤੁਸੀਂ ਨਿਮਨਲਿਖਤ ਕਾਰਜ ਕਰ ਸਕਦੇ ਹੋ:

• ਆਪਣੇ ਵਿਦਿਆਰਥੀਆਂ ਰਾਹੀਂ ਪ੍ਰਗਟੀਕਰਨ ਲਈ ਆਦਰਸ਼ ਬਣਨ ਦੀ ਕੋਸ਼ਿਸ਼ ਕਰੋ। ਆਪਣੇ ਵਿਵਹਾਰ ਦੇ ਸਾਕਾਰਾਤਮਕ ਪਹਿਲੂ ਦਾ ਪ੍ਰਦਰਸ਼ਨ ਆਪਣੇ ਵਿਦਿਆਰਥੀਆਂ ਦੇ ਸਾਹਮਣੇ ਕਰੋ। ਇੱਕ ਅਧਿਆਪਕ ਦੇ ਸਾਕਰਾਤਮਕ ਅਭਿਆਸ ਜਿਵੇਂ ਸਵੱਛਤਾ, ਸਮਾਂਬੱਧਤਾ, ਸੱਚਾਈ ਅਤੇ ਸੁੰਦਰਤਾ ਆਦਿ ਸਾਰੇ ਬੱਚਿਆਂ ਨੂੰ ਪ੍ਰਗਟੀਕਰਨ ਸਿਖਾਉਣ ਲਈ ਪ੍ਰਭਾਵਕਾਰੀ ਹਨ। ਕਦੇ ਵੀ ਆਪਣੀ ਕਿਸੇ ਕਮਜ਼ੋਰੀ ਦਾ ਪ੍ਰਦਰਸ਼ਨ ਬੱਚਿਆਂ ਦੇ ਸਾਹਮਣੇ ਨਾ ਕਰੋ।

• ਜਦੋਂ ਤੁਸੀਂ ਇਤਿਹਾਸ, ਸਮਾਜਿਕ ਵਿਗਿਆਨ, ਸਾਹਿਤ ਅਤੇ ਕਹਾਣੀ ਆਦਿ ਬੱਚਿਆਂ ਨੂੰ ਸਿਖਾ ਰਹੇ ਹੋ ਤਾਂ ਹਮੇਸ਼ਾ ਮਹੱਤਵਪੂਰਨ ਚਰਿੱਤਰਾਂ ਦੇ ਸਾਕਾਰਾਤਮਕ ਪਹਿਲੂ ਨੂੰ ਬੱਚਿਆਂ ਰਾਹੀਂ ਪ੍ਰਗਟੀਕਰਨ ਲਈ ਚਿੰਨ੍ਹਿੱਤ ਕਰੋ।

• ਜਦੋਂ ਕੋਈ ਬੱਚਾ ਸਾਕਾਰਾਤਮਕ ਵਿਵਹਾਰ ਨੂੰ ਪ੍ਰਗਟ ਕਰਦਾ ਹੈ ਤਾਂ ਇਸ ਨੂੰ ਪਛਾਨਣ ਦੀ ਕੋਸ਼ਿਸ਼ ਕਰੋ ਅਤੇ ਉਸ ਨੂੰ ਉਤਸ਼ਾਹਿਤ ਕਰੋ ਕਿ ਉਹ ਅਜਿਹਾ ਮੁੜ ਕਰੇ।

**ਈ-3 ਤੁਸੀਂ ਆਪਣੇ ਵਿਦਿਆਰਥੀਆਂ ਨੂੰ ਕਿਸੇ ਆਦਰਸ਼ ਦੇ ਅਣਇਛੁੱਕ/ਪਥਭ੍ਰਿਸ਼ਟ ਵਿਵਹਾਰ ਦੇ ਪ੍ਰਗਟੀਕਰਨ ਤੋਂ ਬਚਾਉਣ ਲਈ ਕਿਵੇਂ ਨਿਰਉਤਸ਼ਾਹਿਤ ਕਰ ਸਕਦੇ ਹੋ ?**

### 1.3.2 ਪ੍ਰੇਖਣ

ਪ੍ਰੇਖਣ ਨਾਲ ਸਿਖਲਾਈ ਮਨੁੱਖੀ ਸਿਖਲਾਈ ਦੀ ਆਮ ਅਤੇ ਕੁਦਰਤੀ ਵਿਧੀ ਹੈ। ਪ੍ਰੇਖਣਾਤਮਕ ਸਿਖਲਾਈ (ਵਿਵਹਾਰਕ, ਸਮਾਜਿਕ ਜਾਂ ਆਦਰਸ਼ਾਮਤਕ ਸਿਖਲਾਈ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ) ਇਸ ਪ੍ਰਕਾਰ ਦੀ ਸਿਖਲਾਈ ਹੈ ਜੋ ਦੂਜਿਆਂ ਰਾਹੀਂ ਕੀਤੇ ਗਏ ਵਿਵਹਾਰ ਨੂੰ ਦੇਖਣ, ਅਪਣਾਉਣ ਅਤੇ ਪਰਖਣ ਨਾਲ ਗ੍ਰਹਿਣ ਕੀਤੀ ਜਾਂਦੀ ਹੈ। ਪ੍ਰੇਖਣਾਤਮਕ ਸਿਖਲਾਈ ਬੱਚਿਆਂ ਲਈ ਇੱਕ ਮਹੱਤਵਪੂਰਨ ਸਿਖਲਾਈ ਵਿਧੀ ਹੈ ਜਦੋਂ ਬੱਚਾ ਮੌਲਿਕ ਗਤੀਵਿਧੀਆਂ ਜਿਵੇਂ ਭਾਸ਼ਾ ਅਤੇ ਸੰਸਕ੍ਰਿਤੀ ਸਿਧਾਂਤਾਂ ਨੂੰ ਗ੍ਰਹਿਣ ਕਰਦਾ ਹੈ, ਪਰ ਇਹ ਪ੍ਰੇਖਣ ਤੋਂ ਅਲੱਗ ਹੁੰਦਾ ਹੈ ਜਿਸ ਵਿੱਚ ਪ੍ਰੇਖਣ ਕਰਤਾ ਆਦਰਸ਼ ਦੇ ਵਿਵਹਾਰ ਦੀ ਨਕਲ ਕਰਦਾ ਹੈ ਅਤੇ ਮੁੜ ਉਸਦਾ ਨਿਰਮਾਣ ਕਰਦਾ ਹੈ। ਇਸ ਲਈ ਪ੍ਰੇਖਣ ਦੇ ਜ਼ਰੀਏ ਸਿਖਲਾਈ ਕਿਸੇ ਆਦਰਸ਼ ਦੇ ਵਿਵਹਾਰ ਦਾ ਸੰਪੂਰਨ ਰੂਪ ਨਾਲ ਮੁੜ ਨਿਰਮਾਣ ਕਰਨਾ ਨਹੀਂ ਹੈ, ਪਰ ਪ੍ਰੇਖਣ ਕੀਤੇ ਗਏ ਵਿਵਹਾਰ ਦੇ ਆਧਾਰ ’ਤੇ ਨਵੇਂ ਵਿਵਹਾਰ ਦਾ ਵਿਕਾਸ ਹੈ।

ਬੰਦੂਰਾ (1977) ਅਨੁਸਾਰ, ਨਿਮਨ ਚਾਰ ਵਿਸ਼ੇਸ਼ ਪ੍ਰਕਿਰਿਆਵਾਂ ਪ੍ਰੇਖਣ ਵਿਵਹਾਰ ਨਾਲ ਜੁੜੀਆਂ ਹੋਈਆਂ ਹਨ:

• **ਧਿਆਨ ਪ੍ਰਕਿਰਿਆ**: ਅਸੀਂ ਆਦਰਸ਼ ਦੇ ਪੂਰੇ ਵਿਵਹਾਰ ਦੀ ਨਕਲ ਨਹੀਂ ਕਰਦੇ, ਬਲਕਿ ਕੇਵਲ ਵਿਵਹਾਰ ਦੇ ਵਿਸ਼ੇਸ਼ ਪਹਿਲੂਆਂ ’ਤੇ ਧਿਆਨ ਕੇਂਦਰਿਤ ਕਰਦੇ ਹਾਂ ਜੋ ਸਿੱਖਣ ਵਿੱਚ ਸਾਨੂੰ ਚੰਗਾ ਲੱਗਦਾ ਹੈ। ਅਸੀਂ ਵਿਵਹਾਰ ਦੇ ਉਨ੍ਹਾਂ ਮਹੱਤਵਪੂਰਨ ਲੱਛਣਾਂ ਦੀ ਤਰਫ਼ ਧਿਆਨ ਦਿੰਦੇ ਹਾਂ ਜੋ ਸਾਨੂੰ ਸਿੱਖਣਾ ਚਾਹੁੰਦੇ ਹਨ। ਉਦਾਹਰਨ ਵਜੋਂ ਇੱਕ ਬੱਚਾ ਚੰਗਾ ਲਿਖਣਾ ਸਿੱਖਣ ਲਈ ਅਧਿਆਪਕ ਨੂੰ ਧਿਆਨਪੂਰਬਕ ਦੇਖਦਾ ਹੈ ਅਤੇ ਬਾਰੀਕੀ ਨਾਲ ਉਸ ਦੀ ਪੈਨਸਿਲ ਫੜਨ ਦੇ ਤਰੀਕੇ ’ਤੇ ਧਿਆਨ ਕੇਂਦਰਿਤ ਕਰਦਾ ਹੈ, ਉਹ ਕਿਵੇਂ ਆਪਣੀਆਂ ਉਂਗਲੀਆਂ ਘੁੰਮਾਉਂਦੀ ਹੈ, ਕਿੱਥੇ ਉਹ ਵੱਡੇ ਅੱਖਰਾਂ ਦਾ ਉਪਯੋਗ ਕਰਦੀ ਹੈ, ਇਸ ਲਈ ਉਸ ਦਾ ਧਿਆਨ ਅਧਿਆਪਕ ਦੇ ਪਹਿਰਾਵੇ ਅਤੇ ਤੁਰਨ ਦੇ ਤਰੀਕੇ ’ਤੇ ਨਹੀਂ ਜਾਂਦਾ।

• **ਧਾਰਨ ਦੀ ਪ੍ਰਕਿਰਿਆ**: ਸੂਚਨਾ ਨੂੰ ਦਿਮਾਗ ਵਿੱਚ ਇਕੱਠਾ ਕਰਨ ਦੀ ਯੋਗਤਾ ਵੀ ਧਾਰਨ ਪ੍ਰਕਿਰਿਆ ਦਾ ਮਹੱਤਵਪੂਰਨ ਭਾਗ ਹੈ। ਧਾਰਨ ਨੂੰ ਕਈ ਪ੍ਰਕਾਰ ਦੇ ਕਾਰਕ ਪ੍ਰਭਾਵਿਤ ਕਰ ਸਕਦੇ ਹਨ। ਇਕੱਤਰ ਸੂਚਨਾਵਾਂ ਨੂੰ ਬਾਅਦ ਵਿੱਚ ਪ੍ਰਯੋਗ ਵਿੱਚ ਲਿਆਉਣਾ ਅਤੇ ਉਸ ’ਤੇ ਅਮਲ ਕਰਨਾ ਪ੍ਰੇਖਣ ਸਿਖਲਾਈ ਦਾ ਮਹੱਤਵਪੂਰਨ ਅੰਗ ਹੈ। ਸਾਨੂੰ ਪ੍ਰੇਖਣ ਕੀਤੀਆਂ ਗਈਆਂ ਵਸਤੂਆਂ ਨੂੰ ਕੁਝ ਚਿੰਨ੍ਹਾਂ ਦੇ ਉਪਯੋਗ ਦੇ ਤਰੀਕੇ ਰਾਹੀਂ, ਸਮਝ ਰਾਹੀਂ ਅਤੇ ਉਸ ਦਾ ਸੰਗਠਨ ਕਰਕੇ,ਯਾਦ ਰੱਖਣ ਦੀ ਲੋੜ ਹੈ। ਅਕਸਰ ਅਸੀਂ ਧਾਰਨਾ ਲਈ ਦੋ ਪ੍ਰਕਿਰਿਆਵਾਂ ਦਾ ਪ੍ਰਯੋਗ ਕਰਦੇ ਹਾਂ: ਪਹਿਲੀ-ਦੇਖੀਆਂ ਗਈਆਂ ਵਸਤੂਆਂ ਨੂੰ ਆਪਣੇ ਦਿਮਾਗ ਵਿੱਚ ਸਟੋਰ ਕਰਨਾ ਅਤੇ ਉਦੋਂ ਮਨ ਹੀ ਮਨ ਉਨ੍ਹਾਂ ਕਿਰਿਆਵਾਂ ਦੀ ਲੜੀ ਬਣਾ ਕੇ ਅਭਿਆਸ ਕਰਨਾ। ਉਦਾਹਰਨ ਵਜੋਂ ਜੇਕਰ ਕੋਈ ਜ਼ਹੀਰ ਖਾਨ ਦੀ ਤਰ੍ਹਾਂ ਬਾਲ ਸੁੱਟਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਸ਼ੁਰੂ ਵਿੱਚ ਉਸ ਨੂੰ ਮਨ ਹੀ ਮਨ ਜ਼ਹੀਰ ਖਾਨ ਦੇ ਬਾਲਿੰਗ ਐਕਸ਼ਨ ਦੀ ਕਲਪਨਾ ਜ਼ਹੀਰ ਖਾਨ ਨੂੰ ਵਿਅਕਤੀਗਤ ਰੂਪ ਵਿੱਚ ਬਾਲ ਸੁੱਟਦੇ ਹੋਏ ਦੇਖ ਕੇ ਜਾਂ ਟੀਵੀ ’ਤੇ ਦੇਖਣ ਤੋਂ ਬਾਅਦ ਕਰਨੀ ਹੋਏਗੀ ਅਤੇ ਉਸ ਦੇ ਐਕਸ਼ਨ ਦੀ ਦ੍ਰਿਸ਼ਾਵਾਲੀ ਆਪਣੇ ਦਿਮਾਗ ਵਿੱਚ ਬਣਾਉਣੀ ਹੋਏਗੀ। ਬੰਦੂਰਾ (1977) ਸੁਝਾਅ ਦਿੰਦੇ ਹਨ ਕਿ ਇੱਕ ਆਦਰਸ਼ ਨੂੰ ਸਿੱਖਣ ਦਾ ਸਭ ਤੋਂ ਵਧੀਆ ਤਰੀਕਾ ਹੈ, ਪ੍ਰੇਖਣ ਕੀਤੇ ਗਏ ਵਿਵਹਾਰ ਨੂੰ ਬੌਧਿਕ ਰੂਪ ਨਾਲ ਸਬੰਧਿਤ ਅਤੇ ਅਭਿਆਸ ਕਰਨਾ ਹੈ ਅਤੇ ਇਸ ਤੋਂ ਬਾਅਦ ਉਸ ’ਤੇ ਕਾਰਜ ਕਰਨਾ।

• **ਮੁੜ ਨਿਰਮਾਣ ਦੀ ਗਤੀ ਪ੍ਰਕਿਰਿਆ**: ਦ੍ਰਿਸ਼ਾਵਲੀ ਦੇ ਅਭਿਆਸ ਰਾਹੀਂ ਪ੍ਰੇਖਣ ਵਿਵਹਾਰ ਦੇ ਧਾਰਨ ਤੋਂ ਬਾਅਦ ਵਿਵਹਾਰ ਸਰੀਰਿਕ ਕਾਰਜ ਦੇ ਰੂਪ ਵਿੱਚ ਬਦਲ ਜਾਂਦਾ ਹੈ। ਇਸ ਲਈ ਦੋ ਚੀਜ਼ਾਂ ਦੀ ਲੋੜ ਹੁੰਦੀ ਹੈ। ਪਹਿਲੀ ਉਸ ਰਾਹੀਂ ਕੀਤੇ ਜਾਣ ਵਾਲੇ ਕਾਰਜ ਲਈ ਬੁਨਿਆਦੀ

ਚੀਜ਼ਾਂ ਦੀ ਲੋੜ ਹੁੰਦੀ ਹੈ। ਜੇਕਰ ਕੋਈ ਸਚਿਨ ਤੇਂਦਲੂਕਰ ਵਾਂਗ ਬੱਲੇਬਾਜ਼ ਬਣਨ ਦੀ ਇੱਛਾ ਰੱਖਦਾ ਹੈ ਤਾਂ ਇੱਕ ਬੱਲੇਬਾਜ਼ ਬਣਨ ਲਈ ਉਸ ਵਿੱਚ ਸਰੀਰਿਕ ਯੋਗਤਾ/ਸਮਰੱਥਾ ਦਾ ਹੋਣਾ ਬੁਨਿਆਦੀ ਲੋੜ ਹੈ। ਜੇਕਰ ਕੋਈ ਸਰੀਰਿਕ ਰੂਪ ਨਾਲ ਕਮਜ਼ੋਰ ਹੈ ਤਾਂ ਇਹ ਸੰਭਵ ਨਹੀਂ ਹੈ ਕਿ ਉਹ ਸਚਿਨ ਤੇਂਦਲੂਕਰ ਦੇ ਬਰਾਬਰ ਬੱਲੇਬਾਜ਼ੀ ਦਾ ਅਭਿਆਸ ਕਰ ਸਕੇ ਕਿਉਂਕਿ ਉਸ ਲਈ ਬੱਲੇ ਨੂੰ ਉਠਾਉਣਾ ਅਤੇ ਸਚਿਨ ਤੇਂਦਲੂਕਰ ਦੀ ਤਰ੍ਹਾਂ ਘੁੰਮਾਉਣਾ ਬਹੁਤ ਮੁਸ਼ਕਿਲ ਕਾਰਜ ਹੋਏਗਾ।

• ਪ੍ਰੇਖਣ ਕੀਤੇ ਗਏ ਵਿਵਹਾਰ ਨੂੰ ਲਾਗੂ ਕਰਨ ਦਾ ਦੂਜਾ ਪਹਿਲੂ ਉਸ ਕਾਰਜ ਦੀ ਲੜੀ ਦਾ ਅਸਲ ਵਿੱਚ ਅਭਿਆਸ ਕਰਨਾ ਹੈ। ਦ੍ਰਿਸ਼ਾਵਲੀ ਦੀ ਕਲਪਨਾ ਅਤੇ ਦਿਮਾਗੀ ਰੂਪ ਨਾਲ ਅਭਿਆਸ ਕਰਨਾ ਵੀ ਪ੍ਰੇਖਣ ਕਰਤਾ ਨੂੰ ਉਸ ਕਾਰਜ ਦੇ ਪ੍ਰਦਰਸ਼ਨ ਨੂੰ ਸੁਭਾਵਿਕ ਬਣਾਉਣ ਵਿੱਚ ਸਹਿਯੋਗੀ ਨਹੀਂ ਹੋਏਗਾ। ਪ੍ਰਭਾਵਸ਼ਾਲੀ ਪ੍ਰਦਰਸ਼ਨ ਲਈ ਲਗਾਤਾਰ ਅਭਿਆਸ ਅਤੇ ਅਭਿਆਸ 'ਤੇ ਲਗਾਤਾਰ ਅਨੁਸਰਨ ਅਤੇ ਹਰੇਕ ਅਭਿਆਸ ਤੋਂ ਬਾਅਦ ਗਲਤੀਆਂ ਵਿੱਚ ਸੁਧਾਰ ਕਰਨਾ ਲਾਜ਼ਮੀ ਹੁੰਦਾ ਹੈ।

• **ਪ੍ਰੇਰਕ ਪ੍ਰਕਿਰਿਆ:** ਤੁਸੀਂ ਕਈ ਵਾਰ ਅਜਿਹੇ ਬੱਚਿਆਂ ਨੂੰ ਵੀ ਦੇਖਿਆ ਹੋਏਗਾ ਜੋ ਦੂਜੇ ਬੱਚਿਆਂ ਨੂੰ ਦੇਖ ਕੇ ਬਹੁਤ ਚੰਗੀ ਤਰ੍ਹਾਂ ਸਿੱਖ ਲੈਂਦੇ ਹਨ ਅਤੇ ਸਿੱਖਣ ਦੇ ਸਾਰੇ ਪਦਾਂ ਨੂੰ ਦੱਸ ਵੀ ਦਿੰਦੇ ਹਨ ਅਤੇ ਇਸ ਕਾਰਜ ਨੂੰ ਚੰਗੀ ਪ੍ਰਕਾਰ ਕਰ ਵੀ ਲੈਂਦੇ ਹਨ। ਪਰ ਜਦੋਂ ਲੋੜ ਹੁੰਦੀ ਹੈ ਜਾਂ ਕਿਸੇ ਹੋਰ ਸਮੇਂ ਉਨ੍ਹਾਂ ਨੂੰ ਉਸ ਕਾਰਜ ਨੂੰ ਕਰਨ ਲਈ ਕਹੋ ਤਾਂ ਉਹ ਨਹੀਂ ਕਰ ਸਕਦੇ ਹਨ। ਅਜਿਹੀਆਂ ਪ੍ਰਸਥਿਤੀਆਂ ਵਿੱਚ ਕੀ ਢੁਕਵੀਂ ਪ੍ਰੇਰਣਾ ਦੀ ਅਣਹੋਂਦ ਹੈ। ਬੱਚੇ ਨੂੰ ਪ੍ਰੇਰਿਤ ਕਰਨ ਦੀ ਲੋੜ ਹੁੰਦੀ ਹੈ ਵਿਸ਼ੇਸ਼ ਰੂਪ ਨਾਲ ਕਿਸੇ ਕਾਰਜ ਨੂੰ ਕਰਨ ਲਈ ਖੁਦ ਪ੍ਰੇਰਣਾ ਦੀ ਲੋੜ ਹੁੰਦੀ ਹੈ।

ਸੰਖੇਪ ਰੂਪ ਵਿੱਚ ਕਹਿ ਸਕਦੇ ਹਾਂ ਕਿ ਪ੍ਰੇਖਣ ਸਿਖਲਾਈ ਕਿਸੇ ਆਦਰਸ਼ਾਤਮਕ ਘਟਨਾ ਨਾਲ ਸ਼ੁਰੂ ਹੁੰਦੀ ਹੈ ਅਤੇ ਪ੍ਰੇਖਣ ਕਰਤਾ ਦੇ ਪ੍ਰਦਰਸ਼ਨ ਨਾਲ ਆਦਰਸ਼ ਦੇ ਪ੍ਰਦਰਸ਼ਨ ਦੀ ਸਮਾਨਤਾ ਤੱਕ ਜਾਣ ਲਈ ਨਿਮਨ ਚਾਰ ਪ੍ਰਕਿਰਿਆਵਾਂ ਤੋਂ ਗੁਜ਼ਰਨਾ ਪੈਂਦਾ ਹੈ:

(1) ਪ੍ਰੇਖਣ ਕਰਤਾ ਨੂੰ ਧਿਆਨ ਦੇਣਾ ਚਾਹੀਦਾ ਹੈ।

(2) ਪ੍ਰੇਖਣ ਕਰਤਾ ਰਾਹੀਂ ਦਿਮਾਗ ਵਿੱਚ ਕੀਤੇ ਗਏ ਅਭਿਆਸ ਅਤੇ ਸਟੋਰ ਕੀਤੇ ਗਏ ਵਿਚਾਰਾਂ ਰਾਹੀਂ ਪ੍ਰੇਖਣ ਕੀਤੇ ਗਏ ਵਿਵਹਾਰ ਦਾ ਪ੍ਰਸਤੂਤੀਕਰਨ ਕਰਨਾ ਚਾਹੀਦਾ ਹੈ।

(3) ਪ੍ਰੇਖਣ ਕਰਤਾ ਨੂੰ ਪ੍ਰੇਖਣ ਕੀਤੇ ਵਿਵਹਾਰ ਦਾ ਸ਼ੁੱਧੀਕਰਨ ਅਤੇ ਮੁੜ ਨਿਰਮਾਣ ਕਰਨਾ ਚਾਹੀਦਾ ਹੈ ਜੇਕਰ ਉਸ ਨੂੰ ਯੋਗਤਾ ਦੀ ਲੋੜ ਹੈ।

(4) ਪ੍ਰੇਖਣ ਕਰਤਾ ਨੂੰ ਪ੍ਰੇਰਕ ਪ੍ਰਸਥਿਤੀਆਂ ਦੇ ਵਿਚਕਾਰ ਸਿੱਖੇ ਗਏ ਵਿਵਹਾਰ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ।

**ਈ–4 ਪ੍ਰੇਖਣਾਤਮਕ ਸਿਖਲਾਈ ਲਈ ਆਪਣੇ ਵਿਦਿਆਰਥੀਆਂ ਦੀ ਸਹਾਇਤਾ ਵਿੱਚ ਅਧਿਆਪਕ ਦੀ ਭੂਮਿਕਾ ਦੀ ਵਿਆਖਿਆ ਕਰੋ।**

**ਈ–5 ਪ੍ਰੇਖਣਾਤਮਕ ਸਿਖਲਾਈ ਵਿੱਚ ਪ੍ਰਦਰਸ਼ਨ ਲਈ ਆਪਣੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਦੇ ਕਿਸੇ ਦੋ ਤਰੀਕਿਆਂ ਦੀ ਵਿਆਖਿਆ ਕਰੋ।**

### 1.3.3 ਯਤਨ ਅਤੇ ਗਲਤੀ

ਆਓ ਦੇਖੀਏ ਕਿ ਇੱਕ ਬੱਚਾ ਸਾਇਕਲ ਚਲਾਉਣਾ ਸਿੱਖ ਰਿਹਾ ਹੈ। ਸਾਇਕਲ ਚਲਾਉਣ ਵਿੱਚ ਸੰਪੂਰਨਤਾ ਦੇ ਇਸ ਉਦੇਸ਼ ਨੂੰ ਇੱਕ ਯਤਨ ਵਿੱਚ ਪ੍ਰਾਪਤ ਕਰਨਾ ਮੁਸ਼ਕਿਲ ਹੈ। ਬੱਚਾ ਇਸ ਕੁਸ਼ਲ ਵਿੱਚ ਨਿਪੁੰਨਤਾ ਲਈ ਅਨੇਕ ਯਤਨ ਕਰਦਾ ਹੈ। ਸ਼ੁਰੂਆਤ ਦੀ ਅਵਸਥਾ ਵਿੱਚ ਉਹ

ਗਲਤੀਆਂ ਕਰਦਾ ਹੈ ਅਤੇ ਹੌਲੀ ਹੌਲੀ ਗਲਤੀਆਂ ਘੱਟ ਹੁੰਦੀਆਂ ਜਾਂਦੀਆਂ ਹਨ। ਬੱਚਾ ਕਿਸੇ ਸੁਨਿਸ਼ਚਤ ਕਾਰਜ ਜਾਂ ਸਮੱਸਿਆ ਵਿੱਚ ਅਨੇਕ ਯਤਨ ਕਰਦਾ ਹੈ ਅਤੇ ਅੰਤ ਵਿੱਚ ਆਪਣੇ ਵੱਲੋਂ ਕੀਤੇ ਗਏ ਯਤਨਾਂ ਦਾ ਇਨਾਮ ਪ੍ਰਾਪਤ ਕਰਦਾ ਹੈ।

ਜਦੋਂ ਕੋਈ ਵਿਅਕਤੀ ਕਿਸੇ ਮੁਸ਼ਕਿਲ ਸਮੱਸਿਆ ਦਾ ਸਾਹਮਣਾ ਕਰਦਾ ਹੈ ਜਿਸ ਵਿੱਚ ਉਸ ਕੋਲ ਕੋਈ ਰੇਡੀਮੇਡ ਹੱਲ ਨਹੀਂ ਹੈ ਤਾਂ ਅਨੇਕ ਪ੍ਰਕਾਰ ਦੇ ਹੱਲਾਂ ਵਿੱਚ ਸਮਾਂ ਖਰਾਬ ਕਰੇਗਾ ਜਦੋਂ ਤੱਕ ਕਿ ਕੋਈ ਸੰਤੁਸ਼ਟੀਜਨਕ ਸਮਾਧਾਨ ਨਹੀਂ ਮਿਲ ਜਾਂਦਾ। ਦੂਜੇ ਸ਼ਬਦਾਂ ਵਿੱਚ ਇਹ ਯਤਨ ਅਤੇ ਗਲਤੀ ਰਾਹੀਂ ਸਮੱਸਿਆ ਦਾ ਹੱਲ ਕਰਨਾ ਹੈ।

ਯਤਨ ਅਤੇ ਗਲਤੀ ਸਿਖਲਾਈ ਦਾ ਸਿਧਾਂਤ ਅਮਰੀਕੀ ਮਨੋਵਿਗਿਆਨੀ ਈ.ਐੱਲ. ਥਾਰਨਡਾਇਕ ਰਾਹੀਂ 1913 ਦੌਰਾਨ ਵਿਭਿੰਨ ਜਾਨਵਰਾਂ, ਵਿਸ਼ੇਸ਼ ਤੌਰ 'ਤੇ ਬਿੱਲੀਆਂ 'ਤੇ ਕੀਤੇ ਗਏ ਅਨੇਕਾਂ ਪ੍ਰਯੋਗਾਂ ਤੋਂ ਬਾਅਦ ਵਿਕਸਤ ਕੀਤਾ ਗਿਆ ਸੀ। ਉਨ੍ਹਾਂ ਦੇ ਬਹੁਤ ਸਾਰੇ ਪ੍ਰਯੋਗਾਂ ਵਿੱਚੋਂ ਇੱਕ ਮੁੱਖ ਪ੍ਰਯੋਗ ਇਸ ਸਿਧਾਂਤ ਨੂੰ ਦਰਸਾਉਣ ਲਈ ਇੱਕ ਭੁੱਖੀ ਬਿੱਲੀ ਨੂੰ ਪਿੰਜਰੇ ਵਿੱਚ ਰੱਖ ਕੇ ਬਾਹਰ ਲਟਕਦੀ ਮੱਛੀ ਨਾਲ ਸਬੰਧਿਤ ਹੈ। ਬਿੱਲੀ ਨੂੰ ਇੱਕ ਬਟਨ ਦਬਾ ਕੇ ਪਿੰਜਰੇ ਤੋਂ ਬਾਹਰ ਆਉਣਾ ਹੈ ਅਤੇ ਮੱਛੀ ਨੂੰ ਹਜ਼ਮ ਕਰਨਾ ਹੈ। ਸ਼ੁਰੂਆਤ ਦੀ ਅਵਸਥਾ ਵਿੱਚ ਬਿੱਲੀ ਨੇ ਬਟਨ ਦਬਾਉਣ ਦੇ ਅਨੇਕਾਂ ਗੈਰ ਜ਼ਰੂਰੀ ਯਤਨ ਕੀਤੇ, ਪਰ ਹੌਲੀ ਹੌਲੀ ਉਸ ਦੇ ਗੈਰ ਜ਼ਰੂਰੀ ਯਤਨ ਘੱਟ ਹੋ ਗਏ ਅਤੇ ਉਸ ਨੇ ਸਿੱਧਾ ਹੀ ਬਟਨ ਦਬਾਇਆ ਅਤੇ ਬਾਹਰ ਆ ਗਈ। ਇਸ ਪ੍ਰਯੋਗ ਨਾਲ ਥਾਰਨਡਾਇਕ ਨੇ ਤਿੰਨ ਨਿਯਮਾਂ ਦਾ ਵਿਕਾਸ ਕੀਤਾ।

• **ਅਭਿਆਸ ਦਾ ਨਿਯਮ**: ਕਿਸੇ ਕਾਰਜ ਨੂੰ ਵਾਰ ਵਾਰ ਕਰਨ ਨਾਲ ਉਹ ਕਾਰਜ ਲੰਬੇ ਸਮੇਂ ਲਈ ਯਾਦ ਹੋ ਜਾਂਦਾ ਹੈ। ਇਸ ਵਿੱਚ ਮੁੱਖ ਦੋ ਨਿਯਮ ਹਨ-ਉਪਯੋਗ ਕਰਨ ਦਾ ਨਿਯਮ ਅਤੇ ਉਪਯੋਗ ਨਾ ਕਰਨ ਦਾ ਨਿਯਮ। ਪਹਿਲਾ ਉਤੇਜਨਾ ਦੇ ਸਬੰਧਾਂ ਦੀ ਸਮਰੱਥਾ ਨਾਲ ਸਬੰਧਿਤ ਹੈ ਅਤੇ ਪ੍ਰਤੀਕਿਰਿਆਵਾਂ ਨੂੰ ਵਾਰ ਵਾਰ ਕਰਨ ਨਾਲ ਸਬੰਧਿਤ ਹੈ ਅਤੇ ਦੂਜਾ ਪਹਿਲੇ ਦੇ ਉਲਟ ਹੈ ਮਤਲਬ ਸਬੰਧ ਕਮਜ਼ੋਰ ਕਰਨ ਨਾਲ ਹੈ।

• **ਪ੍ਰਭਾਵ ਦਾ ਨਿਯਮ**: ਵਿਭਿੰਨ ਪ੍ਰਤੀਕਿਰਿਆਵਾਂ ਵਿੱਚੋਂ ਇਹ ਪ੍ਰਤੀਕਿਰਿਆ ਜਿਸ ਨੂੰ ਕਰਨ ਨਾਲ ਆਨੰਦ ਅਤੇ ਸੁੱਖ ਦੀ ਅਨੁਭੂਤੀ ਹੁੰਦੀ ਹੈ, ਉਹ ਜਲਦੀ ਨਾਲ ਸਿੱਖੀ ਜਾਂਦੀ ਹੈ ਅਤੇ ਉਹ ਪ੍ਰਤੀਕਿਰਿਆ ਜਿਸ ਵਿੱਚ ਦੁੱਖ ਪ੍ਰਾਪਤ ਹੁੰਦਾ ਹੈ, ਉਹ ਜਲਦੀ ਹੀ ਭੁਲਾ ਦਿੱਤੀ ਜਾਂਦੀ ਹੈ। ਦੂਜੇ ਸ਼ਬਦਾਂ ਵਿੱਚ ਜਿਸ ਵਿਵਹਾਰ ਦਾ ਨਤੀਜਾ ਸੁੱਖਦਾਈ ਹੁੰਦਾ ਹੈ, ਉਸ ਵਿਵਹਾਰ ਨੂੰ ਅਪਣਾ ਲਿਆ ਜਾਂਦਾ ਹੈ। ਅਜਿਹੀ ਸਥਿਤੀ ਪੁਰਸਕਾਰ ਜਾਂ ਇਨਾਮ ਦੀ ਭੂਮਿਕਾ ਅਪਣਾਉਂਦੇ ਹੋਏ ਵਿਵਹਾਰ ਨੂੰ ਦ੍ਰਿੜ ਕਰਨ ਵਿੱਚ ਸਾਕਾਰਾਤਮਕ ਹੁੰਦੀ ਹੈ ਜਦੋਂਕਿ ਸਜ਼ਾ ਅਤੇ ਤ੍ਰਿਸਕਾਰ ਅਪਣਾਏ ਹੋਏ ਵਿਵਹਾਰ ਵਿੱਚ ਉਲਟ ਪ੍ਰਭਾਵ ਪੈਂਦਾ ਹੈ।

• **ਤਿਆਰੀ ਦਾ ਨਿਯਮ**: ਪ੍ਰਭਾਵਸ਼ਾਲੀ ਸਿਖਲਾਈ ਤਾਂ ਹੁੰਦੀ ਹੈ ਜਦੋਂ ਵਿਦਿਆਰਥੀ ਸਿਖਲਾਈ ਲਈ ਤਿਆਰ ਹੁੰਦਾ ਹੈ। ਇਸ ਨਿਯਮ ਦੀ ਸਿੱਖਿਆ ਉਪਯੋਗਤਾ ਸਪੱਸ਼ਟ ਹੈ। ਇੱਕ ਬੱਚਾ ਜੋ ਕਿਸੇ ਵਿਸ਼ੇਸ਼ ਪ੍ਰਕਾਰ ਦੀ ਸਿਖਲਾਈ ਲਈ ਤਿਆਰ ਹੈ ਉਹ ਸਿਖਲਾਈ ਅਨੁਭਵਾਂ ਨਾਲ ਜਲਦੀ ਲਾਭ ਉਠਾਏਗਾ ਅਤੇ ਦੂਜਾ ਜੋ ਸਿੱਖਣ ਲਈ ਤਿਆਰ ਨਹੀਂ ਹੈ, ਉਹ ਉਨਾ ਲਾਭ ਨਹੀਂ ਉਠਾ ਸਕੇਗਾ। ਇਸ ਇਕਾਈ ਦੀ ਸ਼ੁਰੂਆਤ ਵਿੱਚ ਅਸੀਂ ਸਿਲਖਾਈ ਦੀ ਤਿਆਰੀ ਦੇ ਮਹੱਤਵ ਦੇ ਬਾਰੇ ਵਿੱਚ ਚਰਚਾ ਕਰ ਚੁੱਕੇ ਹਾਂ ਅਤੇ ਬੱਚਿਆਂ ਦੀ ਤਿਆਰੀ ਦੀ ਸਮਝ ਵਿੱਚ ਅਧਿਆਪਕ ਦੀ ਭੂਮਿਕਾ ਦੀ ਵੀ ਚਰਚਾ ਕਰ ਚੁੱਕੇ ਹਾਂ।

ਥਾਰਨਡਾਇਕ ਦੇ ਇਨ੍ਹਾਂ ਤਿੰਨ ਸਿਖਲਾਈ ਦੇ ਨਿਯਮਾਂ ਨੇ ਕਲਾਸ ਅਧਿਆਪਨ ਵਿੱਚ ਬਹੁਤ ਪ੍ਰਭਾਵ ਪਾਇਆ ਹੈ, ਨਾਲ ਹੀ ਅਨੇਕ ਖੋਜਾਰਥੀਆਂ ਨੇ ਆਪਣੇ ਪ੍ਰਯੋਗਾਂ ਦੇ ਉਪਯੋਗ ਵਿੱਚ ਇਨ੍ਹਾਂ ਨਿਯਮਾਂ ਵਿੱਚ ਅਨੇਕਾਂ ਕਮੀਆਂ ਦੇਖੀਆਂ ਹਨ।

**ਈ-6 ਯਤਨ ਅਤੇ ਗਲਤੀ ਸਿਧਾਂਤ ਨੂੰ ਸਾਹਮਣੇ ਰੱਖਦੇ ਹੋਏ ਇੱਕ ਉਦਾਹਰਨ ਦਿਓ ਜਿਸ ਦਾ ਤੁਸੀਂ ਅਧਿਆਪਕ ਹੋਣ ਦੇ ਨਾਤੇ ਅਨੁਭਵ ਕੀਤਾ ਹੋਵੇ।**

### 1.3.4 ਸਹਿਭਾਗਤਾ

ਸਹਿਭਾਗਤਾ ਨਾਲ ਸਿਖਲਾਈ ਕਰਕੇ ਸਿੱਖਣਾ ਅਰਥਪੂਰਨ ਸਿਖਲਾਈ ਲਈ ਇੱਕ ਪ੍ਰਭਾਵਸ਼ਾਲੀ ਵਿਧੀ ਹੈ। ਖੁਦ ਕੰਮ ਕਰਨ ਨਾਲ ਵਾਸਤਵਿਕ ਜੀਵਨ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੇ ਅਸਲੀ ਅਨੁਭਵ ਪ੍ਰਾਪਤ ਹੁੰਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਹ ਵਿਧੀ ਸਵੈ ਸਿਖਲਾਈ ਅਤੇ ਸਵੈ ਮੁਲਾਂਕਣ ਨੂੰ ਬਲ ਪ੍ਰਦਾਨ ਕਰਦੀ ਹੈ ਜੋ ਸਿਖਲਾਈ ਪ੍ਰਕਿਰਿਆ ਦਾ ਅੰਤਿਮ ਟੀਚਾ ਹੁੰਦਾ ਹੈ। ਪਰ ਕਲਾਸ ਦੀ ਸਥਿਤੀ ਵਿੱਚ ਹਮੇਸ਼ਾ ਵਿਅਕਤੀਗਤ ਰੂਪ ਨਾਲ ਕਾਰਜ ਨਹੀਂ ਕੀਤਾ ਜਾਂਦਾ ਹੈ। ਇਸ ਲਈ ਬੱਚਿਆਂ ਨੂੰ ਛੋਟੇ ਸਮੂਹ ਵਿੱਚ ਮਿਲ ਕੇ ਕਾਰਜ ਕਰਨ ਲਈ ਪ੍ਰੋਤਸਾਹਿਤ ਕਰਨਾ ਹਮੇਸ਼ਾ ਸਿਖਲਾਈ ਲਈ ਲਾਭਦਾਇਕ ਹੁੰਦਾ ਹੈ। ਖੋਜ ਨਤੀਜੇ ਦਰਸਾਉਂਦੇ ਹਨ ਕਿ ਛੋਟੇ ਸਮੂਹਾਂ ਦੀਆਂ ਗਤੀਵਿਧੀਆਂ ਵਿੱਚ ਸਰਗਰਮ ਸਹਿਭਾਗਤਾ ਨਾਲ ਸ਼ਾਮਲ ਬੱਚੇ ਜ਼ਿਆਦਾ ਚੰਗੇ ਨਤੀਜੇ ਦਿੰਦੇ ਹਨ। ਕਲਾਸ ਸਥਿਤੀ ਵਿੱਚ ਸਮੂਹ ਗਤੀਵਿਧੀਆਂ ਦੀਆਂ ਜ਼ਿਆਦਾ ਵਿਵਸਥਾਵਾਂ ਦਾ ਪ੍ਰਾਵਧਾਨ ਕਰਨ ਨਾਲ ਬੱਚਿਆਂ ਤੋਂ ਜ਼ਿਆਦਾ ਸਹਿਭਾਗਤਾ ਦੀ ਉਮੀਦ ਕੀਤੀ ਜਾ ਸਕਦੀ ਹੈ। ਸਿਖਲਾਈ ਨੂੰ ਵਧਾਉਣ ਵਿੱਚ ਸਹਿਭਾਗਤਾ ਦੇ ਕੀ ਲਾਭ ਹਨ ? ਆਓ ਚਰਚਾ ਕਰਦੇ ਹਾਂ:

• ਸੰਦਰਭਾਤਮਕ ਸਥਿਤੀ ਵਿੱਚ ਸਰਗਰਮ ਅਤੇ ਅਰਥਪੂਰਨ ਸਿਖਲਾਈ।

ਇੱਕ ਦੂਜੇ ਵਿਚਕਾਰ ਅਨੁਭਵਾਂ ਨੂੰ ਵੰਡਣਾ।

• ਕਿਸੇ ਕਾਰਜ ਨੂੰ ਸਫਲਤਾ ਪੂਰਬਕ ਪੂਰਾ ਕਰਨ ਲਈ ਸੰਯੁਕਤ ਸਰੋਤ ਪੂਲ ਕਰਨਾ।

ਖੋਜ ਕਾਰਜ, ਤਰਕ ਵਿਤਰਕ ਕਰਨਾ ਅਤੇ ਸਮੱਸਿਆ ਨੂੰ ਹੱਲ ਕਰਨ ਦੇ ਖੋਜਪੂਰਨ ਅਤੇ ਵਿਕਲਪ ਹੱਲ ਕੱਢਣੇ।

• ਸਮਾਜਿਕ ਗੁਣਾਂ ਦਾ ਵਿਕਾਸ ਕਰਨਾ ਜਿਵੇਂ ਸਹਾਇਤਾ ਕਰਨਾ, ਵੰਡਣਾ, ਮਹਿਸੂਸ ਕਰਨਾ ਅਤੇ ਜ਼ਿੰਮੇਵਾਰੀਆਂ ਨੂੰ ਗ੍ਰਹਿਣ ਕਰਨਾ।

• ਵਿਅਕਤੀਗਤ ਗੁਣਾਂ ਦਾ ਵਿਕਾਸ ਜਿਵੇਂ ਆਤਮਵਿਸ਼ਵਾਸ, ਆਤਮਸ਼ਕਤੀ, ਪ੍ਰਸ਼ਨ ਪੁੱਛਣ ਦਾ ਸਾਹਸ।

ਸਮੂਹ ਵਿੱਚ ਸਹਿਭਾਗਤਾ ਕਰਨਾ ਆਦਿ ਇਸ ਪ੍ਰਕਾਰ ਦੇ ਕਾਰਜ ਸਿਖਲਾਈ ’ਤੇ ਸਾਕਾਰਾਤਮਕ ਪ੍ਰਭਾਵ ਪਾਉਂਦੇ ਹਨ। ਇਹ ਦੇਖਿਆ ਗਿਆ ਹੈ ਕਿ ਵਾਸਤਵਿਕ ਸਥਿਤੀ ਵਿੱਚ ਸਾਰੇ ਸਮੂਹ ਕਾਰਜਾਂ ਵਿੱਚ ਸਾਰੇ ਵਿਦਿਆਰਥੀ ਬਰਾਬਰ ਰੂਪ ਨਾਲ ਸਹਿਭਾਗਤਾ ਨਹੀਂ ਕਰ ਸਕਦੇ। ਤੁਸੀਂ ਕਲਾਸ ਵਿੱਚ ਬੱਚਿਆਂ ਦੀ ਸਹਿਭਾਗਤਾ ਨੂੰ ਵਧਾਉਣ ਲਈ ਕੀ ਕਰ ਸਕਦੇ ਹੋ ? ਤੁਸੀਂ ਹੇਠ ਲਿਖੇ ਬਿੰਦੂਆਂ ’ਤੇ ਵਿਚਾਰ ਕਰ ਸਕਦੇ ਹੋ।

• ਆਦਰਸ਼ ਸਹਿਭਾਗਤਾ ਵਧਾਉਣ ਦਾ ਇਹ ਉਦੇਸ਼ ਨਹੀਂ ਕਿ ਹਰੇਕ ਵਿਦਿਆਰਥੀ ਇੱਕ ਜਿਹੀ ਬਰਾਬਰੀ ਨਾਲ ਭਾਗ ਲੈਣ, ਬਲਕਿ ਇੱਕ ਵਾਤਾਵਰਣ ਵਿਕਸਿਤ ਕਰਨਾ ਹੈ ਜਿਸ ਨਾਲ ਸਭ ਨੂੰ ਸਿੱਖਣ ਦਾ ਅਵਸਰ ਪ੍ਰਾਪਤ ਹੋਵੇ ਅਤੇ ਜਿਸ ਨਾਲ ਕਲਾਸ ਮਿਲ ਜੁਲ ਕੇ ਘਟਨਾਵਾਂ ਅਤੇ ਸਮੱਸਿਆਵਾਂ ਨੂੰ ਗਹਿਰਾਈ ਨਾਲ ਅਤੇ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਸਿੱਖੇ।

• ਕਲਾਸ ਵਿੱਚ ਹਮੇਸ਼ਾ ਵਿਭਿੰਨ ਪ੍ਰਕਾਰ ਦੇ ਵਿਦਿਆਰਥੀ ਹੁੰਦੇ ਹਨ। ਜਿਵੇਂ ਕੁਝ ਬੱਚੇ ਅਕਸਰ ਕਲਾਸ ਵਿੱਚ ਬੋਲਦੇ ਨਹੀਂ ਹਨ, ਉਹ ਪ੍ਰਤੀਬਿੰਬਤ ਪ੍ਰਕਾਰ ਦੇ ਬੱਚੇ ਹੁੰਦੇ ਹਨ ਜੋ ਵਿਚਾਰਾਂ ਨੂੰ ਮੁਸ਼ਕਿਲ ਨਾਲ ਪ੍ਰਗਟ ਕਰਦੇ ਹਨ ਅਤੇ ਬੋਲਣ ਤੋਂ ਪਹਿਲਾਂ ਉਨ੍ਹਾਂ ਦੇ ਮਨ

ਵਿੱਚ ਪ੍ਰਸ਼ਨ ਹੁੰਦੇ ਹਨ। ਅਤੇ ਦੂਜੇ ਸ਼ਰਮੀਲੇ ਪ੍ਰਕਾਰ ਦੇ ਬੱਚੇ ਹੁੰਦੇ ਹਨ ਜੋ ਸਮੂਹ ਦੇ ਸਾਹਮਣੇ ਬੋਲਣ ਵਿੱਚ ਅਸਹਿਜ ਮਹਿਸੂਸ ਕਰਦੇ ਹਨ। ਬਹੁਤ ਸਾਰੇ ਬੱਚੇ ਜੋ ਪਹਿਲਾਂ ਸਵੈਸੇਵੀ ਹੁੰਦੇ ਹਨ ਉਹ ਸਰਗਰਮ ਵਿਦਿਆਰਥੀ ਹੁੰਦੇ ਹਨ ਉਹ ਜੋ ਵੀ ਬੋਲਦੇ ਹਨ, ਉਸ 'ਤੇ ਪਹਿਲਾਂ ਗੰਭੀਰਤਾ ਨਾਲ ਸੋਚਦੇ ਹਨ। ਇਸ ਲਈ ਅਜਿਹੀਆਂ ਅਵਸਥਾਵਾਂ ਦੀ ਸਿਰਜਣਾ ਕਰਨਾ ਜ਼ਰੂਰੀ ਹੈ ਜਿਸ ਨਾਲ ਬੱਚੇ ਨੂੰ ਵਿਭਿੰਨ ਸਿਖਲਾਈ ਅਵਸਰਾਂ ਅਤੇ ਵਿਅਕਤੀਤਵ ਵਿੱਚ ਸ਼ਾਮਲ ਹੋਣ ਦੇ ਯੋਗ ਬਣਾਇਆ ਜਾ ਸਕੇ। ਇਸ ਲਈ ਤੁਹਾਨੂੰ ਵਾਧੂ ਕਦਮ ਉਠਾਉਣ ਦੀ ਲੋੜ ਹੋਏਗੀ ਜਿਸ ਨਾਲ ਸ਼ਾਂਤੀ ਪਸੰਦ ਬੱਚੇ ਮਨ ਦੀ ਗੱਲ ਕਹਿਣ ਅਤੇ ਕਈ ਵਾਰ ਜ਼ਿਆਦਾ ਬੋਲਣ ਵਾਲੇ ਬੱਚਿਆਂ ਨੂੰ ਚੁੱਪ ਰਹਿਣ ਲਈ ਕਹਿਣ ਜਿਸ ਨਾਲ ਉਹ ਘੱਟ ਬੋਲਣ ਵਾਲੇ ਬੱਚਿਆਂ ਨੂੰ ਵੀ ਬੋਲਣ ਦਾ ਅਵਸਰ ਪ੍ਰਦਾਨ ਕਰਨ।

• ਵਿਦਿਆਰਥੀਆਂ ਨੂੰ ਸਮੂਹਿਕ ਚਰਚਾ ਲਈ ਸਿਖਲਾਈ ਅਤੇ ਸਹਾਇਤਾ ਦੇਣ ਦੀ ਵੀ ਲੋੜ ਹੈ। ਉਸ ਲਈ ਤੁਹਾਨੂੰ  ਲੋੜ ਹੈ:

– ਜਿਸ ਪ੍ਰਕਾਰ ਬੱਚੇ ਆਪਸ ਵਿੱਚ ਆਦਾਨ ਪ੍ਰਦਾਨ ਕਰਨ ਉਨ੍ਹਾਂ ਲਈ ਆਦਰਸ਼ ਰਸਤਾ ਦਿਖਾਓ।

– ਬੱਚਿਆਂ ਨੂੰ ਆਪਣੇ ਸ਼ਬਦਾਂ ਵਿੱਚ ਗੱਲਬਾਤ ਨੂੰ ਪ੍ਰਭਾਵਿਤ ਕਰਨ ਲਈ ਕੁਝ ਨਿਯਮ ਨਿਰਧਾਰਤ ਕਰਨ।

– ਮਿਲ ਜੁਲ ਕੇ ਕਾਰਜ ਕਰਨ ਵਾਲੀਆਂ ਕਿਰਿਆਵਾਂ ਪ੍ਰਦਾਨ ਕਰੇ ਜਿਸ ਨਾਲ ਸਾਰੇ ਬੱਚੇ ਸਰਗਰਮ ਰੂਪ ਨਾਲ ਭਾਗ ਲੈਣ।

• ਬੱਚਿਆਂ ਦੀ ਸਹਿਭਾਗਤਾ ਨੂੰ ਪ੍ਰੋਤਸਾਹਨ ਦੇਣ ਲਈ ਇਸ ਪ੍ਰਕਾਰ ਦੀਆਂ ਸਮੂਹਿਕ ਕਿਰਿਆਵਾਂ ਮਿਲ ਜੁਲ ਕੇ ਕਰਨਾ ਜ਼ਰੂਰੀ ਹੈ।

– ਪ੍ਰਸ਼ਨ ਪੁੱਛਣਾ

– ਸਾਥੀਆਂ ਤੋਂ ਲਗਾਤਾਰ ਸਰਗਰਮ ਰੂਪ ਨਾਲ ਸਹਾਇਤਾ ਲੈਣਾ

– ਵਿਸਥਾਰਤ ਰੂਪ ਨਾਲ ਸਹਾਇਤਾ ਪ੍ਰਦਾਨ ਕਰਨਾ

– ਇਹ ਜਾਂਚ ਕਰਨੀ ਕਿ ਸਹਾਇਤਾ ਪ੍ਰਾਪਤ ਕਰਨ ਵਾਲੇ ਦੀ ਕੀਤੀ ਗਈ ਸਹਾਇਤਾ ਨੂੰ ਸਮਝ ਰਹੇ ਹਨ।

**ਈ–7 ਇੱਕ ਸਰਗਰਮ ਵਿਦਿਆਰਥੀ ਦੇ ਦੋ ਬੁਨਿਆਦੀ ਗੁਣਾਂ ਦੀ ਵਿਆਖਿਆ ਕਰੋ।**

### 1.3.5 ਖੋਜ/ ਪੁੱਛਗਿੱਛ ਰਾਹੀਂ ਸਿਖਲਾਈ

ਖੋਜ ਸਿਖਲਾਈ ਇੱਕ ਪੁੱਛਗਿੱਛ ਆਧਾਰਿਤ ਸਿਖਲਾਈ ਹੈ। ਜੇਰੋਮ ਬਰੂਨਰ (1960) ਨੂੰ ਖੋਜ ਸਿਲਖਾਈ ਦਾ ਜਨਮ ਦਾਤਾ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਆਪਣੇ ਲਈ ਖੋਜ ਵਿੱਚ ਅਭਿਆਸ ਹੀ ਸੂਚਨਾਵਾਂ ਇਸ ਢੰਗ ਨਾਲ ਪ੍ਰਾਪਤ ਕਰਨਾ ਸਿਖਾਉਂਦਾ ਹੈ ਜਿਸ ਨਾਲ ਸਹੀ ਰੂਪ ਵਿੱਚ ਸਮੱਸਿਆ ਹੱਲ ਵਿੱਚ ਇੱਕਦਮ ਮਦਦ ਮਿਲਦੀ ਹੈ। ਖੋਜ ਸਿਖਲਾਈ ਉਨ੍ਹਾਂ ਸਮੱਸਿਆ ਹੱਲ ਪ੍ਰਸਥਿਤੀਆਂ ਵਿੱਚ ਹੁੰਦਾ ਹੈ ਜਿੱਥੇ ਵਿਦਿਆਰਥੀ ਆਪਣੇ ਹੀ ਅਨੁਭਵਾਂ ਅਤੇ ਪੁਨਰਗਿਆਨ ਨੂੰ ਆਧਾਰ ਬਣਾਉਂਦਾ ਹੈ। ਇਹ ਉਹ ਵਿਧੀ ਹੈ ਜਿਸ ਵਿੱਚ ਵਿਦਿਆਰਥੀ ਆਪਣੇ ਹੀ ਵਾਤਾਵਰਣ ਨਾਲ ਆਦਾਨ ਪ੍ਰਦਾਨ ਕਰਦੇ ਹੋਏ ਅਤੇ ਵਾਤਾਵਰਣ ਦੀਆਂ ਵਸਤੂਆਂ ਦੀ ਟਾਲ ਮਟੋਲ ਕਰਦੇ ਹੋਏ ਅਤੇ ਵੱਖ ਵੱਖ ਪ੍ਰਯੋਗਾਂ ਤੋਂ ਸਿੱਖਦੇ ਹਨ। ਇਸ ਵਿਧੀ ਵਿੱਚ ਵਿਦਿਆਰਥੀ ਸਰਗਰਮ ਰੂਪ ਨਾਲ ਨਿਯਮ, ਸਿਧਾਂਤ ਸੋਚਦੇ ਹਨ ਅਤੇ ਸੂਝਬੂਝ ਦਾ ਪ੍ਰਯੋਗ ਕਰਦੇ ਹੋਏ ਆਪਣੀ ਸੋਚ ਦਾ ਵਿਕਾਸ ਕਰਦੇ ਹੋਏ ਉਪਲੱਬਧ ਅੰਕੜਿਆਂ ਵਿੱਚ ਆਪਸੀ ਸਬੰਧ ਲੱਭਦੇ ਹੋਏ ਸੰਗਠਨ ਦਾ ਆਯੋਜਨ ਕਰਦੇ ਹਨ।

ਇਹ ਵਿਧੀ ਨਿਮਨਲਿਖਤ ਸਿਧਾਂਤਾਂ ’ਤੇ ਆਧਾਰਿਤ ਹੈ:

– ਕਿਰਿਆ ਦਾ ਸਿਧਾਂਤ

– ਤਰਕਪੂਰਨ ਚਿੰਤਨ ਦਾ ਸਿਧਾਂਤ

– ਗਿਆਨ ਤੋਂ ਅਗਿਆਨ ਦੀ ਤਰਫ਼ ਜਾਣ ਦਾ ਸਿਧਾਂਤ

– ਉਦੇਸ਼ਪੂਰਨ ਅਨੁਭਵਾਂ ਦਾ ਸਿਧਾਂਤ

– ਵਿਕਲਪਾਂ ਦੀ ਖੋਜ ਦਾ ਸਿਧਾਂਤ

ਖੋਜਬੀਨ ਸਿਖਲਾਈ ਵਿੱਚ ਅਧਿਆਪਕ ਸਮੱਸਿਆਵਾਂ ਦਾ ਨਿਰਮਾਣ ਕਰਦਾ ਹੈ, ਹੱਲ ਵਿੱਚ ਸਹਾਇਤਾ ਕਰਦਾ ਹੈ ਅਤੇ ਬੱਚਿਆਂ ਲਈ ਇਕੱਠੇ ਹੋ ਕੇ ਮਿਲ ਜੁਲ ਕੇ ਸਮੱਸਿਆ ਹੱਲ ਕਰਨ ਦੀ ਪ੍ਰਕਿਰਿਆ ਨੂੰ ਸੰਭਵ ਬਣਾਉਂਦਾ ਹੈ। ਉਦਾਹਰਨ ਲਈ ਪੂਰੀ ਕਲਾਸ ਵਿੱਚ ਖੋਜਬੀਨ ਪ੍ਰਸਥਿਤੀਆਂ ਵਿੱਚ ਵਿਦਿਆਰਥੀ ਇੱਕ ਵਿਗਿਆਨਕ ਦੀ ਭੂਮਿਕਾ ਨਿਭਾਉਂਦੇ ਹੋਏ ਸਕੂਲੀ ਬਗੀਚੇ ਵਿੱਚ ਫੁੱਲਾਂ ਦੀ ਗੁਣਵੱਤਾ ਅਤੇ ਆਕਾਰ ਵਧਾਉਣ ਦੇ ਵਿਗਿਆਨਕ ਤਰੀਕੇ ਕੱਢਦੇ ਹਨ। ਉਹ ਸਥਾਨਕ ਵਨਸਪਤੀ ਵਿਗਿਆਨਕਾਂ ਕੋਲ ਫੁੱਲਾਂ ਦੇ ਗੁਣਾਂ ਅਤੇ ਖਾਦ ਨੂੰ ਵਧਾਉਣ ਲਈ ਵਿਗਿਆਨਕ ਨਿਯਮ ਸਿੱਖਣ ਲਈ ਜਾਂਦੇ ਹਨ। ਕੁਝ ਵਿਦਿਆਰਥੀ ਵਿਭਿੰਨ ਸਰੋਤਾਂ ਨੂੰ ਵਧਾਉਂਦੇ ਹੋਏ ਫੁੱਲਾਂ ਦੇ ਇਸ਼ਤਿਹਾਰ ਇਕੱਠੇ ਕਰਦੇ ਹਨ। ਉਹ ਕਾਰਬਨਿਕ ਅਤੇ ਅਕਾਰਬਨਿਕ ਖਾਦ ਸਬੰਧੀ ਸੂਚਨਾ ਇਕੱਠੀ ਕਰਦੇ ਹਨ ਅਤੇ ਢੁਕਵੀਂ ਮਾਤਰਾ ਵਿੱਚ ਲੋੜ ਅਨੁਸਾਰ ਖਾਦ ਪ੍ਰਾਪਤ ਕਰਦੇ ਹਨ। ਉਦੋਂ ਉਹ ਕਾਰਬਨਿਕ ਅਤੇ ਅਕਾਰਬਨਿਕ ਖਾਦਾਂ ਦੇ ਵਿਭਿੰਨ ਅਨੁਪਾਤ ਵਿੱਚ ਮਿਲਾਉਣ ਦੇ ਬਾਰੇ ਵਿੱਚ ਸੋਚਦੇ ਹੋਏ ਉਸ ਨੂੰ ਕੁਝ ਫੁੱਲਾਂ ਦੇ ਪੌਦਿਆਂ ਵਿੱਚ ਮਿਲਾਉਂਦੇ ਹਨ ਅਤੇ ਉਨ੍ਹਾਂ ਦੇ ਨਤੀਜੇ ਦੀ ਜਾਂਚ ਕਰਦੇ ਹਨ ਅਤੇ ਇੱਕ ਵਿਸ਼ੇਸ਼ ਸੰਯੋਜਨ ਦੀ ਖਾਦ ਪ੍ਰਾਪਤ ਕਰਦੇ ਹਨ ਅਤੇ ਇਸ ਖਾਦ ਨਾਲ ਵੱਡੇ ਆਕਾਰ ਦੇ ਫੁੱਲਾਂ ਦਾ ਨਿਰਮਾਣ ਕਰਦੇ ਹਨ। ਜਿਸ ਨੂੰ ਉਹ ਫੁੱਲਾਂ ਦੇ ਹੋਰ ਪੌਦਿਆਂ ’ਤੇ ਵੀ ਪ੍ਰਯੋਗ ਕਰਕੇ ਦੇਖਦੇ ਹਨ ਅਤੇ ਸਾਕਾਰਾਤਮਕ ਨਤੀਜੇ ਪ੍ਰਾਪਤ ਕਰਦੇ ਹਨ।

ਇਸ ਉਦਾਹਰਨ ਵਿੱਚ ਖੋਜ ਪੂਰਨ ਸਿਖਲਾਈ ਇੱਕ ਸਮੂਹ ਕੋਸ਼ਿਸ਼ ਸੀ। ਖੋਜ ਪੂਰਨ ਸਿਖਲਾਈ ਵਿਅਕਤੀਗਤ ਵੀ ਹੋ ਸਕਦੀ ਹੈ–

ਤੁਸੀਂ ਖੋਜ ਪੂਰਨ ਸਿਖਲਾਈ ਲਈ ਕਿਵੇਂ ਪ੍ਰੋਤਸਾਹਿਤ ਕਰ ਸਕਦੇ ਹੋ ?

• ਤੁਹਾਨੂੰ ਆਪਣੇ ਬੱਚਿਆਂ ਦੇ ਕਰਤੱਵਾਂ ਦੇ ਬਾਰੇ ਵਿੱਚ ਉਨ੍ਹਾਂ ਨੂੰ ਜਾਣਕਾਰੀ ਨਹੀਂ ਦੇਣੀ ਚਾਹੀਦੀ।

• ਹਮੇਸ਼ਾ ਉਨ੍ਹਾਂ ਦੇ ਸਾਹਮਣੇ ਸਮੱਸਿਆ ਰੱਖੋ ਅਤੇ ਜੇਕਰ ਕਿਧਰੇ ਕੋਈ ਚਰਚਾ ਦਾ ਵਿਸ਼ਾ ਹੈ ਤਾਂ ਸਮੱਸਿਆ ਨੂੰ ਪਛਾਣਨ ਲਈ ਉਨ੍ਹਾਂ ਨੂੰ ਪ੍ਰੋਤਸਾਹਿਤ ਕਰੋ। ਜਦੋਂ ਤੁਸੀਂ ਉਨ੍ਹਾਂ ਨੂੰ ਸਮੱਸਿਆ ਦੱਸ ਦਿੰਦੇ ਹੋ ਅਤੇ ਇਸਨੂੰ ਹੱਲ ਕਰਨ ਦੀ ਵਿਧੀ ਦੱਸ ਦਿੰਦੇ ਹੋ ਤਾਂ ਤੁਸੀਂ ਉਨ੍ਹਾਂ ਨੂੰ ਕਿਸੇ ਸਮੱਸਿਆ ਨੂੰ ਖੁਦ ਖੋਜਣ ਅਤੇ ਉਨ੍ਹਾਂ ਦਾ ਹੱਲ ਕਰਨ ਦੇ ਜੋਸ਼ ਤੋਂ ਵੰਚਿਤ ਕਰ ਰਹੇ ਹੋ। ਅਤੇ ਇੱਕ ਵਿਦਿਆਰਥੀ ਦੇ ਰੂਪ ਵਿੱਚ ਉਸ ਦੀ ਸਮਰੱਥਾ ਨੂੰ ਵਧਾਉਣ ਵਿੱਚ ਰੁਕਾਵਟ ਪਹੁੰਚਾ ਰਹੇ ਹੋ।

• ਤੁਹਾਡੇ ਅਧਿਆਪਨ ਦਾ ਮੁੱਖ ਉਦੇਸ਼ ਬੱਚਿਆਂ ਨੂੰ ਉਨ੍ਹਾਂ ਗਤੀਵਿਧੀਆਂ ਵਿੱਚ ਰੁੱਝਾ ਕੇ ਪੁੱਛਗਿੱਛ ਕਰਨੀ ਹੈ ਜਿਸ ਵਿੱਚ ਪਰਿਭਾਸ਼ਿਤ ਕਰਨ ਲਈ ਪ੍ਰਸ਼ਨ ਪੁੱਛਣਾ, ਪ੍ਰੇਖਣ ਕਰਨਾ, ਵਰਗੀਕਰਨ ਕਰਨਾ, ਸਮਾਨੀਕਰਨ ਕਰਨਾ, ਜਾਂਚ ਕਰਨੀ ਅਤੇ ਲਾਗੂ ਕਰਨਾ ਆਦਿ ਦੀ ਪ੍ਰਕਿਰਿਆ ਦਾ ਵਿਕਾਸ ਹੋਵੇ।

• ਤੁਹਾਡਾ ਪਾਠ ਬੱਚਿਆਂ ਦੀ ਪ੍ਰਤੀਕਿਰਿਆ ਦੇ ਆਧਾਰ 'ਤੇ ਵਿਕਸਤ ਹੋਣਾ ਚਾਹੀਦਾ ਹੈ ਨਾ ਕਿ ਪਹਿਲਾਂ ਤੋਂ ਨਿਰਧਾਰਤ ਇੱਕ ਕਥਿਤ ਤਰਕਪੂਰਨ ਸੰਰਚਨਾ ਹੋਵੇ। ਤੁਹਾਡੀ ਪਾਠ ਯੋਜਨਾ ਦਾ ਪਾਠ ਵਸਤੂ ਬੱਚਿਆਂ ਦੀ ਪ੍ਰਤੀਕਿਰਿਆ 'ਤੇ ਆਧਾਰਿਤ ਹੋਣਾ ਚਾਹੀਦਾ ਹੈ। ਇਸ ਲਈ ਉਨ੍ਹਾਂ ਦੇ ਗਲਤ ਉੱਤਰਾਂ ਵਿੱਚੋਂ, ਝੂਠੇ ਉੱਤਰਾਂ ਵਿੱਚੋਂ ਅਤੇ ਅਣਉਪਯੋਗੀ ਉੱਤਰਾਂ ਤੋਂ ਪ੍ਰੇਸ਼ਾਨ ਨਾ ਹੋਵੋ।

• ਬੱਚਿਆਂ ਨਾਲ ਪਰਸਪਰ ਕਿਰਿਆ ਦਾ ਤੁਹਾਡਾ ਮੁੱਖ ਉਦੇਸ਼ ਪ੍ਰਸ਼ਨ ਪੁੱਛਣਾ ਹੋਣਾ ਚਾਹੀਦਾ ਹੈ। ਪ੍ਰਸ਼ਨ ਦੋਨੋਂ ਪ੍ਰਕਾਰ ਦੇ ਇੱਕ ਸਹੀ ਉੱਤਰ ਜਾਂ ਅਨੇਕ ਸਹੀ ਉੱਤਰਾਂ ਵਾਲੇ ਹੋਣੇ ਚਾਹੀਦੇ ਹਨ।

• ਤੁਹਾਨੂੰ ਬੱਚਿਆਂ ਨੂੰ ਅਨੇਕ ਪ੍ਰਕਾਰ ਦੇ ਉੱਤਰ ਦੇਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਅਤੇ ਉਨ੍ਹਾਂ ਨੂੰ ਕਦੇ ਵੀ ਇੱਕ ਉੱਤਰ ਲਈ ਨਹੀਂ ਅਨੇਕ ਉੱਤਰ ਦੇਣ ਲਈ ਕਹੋ, ਇੱਕ ਕਾਰਨ ਨਹੀਂ, ਅਨੇਕ ਕਾਰਨ ਦੇਣ ਲਈ ਕਹੋ, ਇੱਕ ਅਰਥ ਦੇਣ ਲਈ ਨਹੀਂ ਬਲਕਿ ਅਨੇਕ ਅਰਥ ਦੇਣ ਲਈ ਕਹੋ। ਜਦੋਂ ਤੁਸੀਂ ਬੱਚੇ ਤੋਂ ਕੇਵਲ ਇੱਕ ਉੱਤਰ ਦੀ ਹੀ ਮੰਗ ਕਰੋਗੇ ਤਾਂ ਬੱਚਾ ਸੰਭਾਵਨਾਵਾਂ ਦੀ ਖੋਜ ਕਰਨੀ ਬੰਦ ਕਰ ਦੇਏਗਾ ਅਤੇ ਉਸਦਾ ਦਿਮਾਗ ਅੱਗੇ ਸੋਚਣਾ ਬੰਦ ਕਰ ਦੇਏਗਾ।

• ਤੁਹਾਨੂੰ ਵਿਦਿਆਰਥੀ ਅਧਿਆਪਕ ਪਰਸਪਰ ਕਿਰਿਆ ਦੀ ਥਾਂ ਵਿਦਿਆਰਥੀ-ਵਿਦਿਆਰਥੀ ਪਰਸਪਰ ਕਿਰਿਆ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇੱਕ ਪਰੰਪਰਾਗਤ ਕਲਾਸ ਦੀ ਪਰਸਪਰ ਕਿਰਿਆ ਵਿੱਚ ਬੱਚੇ ਅੰਤ ਵਿੱਚ ਸਹੀ ਉੱਤਰ ਲਈ ਅਧਿਆਪਕ ਦੀ ਤਰਫ਼ ਦੇਖਦੇ ਹਨ। ਜਦੋਂ ਉਨ੍ਹਾਂ ਨੂੰ ਅਧਿਆਪਕ ਦੀ ਤਰਫ਼ ਤੋਂ ਉੱਤਰ ਮਿਲ ਜਾਂਦਾ ਹੈ ਤਾਂ ਉਹ ਅੱਗੇ ਸੰਭਾਵਿਤ ਉੱਤਰਾਂ ਦੀ ਖੋਜ ਬੰਦ ਕਰ ਦਿੰਦੇ ਹਨ, ਇਸ ਨਾਲ ਉਨ੍ਹਾਂ ਦੇ ਦਿਮਾਗ ਦਾ ਵਿਕਾਸ ਰੁਕ ਜਾਂਦਾ ਹੈ।

• ਤੁਹਾਨੂੰ ਪਾਠ ਦੀ ਸਫਲਤਾ ਦਾ ਮਾਪਣ ਆਪਣੇ ਬੱਚਿਆਂ ਦੀ ਖੋਜਬੀਨ ਵਿਧੀ ਨਾਲ ਬਦਲਦੇ ਵਿਵਹਾਰ ਨਾਲ ਕਰਨਾ ਚਾਹੀਦਾ ਹੈ ਜਿਵੇਂ ਉਨ੍ਹਾਂ ਦੇ ਪ੍ਰਸ਼ਨ ਪੁੱਛਣ ਦੀ ਬਾਰੰਬਾਰਤਾ ਨਾਲ ਢੁਕਵੇਂ ਪ੍ਰਸ਼ਨ ਪੁੱਛਣ ਵਿੱਚ ਵਾਧਾ, ਦੂਜੇ ਵਿਦਿਆਰਥੀ ਅਧਿਆਪਕਾਂ ਦੀਆਂ ਪਾਠ ਪੁਸਤਕਾਂ ਦੀਆਂ ਚੁਣੌਤੀਪੂਰਨ ਰਣਨੀਤੀਆਂ, ਉਨ੍ਹਾਂ ਦੀਆਂ ਚੁਣੌਤੀਆਂ ਵਿੱਚ ਸਪੱਸ਼ਟਤਾ, ਆਪਣੀਆਂ ਸਥਿਤੀਆਂ ਨੂੰ ਬਦਲਣ ਅਤੇ ਸੁਧਾਰਨ ਦੀ ਉਪਲੱਬਧ ਅੰਕੜਿਆਂ ਅਨੁਸਾਰ ਇੱਛਾ, ਵਿਭਿੰਨ ਉੱਤਰਾਂ ਨੂੰ ਸਹੀ ਕਰਨ ਵਿੱਚ ਹਿੰਮਤ ਦਾ ਵਾਧਾ ਅਤੇ ਉਨ੍ਹਾਂ ਦਾ ਪ੍ਰੇਖਣ, ਵਰਗੀਕਰਨ ਅਤੇ ਸਮਾਨੀਕਰਨ ਆਦਿ ਵਿੱਚ ਵਧਦੇ ਹੋਏ ਕੌਸ਼ਲ ਅਤੇ ਨਵੀਆਂ ਅਵਸਥਾਵਾਂ ਵਿੱਚ ਸੂਚਨਾ ਅਤੇ ਆਪਣੀ ਯੋਗਤਾ ਅਤੇ ਵਿਚਾਰਾਂ ਨੂੰ ਪ੍ਰਯੋਗ ਕਰਦੇ ਹੋਏ ਨਵੇਂ ਤਰੀਕੇ ਨਾਲ ਸਮਾਨੀਕਰਨ ਕਰਨਾ।

• ਕਦੇ ਵੀ ਪਾਠ ਨੂੰ ਖਤਮ ਵਿਦਿਆਰਥੀਆਂ ਦੇ ਉੱਤਰਾਂ ਨੂੰ ਸੰਖੇਪ ਕਰਦੇ ਹੋਏ ਨਹੀਂ ਕਰਨਾ ਚਾਹੀਦਾ। ਕਿਸੇ ਵੀ ਪ੍ਰਕਾਰ ਦਾ ਸਿੱਟਾ ਅੱਗੇ ਆਉਣ ਵਾਲੇ ਦਿਮਾਗੀ ਵਿਚਾਰ ਲਈ ਘਾਤਕ ਹੋ ਸਕਦਾ ਹੈ। ਇਸ ਲਈ ਪਾਠ ਨੂੰ ਖੁੱਲ੍ਹਾ ਹੀ ਛੱਡ ਦਿਓ। ਤੁਸੀਂ ਅਜਿਹਾ ਵੀ ਕਹਿ ਸਕਦੇ ਹੋ ਕਿ ਅਸੀਂ ਅਜੇ ਇਸ ਪ੍ਰਸਥਿਤੀ ਵਿੱਚ ਪਹੁੰਚੇ ਹਾਂ ਜਿਸ ਦੇ ਅੱਗੇ ਕਈ ਮੋੜ ਹਨ, ਜਿਸ ਨੂੰ ਤੁਸੀਂ ਅਗਲੀ ਕਲਾਸ ਵਿੱਚ ਲੱਭਣ ਦਾ ਯਤਨ ਕਰੋ।

• ਜੇਕਰ ਤੁਸੀਂ ਆਪਣੇ ਵਿਦਿਆਰਥੀਆਂ ਵਿੱਚ ਖੋਜਪੂਰਨ ਸੋਚ ਦਾ ਵਿਕਾਸ ਕਰਨਾ ਚਾਹੁੰਦੇ ਹੋ ਤਾਂ ਇਹ ਸੰਪੂਰਨ ਰੂਪ ਨਾਲ ਤੁਹਾਡੇ 'ਤੇ ਨਿਰਭਰ ਕਰਦਾ ਹੈ। ਜੇਕਰ ਤੁਸੀਂ ਇਸ ਨੂੰ ਅਪਣਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਨੂੰ ਸੰਪੂਰਨ ਰੂਪ ਨਾਲ ਆਪਣੇ ਵਿਵਹਾਰ ਅਤੇ ਵਿਸ਼ਵਾਸ ਰਾਹੀਂ ਦਰਸਾਉਣਾ ਹੋਏਗਾ। ਤੁਹਾਨੂੰ ਖੁਦ ਆਪਣੇ ਵਿਦਿਆਰਥੀ ਨਾਲ ਕਾਰਜ ਕਰਨ ਲਈ ਵਿਦਿਆਰਥੀ ਬਣਨਾ ਹੋਏਗਾ।

**ਈ-8 ਖੋਜ ਸਿੱਖਣ ਦੇ ਸਿਧਾਂਤ ਕੀ ਹਨ ?**

13.1.6 **ਸਮੱਸਿਆ ਦਾ ਹੱਲ ਕਰਨਾ**

ਆਓ ਪ੍ਰਸਥਿਤੀ 'ਤੇ ਵਿਚਾਰ ਕਰੀਏ–

**ਪ੍ਰਸਥਿਤੀ**–5 ਗਣਿਤ ਅਧਿਆਪਕ ਮਿਸ ਗੀਤਾ ਨੇ ਐਲੀਮੈਂਟਰੀ ਕਲਾਸ ਵਿੱਚ ਇੱਕ ਤ੍ਰਿਭੁਜ ਦੀ ਧਾਰਨਾ ਨੂੰ ਪੜ੍ਹਾਇਆ। ਉਸ ਨੇ ਬੱਚਿਆਂ ਤੋਂ ਵਿਭਿੰਨ ਪ੍ਰਕਾਰ ਦੇ ਤ੍ਰਿਭੁਜਾਂ ਦੇ ਬਾਰੇ ਵਿੱਚ ਪੁੱਛਿਆ। ਬੱਚੇ ਇਸ ਪ੍ਰਸ਼ਨ ਦਾ ਉੱਤਰ ਦੇਣ ਦੇ ਯੋਗ ਨਹੀਂ ਸਨ ਅਤੇ ਉਨ੍ਹਾਂ ਦੇ ਸਾਹਮਣੇ ਇੱਕ ਪ੍ਰੇਸ਼ਾਨੀ ਪੈਦਾ ਹੋ ਗਈ। ਉਹ ਇਸ ਕਾਰਜ ਨੂੰ ਘਰ ਲੈ ਗਏ। ਉਨ੍ਹਾਂ ਨੇ ਸਮੱਸਿਆ ਦੇ ਬਾਰੇ ਵਿੱਚ ਸੋਚਿਆ ਅਤੇ ਭੁਜਾਵਾਂ ਅਤੇ ਕੋਣਾਂ ਦਾ ਵਿਚਾਰ ਕਰਦੇ ਹੋਏ ਵਿਭਿੰਨ ਪ੍ਰਕਾਰ ਦੇ ਤ੍ਰਿਭੁਜ ਬਣਾਏ। ਉਨ੍ਹਾਂ ਨੇ ਨਿਮਨ ਪ੍ਰਕਾਰ ਦੀ ਪਰਿਕਲਪਨਾ ਦਾ ਨਿਰਮਾਣ ਕੀਤਾ:

– ਭੁਜਾਵਾਂ ਅਸਮਾਨ ਹਨ,

– ਦੋ ਭੁਜਾਵਾਂ ਸਮਾਨ ਹਨ,

– ਤਿੰਨ ਭੁਜਾਵਾਂ ਸਮਾਨ ਹਨ,

– ਇੱਕ ਕੋਣ 90 ਡਿਗਰੀ ਦਾ ਹੈ ਅਤੇ ਹੋਰ ਕੋਣਾਂ ਦਾ ਯੋਗ 90 ਡਿਗਰੀ ਹੈ,

– ਇੱਕ ਕੋਣ 90 ਡਿਗਰੀ ਤੋਂ ਵੱਡਾ ਅਤੇ ਹੋਰ ਦੋਨੋਂ ਕੋਣਾਂ ਦਾ ਯੋਗ 90 ਡਿਗਰੀ ਤੋਂ ਘੱਟ ਹੈ,

– ਹਰੇਕ ਕੋਣ 60 ਡਿਗਰੀ ਦਾ ਹੈ।

ਹਰੇਕ ਪਰਿਕਲਪਨਾ ਅਨੁਸਾਰ ਬੱਚੇ ਨੇ ਤ੍ਰਿਭੁਜਾਵਾਂ ਨੂੰ ਵਿਭਿੰਨ ਨਾਂ ਦਿੱਤੇ। ਇਸ ਲਈ ਬੱਚੇ ਸਮੱਸਿਆ ਦਾ ਹੱਲ ਕਰਨ ਦੇ ਯੋਗ ਸਨ।

ਉਪਰੋਕਤ ਸਥਿਤੀ ਤੋਂ ਇਹ ਸਿੱਧ ਹੋ ਸਕਦਾ ਹੈ ਕਿ ਸਮੱਸਿਆ ਦੀਆਂ ਚੁਣੌਤੀਆਂ ਬੱਚਿਆਂ ਨੂੰ ਪੂਰਵ ਗਿਆਨ ਦਾ ਉਪਯੋਗ ਕਰਦੇ ਹੋਏ ਹੱਲ ਪ੍ਰਾਪਤ ਕਰਾਉਂਦੀਆਂ ਹਨ। ਸਮੱਸਿਆ ਸਪੱਸ਼ਟ ਸ਼ਬਦਾਂ ਵਿੱਚ ਬੱਚਿਆਂ ਦੇ ਅੱਗੇ ਰੱਖਣੀ ਚਾਹੀਦੀ ਹੈ ਅਤੇ ਬੱਚਿਆਂ ਦੀ ਸਮਝ ਅਤੇ ਉਸ ਦੇ ਅਨੁਭਵਾਂ ਅਨੁਸਾਰ ਹੋਣੀ ਚਾਹੀਦੀ ਹੈ। ਬੱਚੇ, ਅਧਿਆਪਕ ਦੀ ਸਹਾਇਤਾ ਨਾਲ ਸਮੱਸਿਆ ਦਾ ਵਿਸ਼ਲੇਸ਼ਣ ਅਤੇ ਸੰਸ਼ਲੇਸ਼ਣ ਕਰਦੇ ਹਨ ਅਤੇ ਹੱਲ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ।

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸਮੱਸਿਆ ਦੇ ਹੱਲ ਵਿੱਚ ਨਿਮਨਲਿਖਤ ਲੱਛਣ ਸ਼ਾਮਲ ਹੋ ਸਕਦੇ ਹਨ:

- ਉਦੇਸ਼ ਨੂੰ ਪ੍ਰਾਪਤ ਕਰਨਾ।
- ਉਦੇਸ਼ ਪ੍ਰਾਪਤੀ ਦੇ ਮਾਰਗ ਵਿੱਚ ਆਉਣ ਵਾਲੀਆਂ ਮੁਸ਼ਕਲਾਂ।
- ਸਾਹਮਣੇ ਆਈ ਸਮੱਸਿਆ ਨੂੰ ਹੱਲ ਕਰਨ ਦੀ ਯੋਜਨਾ ਬਣਾਉਣਾ ਅਤੇ ਉਦੇਸ਼ਪੂਰਨ ਆਕਰਮਣ ਕਰਨਾ।
- **ਸਮੱਸਿਆ ਦੀ ਪਛਾਣ ਕਰਨਾ ਅਤੇ ਪਰਿਭਾਸ਼ਿਤ ਕਰਨਾ**; ਸਮੱਸਿਆ ਦੀ ਉਤਪਤੀ, ਮਹਿਸੂਸ ਕੀਤੀ ਗਈ ਲੋੜ ਅਤੇ ਮੌਜੂਦਾ ਵਿਦਿਆਰਥੀਆਂ ਦੀਆਂ ਕਿਰਿਆਵਾਂ ਅਤੇ

ਵਾਤਾਵਰਨ ਗਤੀਵਿਧੀਆਂ ਨਾਲ ਹੁੰਦੀ ਹੈ। ਬੱਚੇ ਸਮੱਸਿਆ ਨੂੰ ਪਛਾਣਨ ਦੇ ਯੋਗ ਅਤੇ ਸਪੱਸ਼ਟ ਰੂਪ ਨਾਲ ਪਰਿਭਾਸ਼ਿਤ ਕਰਨ ਦੇ ਯੋਗ ਹੋਣੇ ਚਾਹੀਦੇ ਹਨ।

• **ਸਮੱਸਿਆ ਦਾ ਵਿਸ਼ਲੇਸ਼ਣ ਕਰਨਾ**: ਸਮੱਸਿਆ ਦਾ ਸੰਪੂਰਨ ਰੂਪ ਨਾਲ ਵਿਸ਼ਲੇਸ਼ਣ ਹੋਣਾ ਚਾਹੀਦਾ ਹੈ।

• ਵਿਭਿੰਨ ਧਾਰਨਾਵਾਂ ਦੇ ਵਿਚਕਾਰ ਸਬੰਧਾਂ ਦੀ ਸਪੱਸ਼ਟ ਰੂਪ ਨਾਲ ਵਿਆਖਿਆ ਹੋਣੀ ਚਾਹੀਦੀ ਹੈ।

• **ਪਰਿਕਲਪਨਾ ਦਾ ਨਿਰਮਾਣ ਕਰਨਾ**: ਸਮੱਸਿਆ ਦੀ ਪ੍ਰਕਿਰਤੀ ਅਨੁਸਾਰ ਸੰਭਾਵਿਤ ਹੱਲ ਦਾ ਨਿਰਮਾਣ ਕੀਤਾ ਜਾ ਸਕਦਾ ਹੈ।

• **ਪਰਿਕਲਪਨਾ ਦੀ ਜਾਂਚ ਕਰਨਾ**: ਸਮੱਸਿਆ ਦਾ ਸਮਾਧਾਨ ਕਰਨ ਲਈ ਹਰੇਕ ਪਰਿਕਲਪਨਾ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

• **ਨਤੀਜਿਆਂ ਦੀ ਪੁਸ਼ਟੀ ਕਰਨੀ**: ਪਰਿਕਲਪਨਾ ਦੀ ਵੈਧਤਾ ਦੀ ਜਾਂਚ ਕਰਨ ਲਈ ਕਈ ਵਾਰ ਸਮੱਸਿਆ ਦੇ ਹੱਲ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਬੱਚਿਆਂ ਰਾਹੀਂ ਸਮੱਸਿਆ ਨੂੰ ਪੇਸ਼ ਕਰਕੇ ਸਮੱਸਿਆ ਦਾ ਹੱਲ ਕਰਨ ਵਿੱਚ ਅਧਿਆਪਕ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਅਧਿਆਪਕ ਦੀ ਭੂਮਿਕਾ ਨਿਮਨਲਿਖਤ ਪ੍ਰਕਾਰ ਨਾਲ ਹੈ:

• ਸਮੱਸਿਆ ਦੀ ਸਥਿਤੀ ਦੀ ਸਿਰਜਣਾ ਕਰਨੀ।

• ਕਲਾਸ ਵਿੱਚ ਭੈਅ ਮੁਕਤ ਵਾਤਾਵਰਣ ਦਾ ਨਿਰਮਾਣ ਕਰਨਾ।

• ਸਮੱਸਿਆ ਨੂੰ ਸਮਝਣ, ਪਰਿਭਾਸ਼ਿਤ ਕਰਨ ਅਤੇ ਵਰਣਨ ਕਰਨ ਵਿੱਚ ਬੱਚਿਆਂ ਦੀ ਸਹਾਇਤਾ ਕਰਨਾ।

• ਸਮੱਸਿਆ ਦਾ ਵਿਸ਼ਲੇਸ਼ਣ ਕਰਨ ਵਿੱਚ ਬੱਚਿਆਂ ਦੀ ਸਹਾਇਤਾ ਕਰਨਾ।

• ਪਰਿਕਲਪਨਾ ਦਾ ਨਿਰਮਾਣ ਕਰਨ ਅਤੇ ਉਸ ਦੀ ਜਾਂਚ ਕਰਨ ਵਿੱਚ ਬੱਚਿਆਂ ਨੂੰ ਪ੍ਰੋਤਸਾਹਿਤ ਕਰਨਾ।

• ਬੱਚਿਆਂ ਵਿੱਚ ਜਟਿਲ ਸੋਚ, ਖੁੱਲ੍ਹਾ ਦਿਮਾਗ, ਪੁੱਛਗਿੱਛ ਕਰਨ ਦਾ ਸਾਹਸ ਅਤੇ ਖੋਜ ਦਾ ਵਿਕਾਸ ਕਰਨ ਵਿੱਚ ਉਨ੍ਹਾਂ ਦੀ ਸਹਾਇਤਾ ਕਰਨੀ।

**ਈ–9 ਸਮੱਸਿਆ ਹੱਲ ਕਰਨ ਦੇ ਕਦਮਾਂ ਦਾ ਵਰਣਨ ਕਰੋ।**

______________________________________________

____________________

______________________________________________

____________________

______________________________________________

____________________

1.3.7 **ਸਿਖਲਾਈ ਸਾਰਥਿਕਤਾ ਦੇ ਰੂਪ ਵਿੱਚ**

ਹੇਠ ਲਿਖੀ ਸਥਿਤੀ ਨੂੰ ਪੜ੍ਹੋ:

**ਸਥਿਤੀ–6:** ਅੰਗਰੇਜ਼ੀ ਵਿਸ਼ੇ ਦੀ ਅਧਿਆਪਕਾ ਮਿਸ ਸੁਸ਼ਮਿਤਾ ਛੇਵੀਂ ਜਮਾਤ ਵਿੱਚ ਆਪਣੇ ਬੱਚਿਆਂ ਨੂੰ 'ਬਰਸਾਤ ਦਾ ਮੌਸਮ' ਪ੍ਰਕਰਨ 'ਤੇ ਲੇਖ ਲਿਖਣ ਵਿੱਚ ਸਹਾਇਤਾ ਕਰ ਰਹੀ ਸੀ। ਸ਼ੁਰੂਆਤ ਵਿੱਚ ਉਸਨੇ ਬੱਚਿਆਂ ਦੀ ਪ੍ਰਤੀਕਿਰਿਆ ਜਾਨਣ ਲਈ ਇੱਕ ਸਾਧਾਰਨ ਪ੍ਰਸ਼ਨ ਬੱਚਿਆਂ ਤੋਂ ਪੁੱਛਿਆ, ਤੁਹਾਡੇ ਦਿਮਾਗ ਵਿੱਚ ਕੀ ਵਿਚਾਰ ਆਉਂਦੇ ਹਨ ਜਦੋਂ ਮੈਂ ਤੁਹਾਨੂੰ ਕਹਿੰਦੀ ਹਾਂ ਕਿ 'ਬਰਸਾਤ ਹੋ ਰਹੀ ਹੈ?' ਤਾਂ ਜਮਾਤ ਵਿੱਚ ਹਰੇਕ ਬੱਚਾ ਉੱਤਰ ਦੇਣ ਲਈ ਤਤਪਰ ਸੀ। ਉਨ੍ਹਾਂ ਵਿੱਚੋਂ ਕੁਝ ਉੱਤਰ ਇਸ ਪ੍ਰਕਾਰ ਹਨ:

"ਹਰ ਥਾਂ ਖਰਾਬ ਅਤੇ ਚਿੱਕੜ ਹੋ ਜਾਂਦਾ ਹੈ।"

"ਮੀਂਹ ਹੜ੍ਹ ਅਤੇ ਦੁੱਖ ਲਿਆਉਂਦਾ ਹੈ।"

"ਖੇਤਾਂ ਵਿੱਚ ਹਰ ਤਰਫ਼ ਹਰਿਆਲੀ ਆ ਜਾਂਦੀ ਹੈ।"

"ਜਦੋਂ ਮੀਂਹ ਦੀਆਂ ਕਣੀਆਂ ਸਾਡੀ ਟੀਨ ਦੀ ਛੱਤ 'ਤੇ ਡਿੱਗਦੀਆਂ ਹਨ ਤਾਂ ਇਹ ਮੇਰੇ ਲਈ ਸੰਗੀਤ ਹੈ ਤੇ ਮੈਂ ਇਸ ਨਾਲ ਗੁਣਗੁਣਾਉਣਾ ਸ਼ੁਰੂ ਕਰ ਦਿੰਦਾ ਹਾਂ।"

" ਮੀਂਹ ਵਿੱਚ ਮੱਛਰ, ਮੱਖੀਆਂ ਅਤੇ ਕੀਟ ਪਤੰਗੇ ਅਤੇ ਅਨੇਕ ਬਿਮਾਰੀਆਂ ਚਾਰੋ ਤਰਫ਼ ਫੈਲ ਜਾਂਦੀਆਂ ਹਨ। ਮੈਂ ਤਾਂ ਇਹ ਹੀ ਕਾਮਨਾ ਕਰਦੀ ਹਾਂ ਕਿ ਬਾਰਿਸ਼ ਕਦੇ ਨਾ ਹੋਵੇ।"

"ਪਸੀਨੇ ਵਾਲੇ ਉਸਮ ਭਰੇ ਗਰਮੀ ਦੇ ਮੌਸਮ ਤੋਂ ਬਾਅਦ ਬਾਰਿਸ਼ ਕਿੰਨਾ ਸੁੱਖ ਅਤੇ ਆਰਾਮ ਪਹੁੰਚਾਉਣ ਵਾਲੀ ਹੁੰਦੀ ਹੈ।"

"ਆਪਣੀ ਗਲੀ ਵਿੱਚ ਰੰਗੀਨ ਛਤਰੀਆਂ ਦੇਖਣਾ ਮੈਨੂੰ ਬਹੁਤ ਚੰਗਾ ਲੱਗਦਾ ਹੈ। ਇਹ ਮੇਰੇ ਕੋਲ ਵੀ ਇੱਕ ਹੋਵੇ।"

" ਬਾਰਿਸ਼ ਵਿੱਚ ਵਿਭਿੰਨ ਰੰਗ ਬਿਰੰਗੇ ਫੁੱਲਾਂ ਅਤੇ ਛੋਟੇ ਡੱਡੂਆਂ ਨੂੰ ਦੇਖਣਾ ਅਤੇ ਕਾਗਜ਼ ਦੀਆਂ ਕਿਸ਼ਤੀਆਂ ਬਣਾਉਣਾ, ਇਹ ਸਭ ਮੈਨੂੰ ਬਹੁਤ ਆਨੰਦ ਦਿੰਦਾ ਹੈ।"

"ਸਰਦੀ ਨਾਲ ਵਹਿੰਦਾ ਨੱਕ, ਬੁਖਾਰ, ਸਿਰਦਰਦ ਆਦਿ ਬਿਮਾਰੀਆਂ ਬਾਰਿਸ਼ ਨਾਲ ਆਉਂਦੀਆਂ ਹਨ।"

"ਬੱਦਲਾਂ ਵਾਲੇ ਆਕਾਸ਼ ਵਿੱਚ ਜਦੋਂ ਸੂਰਜ ਦਿਖਾਈ ਨਹੀਂ ਦਿੰਦਾ,ਤਾਂ ਇਹ ਮੈਨੂੰ ਬਹੁਤ ਉਦਾਸ ਕਰਦਾ ਹੈ।"

ਇਹ ਕਦੇ ਵੀ ਨਾ ਖਤਮ ਹੋਣ ਵਾਲੀ ਸੂਚੀ ਹੈ। ਕੀ ਇਨ੍ਹਾਂ ਸਭ ਉੱਤਰਾਂ ਵਿੱਚ ਕੋਈ ਗਲਤ ਜਾਂ ਅਣਉਪਯੋਗੀ ਕਥਨ ਅੰਕਿਤ ਕੀਤਾ ਹੈ? ਬਾਰਿਸ਼ ਦੇ ਬਾਰੇ ਵਿੱਚ ਹਰੇਕ ਬੱਚੇ ਦੀ ਆਪਣੀ ਵਿਅਕਤੀਗਤ ਧਾਰਨਾ ਹੈ। ਜੇਕਰ ਤੁਸੀਂ ਬਾਰਿਸ਼ ਦਾ ਅਰਥ ਕੱਢਣ ਦੀ ਕੋਸ਼ਿਸ਼ ਕਰਦੇ ਹੋ ਤਾਂ ਤੁਸੀਂ ਜ਼ਰੂਰ ਅਸਲਫ ਹੋ ਜਾਓਗੇ। ਤੁਸੀਂ ਕਿਸੇ ਵੀ ਵਸਤੂ ਦਾ ਅਰਥ ਪੁੱਛ ਸਕਦੇ ਹੋ ਅਤੇ ਤੁਹਾਨੂੰ ਉੱਤਰ ਵੀ ਉਂਨੇ ਹੀ ਜ਼ਿਆਦਾ ਪ੍ਰਾਪਤ ਹੋਣਗੇ ਜਿੰਨੇ ਉੱਤਰ ਦੇਣ ਵਾਲੇ ਹੋਣਗੇ, ਪਰ ਸਭ ਦੇ ਉੱਤਰ ਅਲੱਗ ਅਲੱਗ ਹੋਣਗੇ। ਕਿਸੇ ਵਸਤੂ ਜਾਂ ਧਾਰਨਾ ਦੇ ਇੰਨੇ ਵਿਭਿੰਨ ਉੱਤਰ ਹੋਣ ਦੇ ਕੀ ਕਾਰਨ ਹਨ?

ਹਾਂ, ਇਹ ਧਾਰਨਾ ਹੈ ਜੋ ਅਲੱਗ ਅਲੱਗ ਵਿਅਕਤੀਆਂ ਦੀ ਅਲੱਗ ਅਲੱਗ ਹੁੰਦੀ ਹੈ। ਧਾਰਨਾ ਨੂੰ ਕਿਸੇ ਵਿਅਕਤੀ ਦੇ ਕਾਰਜ ਕਰਨ ਦੇ ਢੰਗ ਨਾਲ ਸਮਝਿਆ ਜਾ ਸਕਦਾ ਹੈ ਜਦੋਂ ਬਰਸਾਤ ਹੋ ਰਹੀ ਹੈ ਤਾਂ ਕੁਝ ਵਿਅਕਤੀ ਬਾਰਿਸ਼ ਤੋਂ ਬਚਣ ਲਈ ਛੱਤ ਦੀ ਤਰਫ਼ ਦੌੜਦੇ ਹਨ ਅਤੇ ਕੁਝ ਹੋਰ ਬਾਰਿਸ਼ ਵਿੱਚ ਭਿੱਜ ਕੇ ਜਾਣ ਦਾ ਮਜ਼ਾ ਲੈਂਦੇ ਹਨ। ਜੇਕਰ ਬਾਰਿਸ਼ ਦੇ ਹੋਣ ਵਿੱਚ ਕੋਈ

ਮਤਭੇਦ ਨਹੀਂ ਹੈ, ਪਰ ਉਸ ਦੇ ਕਾਰਜ ਉਸ ਦੀ ਧਾਰਨਾ ਵਿੱਚ ਅੰਤਰ ਨੂੰ ਦਰਸਾ ਰਹੇ ਹਨ ਅਤੇ ਉਸੀ ਅਨੁਰੂਪ ਉਹ ਘਟਨਾ ਦਾ ਅਰਥ ਕੱਢਦੇ ਹਨ। ਇਸ ਲਈ ਵੱਖ ਵੱਖ ਵਿਅਕਤੀ ਇੱਕ ਹੀ ਸਥਿਤੀ ਤੋਂ ਅਲੱਗ ਅਲੱਗ ਗੱਲਾਂ ਨੂੰ ਗ੍ਰਹਿਣ ਕਰਦੇ ਹਨ, ਅਸੀਂ ਕੀ ਗ੍ਰਹਿਣ ਕਰਦੇ ਹਾਂ, ਇਹ ਸਾਡੇ ਪਹਿਲਾਂ ਦੇ ਅਨੁਭਵਾਂ, ਸਾਡੀ ਸੋਚ, ਅਤੇ ਸਾਡੀ ਜ਼ਰੂਰਤ 'ਤੇ ਆਧਾਰਿਤ ਉਦੇਸ਼ਾਂ 'ਤੇ ਨਿਰਭਰ ਕਰਦਾ ਹੈ। ਅਸੀਂ ਉਸ ਸਮੇਂ ਤੱਕ ਆਪਣੀ ਧਾਰਨਾ ਵਿੱਚ ਤਬਦੀਲੀ ਨਹੀਂ ਕਰਦੇ ਜਦੋਂ ਤੱਕ ਅਸੀਂ ਉਨ੍ਹਾਂ 'ਤੇ ਆਧਾਰਿਤ ਕੁਝ ਆਪਣੇ ਅਵਸਰਾਂ ਵਿੱਚ ਨਿਰਾਸ਼ ਨਹੀਂ ਹੋ ਜਾਂਦੇ। ਜੇਕਰ ਸਾਨੂੰ ਕਿਸੇ ਵਸਤੂ ਜਾਂ ਪ੍ਰਕਿਰਿਆ ਦੇ ਬਾਰੇ ਵਿੱਚ ਆਪਣੇ ਵੱਲੋਂ ਬਣਾਈ ਗਈ ਧਾਰਨਾ ਰਾਹੀਂ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਨਹੀਂ ਹੋ ਰਹੀ ਹੈ ਤਾਂ ਅਸੀਂ ਉਨ੍ਹਾਂ ਨੂੰ ਨਹੀਂ ਬਦਲਦੇ ਚਾਹੇ ਕੋਈ ਉਨ੍ਹਾਂ ਨੂੰ ਗਲਤ ਦੱਸਦਾ ਰਹੇ। ਸਿਰਫ਼ ਜਦੋਂ ਸਾਡੇ ਵੱਲੋਂ ਬਣਾਈ ਗਈ ਧਾਰਨਾ, ਨਵੀਆਂ ਵਸਤੂਆਂ ਨੂੰ ਸਮਝਣ ਜਾਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਾਡੀ ਸਹਾਇਤਾ ਨਹੀਂ ਕਰਦੀ, ਤਾਂ ਅਸੀਂ ਵਿਕਲਪਿਕ ਅਰਥ ਦੀ ਖੋਜ ਕਰਦੇ ਹਾਂ ਜੋ ਸਾਡੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਦਾ ਕਾਰਜ ਕਰਦੇ ਹਨ। ਸਿੱਖਣ ਦੀ ਯੋਗਤਾ, ਅਢੁਕਵੀਂ ਧਾਰਨਾ ਨੂੰ ਬਦਲਣ ਜਾਂ ਅਸਵੀਕਾਰ ਕਰਨ ਦੀ ਯੋਗਤਾ 'ਤੇ ਅਤੇ ਹੋਰ ਨਵੇਂ ਅਤੇ ਜ਼ਿਆਦਾ ਕਾਰਜ ਪੂਰਨ ਅਰਥਾਂ ਨੂੰ ਰੱਖਦੇ ਵਿਕਾਸ ਨਾਲ ਸਬੰਧਿਤ ਹਨ। ਸੰਖੇਪ ਵਿੱਚ ਸਿਖਲਾਈ ਦਾ ਅਰਥ ਹੈਃ ਪੁਰਾਣੇ ਖਿਆਲਾਂ ਨੂੰ ਵਿਵਹਾਰਕ ਵਿਕਲਪਿਕ ਅਰਥਾਂ ਦੇ ਪੱਖ ਵਿੱਚ ਤਬਦੀਲ ਕਰਨਾ। ਜਦੋਂ ਸਿਖਲਾਈ ਸਾਰਥਿਕ ਹੁੰਦੀ ਹੈ ਤਾਂ ਵਿਦਿਆਰਥੀ ਅਰਥ ਨਿਰਮਾਤਾ ਹਨ, ਇਸ ਸੰਦਰਭ ਵਿੱਚ ਸਿਖਲਾਈ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਨਾਲ ਸਟੂਡਿਓ 'ਤੇ ਨਿਰਭਰ ਹੈ।

ਪਰੰਪਰਾਗਤ ਅਧਿਆਪਕ ਕੇਂਦਰਿਤ ਪਾਠਕ੍ਰਮ ਆਧਾਰਿਤ ਅਧਿਆਪਨ ਵਿੱਚ ਜਮਾਤ ਦੇ ਸਾਰੇ ਬੱਚਿਆਂ ਨੂੰ ਇੱਕ ਸਮਾਨ ਯੋਗਤਾ ਪੱਧਰ ਵਾਲਾ ਮੰਨਦੇ ਹਨ ਅਤੇ ਵਸਤੂਆਂ ਅਤੇ ਘਟਨਾਵਾਂ ਦਾ ਇੱਕ ਜਿਹਾ ਅਰਥ ਕੱਢਦੇ ਹਨ। ਇਸ ਲਈ ਇਸ ਵਿਸ਼ਵਾਸ ਦੇ ਚਲਦੇ ਕਿ ਸਾਰੀ ਜਮਾਤ ਵਿੱਚ ਸਿਖਲਾਈ ਇੱਕ ਹੀ ਤਰੀਕੇ ਨਾਲ ਸੰਭਵ ਹੈ। ਇਹ ਸਹੀ ਨਹੀਂ ਹੈ ਜਦੋਂ ਸਾਡਾ ਮੰਨਣਾ ਹੈ ਕਿ ਸਿਖਲਾਈ ਅਰਥ ਨਿਰਮਾਣ ਕਰਨ ਵਾਲੀ ਹੈ। ਅਰਥ ਨਿਰਮਾਣ ਦਾ ਉਸ ਦੀ ਅਧਿਆਪਨ ਪ੍ਰਕਿਰਿਆ ਵਿੱਚ ਸਮਾਪਨ ਨਹੀਂ ਹੁੰਦਾ ਹੈ। ਉਹ ਨਿਰੰਤਰ ਆਪਣੇ ਵਾਤਾਵਰਣ ਦੇ ਆਦਾਨ ਪ੍ਰਦਾਨ ਕਰਦੇ ਹੋਏ ਨਵੇਂ ਅਰਥ ਕੱਢਦਾ ਰਹਿੰਦਾ ਹੈ।

ਅਧਿਆਪ ਦੇ ਰੂਪ ਵਿੱਚ ਸਿਖਲਾਈ ਨੂੰ ਪ੍ਰੋਤਸਾਹਨ ਪ੍ਰਦਾਨ ਕਰਨ ਲਈ ਤੁਹਾਡੀ ਭੂਮਿਕਾ ਨਿਮਨ ਪ੍ਰਕਾਰ ਹੈ;

• ਜਮਾਤ ਵਿੱਚ ਕਿਸੇ ਸਿਖਲਾਈ ਗਤੀਵਿਧੀ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਆਪਣੇ ਹਰੇਕ ਬੱਚੇ ਦੀ ਗਤੀਵਿਧੀ ਨਾਲ ਸਬੰਧਿਤ ਪਹਿਲੇ ਗਿਆਨ ਦੀ ਜਾਣਕਾਰੀ ਹੋਣੀ ਚਾਹੀਦੀ ਹੈ।

• ਪਹਿਲੇ ਗਿਆਨ ਤੋਂ ਇਲਾਵਾ ਉਨ੍ਹਾਂ ਦੀ ਰੁਚੀ ਅਤੇ ਪ੍ਰਵਿਰਤੀ ਦੀ ਵਿਸਥਾਰਤ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਇਸ ਦੇ ਨਾਲ ਨਾਲ ਬੱਚੇ ਦੇ ਵਿਅਕਤੀਤਵ ਦੀਆਂ ਵਿਸ਼ੇਸ਼ਤਾਵਾਂ ਦੀ ਜਾਣਕਾਰੀ ਵੀ ਹੋਣੀ ਚਾਹੀਦੀ ਹੈ ਜਿਸ ਨਾਲ ਉਸ ਦੀ ਧਾਰਨਾ ਦਾ ਪਤਾ ਲੱਗੇ।

• ਤੁਹਾਨੂੰ ਸਕੂਲ ਅਤੇ ਜਮਾਤ ਵਿੱਚ ਸੁਖਾਵੇਂ ਮਾਹੌਲ ਦੀ ਸਿਰਜਣਾ ਕਰਨ ਦੀ ਲੋੜ ਹੈ ਜਿਸ ਵਿੱਚ ਬੱਚਾ ਚਰਚਾ ਕੀਤੇ ਜਾਣ ਵਾਲੇ ਬਿੰਦੂਆਂ 'ਤੇ ਆਪਣੇ ਵਿਚਾਰ ਸੁਤੰਤਰ ਰੂਪ ਨਾਲ ਰੱਖੇਗਾ।

• ਤੁਹਾਡੇ ਹਰੇਕ ਬੱਚੇ ਦੀ ਕਿਸੇ ਬਿੰਦੂ 'ਤੇ ਧਾਰਨਾ ਨੂੰ ਬਲੈਕਬੋਰਡ 'ਤੇ ਦਰਜ ਕਰਨਾ ਚਾਹੀਦਾ ਹੈ ਤਾਂ ਕਿ ਸਾਰੇ ਬੱਚੇ ਸਾਰੇ ਕਥਨਾਂ ਨੂੰ ਦੇਖਣ।

• ਤੁਹਾਨੂੰ ਹਰੇਕ ਬੱਚੇ ਨੂੰ ਆਪਣੇ ਵਿਚਾਰਾਂ ਦੀ ਵਿਆਖਿਆ ਕਰਨ ਦੇ ਮੌਕੇ ਦੀ ਸਿਰਜਣਾ ਕਰਨ ਦੀ ਲੋੜ ਹੈ ਤਾਂ ਕਿ ਹਰੇਕ ਬੱਚਾ ਪ੍ਰਕਿਰਿਆ ਵਿੱਚ ਦੂਜੇ ਦੀ ਧਾਰਨਾ ਨੂੰ ਸਮਝ ਸਕੇ ਅਤੇ

ਉਸ ਬਿੰਦੂ 'ਤੇ ਉਸ ਨੂੰ ਆਪਣੀ ਸਥਿਤੀ ਦਾ ਮੁਲਾਂਕਣ ਕਰਨ ਦਾ ਮੌਕਾ ਮਿਲੇ ਅਤੇ ਉਸ ਰਾਹੀਂ ਬਣਾਏ ਗਏ ਅਰਥ ਨੂੰ ਬਦਲਣਾ ਜਾਂ ਰੁਪਾਂਤਰਿਤ ਕਰਨਾ ਚਾਹਵੇ ਤਾਂ ਕਰ ਸਕੇ।

**ਈ-10 ਅਰਥਪੂਰਨ ਧਾਰਨਾ ਦੇ ਮਹੱਤਵ ਦਾ ਵਰਣਨ ਕਰੋ।**

## 1.4 ਅਧਿਆਪਨ ਦੀ ਪ੍ਰਕਿਰਿਆ

ਆਪਾਂ ਸਾਰੇ ਆਪਣੇ ਸਕੂਲ ਦੇ ਦਿਨਾਂ ਦੇ ਵਿਭਿੰਨ ਰੂਪਾਂ ਵਿੱਚ ਸਿੱਖਿਆ ਅਨੁਭਵ ਰੱਖਦੇ ਹਾਂ, ਪਰ ਜੇਕਰ ਕੋਈ ਪੁੱਛਦਾ ਹੈ ਕਿ 'ਅਧਿਆਪਨ ਕੀ ਹੈ?' ਤਾਂ ਜ਼ਿਆਦਾ ਸਮਾਨ ਅਤੇ ਆਮ ਉੱਤਰ ਹੋਏਗਾ। 'ਕਲਾਸ ਵਿੱਚ ਸਿਖਾਉਣ ਲਈ ਅਧਿਆਪਕ ਜੋ ਕੁਝ ਕਰਦਾ ਹੈ ਉਹ ਅਧਿਆਪਨ ਕਹਾਉਂਦਾ ਹੈ।' ਜਿੰਨੇ ਪ੍ਰਕਾਰ ਦੇ ਅਧਿਆਪਕ ਹੁੰਦੇ ਹੈ, ਉੱਨੇ ਹੀ ਪ੍ਰਕਾਰ ਦਾ ਅਧਿਆਪਨ ਹੁੰਦਾ ਹੈ। ਪਰੰਪਰਾਗਤ ਰੂਪ ਨਾਲ ਸਾਡੀ ਕਲਾਸ ਦੇ ਅਭਿਆਸ ਅਧਿਆਪਕ ਪ੍ਰਧਾਨਤਾ ਵਾਲੇ ਹੁੰਦੇ ਹਨ ਅਰਥਾਤ ਅਧਿਆਪਕ ਕੇਂਦਰਿਤ ਹੁੰਦੇ ਹਨ। ਕਲਾਸ ਵਿੱਚ ਜੋ ਵੀ ਕਿਰਿਆ ਹੁੰਦੀ ਹੈ ਉਹ ਅਧਿਆਪਕ ਰਾਹੀਂ ਨਿਰਧਾਰਤ, ਪ੍ਰਬੰਧਿਤ ਅਤੇ ਮੁਲਾਂਕਿਤ ਹੁੰਦੀ ਹੈ। ਕਲਾਸ ਵਿੱਚ ਪ੍ਰਬੰਧਿਤ ਅਧਿਆਪਨ ਸਿੱਖਲਾਈ ਪ੍ਰਕਿਰਿਆ ਵਿੱਚ ਵਿਦਿਆਰਥੀਆਂ ਦੇ ਕਹਿਣ ਲਈ ਕੁਝ ਨਹੀਂ ਹੁੰਦਾ। ਵਿਦਿਆਰਥੀਆਂ ਨੂੰ ਕੀ ਕਰਨਾ ਹੈ, ਅਧਿਆਪਕ ਉਸ ਨੂੰ ਸੂਚਿਤ ਅਤੇ ਨਿਰਦੇਸ਼ਿਤ ਕਰਦਾ ਹੈ। ਅਧਿਆਪਨ ਦਾ ਅਰਥ ਸੂਚਨਾਵਾਂ, ਤੱਥਾਂ ਅਤੇ ਵਿਸ਼ਾ ਵਸਤੂ ਵਿੱਚ ਨਿਰਧਾਰਤ ਧਾਰਨਾਵਾਂ ਨੂੰ ਪ੍ਰਸਾਰਿਤ ਕਰਨਾ ਹੈ। ਜੇਕਰ ਅਧਿਆਪਕ ਕੇਂਦਰਿਤ ਕਲਾਸ ਅਭਿਆਸ ਨੂੰ ਵਿਦਿਆਰਥੀ ਕੇਂਦਰਿਤ ਅਭਿਆਸ ਵਿੱਚ ਬਦਲ ਦਈਏ ਤਾਂ ਵਿਦਿਆਰਥੀ ਅਤੇ ਸਿਖਲਾਈ ਜ਼ਿਆਦਾ ਕੇਂਦਰਿਤ ਹੋ ਜਾਂਦੇ ਹਨ, ਜਿੱਥੇ ਅਧਿਆਪਕ ਦੀ ਭੂਮਿਕਾ ਅਤੇ ਅਧਿਆਪਨ ਦਾ ਅਭਿਆਸ ਰੁਪਾਂਤਰਿਤ ਹੋ ਚੁੱਕੇ ਹੁੰਦੇ ਹਨ। ਸਿਖਲਾਈ ਦਾ ਇੱਕ ਰਸਤਾ ਨਹੀਂ ਹੈ ਅਤੇ ਇਸ ਲਈ ਸਿਖਲਾਈ ਨੂੰ ਇਛੁੱਕ ਤਰੀਕੇ ਨਾਲ ਠੀਕ ਬੈਠਣ ਵਾਲੇ ਵਿਭਿੰਨ ਅਧਿਆਪਨ ਆਦਰਸ਼ ਹਨ।

ਇਸ ਭਾਗ ਵਿੱਚ ਅਧਿਆਪਨ ਦੀਆਂ ਤਿੰਨ ਪਹੁੰਚਾ ਹਨ ਜੋ ਆਧੁਨਿਕ ਕਲਾਸ ਅਭਿਆਸ ਲਈ ਮਹੱਤਵਪੂਰਨ ਹਨ ਅਤੇ ਜਿਨ੍ਹਾਂ ਦੀ ਚਰਚਾ ਕੀਤੀ ਜਾਣੀ ਹੈ:-

### 1.4.1 ਵਿਵਹਾਰਿਕ ਰੁਪਾਂਤਰਣ ਲਈ ਅਧਿਆਪਨ

ਅਸੀਂ ਸਿੱਖ ਚੁੱਕੇ ਹਾਂ ਕਿ ਸਿਖਲਾਈ ਸੰਪੂਰਨ ਰੂਪ ਨਾਲ ਵਿਵਹਾਰ ਵਿੱਚ ਸਥਾਈ ਪਰਿਵਰਤਨ ਹੈ। ਵਿਵਹਾਰ ਦਾ ਮਤਲਬ ਵਿਭਿੰਨ ਵਿਅਕਤੀਆਂ ਲਈ ਭਿੰਨ ਹੈ। ਕੁਝ ਲੋਕਾਂ ਦਾ ਵਿਸ਼ਵਾਸ ਹੈ ਕਿ ਵਿਵਹਾਰ, ਉਨ੍ਹਾਂ ਸਾਰੀਆਂ ਵਿਅਕਤੀਤਵ ਵਿਸ਼ੇਸ਼ਤਾਵਾਂ ਜੋ ਵਿਅਕਤੀ ਵਿੱਚ ਹੋਣੀਆਂ ਚਾਹੀਦੀਆਂ ਹਨ, ਦਾ ਯੋਗ ਹੁੰਦਾ ਹੈ। ਉੱਥੇ ਦੂਜੇ ਲੋਕਾਂ ਦਾ ਵਿਸ਼ਵਾਸ ਹੈ ਕਿ ਵਿਵਹਾਰ ਇੱਕ ਪ੍ਰੇਖਣ ਦੀ ਕਿਰਿਆ ਹੈ ਜਿਸ ਦਾ ਵਿਅਕਤੀ ਪ੍ਰਦਰਸ਼ਨ ਕਰਦਾ ਹੈ। ਅਧਿਆਪਨ ਲਈ ਵਿਵਹਾਰਕ ਰੁਪਾਂਤਰਣ ਸਿਖਲਾਈ ਦੂਜੇ ਵਿਸ਼ਵਾਸ 'ਤੇ ਆਧਾਰਿਤ ਹੈ। ਜਦੋਂ ਅਸੀਂ ਇੱਕ ਬੱਚੇ ਦੇ ਪ੍ਰੇਖਣ ਭਰਪੂਰ ਵਿਵਹਾਰ ਨੂੰ ਰੁਪਾਂਤਰਿਤ ਕਰਦੇ ਹਾਂ ਜਾਂ ਬਦਲਦੇ ਹਾਂ , ਤਾਂ ਅਸੀਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ ਬੱਚੇ ਦੀ ਸਿੱਖਣ ਵਿੱਚ ਮਦਦ ਕਰਦੇ ਹਾਂ।

ਪ੍ਰੇਖਣ ਕੀਤਾ ਗਿਆ ਵਿਵਹਾਰ ਮੁੱਖ ਰੂਪ ਨਾਲ ਦੋ ਪ੍ਰਕਾਰ ਦਾ ਹੁੰਦਾ ਹੈ। ਪ੍ਰਾਪਤ ਕੀਤਾ ਗਿਆ ਵਿਵਹਾਰ ਅਤੇ ਕੱਢਿਆ ਗਿਆ ਵਿਵਹਾਰ। ਜਦੋਂ ਅਸੀਂ ਬੱਚੇ ਨੂੰ ਇੱਕ ਸਮਾਜਿਕ ਨਿਯਮ ਅਤੇ ਆਦਰਸ਼ ਦੇ ਅਨੁਸਾਰ ਕਿਸੇ ਅਲੱਗ ਢੰਗ ਨਾਲ ਵਿਵਹਾਰ ਕਰਾਉਣਾ ਚਾਹੁੰਦੇ ਹਾਂ ਤਾਂ ਅਸੀਂ ਉਸ ਨੂੰ ਉਸੀ ਤਰ੍ਹਾਂ ਸਿਖਾਉਂਦੇ ਹੋਏ ਇਛੁੱਕ ਵਿਵਹਾਰ ਪਰਿਵਰਤਨ ਦੀ ਇੱਛਾ ਕਰਦੇ ਹਾਂ। ਉਦਾਹਰਨ; ਜਦੋਂ ਅਸੀਂ ਬੱਚੇ ਨੂੰ ਚੌਕਲੇਟ ਦਿੰਦੇ ਹਾਂ ਕਹਿੰਦੇ ਹਾਂ ਭੱਜੋ, ਤਾਂ ਅਸੀਂ ਬੱਚੇ ਤੋਂ ਭੱਜਣ ਦੀ ਕਿਰਿਆ ਕਰਨ ਦੀ ਉਮੀਦ ਕਰਦੇ ਹਾਂ ਅਤੇ ਚਾਹੁੰਦੇ ਹਾਂ ਕਿ ਉਹ ਭੱਜੇ (ਕਦੇ ਕੁਝ ਮੌਕਿਆਂ 'ਤੇ ਤੁਸੀਂ ਦੇਖਿਆ ਹੈ ਕਿ ਵਿਅਕਤੀ ਬਿਨਾਂ ਕਿਸੇ ਬਾਹਰੀ ਪੁਰਸਕਾਰ ਦੇ ਕੋਈ ਵਿਸ਼ੇਸ਼ ਵਿਵਹਾਰਕ ਕ੍ਰਿਰਿਆ ਕਰਦਾ ਹੈ ਜੋ ਕਿ ਤੁਸੀਂ ਪਹਿਲਾਂ ਕਦੇ ਨਹੀਂ ਦੇਖੀ ਹੈ।

ਅਜਿਹੇ ਵਿਵਹਾਰ ਨੂੰ ਅਸੀਂ ਸੁਭਾਵਿਕ ਤੌਰ ’ਤੇ ਸਿੱਖਣਾ ਕਹਿੰਦੇ ਹਾਂ। ਇੱਕ ਛੋਟਾ ਬੱਚਾ ਇੱਕ ਅਣਜਾਣੀ ਮਿੱਠੀ ਧੁਨ ਨੂੰ ਗੁਣਗੁਣਾ ਰਿਹਾ ਹੈ, ਇੱਕ ਵਿਦਿਆਰਥੀ ਇੱਕ ਕਠਿਨ ਪ੍ਰਸ਼ਨ ਨੂੰ ਇੱਕ ਅਸੁਭਾਵਿਕ ਵਿਧੀ ਨਾਲ ਹੱਲ ਕਰਦਾ ਹੈ, ਅਤੇ ਇੱਕ ਲੜਕੀ ਡਾਂਸ ਦਾ ਇੱਕ ਅਜਿਹਾ ਦ੍ਰਿਸ਼ ਦਿਖਾਉਂਦੀ ਹੈ ਜੋ ਉਸ ਨੇ ਡਾਂਸ ਦੀ ਕਲਾਸ ਵਿੱਚ ਨਹੀਂ ਸਿੱਖਿਆ ਸੀ। ਜੇਕਰ ਇਹ ਕੁਝ ਉਦਾਹਰਨਾਂ ਸੁਭਾਵਿਕ ਵਿਵਹਾਰ ਜਾਂ ਕੱਢੇ ਗਏ ਵਿਵਹਾਰ ਦੀਆਂ ਹਨ।)

ਜਦੋਂ ਇੱਕ ਬੱਚਾ ਨਿਮਨ ਦੋ ਪ੍ਰੇਖਣ ਯੋਗ ਵਿਵਹਾਰਾਂ ਨੂੰ ਆਮ ਗ੍ਰਹਿਣ ਕੀਤੇ ਗਏ ਵਿਵਹਾਰ ਦੇ ਰੂਪ ਵਿੱਜ ਪ੍ਰਦਰਸ਼ਨ ਲਈ ਤਿਆਰ ਕਰਦਾ ਹੈ ਜਿਵੇਂ: ਪ੍ਰਾਪਤ ਕੀਤਾ ਗਿਆ ਵਿਵਹਾਰ ਅਤੇ ਸੁਭਾਵਿਕ ਵਿਵਹਾਰ, ਤਾਂ ਅਸੀਂ ਮੰਨਦੇ ਹਾਂ ਕਿ ਬੱਚੇ ਵਿੱਚ ਵਿਵਹਾਰ ਕਿਰਿਆਵਾਂ ਦੀ ਬਾਰ ਬਾਰ ਉਮੀਦ ਕੀਤੀ ਜਾਂਦੀ ਹੈ। ਅਤੇ ਦੂਜਾ ਚਰਣ ਵਿਵਹਾਰ ਸੁਧਾਰ ਨੂੰ ਨਿਰੰਤਰ ਬਣਾਏ ਰੱਖਣ ਨਾਲ ਸਬੰਧਿਤ ਹੈ ਤਾਂ ਕਿ ਵਰਤਮਾਨ ਅਤੇ ਸਿੱਖੇ ਹੋਏ ਵਿਵਹਾਰ ਵਿੱਚ ਗੁਣਵੱਤਾ ਲਿਆਉਣ ਲਈ ਅਤੇ ਨਵੇਂ ਸੁਧਾਰ ਦੀ ਆਦਤ ਪੱਕੀ ਕਰਨ ਲਈ ਦੁਹਰਾਓ ਅਤੇ ਸੁਧਾਰ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਨੂੰ ਮਨੋਵਿਗਿਆਨਕ ਸਥਿਤੀ ਕਹਿੰਦੇ ਹਨ। ਦੋ ਮੁੱਖ ਪ੍ਰਕਾਰ ਦੀਆਂ ਸਥਿਤੀਆਂ ਦੋ ਪ੍ਰਕਾਰ ਦੇ ਵਿਵਹਾਰਾਂ ’ਤੇ ਨਿਰਭਰ ਕਰਦੀਆਂ ਹਨ; ਸ਼ਾਸਤਰੀ ਸਥਿਤੀ :ਪ੍ਰਾਪਤ ਕੀਤੇ ਗਏ ਵਿਵਹਾਰ ਦਾ ਸਥਿਤੀ, ਪ੍ਰਭਾਵੀ ਸਥਿਤੀ; ਸੁਭਾਵਿਕ ਵਿਵਹਾਰ ਦੀ ਸਥਿਤੀ।

**ਸ਼ਾਸਤਰੀ ਸਥਿਤੀ**: ਰੂਸੀ ਸਰੀਰ ਵਿਗਿਆਨੀ ਪਾਵਲੋਵ ਨੇ (1890 ਦੇ ਆਸ ਪਾਸ) ਇਸ ਦਿਸ਼ਾ ਵਿੱਚ ਕਾਰਜ ਕੀਤਾ। ਉਸ ਨੇ ਆਪਣੀ ਪ੍ਰਯੋਗਸ਼ਾਲਾ ਵਿੱਚ ਇਹ ਦੇਖਿਆ ਕਿ ਭੁੱਖੇ ਕੁੱਤੇ, ਖਾਣਾ ਮਿਲਣ ਜਾਂ ਖਾਣੇ ਦੀ ਸੁਗੰਧ ਲੈਣ ਤੋਂ ਪਹਿਲਾਂ ਹੀ ਲਾਰ ਟਪਕਾਉਣੀ ਸ਼ੁਰੂ ਕਰ ਦਿੰਦੇ ਸਨ। ਹੈਰਾਨੀਜਨਕ ਰੂਪ ਨਾਲ ਉਹ ਆਪਣੇ ਰਖਵਾਲੇ ਨੂੰ ਦੇਖਦੇ ਹੀ ਜਾਂ ਉਸ ਦੇ ਕਦਮਾਂ ਦੀ ਆਹਟ ਨੂੰ ਸੁਣਦੇ ਹੀ ਆਪਣੇ ਮੂੰਹ ਤੋਂ ਲਾਰ ਟਪਕਾਉਣੀ ਸ਼ੁਰੂ ਕਰ ਦਿੰਦੇ ਸਨ। ਇਸ ਸਾਧਾਰਨ ਸਥਿਤੀ ਤੋਂ ਪ੍ਰਭਾਵਿਤ ਹੋ ਕੇ ਪਾਵਲੋਵ ਨੇ ਬਹੁਤ ਧਿਆਨਪੂਰਬਕ ਕੁਝ ਪ੍ਰਯੋਗ ਕੀਤੇ। ਜਿਸ ਵਿੱਚ ਘੰਟੀ ਵਜਾਉਣੀ ਸ਼ਾਮਲ ਹੈ, ਜਿਸ ਦੇ ਹੋਣ ਨਾਲ ਅਕਸਰ ਮੂੰਹ ਤੋਂ ਲਾਰ ਨਹੀਂ ਟਪਕਦੀ ਅਤੇ ਇਸ ਦੇ ਤੁਰੰਤ ਬਾਅਦ ਕੁੱਤਿਆਂ ਨੂੰ ਖਾਣਾ ਦੇਣਾ ਜੋ ਇੱਕ ਉਤੇਜਨਾ ਹੈ ਜਿਸ ਨਾਲ ਲਾਰ ਦਾ ਆਉਣਾ ਸੁਭਾਵਿਕ ਹੈ। ਇਸ ਪ੍ਰਕਾਰ ਦੇ ਪ੍ਰਸਤੂਤੀਕਰਨਾਂ ਨੂੰ ਅਨੇਕ ਬਾਰ ਕਰਨ ਤੋਂ ਬਾਅਦ ਪਹਿਲਾਂ ਘੰਟੀ ਨੂੰ ਵਜਾਉਣਾ ਫਿਰ ਖਾਣਾ ਦੇਣਾ, ਕੁੱਤੇ ਕੇਵਲ ਘੰਟੀ ਦੀ ਆਵਾਜ਼ ’ਤੇ ਹੀ ਲਾਰ ਟਪਕਾਉਣ ਲੱਗੇ ਇੱਥੋਂ ਤੱਕ ਕਿ ਚਾਹੇ ਉਨ੍ਹਾਂ ਨੂੰ ਖਾਣਾ ਨਾ ਵੀ ਦਿੱਤਾ ਜਾਵੇ।

ਪਾਵਲੋਵ ਦੇ ਪ੍ਰਯੋਗਾਂ ਵਿੱਚ ਘੰਟੀ ਇੱਕ ਅਨੁਕੂਲ ਪ੍ਰੇਰਨਾ ਹੈ, ਖਾਣਾ ਇੱਕ ਕੁਦਰਤੀ ਜਾਂ ਸੁਭਾਵਿਕ ਪ੍ਰੇਰਨਾ ਅਤੇ ਖਾਣੇ ਨੂੰ ਦੇਖ ਕੇ ਲਾਰ ਦਾ ਟਪਕਣਾ ਇੱਕ ਸੁਭਾਵਿਕ ਪ੍ਰਤੀਕਿਰਿਆ ਹੈ, ਉਹ ਘੰਟੀ ਦੇ ਵੱਜਣ ’ਤੇ ਲਾਰ ਦਾ ਟਪਕਣਾ ਇੱਕ ਅਸੁਭਾਵਿਕ ਜਾਂ ਪ੍ਰੇਖਣ ਪ੍ਰਤੀਕਿਰਿਆ ਹੈ। ਸ਼ੁਰੂਆਤ ਵਿੱਚ ਲਾਰ ਦੇ ਟਪਕਣ ਲਈ ਘੰਟੀ ਦਾ ਵੱਜਣਾ ਇੱਕ ਨਿਰਪੱਖ ਪ੍ਰੇਰਨਾ ਜੋ ਕਿਸੀ ਪ੍ਰਤੀਕਿਰਿਆ ਤੋਂ ਉਤਪੰਨ ਨਹੀਂ ਹੁੰਦੀ ਹੈ।

ਸਾਧਾਰਨ ਸ਼ਬਦਾਂ ਵਿੱਚ ਇੱਕ ਪ੍ਰੇਰਨਾ ਜਾਂ ਇੱਕ ਪਰਿਸਥਿਤੀ ਕਿਸੇ ਅਣਜਾਣ ਉਤੇਜਨਾ ਨਾਲ ਜੋੜਨ ’ਤੇ ਜੋ ਵਿਵਹਾਰ ਉਤਪੰਨ ਹੁੰਦਾ ਹੈ, ਉਸ ਨੂੰ ਸ਼ਾਸਤਰੀ ਪ੍ਰੇਖਣ ਕਹਿੰਦੇ ਹਨ। ਇਸ ਨੂੰ ਪ੍ਰਤੀਉੱਤਰ ਸਥਿਤੀ ਵੀ ਕਹਿੰਦੇ ਹਨ ਕਿਉਂਕਿ ਪ੍ਰਗਟੀਕਰਨ ਵਿਵਹਾਰ ਇੱਕ ਪ੍ਰੇਰਨਾ ਦੀ ਪ੍ਰਤੀਕਿਰਿਆ ਦੇ ਕਾਰਨ ਹੈ।

ਸ਼ਾਸਤਰੀ ਸਥਿਤੀ ਕਲਾਸ ਅਭਿਆਸ ਵਿੱਚ ਬਹੁਤ ਜ਼ਿਆਦਾ ਸਪੱਸ਼ਟ ਹੈ, ਹਰੇਕ ਸਮੇਂ ਦੇ ਅਨੁਕੂਲ ਹੈ ਅਤੇ ਇੱਕ ਹੀ ਸਮੇਂ ਵਿੱਚ ਹੋਰ ਪ੍ਰਕਾਰ ਦੀ ਸਿਖਲਾਈ ਦਾ ਵਿਚਾਰ ਕੀਤੇ ਬਿਨਾਂ ਜਾਰੀ ਰਹਿੰਦੀ ਹੈ। ਅਤੇ ਜ਼ਿਆਦਾਤਰ ਇਨ੍ਹਾਂ ਅਵਚੇਤਨ ਪ੍ਰਕਿਰਿਆਵਾਂ ਰਾਹੀਂ ਹੀ ਵਿਦਿਆਰਥੀ ਵਿਸ਼ਾ ਅਤੇ ਅਧਿਆਪਕਾਂ ਨੂੰ ਪਸੰਦ ਜਾਂ ਨਪਸੰਦ ਕਰਨਾ ਸ਼ੁਰੂ ਕਰ ਦਿੰਦੇ ਹਨ। ਉਦਾਹਰਨ–ਇੱਕ ਸਕੂਲ ਦਾ ਵਿਸ਼ਾ ਇੱਕ ਨਿਰਪੱਖ ਪ੍ਰੇਰਨਾ ਹੈ ਜੋ ਸ਼ੁਰੂਆਤ ਦੀ ਸੋਚ ਵਿੱਚ ਛੋਟੀਆਂ ਭਾਵਨਾਤਕ ਪ੍ਰਤੀਕਿਰਿਆਵਾਂ ਨੂੰ ਤਾਜ਼ਾ ਕਰਦਾ ਹੈ ਜੋ ਬੱਚੇ ਲਈ ਨਵੀਂ ਹੈ। ਅਧਿਆਪਕ, ਕਲਾਸ ਅਤੇ ਕੋਈ

ਹੋਰ ਵਿਸ਼ੇਸ਼ ਪ੍ਰੇਰਨਾ ਇੱਕ ਅਨੁਕੂਲਿਤ ਪ੍ਰੇਰਨਾ ਦਾ ਕਾਰਜ ਕਰ ਸਕਦਾ ਹੈ। ਅਨੁਕੂਲਿਤ ਪ੍ਰੇਰਨਾ ਸੁੱਖਦਾਇਕ ਵੀ ਹੋ ਸਕਦੀ ਹੈ (ਜਿਵੇਂ ਹਵਾਦਾਰ,ਆਰਾਮਦਾਇਕ ਕਲਾਸ, ਇੱਕ ਦੋਸਤਾਨਾ ਅਧਿਆਪਕ) ਅਤੇ ਦੁੱਖਦਾਇਕ ਵੀ (ਹਨਰਾ ਅਤੇ ਗਰਮ ਕਮਰਾ, ਇੱਕ ਗੁੱਸੇ ਵਾਲਾ ਸਖ਼ਤ ਅਧਿਆਪਕ) ਹੋ ਸਕਦਾ ਹੈ। ਨਿਮਨਲਿਖਤ ਵਿਸ਼ੇਸ਼ ਪ੍ਰੇਰਨਾ ਨਾਲ ਵਿਸ਼ਾ ਵਸਤੂ ਨੂੰ ਲਗਾਤਾਰ ਜੋੜਦੇ ਹੋਏ, ਸਥਿਤੀ ਪ੍ਰੇਰਨਾ ਨਾਲ ਸਬੰਧਿਤ ਭਾਵਨਾਵਾਂ ਅਤੇ ਰਵੱਈਏ ਨੂੰ ਸਕੂਲ ਦੇ ਕੁਝ ਪੱਖਾਂ ਦੀਆਂ ਸ਼ਾਸਤਰੀ ਸ਼ਰਤਾਂ ਦਿੱਤੀਆਂ ਜਾਂਦੀਆਂ ਹਨ, ਗਣਿਤ ਨੂੰ ਨਾਪਸੰਦ ਕਰਨ ਲਈ ਸਿੱਖਣਾ ਕਲਾਸਰੂਮ ਦੀਆਂ ਪ੍ਰਕਿਰਿਆਵਾਂ ਦੇ ਉਲਟ ਕੇਸ ਦਾ ਇੱਕ ਖਾਸ ਮਾਮਲਾ ਹੈ ਅਤੇ ਸ਼ਾਸਤਰੀ ਸਥਿਤੀ ਦੀ ਇੱਕ ਉਦਾਹਰਨ ਹੈ। ਗਣਿਤ ਦੀ ਸਿੱਖਿਆ ਲਈ ਪਿਆਰ (ਘੱਟੋ ਘੱਟ ਭਾਵਨਾਤਮਕ ਹਿੱਸੇ) ਨੂੰ ਸ਼ਾਸਤਰੀ ਸਥਿਤੀ ਦੀ ਸਮਾਨ ਪ੍ਰਕਿਰਿਆ ਨਾਲ ਵੀ ਬਣਾਇਆ ਜਾ ਸਕਦਾ ਹੈ।

**ਪ੍ਰਭਾਵੀ ਸਥਿਤੀ**: ਸਰਗਰਮ ਸਥਿਤੀ, ਵਿਸਥਾਰਤ ਰੂਪ ਨਾਲ ਬੀ.ਐੱਫ. ਸਕਿੱਨਰ (1940) ਵੱਲੋਂ ਚੂਹਿਆਂ ਅਤੇ ਕਬੂਤਰਾਂ 'ਤੇ ਕੀਤੇ ਗਏ ਅਣਗਿਣਤ ਪ੍ਰਯੋਗਾਂ ਦਾ ਸਿੱਟਾ ਹੈ। ਸਾਧਾਰਨ ਸ਼ਬਦਾਂ ਵਿੱਚ ਸਰਗਰਮ ਸਥਿਤੀ ਸਰੀਰਿਕ ਇੰਦਰੀਆਂ (ਕੱਢਿਆ ਗਿਆ ਵਿਵਹਾਰ ਪ੍ਰਭਾਵੀ ਕਹਾਉਂਦਾ ਹੈ) ਰਾਹੀਂ ਕੱਢਿਆ ਗਿਆ ਵਿਵਹਾਰ ਦਾ ਮਜ਼ਬੂਤੀਕਰਨ ਹੈ। ਜਿਸ ਨਾਲ ਇਸ ਦੀ ਗ੍ਰਹਿਣ ਕਰਨ ਦੀ ਸ਼ਕਤੀ ਵਧਦੀ ਹੈ। ਮਜ਼ਬੂਤੀਕਰਨ ਅਤੇ ਵਿਵਹਾਰ ਦੇ ਵਿਚਕਾਰ ਸਬੰਧ ਦੀ ਖੋਜ ਤੋਂ ਅਤੇ ਇਹ ਸਪੱਸ਼ਟ ਕਰਨਾ ਕਿ ਵਿਵਹਾਰ ਇਸ ਦੇ ਨਤੀਜੇ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ, ਸਕਿੱਨਰ ਵਿਸ਼ੇਸ਼ ਰੂਪ ਨਾਲ ਸਬੰਧਿਤ ਹੈ।

ਸਕਿੱਨਰ ਆਪਣੇ ਦੋ ਮਹੱਤਵਪੂਰਨ ਮੁੱਦਿਆਂ " ਮਜ਼ਬੂਤ ਕਰਨਾ ਅਤੇ ਮਜ਼ਬੂਤੀਕਰਨ ਵਿੱਚ ਅੰਤਰ ਕਰਦਾ ਹੈ। ਉਦਾਹਰਨ-ਇੱਕ ਇਨਾਮ ਜਾਂ ਭੋਜਨ ਮਜ਼ਬੂਤ ਕਰਦਾ ਹੈ ਅਤੇ ਜਦੋਂ ਕਿਸੇ ਪ੍ਰਤੀਕਿਰਿਆ ਜਾਂ ਨਤੀਜੇ ਨੂੰ ਰੱਖਣ ਲਈ ਭੋਜਨ ਪੇਸ਼ ਕੀਤਾ ਜਾਂਦਾ ਹੈ ਤਾਂ ਉਹ ਮਜ਼ਬੂਤੀਕਰਨ ਹੈ। ਕਿਸੇ ਕੱਢੇ ਗਏ ਵਿਵਹਾਰ ਦੀ ਘਟਨਾ ਅਤੇ ਕੱਢੇ ਗਏ ਵਿਵਹਾਰ ਦੇ ਰੁਪਾਂਤਰਨ ਰਾਹੀਂ ਵਿਵਹਾਰ ਨੂੰ ਆਕਾਰ ਦੇਣਾ ਵੀ ਵਿਭਿੰਨ ਪ੍ਰਕਾਰ ਦੇ ਮਜ਼ਬੂਤੀਕਰਨ ਪ੍ਰਦਾਨ ਕਰਕੇ ਸੰਭਵ ਕੀਤਾ ਜਾ ਸਕਦਾ ਹੈ।ਮਜ਼ਬੂਤੀਕਰਨ ਦੋ ਪ੍ਰਕਾਰ ਦਾ ਹੈ ਸਾਕਾਰਾਤਮਕ ਅਤੇ ਨਾਕਾਰਾਤਮਕ। ਸਾਕਾਰਾਤਮਕ ਮਜ਼ਬੂਤੀਕਰਨ -(ਇਨਾਮ) ਸਾਕਾਰਾਤਮਕ ਮਜ਼ਬੂਤੀਕਰਨ ਵਿੱਚ ਕੱਢੇ ਗਏ ਵਿਵਹਾਰ ਤੋਂ ਬਾਅਦ ਸੁਖਦਾਇਕ ਪ੍ਰੇਰਨਾ ਦਿੱਤੀ ਜਾਂਦੀ ਹੈ ਜੋ ਵਿਵਹਾਰ ਦੀ ਘਟਨਾ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ। ਜਦੋਂ ਇੱਕ ਅਧਿਆਪਕ ਬੱਚਿਆਂ ਨੂੰ ਦੇਖ ਕੇ ਮੁਸਕੁਰਾਉਂਦਾਹੈ ਅਤੇ ਉਨ੍ਹਾਂ ਨੂੰ ਕੁਝ ਚੰਗੇ ਸ਼ਬਦਾਂ ਨਾਲ ਪੁਕਾਰਦਾ ਹੈ, ਉਸ ਦੇ ਕਾਰਜ ਦੀ ਪ੍ਰਸੰਸਾ ਕਰਦਾ ਹੈ, ਉਨ੍ਹਾਂ ਨੂੰ ਚੰਗੇ ਅੰਕ ਦਿੰਦਾ ਹੈ, ਇਸ ਦਾ ਅਰਥ ਹੈ ਕਿ ਉਹ ਅਧਿਆਪਕ ਸਾਕਾਰਾਤਮਕ ਮਜ਼ਬੂਤੀਕਰਨ ਦੀ ਵਰਤੋਂ ਕਰ ਰਿਹਾ ਹੈ।

ਨਾਕਾਰਾਤਮਕ ਮਜ਼ਬੂਤੀਕਰਨ (ਰਾਹਤ)- ਨਾਕਾਰਾਤਮਕ ਮਜ਼ਬੂਤੀਕਰਨ ਉਦੋਂ ਹੁੰਦਾ ਹੈ ਜਦੋਂ ਕੱਢੇ ਗਏ ਵਿਵਹਾਰ ਨਾਲ ਕਿਸੇ ਅਣਸੁਖਾਵੀਂ ਪ੍ਰੇਰਣਾ ਨੂੰ ਦੂਰ ਕੀਤਾ ਜਾਂਦਾ ਹੈ। ਇਸ ਨਾਲ ਕੱਢੇ ਗਏ ਵਿਵਹਾਰ ਦੀ ਘਟਨਾ ਵਧ ਜਾਂਦੀ ਹੈ। ਸਜ਼ਾ ਦੀ ਧਮਕੀ, ਫੇਲ੍ਹ ਹੋਣਾ, ਛੁੱਟੀ ਤੋਂ ਬਾਅਦ ਰੋਕ ਕੇ ਰੱਖਣਾ, ਸ਼ਰਮਿੰਦਾ ਕਰਨਾ, ਮਜ਼ਾਕ ਉਡਾਉਣਾ ਆਦਿ ਰਾਹੀਂ ਕਲਾਸ ਵਿੱਚ ਅਧਿਆਪਕ ਵਿਦਿਆਰਥੀ ਨਾਲ ਦੁੱਖਦਾਇਕ ਉਤੇਜਨਾ ਦੇ ਰੂਪ ਵਿੱਚ ਉਪਯੋਗ ਕਰਦੇ ਹਨ। ਜਦੋਂ ਇਨ੍ਹਾਂ ਦਾ ਹੱਲ ਹੋ ਜਾਂਦਾ ਹੈ ਤਾਂ ਵਿਦਿਆਰਥੀਆਂ ਨੂੰ ਸੁੱਖ ਮਿਲਦਾ ਹੈ ਅਤੇ ਉਹ ਆਪਣੇ ਵਿਵਹਾਰ ਵਿੱਚ ਸੁਧਾਰ ਲਿਆਉਂਦੇ ਹਨ। ਤੁਹਾਡੇ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਦੰਡ ਪ੍ਰਕਿਰਿਆ ਮਜ਼ਬੂਤੀਕਰਨ ਨਹੀਂ ਹੈ। ਦੰਡ ਜਾਂ ਤਾਂ ਦੁੱਖਦਾਇਕ ਉਤਜੇਨਾ ਪੇਸ਼ ਕਰਦਾ ਹੈ ਜਾਂ ਇੱਕ ਸੁੱਖਦਾਇਕ ਉਤੇਜਨਾ ਨੂੰ ਕੱਢ ਦਿੰਦਾ ਹੈ ਜਿਸ ਕਾਰਨ ਬੱਚਿਆਂ ਨੂੰ ਸਰੀਰਿਕ ਅਤੇ ਭਾਵਨਾਤਮਕ ਦੋਨੋਂ ਤਰ੍ਹਾਂ ਦਾ ਦੁੱਖ ਪਹੁੰਚਦਾ ਹੈ। ਕਲਾਸ ਵਿੱਚ ਸਰੀਰਿਕ ਦੰਡ ਦੇਣਾ, ਡਾਂਟਣਾ, ਚਿਤਾਵਨੀ ਦੇਣੀ ਅਤੇ ਛੁੱਟੀ ਤੋਂ ਬਾਅਦ ਬੱਚਿਆਂ ਨੂੰ ਰੋਕਣਾ ਆਦਿ ਸਕੂਲਾਂ ਵਿੱਚ ਦਿੱਤੇ ਜਾਣੇ ਵਾਲੇ ਕੁਝ ਦੰਡਾਂ ਦੇ ਉਦਾਹਰਨ ਹਨ।

ਪ੍ਰਭਾਵੀ ਸਥਿਤੀ ਅਧਿਆਪਨ ਦੀਆਂ ਵਿਭਿੰਨ ਤਕਨੀਕਾਂ ਨੂੰ ਵਿਕਸਤ ਕਰਨ ਵਿੱਚ ਲਾਗੂ ਕੀਤੀ ਜਾ ਚੁੱਕੀ ਹੈ। ਯੋਜਨਾਬੱਧ ਸਿਖਲਾਈ ਜਾਂ ਯੋਜਨਾਬੱਧ ਨਿਰਦੇਸ਼ਨ ਅਤੇ ਹਾਲ ਹੀ ਵਿੱਚ ਚਲਾਈ ਗਈ ਕੰਪਿਊਟਰ ਸਹਾਇਕ ਸਿਖਲਾਈ ਉਨ੍ਹਾਂ ਵਿੱਚ ਮੁੱਖ ਹੈ।

**ਵਿਵਹਾਰਕ ਰੁਪਾਂਤਰਨ ਪਹੁੰਚਾਂ ਦੀ ਉਪਯੋਗਿਤਾ–**

ਵਿਵਹਾਰਕ ਰੁਪਾਂਤਰਨ ਸਿਖਲਾਈ ਹੇਠ ਦਿੱਤੇ ਗਏ ਵਿਭਿੰਨ ਆਮ ਕਲਾਸ ਅਭਿਆਸਾਂ ਦੇ ਉਪਯੋਗ ਨਾਲ ਸਾਨੂੰ ਜਾਗਰੂਕ ਕਰਦੀ ਹੈ–

• ਵਿਵਹਾਰ ਸੁਧਾਰ ਵਿੱਚ ਸਾਰੇ ਸਿਧਾਂਤਾਂ ਤੋਂ ਇਹ ਸਪੱਸ਼ਟ ਹੈ ਕਿ ਸਿਖਲਾਈ ਵਿੱਚ ਅਭਿਆਸ ਦੀ ਮਹੱਤਵਪੂਰਨ ਭੂਮਿਕਾ ਹੈ।

• ਅਭਿਆਸ ਬਿਨਾਂ ਮਜ਼ਬੂਤੀਕਰਨ ਸਿਖਲਾਈ ਨੂੰ ਨਹੀਂ ਵਧਾਉਂਦਾ।

• ਮਜ਼ਬੂਤੀਕਰਨ ਵਿੱਚ ਤਬਦੀਲੀ ਵਿਵਹਾਰ ਸੁਧਾਰ ਵਿੱਚ ਮਦਦ ਕਰਦਾ ਹੈ।

• ਅਣਸੁਖਾਵੇਂ ਵਿਵਹਾਰ ਨੂੰ ਸਮਾਪਤ ਕਰਨ ਵਿੱਚ ਸਜ਼ਾ ਜ਼ਿਆਦਾ ਪ੍ਰਭਾਵਸ਼ਾਲੀ ਨਹੀਂ ਹੈ।

• ਕਾਰਜ ਵਿੱਚ ਰੁਚੀ ਅਤੇ ਸੁਧਾਰ ਸਿਖਲਾਈ ਲਈ ਚਾਲਕ ਦੀ ਤਰ੍ਹਾਂ ਹਨ। ਵਿਵਹਾਰ ਰੁਪਾਂਤਰਣ ਪਹੁੰਚ ਦੀ ਸਭ ਤੋਂ ਵੱਡੀ ਆਲੋਚਨਾ ਇਹ ਹੈ ਕਿ ਇਸ ਵਿੱਚ ਕੇਵਲ ਬਾਹਰ ਤੋਂ ਦਿਖਾਈ ਦੇਣ ਵਾਲੀ ਵਿਵਹਾਰਕ ਕਿਰਿਆ 'ਤੇ ਧਿਆਨ ਦਿੱਤਾ ਜਾਂਦਾ ਹੈ ਅਤੇ ਉਸੀ ਨੂੰ ਸਿਖਲਾਈ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਇਹ ਜਾਨਵਰਾਂ ਅਤੇ ਛੋਟੇ ਬੱਚਿਆਂ ਲਈ ਤਾਂ ਢੁਕਵੀਂ ਹੈ, ਪਰ ਵੱਧਦੀ ਉਮਰ ਦੇ ਨਾਲ ਮਾਨਸਿਕ ਵਿਕਾਸ ਅਤੇ ਪ੍ਰੇਖਣਾਤਮਕ ਵਿਵਹਾਰ ਕਿਸੇ ਵਿਅਕਤੀ ਦੀ ਵਾਸਤਵਿਕ ਧਾਰਨਾ ਨੂੰ ਪ੍ਰਤੀਬਿੰਬਤ ਨਹੀਂ ਕਰ ਸਕਦਾ। ਇੱਕ ਸਕੂਲ ਉਮਰ ਦਾ ਬੱਚਾ ਕੁਝ ਵਿਵਹਾਰਾਂ ਨੂੰ ਕੇਵਲ ਸਜ਼ਾ ਤੋਂ ਬਚਣ ਲਈ ਅਤੇ ਦੂਜਿਆਂ ਦਾ ਧਿਆਨ ਆਪਣੀ ਤਰਫ਼ ਆਕਰਸ਼ਿਤ ਕਰਨ ਲਈ ਪ੍ਰਦਰਸ਼ਿਤ ਕਰਦਾ ਹੈ। ਇਸ ਲਈ ਦਿਖਾਈ ਦੇਣ ਵਾਲੇ ਵਿਵਹਾਰ ਰੁਪਾਂਤਰਣ ਤੋਂ ਇਹ ਜ਼ਰੂਰੀ ਨਹੀਂ ਹੈ ਕਿ ਵਾਸਤਵਿਕ ਸਿਖਲਾਈ ਹੋਈ ਹੈ।

**ਈ 11: ਪ੍ਰਭਾਵੀ ਸਥਿਤੀ ਰਾਹੀਂ ਵਿਵਹਾਰ ਰੁਪਾਂਤਰਣ ਦੇ ਕੀ ਤਰੀਕੇ ਹਨ ?**

——————————————————————————

——————————————————————————

**ਈ 12: ਨਾਕਾਰਾਤਮਕ ਮਜ਼ਬੂਤੀਕਰਨ ਅਤੇ ਸਜ਼ਾ ਵਿੱਚ ਕੀ ਅੰਤਰ ਹੈ ?**

——————————————————————————

### 1.4.2 ਬੌਧਿਕ ਵਿਕਾਸ ਲਈ ਸਿੱਖਿਆ

ਬੌਧਿਕ ਦਾ ਸ਼ਬਦਿਕ ਅਰਥ "ਜਾਣਨ ਦੀ ਕਲਾ" ਹੈ। ਆਮ ਤੌਰ 'ਤੇ ਇਹ ਜਾਣਨ, ਸਮਝਣ, ਪ੍ਰਕਿਰਿਆਵਾਂ ਅਤੇ ਸੂਚਨਾਵਾਂ ਦੇ ਉਪਯੋਗ ਕਰਨ ਨਾਲ ਸਬੰਧਿਤ ਹੈ ਅਤੇ ਇਸ ਨੂੰ ਮਾਨਸਿਕ ਯੋਗਤਾ ਜਾਂ ਬੁੱਧੀਮਾਨੀ ਦੇ ਹਿੱਸੇ ਦੇ ਰੂਪ ਵਿੱਚ ਸਮਝਿਆ ਜਾਂਦਾ ਹੈ। ਸਮਝ ਵਿਕਾਸ ਵਾਲੇ ਦੇ ਬੌਧਿਕ ਵਿਕਾਸ ਨਾਲ ਜੁੜੀਆਂ ਹੋਈਆਂ ਅਵਸਥਾਵਾਂ ਅਤੇ ਪ੍ਰਤੀਕਿਰਿਆਵਾਂ ਨਾਲ ਸੰਬਧਿਤ ਹੈ।

ਬੌਧਿਕ ਵਿਕਾਸ ਦੇ ਅਨੇਕਾਂ ਸਿਧਾਂਤ ਹਨ। ਇਨ੍ਹਾਂ ਸਾਰੇ ਸਿਧਾਂਤਾਂ ਦੇ ਵਿਚਕਾਰ ਵਿੱਚ ਪਾਇਗੈਂਟ ਦਾ ਸਿਧਾਂਤ ਬੌਧਿਕ ਵਿਕਾਸ ਦੀ ਜਨਮ ਤੋਂ ਲੈ ਕੇ 14–15 ਸਾਲ ਦੀ ਉਮਰ ਤੱਕ ਦੀ ਵਿਸਥਾਰਤ ਤਸਵੀਰ ਪ੍ਰਦਾਨ ਕਰਦਾ ਹੈ ਜਦੋਂਕਿ ਬੌਧਿਕ ਵਿਕਾਸ ਚਰਮ 'ਤੇ ਹੁੰਦਾ ਹੈ। ਅਵਸਥਾਵਾਂ ਦੀ ਲੜੀ ਅਨੁਸਾਰ ਪਾਇਗੈਂਟ ਨੇ ਬੌਧਿਕ ਵਿਕਾਸ ਦਾ ਅਨੁਮਾਨ ਲਗਾਇਆ ਹੈ ਅਤੇ ਹਰੇਕ ਅਵਸਥਾ ਨੂੰ

ਕੁਝ ਨਿਸ਼ਚਤ ਪ੍ਰਕਾਰ ਦੇ ਵਿਵਹਾਰਾਂ ਅਤੇ ਕੁਝ ਨਿਸ਼ਚਤ ਤਰੀਕਿਆਂ ਨਾਲ ਸੋਚਣ ਅਤੇ ਸਮੱਸਿਆ ਸਮਾਧਾਨ ਰਾਹੀਂ ਇਨ੍ਹਾਂ ਦੀ ਵਿਸ਼ੇਸ਼ਤਾ ਨੂੰ ਦੱਸਿਆ ਹੈ।

• ਸੰਵੇਦੀ ਗਤੀਸ਼ੀਲ ਕਾਲ (0 ਤੋਂ 2 ਸਾਲ ਦੀ ਉਮਰ ਤੱਕ)

• ਪੂਰਵ-ਕਾਰਜਸ਼ੀਲ ਕਾਲ (2 ਤੋਂ 7 ਸਾਲ)

• ਠੋਸ- ਕਾਰਜਸ਼ੀਲ ਕਾਲ (7 ਤੋਂ 11 ਜਾਂ 12 ਸਾਲ ਦੀ ਉਮਰ ਤੱਕ)

• ਰਸਮੀ- ਕਾਰਜਸ਼ੀਲ ਕਾਲ (1 ਜਾਂ 12 ਤੋਂ 14 ਜਾਂ 15 ਸਾਲ ਦੀ ਉਮਰ ਤੱਕ)

ਹਰੇਕ ਅਵਸਥਾ 'ਤੇ ਬੱਚੇ ਦੇ ਵਿਵਹਾਰ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਤੁਹਾਡੇ ਵਿਦਿਆਰਥੀਆਂ ਦੇ ਬੌਧਿਕ ਪੱਧਰ ਨੂੰ ਸਮਝਣ ਲਈ ਇੱਕ ਅਧਿਆਪਕ ਦੇ ਰੂਪ ਵਿੱਚ ਤੁਹਾਡੀ ਸਹਾਇਤਾ ਦੇ ਹਿਸਾਬ ਨਾਲ ਮਹੱਤਵਪੂਰਨ ਹੋ ਸਕਦਾ ਹੈ। ਸਿਖਲਾਈ ਦੀ ਕਿਸੇ ਵੀ ਅਵਸਥਾ ਲਈ ਬੌਧਿਕ ਪੱਧਰ ਨੂੰ ਜਾਣਨਾ ਮਹੱਤਵਪੂਰਨ ਹੈ ਕਿਉਂਕਿ ਸਿਖਲਾਈ ਬੱਚੇ ਦੇ ਸੋਚਣ ਦੇ ਤਰੀਕੇ ਨਾਲ, ਕਾਰਨਾਂ ਅਤੇ ਪ੍ਰਕਿਰਿਆਵਾਂ ਦੀ ਸੂਚਨਾ ਨਾਲ ਮੁੱਖ ਰੂਪ ਤੋਂ ਪ੍ਰਭਾਵਿਤ ਹੁੰਦੀ ਹੈ। ਬੌਧਿਕ ਵਿਕਾਸ ਦੀਆਂ ਚਾਰੋਂ ਅਵਸਥਾਵਾਂ: ਦੀਆਂ ਕੁਝ ਵਿਸ਼ੇਸ਼ਤਾਵਾਂ ਸਾਰਣੀ-1 ਵਿੱਚ ਹੇਠ ਦਿੱਤੀਆਂ ਗਈਆਂ ਹਨ।

ਸਾਰਣੀ-1

**ਬੌਧਿਕ ਵਿਕਾਸ ਦੀ ਪਾਇਗੈਂਟ ਦੀਆਂ ਚਾਰ ਅਵਸਥਾਵਾਂ**

| **ਅਵਸਥਾ** | **ਅਨੁਮਾਨਤ ਉਮਰ** | **ਕੁਝ ਮੁੱਖ ਵਿਸ਼ੇਸ਼ਤਾਵਾਂ** |
|---|---|---|
| ਸੰਵੇਦੀ ਗਤੀਸ਼ੀਲ ਕਾਲ | 0 ਤੋਂ 2 ਸਾਲ ਦੀ ਉਮਰ ਤੱਕ | ਬੁੱਧੀ ਨਾਲ ਸੰਬੰਧਿਤ ਗਤੀਸ਼ੀਲ ਗਤੀਵਿਧੀ ਮੌਜੂਦਾ ਅਤੇ ਨਜ਼ਦੀਕ ਦੀਆਂ ਘਟਨਾਵਾਂ ਅਤੇ ਵਸਤੂਆਂ ਨਾਲ ਸਬੰਧ ਨਾ ਹੀ ਕੋਈ ਭਾਸ਼ਾ ਅਤੇ ਨਾ ਹੀ ਕੋਈ ਵਿਚਾਰ ਕਿਸੇ ਵਸਤੂ ਦੀ ਅਸਲੀਅਤ ਦਾ ਕੋਈ ਵਿਚਾਰ ਨਹੀਂ |
| ਪੂਰਵ ਕਾਰਜਸ਼ੀਲ ਕਾਲ<br>ਪੂਰਵ-ਧਾਰਨਾ ਕਾਲ<br>ਸਹਿਜ ਬੌਧਿਕ ਕਾਲ<br>ਠੋਸ ਕਾਰਜਸ਼ੀਲ ਕਾਲ | 2-7 ਸਾਲ<br>2-4 ਸਾਲ<br>4-7 ਸਾਲ<br>7-11 ਜਾਂ 12 ਸਾਲ ਦੀ ਉਮਰ ਤੱਕ | ਅਹੰਕਾਰ ਕੇਂਦਰਿਤ ਸੋਚ<br>ਗ੍ਰਹਿਣ ਬੋਧ ਦੇ ਆਧਾਰ 'ਤੇ ਤਰਕ ਵਿਤਰਕ<br>ਤਰਕਪੂਰਨ ਸਮਾਧਾਨ ਦੀ ਉਮੀਦ ਸਹਿਜ ਬੋਧ ਨਾਲ ਸਮਾਧਾਨ ਕਰਨਾ<br>ਸੰਭਾਲਣ ਦੀ ਅਸਮਰੱਥਾ<br>ਸੰਭਾਲਣ ਦੀ ਯੋਗਤਾ<br>ਵਰਗ ਜਾਂ ਸਬੰਧਾਂ ਦੇ ਬਾਰੇ ਵਿੱਚ ਤਰਕ ਦੇਣਾ<br>ਸੰਖਿਆਵਾਂ ਨੂੰ ਸਮਝਣਾ<br>ਠੋਸ ਵਸਤੂਆਂ ਅਤੇ ਅਨੁਭਵਾਂ ਨੂੰ ਸਮਝਣਾ<br>ਵਿਚਾਰਾਂ ਵਿੱਚ ਵਿਰੋਧਾਭਾਸ ਦਾ ਵਿਕਾਸ |
| | | |

| | | |
|---|---|---|
| ਰਸਮੀ ਕਾਰਜ਼ਸੀਲ ਕਾਲ | 11-12 ਤੋਂ 14-15 ਸਾਲ ਦੀ ਉਮਰ ਤੱਕ | ਵਿਚਾਰਾਂ ਵਿੱਚ ਸੰਪੂਰਨ ਸਮਾਨਤਾ<br>ਕਲਪਿਤ ਵਿਚਾਰਾਂ ਅਤੇ ਸਥਿਤੀਆਂ ਨਾਲ ਸਬੰਧ ਬਣਾਉਣ ਦੀ ਯੋਗਤਾ<br>ਸਸ਼ਕਤ ਆਦਰਸ਼ਵਾਦ ਦਾ ਵਿਕਾਸ |

(Source: Lefrancois, 1994
p.60)

ਪਾਏਗੈਂਟ ਦੇ ਸਿਧਾਂਤ ਸਾਨੂੰ ਦੱਸਦੇ ਹਨ ਕਿ ਬੱਚਾ ਮਾਨਸਿਕ ਬੌਧਿਕ ਸੰਰਚਨਾ ਨਾਲ ਜਨਮ ਲੈਂਦਾ ਹੈ। ਜਿਸ ਦੀ ਜ਼ਿਆਦਾਤਰ ਬੁੱਧੀ ਅਤੇ ਵਿਕਾਸ 14-15 ਸਾਲ ਦੀ ਉਮਰ ਤੱਕ ਹੋ ਜਾਂਦਾ ਹੈ। ਬੌਧਿਕ ਵਿਕਾਸ ਦੀਆਂ ਚਾਰੋਂ ਅਵਸਥਾਵਾਂ ਦੌਰਾਨ ਮੁੱਖ ਚਲਨ ਹੇਠ ਲਿਖੇ ਪ੍ਰਕਾਰ ਦੇ ਹਨ-


• ਜੀਵਨ ਦੇ ਪਹਿਲੇ ਦੋ ਸਾਲਾਂ ਦੌਰਾਨ ਬੱਚਾ ਆਪਣੀਆਂ ਗਤੀਵਿਧੀਆਂ ਦਾ ਪ੍ਰਦਰਸ਼ਨ ਜ਼ਿਆਦਾਤਰ; ਆਪਣੀਆਂ ਗਿਆਨ ਇੰਦਰੀਆਂ ਰਾਹੀਂ ਕਰਦਾ ਹੈ ਅਤੇ ਕੁਝ ਗਤੀਵਿਧੀਆਂ ਨਵੀਆਂ ਕਰਦਾ ਹੈ। ਇਸ ਅਵਸਥਾ ਵਿੱਚ ਬੱਚਾ ਕਿਸੇ ਵਸਤੂ ਨੂੰ ਦੇਖ ਕੇ, ਸੁਣਕੇ, ਛੂਹ ਕੇ, ਸੁਆਦ ਜਾਂ ਗੰਧ ਰਾਹੀਂ ਉਸ ਵਸਤੂ ਨੂੰ ਮਹਿਸੂਸ ਕਰਦਾ ਹੈ ਅਤੇ ਜਦੋਂ ਉਹ ਵਸਤੂ ਉਸ ਤੋਂ ਦੂਰ ਕਰ ਦਿੱਤੀ ਜਾਂਦੀ ਹੈ ਤਾਂ ਤੁਰੰਤ ਉਸ ਦੀਆਂ ਗਿਆਨ ਇੰਦਰੀਆਂ ਉਸ ਵਸਤੂ ਦੇ ਨਾ ਹੋਣ ਦਾ ਅਨੁਭਵ ਕਰ ਲੈਂਦੀਆਂ ਹਨ।

• ਸੰਵੇਦੀ ਗਤੀਸ਼ੀਲਤਾ ਕਾਲ ਦਾ ਅੰਤ ਹੋਣ ਦੀ ਤਰਫ਼ ਬੱਚਾ ਆਪਣੇ ਚਾਰੋਂ ਤਰਫ਼ ਦੀਆਂ ਵਸਤੂਆਂ ਨੂੰ ਪਛਾਨਣ ਲੱਗਦਾ ਹੈ ਅਤੇ ਦੂਜਿਆਂ ਦੀਆਂ ਕਿਰਿਆਵਾਂ ਦੀ ਨਕਲ ਕਰ ਸਕਦਾ ਹੈ। ਅਤੇ ਇਸ ਤੋਂ ਬਾਅਦ ਦੀ ਅਵਸਥਾ 'ਤੇ ਬੱਚਾ ਕਿਸੇ ਵਸਤੂ ਜਾਂ ਕਿਰਿਆ ਨੂੰ ਦੇਖਣ ਤੋਂ ਬਾਅਦ ਉਸ ਦੀ ਗੈਰ ਮੌਜੂਦਗੀ ਵਿੱਚ ਵੀ ਉਸ ਦੀ ਨਕਲ ਕਰ ਸਕਦਾ ਹੇ। ਇਸ ਨਾਲ ਇਹ ਅਰਥ ਨਿਕਲਦਾ ਹੈ ਕਿ ਬੱਚਾ ਕਿਸੇ ਕਿਰਿਆ ਨੂੰ ਵੱਡੀ ਗੰਭੀਰਤਾ ਨਾਲ ਦੇਖਦਾ ਹੈ, ਉਸ ਨੂੰ ਸਮਝਦਾ ਹੈ ਅਤੇ ਉਸ ਤੋਂ ਬਾਅਦ ਉਸ ਦੀ ਨਕਲ ਕਰਦਾ ਹੈ। ਸੁਨਿਸ਼ਚਤ ਕਿਰਿਆ ਬੌਧਿਕਤਾ ਪੂਰਨ ਗਤੀਵਿਧੀ ਦਾ ਇੱਕ ਭਾਗ ਹੈ।

• ਪਾਏਗੈਂਟ 'ਕਾਰਜਸ਼ੀਲ ਕਾਲ' ਨੂੰ ਤਰਕਾਂ ਦੇ ਨਿਸ਼ਚਤ ਨਿਯਮਾਂ ਦੇ ਆਧਾਰ 'ਤੇ ਇੱਕ ਮਾਨਸਿਕ ਗਤੀਵਿਧੀ ਦੇ ਰੂਪ ਵਿੱਚ ਪਰਿਭਾਸ਼ਿਤ ਕਰਦੇ ਹਨ। ਪਾਏਗੈਂਟ ਅਨੁਸਾਰ 7 ਸਾਲ ਦੀ ਉਮਰ ਤੋਂ ਪਹਿਲਾਂ ਕਾਰਜਸ਼ੀਲ ਸੱਚ ਰੂਪ ਵਿੱਚ ਪ੍ਰਤੀਤ ਨਹੀਂ ਹੁੰਦਾ ਹੈ, ਪਰ ਭਾਸ਼ਾ ਦੀ ਯੋਗਤਾ ਦਾ ਵਿਕਾਸ ਹੋਣ ਨਾਲ ਬੱਚਾ ਪੂਰਵ ਕਾਰਜਸ਼ੀਲ ਕਾਲ ਦੌਰਾਨ ਗੈਰ ਕੁਦਰਤੀ ਤਰੀਕੇ ਨਾਲ ਸਿੱਟਾ ਕੱਢਣ ਦੀ ਕੋਸ਼ਿਸ਼ ਕਰਦਾ ਹੈ। ਇਹ ਤਰਕ ਸਮਰੱਥਾ ਮੁੱਖ ਰੂਪ ਨਾਲ ਤਰਕ, ਸਵੈ ਕੇਂਦਰਿਤ ਅਤੇ ਉਸ ਦੇ ਅੰਤਰ ਗਿਆਨ ਦੀ ਸਥਿਤੀ ਹੁੰਦੀ ਹੈ ਅਤੇ ਮੁੱਖ ਰੂਪ ਨਾਲ ਭਾਵਨਾਵਾਂ ਅਤੇ ਜੋਸ਼ ਨਾਲ ਸੰਚਾਲਿਤ ਹੁੰਦੀ ਹੈ।

• ਬੌਧਿਕਤਾ ਦੀ ਸ਼ੁਰੂਆਤ ਮੁੱਖ ਰੂਪ ਨਾਲ ਪੂਰਵ ਕਾਰਜਸ਼ੀਲ ਕਾਲ ਦੀ ਸਮਾਪਤੀ ਦੇ ਦੌਰਾਨ ਲਗਪਗ 6-7 ਸਾਲ ਦੀ ਉਮਰ 'ਤੇ ਹੁੰਦੀ ਦਿਖਾਈ ਦਿੰਦੀ ਹੈ। (ਸੰਜੋਗ ਨਾਲ ਇਹ ਸਮਾਂ ਸਕੂਲ ਜਾਣ ਦੀ ਸ਼ੁਰੂਆਤ ਦਾ ਸਮਾਂ ਹੁੰਦਾ ਹੈ।) ਇਹ ਠੋਸ ਕਾਰਜਸ਼ੀਲ ਕਾਲ 7-11 ਜਾਂ 12 ਸਾਲ ਦੀ ਉਮਰ ਦੇ ਦੌਰਾਨ ਦਾ ਸਮਾਂ ਹੈ ਜਿਸ ਵਿੱਚ ਬੱਚਾ ਪੂਰਵ ਤਰਕ ਨਾਲ ਬਣਾਏ ਗਏ ਵਿਚਾਰ ਨਾਲ ਤਰਕ ਪੂਰਨ ਸੋਚ ਦੇ ਰੂਪ ਵਿੱਚ ਇੱਕ ਬੁਨਿਆਦੀ ਮਹੱਤਵਪੂਰਨ ਤਬਦੀਲੀ ਕਰਦਾ ਹੈ ਅਤੇ ਜਿਨ੍ਹਾਂ ਨੂੰ ਅਸਲੀਅਤ, ਠੋਸ ਵਸਤੂਆਂ ਅਤੇ ਘਟਨਾਵਾਂ ਵਿੱਚ ਲਾਗੂ ਕਰਦਾ ਹੈ। ਇਸ ਕਾਲ ਦੌਰਾਨ ਠੋਸ ਵਸਤੂਆਂ ਅਤੇ ਘਟਨਾਵਾਂ ਵਿੱਚ ਹੱਥ ਤੋਂ ਕਾਰਜ ਕਰਨ ਦੇ ਨਾਲ ਤਿੰਨ ਮਹੱਤਵਪੂਰਨ ਮਾਨਸਿਕ ਯੋਗਤਾਵਾਂ ਦਾ ਵਿਕਾਸ ਹੁੰਦਾ ਹੈ। ਉਹ ਹੈ, ਸੰਭਾਲ, ਵਰਗੀਕਰਨ ਅਤੇ ਕ੍ਰਮਬੱਧਤਾ।

ਸੰਭਾਲ ਤੋਂ ਅਰਥ ਹੈ ਕਿ ਕੋਈ ਵੀ ਸੰਖਿਆ ਜਾਂ ਮਾਤਰਾ ਉਦੋਂ ਤੱਕ ਨਹੀਂ ਬਦਲੀ ਜਾ ਸਕਦੀ ਜਦੋਂ ਤੱਕ ਕਿ ਉਸ ਵਿੱਚ ਕੁਝ ਜੋੜਿਆ ਜਾਂ ਘਟਾਇਆ ਨਹੀਂ ਜਾਂਦਾ ਚਾਹੇ ਵਸਤੂਆਂ ਜਾਂ ਵਸਤੂਆਂ ਦੇ ਭੰਡਾਰ ਦੀ ਸਥਿਤੀ ਜਾਂ ਸਥਾਨ ਬਦਲਦਾ ਰਹੇ। ਉਦਾਹਰਨ- ਸੰਖਿਆਵਾਂ ਦੀ ਸੰਭਾਲ ਦੀ ਜਾਂਚ ਨੂੰ, ਮੋਤੀਆਂ ਦੇ ਦੋ ਢੇਰਾਂ ਰਾਹੀਂ ਸਮਝਾਇਆ ਜਾ ਸਕਦਾ ਹੈ ਜੋ ਹੇਠ ਦਿੱਤੇ ਗਏ ਹਨ-



(ਏ) (ਬੀ)

ਚਿੱਤਰ .1 ਮੋਤੀਆਂ ਦੀ ਵਿਵਸਥਾ

ਜੇਕਰ ਮੋਤੀਆਂ ਦੀਆਂ ਇਨ੍ਹਾਂ ਦੋ ਵਿਵਸਥਾਵਾਂ ਨੂੰ ਪੂਰਵ ਕਾਰਜਸ਼ੀਲ ਕਾਲ ਵਿੱਚ ਬੱਚਿਆਂ ਨੂੰ ਦਿਖਾਇਆ ਜਾਂਦਾ ਹੈ ਤਾਂ ਲਗਪਗ ਸਾਰੇ ਬੱਚੇ ਢੇਰ (ਬੀ) ਵਿੱਚ ਜ਼ਿਆਦਾ ਮੋਤੀ ਦੱਸਣਗੇ ਕਿਉਂਕਿ ਅਜੇ ਤੱਕ ਉਨ੍ਹਾਂ ਦੀ ਸੰਖਿਆ ਨੂੰ ਸੰਭਾਲਣ ਦੀ ਯੋਗਤਾ ਦਾ ਵਿਕਾਸ ਨਹੀਂ ਹੋਇਆ ਹੈ। ਖੇਤਰਫਲ, ਮਾਤਰਾ ਅਤੇ ਪੁੰਜ ਆਦਿ ਸਮਾਨ ਸੰਭਾਲ ਕਿਰਿਆਵਾਂ ਇਹੀ ਦੱਸਦੀਆਂ ਹਨ ਕਿ ਇਸ ਯੋਗਤਾ ਦਾ ਵਿਕਾਸ ਬੱਚਿਆਂ ਵਿੱਚ ਠੋਸ ਕਾਰਜਸ਼ੀਲ ਕਾਲ ਵਿੱਚ ਹੀ ਹੁੰਦਾ ਹੈ।

**ਵਰਗੀਕਰਨ** ਵਸਤੂਆਂ ਦੀ ਸਮਾਨਤਾ ਅਤੇ ਵਿਭਿੰਨਤਾ ਦੇ ਅਨੁਸਾਰ ਸਮੂਹੀਕਰਨ ਕਰਨਾ ਵਰਗੀਕਰਨ ਕਹਾਉਂਦਾ ਹੈ। ਇਸ ਵਿੱਚ ਵਸਤੂਆਂ ਦੀਆਂ ਵਿਭਿੰਨ ਵਿਸ਼ੇਸ਼ਤਾਵਾਂ ਜਿਵੇਂ ਆਕਾਰ, ਆਕ੍ਰਿਤੀ ਰੰਗ, ਵਜ਼ਨ, ਉਪਯੋਗ, ਸਮੱਗਰੀ ਆਦਿ ਤੁਲਨਾਵਾਂ ਵਰਗੀਕਰਨ ਵਿੱਚ ਸ਼ਾਮਲ ਹੁੰਦੀਆਂ ਹਨ। ਇੱਕ ਪੂਰਵ ਕਾਰਜਸ਼ੀਲ ਕਾਲ ਵਿੱਚ ਬੱਚਾ ਵਸਤੂਆਂ ਦਾ ਵਰਗੀਕਰਨ ਕਰਨ ਦੇ ਯੋਗ ਨਹੀਂ ਹੁੰਦਾ ਹੈ ਅਤੇ ਇੱਕ ਹੀ ਸਮੇਂ ਵਿੱਚ ਦੋ ਵਸਤੂਆਂ ਤੋਂ ਜ਼ਿਆਦਾ ਦੀ ਤੁਲਨਾ ਨਹੀਂ ਕਰ ਸਕਦਾ ਹੈ।

**ਕ੍ਰਮਬੱਧਤਾ** ਇੱਕ ਸਮਾਨ ਵਸਤੂਆਂ ਨੂੰ ਇੱਕ ਨਿਸ਼ਚਤ ਕ੍ਰਮ ਵਿੱਚ ਵਿਵਸਥਿਤ ਕਰਨ ਦੀ ਯੋਗਤਾ (ਵਧਦੇ ਜਾਂ ਘਟਦੇ ਕ੍ਰਮ ਵਿੱਚ) ਕ੍ਰਮਬੱਧਤਾ ਕਹਾਉਂਦੀ ਹੈ।

ਇਨ੍ਹਾਂ ਤਿੰਨਾਂ ਤੋਂ ਇਲਾਵਾ ਸੰਖਿਆਵਾਂ ਨੂੰ ਸਮਝਣ ਦੀ ਯੋਗਤਾ ਵਰਗੀਕਰਨ ਅਤੇ ਕ੍ਰਮਬੱਧਤਾ ਦਾ ਪ੍ਰਤੱਖ ਉਤਪਾਦ ਹੈ ਜੋ ਠੋਸ ਕਾਰਜਸ਼ੀਲ ਕਾਲ ਦੇ ਦੌਰਾਨ ਵਿਕਸਤ ਹੁੰਦਾ ਹੈ।

• ਰਸਮੀ ਕਾਰਜਸ਼ੀਲ ਕਾਲ ਦੀ ਅਵਸਥਾ ਬੌਧਿਕ ਵਿਕਾਸ ਦੀ ਅੰਤਿਮ ਵਿਵਸਥਾ ਹੈ। ਇਹ ਇਸ ਲਈ ਰਸਮੀ ਹੈ ਕਿਉਂਕਿ ਜਿਨ੍ਹਾਂ ਮਾਮਲਿਆਂ ਨਾਲ ਬੱਚਾ ਹੁਣ ਤੱਕ ਸਬੰਧਿਤ ਹੋ ਸਕਦਾ ਹੈ, ਉਹ ਮੁੱਖ ਰੂਪ ਨਾਲ ਕਾਲਪਨਿਕ ਜਾਂ ਪਰਿਕਲਪਨਾ 'ਤੇ ਆਧਾਰਿਤ ਅਤੇ ਠੋਸ ਵਸਤੂਆਂ ਅਤੇ ਘਟਨਾਵਾਂ ਤੋਂ ਆਜ਼ਾਦ ਅਤੇ ਅਮੂਰਤ ਹੈ। ਇਸ ਅਵਸਥਾ ਵਿੱਚ ਸੋਚਣ ਦੀ ਪ੍ਰਕਿਰਿਆ ਵਿੱਚ ਵਨਨਬੱਧ ਤਰਕ ਸ਼ਾਮਲ ਹੁੰਦੇ ਹਨ ਜਿਵੇਂ 'ਜੇਕਰ, ਉਦੋਂ..' ਕੁਝ ਇਸ ਪ੍ਰਕਾਰ ਦੇ ਤਰਕ ਜ਼ਿਵੇਂ 'ਜੇਕਰ ਏ > ਬੀ ਤੋਂ ਅਤੇ ਬੀ>ਸੀ ਤੋਂ, ਉਦੋਂ ਏ ਅਤੇ ਸੀ ਦੇ ਵਿਚਕਾਰ ਸਬੰਧ ਕੀ ਹੈ ? ਇਸ ਪ੍ਰਕਾਰ ਦੀਆਂ ਸਮੱਸਿਆਵਾਂ ਜਿਨ੍ਹਾਂ ਵਿੱਚ ਅੰਮ੍ਰਿਤ ਅਤੇ ਵਚਨਬੱਧ ਤਰਕ ਸ਼ਾਮਲ ਹਨ, ਬੱਚਾ ਠੋਸ ਕਾਰਜਸ਼ੀਲ ਕਾਲ ਵਿੱਚ ਹੱਲ ਨਹੀਂ ਕਰ ਸਕਦਾ ਹੈ।

ਲੇਵ ਵਿਜੋਸਕੀ ਇੱਕ ਪ੍ਰਸਿੱਧ ਰੂਸੀ ਮਨੋਵਿਗਿਆਨੀ ਨੇ ਬੌਧਿਕ ਵਿਕਾਸ ਦੇ ਆਪਣੇ ਸਿਧਾਂਤਾਂ ਵਿੱਚ ਆਪਣੇ ਦੋ ਤੱਤਾਂ ਨੂੰ ਸ਼ਾਮਲ ਕੀਤਾ। ਉਸ ਨੇ ਬੌਧਿਕ ਵਿਕਾਸ 'ਤੇ ਸੰਸਕ੍ਰਿਤੀ ਅਤੇ ਭਾਸ਼ਾ ਦੇ ਪ੍ਰਭਾਵ 'ਤੇ ਜ਼ੋਰ ਦਿੱਤਾ। ਉਸ ਅਨੁਸਾਰ ਸੰਸਕ੍ਰਿਤੀ ਤੋਂ ਬਿਨਾਂ ਸਾਡਾ ਦਿਮਾਗੀ ਕਾਰਜ ਇੱਕ ਬਾਂਦਰ ਦੇ ਸਮਾਨ ਸ਼ੁਰੂਆਤੀ ਮਾਨਸਿਕ ਕਿਰਿਆਵਾਂ ਤੱਕ ਸੀਮਤ ਹੈ। ਸੰਸਕ੍ਰਿਤੀ ਅਤੇ ਇੱਕ ਸਵੱਸਥ ਵਿਕਸਤ ਭਾਸ਼ਾ ਦੇ ਤੱਤਾਂ ਦੇ ਨਾਲ ਡੂੰਘੀ ਪਰਸਪਰ ਕਿਰਿਆ ਨਾਲ, ਅਸੀਂ ਉੱਚ ਮਾਨਸਿਕ ਕਿਰਿਆਵਾਂ ਜਿਵੇਂ ਸੋਚਣ, ਤਰਕ ਕਰਨਾ, ਯਾਦ ਕਰਨਾ ਆਦਿ ਇਸ ਪ੍ਰਕਾਰ ਦੀਆਂ ਕਿਰਿਆਵਾਂ ਦੇ ਯੋਗ ਬਣ ਜਾਂਦੇ ਹਨ।

ਅੱਗੇ ਵਿਜੋਸਕੀ ਵਰਣਨ ਕਰਦੇ ਹਨ ਕਿ ਬੱਚਾ ਭਾਸ਼ਾਈ ਕਾਰਜ ਦੇ ਵਿਕਾਸ ਵਿੱਚ ਤਿੰਨ ਅਵਸਥਾਵਾਂ ਤੋਂ ਗੁਜ਼ਰਦਾ ਹੈ:

(1) ਸਮਾਜਿਕ (ਬਾਹਰੀ) ਭਾਸ਼ਣ– (3 ਜਾਂ 4 ਸਾਲ ਦੀ ਉਮਰ ਤੋਂ ਪਹਿਲਾਂ) ਦੂਜਿਆਂ ਨੂੰ ਨਿਯੰਤਰਣ ਕਰਨ ਲਈ ਵਿਸਥਾਰਤ ਰੂਪ ਨਾਲ ਉਪਯੋਗ ਜਾਂ ਆਮ ਧਾਰਨਾ ਦਾ ਪ੍ਰਗਟਾਵਾ।

(2) ਅਹੰਕਾਰ ਕੇਂਦਰਿਤ ਭਾਸ਼ਣ– (3 ਤੋਂ 7 ਸਾਲ ਦੀ ਉਮਰ ਤੱਕ)–ਇਸ ਵਿੱਚ ਬੱਚਾ ਅਕਸਰ ਆਪਣੇ ਬਾਰੇ ਵਿੱਚ ਗੱਲ ਕਰਦਾ ਹੈ ਅਤੇ ਉੱਚੀ ਆਵਾਜ਼ ਵਿੱਚ ਬੋਲਦਾ ਹੈ। ਇਸ ਵਿੱਚ ਬੱਚਾ ਖੁਦ ਆਪਣੇ ਵਿਵਹਾਰ ਨੂੰ ਨਿਯੰਤਰਿਤ ਅਤੇ ਨਿਰਦੇਸ਼ਤ ਕਰਨ ਦੀ ਭੂਮਿਕਾ ਨਿਭਾਉਂਦਾ ਹੈ।

(3) ਅੰਦਰੂਨੀ ਮਨ ਦੇ ਅੰਦਰ ਭਾਸ਼ਣ (7 ਸਾਲ ਤੋਂ ਉੱਪਰ ਦੀ ਉਮਰ) ਇਹ ਇੱਕ ਬਿਨਾਂ ਬੋਲਿਆ ਹੋਇਆ ਸੰਵਾਦ ਹੁੰਦਾ ਹੈ ਜੋ ਵਿਚਾਰਾਂ ਅਤੇ ਵਿਵਹਾਰ ਨੂੰ ਨਿਯੰਤਰਿਤ ਕਰਦਾ ਹੈ।

ਵਿਜੋਸਕੀ ਸਕੂਲਾਂ ਵਿੱਚ ਭਾਸ਼ਾ ਸਬੰਧੀ ਗਤੀਵਿਧੀਆਂ ਅਤੇ ਕਲਾਸ ਵਿੱਚ ਅੰਦਰ ਜਾਂ ਬਾਹਰ ਪਾਠਕ੍ਰਮ ਦੀ ਪਰਸਪਰ ਕਿਰਿਆ ਵਿੱਚ ਸੰਸਕ੍ਰਿਤਕ ਤੱਤਾਂ ਨੂੰ ਸ਼ਾਮਲ ਕਰਨ ਦਾ ਮਜ਼ਬੂਤੀ ਨਾਲ ਤਰਕ ਦਿੰਦਾ ਹੈ।

ਜਦੋਂ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੇ ਬਾਰੇ ਵਿੱਚ ਵਿਚਾਰ ਕਰਦੇ ਹਾਂ ਤਾਂ ਉਨ੍ਹਾਂ ਵਿੱਚੋਂ ਜ਼ਿਆਦਾ ਬੱਚੇ ਠੋਸ ਕਾਰਜਸ਼ੀਲ ਕਾਲ ਦੇ ਹੁੰਦੇ ਹਨ ਅਤੇ ਜੋ ਉੱਚ ਪ੍ਰਾਇਮਰੀ ਸਕੂਲ ਦੇ ਬੱਚੇ ਹੁੰਦੇ ਹਨ ਉਹ ਰਸਮੀ ਕਾਰਜਸ਼ੀਲ ਕਾਲ ਦੇ ਹੁੰਦੇ ਹਨ। ਇਸ ਲਈ ਤੁਹਾਨੂੰ ਆਪਣੀਆਂ ਅਧਿਆਪਨ ਰਣਨੀਤੀਆਂ ਨੂੰ ਵਿਕਸਤ ਕਰਨ ਦੀ ਲੋੜ ਹੈ ਜਿਸ ਨਾਲ ਬੱਚਿਆਂ ਦਾ ਬੌਧਿਕ ਵਿਕਾਸ ਸੁਨਿਸ਼ਚਤ ਹੋਵੇ। ਨਿਮਨਲਿਖਤ ਕੁਝ ਗੱਲਾਂ ਧਿਆਨ ਦੇਣ ਯੋਗ ਹਨ:–

• ਤੁਹਾਡੀ ਅਧਿਆਪਕ ਰਣਨੀਤੀ ਵਿੱਚ ਇੱਕ ਚੰਗਾ ਅਨੁਕੂਲ ਸੰਤੁਲਨ ਬਣਾਉਣ ਦੀ ਲੋੜ ਹੈ (ਭਾਸ਼ਾ ਵਿੱਚ ਪਾਏਗੈਂਟ ਦਾ 'ਸੰਤੁਲਨ') ਪੂਰਵ ਅਨੁਭਵਾਂ, ਪੁਰਾਣੀ ਸਿਖਲਾਈ ਅਤੇ ਵਿਵਹਾਰ ਦੇ ਵਿਚਕਾਰ ਸੰਤੁਲਨ ਦੇ ਰੂਪ ਵਿੱਚ ਧਾਰਨ ਕਰਨਾ ਅਤੇ ਨਵੇਂ ਪਰਿਵਰਤਨ ਨੂੰ ਬਣਾਉਣਾ, ਇਸ ਪ੍ਰਕਾਰ ਸੰਤੁਲਨ ਕਾਇਮ ਰੱਖਣਾ ਬਾਲਕ ਨੂੰ ਵਿਵਹਾਰ ਅਤੇ ਕਿਰਿਆਵਾਂ ਵਿੱਚ ਤਬਦੀਲੀ ਦੇ ਸਤੁੰਲਨ ਵਿੱਚ ਮਦਦ ਕਰਦਾ ਹੈ।

• ਸਿਖਲਾਈ ਅਨੁਭਵ ਪ੍ਰਦਾਨ ਕਰਦੇ ਹੋਏ ਬੱਚਿਆਂ ਦੇ ਪਰਿਪੱਕਤਾ ਪੱਧਰ ਨੂੰ ਵੀ ਪਛਾਨਣ ਦੀ ਲੋੜ ਹੈ। ਪਰਿਪੱਕਤਾ ਜਨਮਜਾਤ ਗੁਣਾਂ ਨੂੰ ਨਿਖਾਰਦੀ ਹੈ ਜੋ ਸਾਨੂੰ ਢੁਕਵੀਂ ਸਿਖਲਾਈ ਸਾਧਨ ਜੁਟਾਉਣ ਵਿੱਚ ਮਦਦ ਕਰਦੀ ਹੈ। ਤੁਸੀਂ ਬੱਚੇ ਨੂੰ ਉਦੋਂ ਤੱਕ ਉੱਚੀ ਆਵਾਜ਼ ਵਿੱਚ ਗੀਤ ਗਾਉਣ ਲਈ ਨਹੀਂ ਕਹਿ ਸਕਦੇ ਜਦੋਂ ਤੱਕ ਕਿ ਉਸ ਦੇ ਗਾਉਣ ਦੇ ਅੰਗ ਵਿਕਸਤ ਨਹੀਂ ਹੋ ਜਾਂਦੇ ਜੋ ਕਿ ਪਰਿਪੱਕਤਾ ਦੇ ਦੌਰਾਨ ਹੀ ਹੁੰਦੇ ਹਨ।

• ਬੌਧਿਕ ਵਿਕਾਸ ਬੱਚਿਆਂ ਦੀਆਂ ਰੋਜ਼ਾਨਾ ਦੀਆਂ ਕਿਰਿਆਵਾਂ, ਅਸਲ ਵਸਤੂਆਂ ਅਤੇ ਘਟਨਾਵਾਂ ਦੇ ਅਨੁਭਵ 'ਤੇ ਆਧਾਰਿਤ ਹੈ। ਇਸ ਲਈ ਬੱਚਿਆਂ ਦੇ ਸਰੀਰਿਕ ਅਤੇ ਮਾਨਸਿਕ, ਸੱਚੀਆਂ ਘਟਨਾਵਾਂ ਅਤੇ ਵਸਤੂਆਂ ਨਾਲ ਸਬੰਧਿਤ ਬਹੁਤ ਸਾਰੀਆਂ ਕਿਰਿਆਵਾਂ ਲਈ ਸਾਧਨ ਜੁਟਾਉਣ ਵਿੱਚ ਮਦਦ ਕਰਦੀ ਚਾਹੀਦੀ ਹੈ, ਵਿਸ਼ੇਸ਼ ਰੂਪ ਨਾਲ ਰਸਮੀ ਕਾਰਜਸ਼ੀਲ ਅਵਸਥਾ ਤੋਂ ਪਹਿਲਾਂ।

• ਸਮਾਜਿਕ ਪਰਸਪਰ ਕਿਰਿਆ ਦੂਜਿਆਂ ਦੇ ਅਤੇ ਖੁਦ ਦੇ ਵਿਚਾਰ ਜਾਣਨ ਲਈ ਜ਼ਰੂਰੀ ਹੈ। ਇਸ ਪ੍ਰਕਾਰ ਦੀਆਂ ਪਰਸਪਰ ਕਿਰਿਆਵਾਂ ਜ਼ਿਆਦਾਤਰ ਸ਼ਬਦੀ ਭਾਸ਼ਾ ਯੋਗਤਾ ਦੇ ਵਿਕਾਸ ਵਿੱਚ ਮਦਦ ਕਰਦੀ ਹੈ ਅਤੇ ਸਬੰਧਾਂ ਨੂੰ ਸਮਝਣ ਵਿੱਚ ਵੀ ਸਹਾਇਕ ਹੁੰਦੀ ਹੈ। ਇਹ ਦੋਨੋਂ ਹੀ ਬੌਧਿਕ ਵਿਕਾਸ ਲਈ ਮਹੱਤਵਪੂਰਨ ਹਨ।

• ਇੱਕ ਅਧਿਆਪਕ ਲਈ ਬੱਚਿਆਂ ਨੂੰ ਸਮਝਣਾ ਜ਼ਰੂਰੀ ਹੈ। ਜਦੋਂ ਬੱਚਾ ਪਹਿਲਾਂ ਦਿੱਤੀ ਗਈ ਆਕ੍ਰਿਤੀ (ਏ) ਵਿੱਚ ਕਹਿੰਦਾ ਹੈ ਕਿ ਆਕ੍ਰਿਤੀ (ਬੀ) ਵਿੱਚ ਜ਼ਿਆਦਾ ਮੋਤੀ ਹਨ, ਅਸੀਂ ਬੱਚੇ ਦੇ ਭਾਵ ਨੂੰ ਸਪੱਸ਼ਟ ਨਹੀਂ ਸਮਝ ਸਕਦੇ ਅਤੇ ਇਹ ਫੈਸਲਾ ਕਰਨਾ ਵੀ ਠੀਕ ਨਹੀਂ ਹੈ ਕਿ ਉਸ ਨੇ ਕੋਈ ਗਲਤੀ ਕੀਤੀ ਹੈ। ਇਸ ਲਈ ਸਾਨੂੰ ਇਹ ਜਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਬੱਚਾ ਉਸ ਨੂੰ ਠੀਕ ਤਰ੍ਹਾਂ ਕਿਉਂ ਨਹੀਂ ਸਮਝਦਾ ਤਾਂ ਸ਼ਾਇਦ ਅਸੀਂ ਯੋਗਤਾਵਾਂ ਨੂੰ ਬਿਹਤਰ ਤਰੀਕੇ ਨਾਲ ਸਮਝ ਸਕਾਂਗੇ, ਬਲਕਿ ਸਿੱਧੇ ਸਾਦੇ ਸਹੀ ਉੱਤਰ ਸੁਝਾਉਣ ਦੇ। ਇਸ ਵਿਧੀ ਨਾਲ ਅਸੀਂ

ਬੱਚਿਆਂ ਦੀਆਂ ਸਮਰੱਥਾਵਾਂ ਅਤੇ ਕਮੀਆਂ ਨੂੰ ਜਾਣ ਸਕਾਂਗੇ ਅਤੇ ਬੱਚਿਆਂ ਦੇ ਮਾਨਸਿਕ ਵਿਕਾਸ ਵਿੱਚ ਢੁਕਵੀਆਂ ਰਣਨੀਤੀਆਂ ਦੇ ਸਕਾਂਗੇ।

• ਭਾਸ਼ਾ ਸਾਡੇ ਵਿਚਾਰਾਂ ਨੂੰ ਪ੍ਰਗਟਾਉਣ ਦਾ ਮੁੱਢਲਾ ਸੰਕੇਤ ਹੈ। ਇਸ ਲਈ ਬੱਚਿਆਂ ਨੂੰ ਬੋਲਣ ਦੇ ਜ਼ਿਆਦਾ ਅਵਸਰ ਪ੍ਰਦਾਨ ਕਰਨਾ ਉਨ੍ਹਾਂ ਦੇ ਬੌਧਿਕ ਵਿਕਾਸ ਵਿੱਚ ਹੀ ਸਹਾਇਕ ਨਹੀਂ ਹੈ ਬਲਕਿ ਉਨ੍ਹਾਂ ਦੇ ਪ੍ਰਗਟਾਵੇ ਰਾਹੀਂ ਉਨ੍ਹਾਂ ਦੇ ਵਿਚਾਰਾਂ ਨੂੰ ਸਮਝਣ ਵਿੱਚ ਵੀ ਸਹਾਇਤਾ ਮਿਲਦੀ ਹੈ।

**ਈ 13. ਸਾਨੂੰ ਬੱਚਿਆਂ ਨੂੰ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਨ ਲਈ ਜ਼ਿਆਦਾ ਅਧਿਆਪਨ ਸਿਖਲਾਈ ਸਮੱਗਰੀ ਕਿਉਂ ਪ੍ਰਦਾਨ ਕਰਨੀ ਚਾਹੀਦੀ ਹੈ?**

————————————————————————

————————————————————————

**ਈ 14. ਬੱਚਿਆਂ ਦੇ ਬੌਧਿਕ ਵਿਕਾਸ ਲਈ ਸਮੂਹ ਸਿਖਲਾਈ ਦਾ ਕੀ ਮਹੱਤਵ ਹੈ?**

————————————————————————

————————————————————————

### 1.4.3 ਅਨੁਭਵ ਨਿਰਮਾਣ ਲਈ ਅਧਿਆਪਨ

ਇੱਕ ਵਿਦਿਆਰਥੀ ਆਪਣੇ ਗਿਆਨ ਦਾ ਨਿਰਮਾਣ ਆਪਣੇ ਵਾਤਾਵਰਣ ਨਾਲ ਪਰਸਪਰ ਕਿਰਿਆ ਦੇ ਆਧਾਰ 'ਤੇ ਕਰਦਾ ਹੈ। ਸੰਰਚਨਾਤਮਕ ਸਿਖਲਾਈ ਦੇ ਆਧਾਰ 'ਤੇ ਦੋ ਪੂਰਵ ਅਨੁਮਾਨ ਨਿਮਨਲਿਖਤ ਹਨ–

• ਵਾਤਾਵਰਣ ਨਾਲ ਬੱਚੇ ਦੀ ਸਰਗਰਮੀ ਨਾਲ ਹੀ ਗਿਆਨ ਦੀ ਸੰਰਚਨਾ ਹੁੰਦੀ ਹੈ ਨਾ ਕਿ ਗੈਰ ਸਰਗਰਮੀ ਨਾਲ।

• ਵਾਤਾਵਰਣ ਤੋਂ ਪ੍ਰਾਪਤ ਬੱਚੇ ਦੇ ਅਨੁਭਵਾਂ ਰਾਹੀਂ ਲਗਾਤਾਰ ਰੁਪਾਂਤਰਿਤ ਅਤੇ ਸਵੀਕਾਰ ਆਧਾਰਿਤ ਪ੍ਰਕਿਰਿਆ, ਜਾਣਨ ਲਈ ਆਉਣਾ ਹੈ।

ਇਹ ਧਿਆਨ ਰੱਖੋ ਕਿ ਨਵੀਂ ਚੀਜ਼ ਨੂੰ ਸਿੱਖਣ ਵਿੱਚ ਬੱਚੇ ਦਾ ਅਨੁਭਵ ਮਹੱਤਵਪੂਰਨ ਸਥਾਨ ਰੱਖਦਾ ਹੈ। ਇੱਕ ਸਮੱਸਿਆ ਸਥਿਤੀ ਨੂੰ ਹੱਲ ਕਰਨ ਦੇ ਕ੍ਰਮ ਵਿੱਚ ਅਤੇ ਨਵੇਂ ਅਨੁਭਵਾਂ ਦੀ ਸੰਰਚਨਾ ਵਿੱਚ ਜਾਂ ਨਵੇਂ ਗਿਆਨ ਨੂੰ ਪ੍ਰਾਪਤ ਕਰਨ ਵਿੱਚ ਬੱਚਾ ਇਕੱਲਾ ਹੀ ਪੂਰਵ ਅਨੁਭਵਾਂ ਨੂੰ ਰੁਪਾਂਤਰਿਤ ਕਰ ਸਕਦਾ ਹੈ, ਪਰ ਗਿਆਨ ਦੇ ਨਿਰਮਾਣ ਦੀ ਇਹ ਪ੍ਰਕਿਰਿਆ ਕਿਵੇਂ ਹੁੰਦੀ ਹੈ?

ਗਿਆਨ ਦੇ ਨਿਰਮਾਣ ਦੀ ਇਹ ਪ੍ਰਕਿਰਿਆ ਨਿਮਨਲਿਖਤ ਪ੍ਰਕਾਰ ਨਾਲ ਹੁੰਦੀ ਹੈ–

• ਨਵੇਂ ਵਿਚਾਰਾਂ ਨੂੰ ਪੂਰਵ ਗਿਆਨ/ਅਨੁਭਵਾਂ ਨਾਲ ਜੋੜਨਾ ਨਵੇਂ ਗਿਆਨ ਨੂੰ ਪੈਦਾ ਕਰਨਾ ਹੈ। ਜੇਕਰ ਕੋਈ ਵਸਤੂਆਂ ਦੀ ਗਿਣਤੀ ਜਾਣਦਾ ਹੈ ਤਾਂ ਉਹ ਉਸ ਨੂੰ ਜੋੜਨਾ ਸਿੱਖਣ ਵਿੱਚ ਪ੍ਰਯੋਗ ਕਰ ਸਕਦਾ ਹੈ, ਪਰ ਇਸ ਅਵਸਥਾ ਵਿੱਚ ਸਿੱਧੇ ਪ੍ਰਤੀਸ਼ਤ ਨਹੀਂ ਸਿੱਖ ਸਕਦਾ। ਆਪਣੇ ਨਜ਼ਦੀਕ ਵਾਤਾਵਰਣ ਵਿੱਚ ਬਹੁਤ ਸਾਰੀਆਂ ਘਟਨਾਵਾਂ ਅਤੇ ਵਸਤੂਆਂ ਨਾਲ ਖੇਡਦੇ ਹੋਏ ਵਿਅਕਤੀ ਆਪਣੇ ਮਾਨਸਿਕ ਪ੍ਰਤੀਬਿੰਬ ਦਾ ਵਿਕਾਸ ਕਰਦਾ ਹੈ ਅਤੇ ਜਦੋਂ ਕਦੇ ਉਸ ਦਾ ਨਵੀਂ ਵਸਤੂ ਨਾਲ ਪਾਲਾ ਪੈਂਦਾ ਹੈ ਤਾਂ ਉਹ ਪਹਿਲਾਂ ਤੋਂ ਪ੍ਰਾਪਤ ਗਿਆਨ ਦੇ ਆਧਾਰ 'ਤੇ ਇਸ ਦੀ ਵਿਆਖਿਆ ਕਰਦਾ ਹੈ।

• ਧਾਰਨਾਵਾਂ ਦੇ ਆਪਸੀ ਸਹਿ ਸਬੰਧਾਂ ’ਤੇ ਧਿਆਨ ਕੇਂਦਰਿਤ ਕਰਨ ਨਾਲ ਨਵੇਂ ਵਿਚਾਰਾਂ ਅਤੇ ਗਿਆਨ ਦਾ ਨਿਰਮਾਣ ਹੁੰਦਾ ਹੈ। ਜੇਕਰ ਸਬੰਧਿਤ ਧਾਰਨਾਵਾਂ ਦੇ ਵਿਚਕਾਰ ਸਮਾਨਤਾ ਅਤੇ ਅਸਮਾਨਤਾ ਦੇ ਸਬੰਧ ਨੂੰ ਸਥਾਪਿਤ ਕਰ ਸਕੇ ਤਾਂ ਨਵੀਆਂ ਵਸਤੂਆਂ ਦੀ ਸਿਖਲਾਈ ਅਤੇ ਸੁਵਿਧਾਜਨਕ ਅਤੇ ਸਾਰਥਿਕ ਹੋ ਜਾਏਗੀ।

• ਸਿਖਲਾਈ ਦੀ ਸ਼ੁਰੂਆਤੀ ਅਵਸਥਾ ਵਿੱਚ ਮਾਨਸਿਕ ਪ੍ਰਤੀਬਿੰਬ ਬਣਾਉਣਾ ਆਪਸੀ ਸਬੰਧਾਂ ਦੀ ਮੁੱਖ ਪ੍ਰਕਿਰਿਆ ਹੈ। ਮੰਨ ਲਓ, ਬੱਚਾ ਇੱਕ ਨਵੀਂ ਵਸਤੂ ਜੋ ਸੰਤਰੇ ਨਾਲ ਮਿਲਦੀ ਜੁਲਦੀ ਹੈ, ਨੂੰ ਦੇਖਦਾ ਹੈ। ਅਤੇ ਕੁਝ ਦੇਰ ਬਾਅਦ ਜੇਕਰ ਉਹ ਨਵੀਂ ਵਸਤੂ ਦਾ ਸਬੰਧ ਸੰਤਰੇ ਨਾਲ ਨਹੀਂ ਜੋੜ ਸਕਿਆ ਤਾਂ ਉਹ ਆਪਣੇ ਵਿੱਚ ਪ੍ਰਤੀਬਿੰਬ ਬਣਾ ਲੈਂਦਾ ਹੈ ਅਤੇ ਕੁਝ ਦੇਰ ਬਾਅਦ ਉਹੀ ਵਸਤੂ ਉਸ ਲਈ ਨਵੀਂ ਹੋ ਜਾਂਦੀ ਹੈ। ਇਸ ਲਈ ਦੂਜੇ ਸ਼ਬਦਾਂ ਵਿੱਚ ਮਾਨਸਿਕ ਪ੍ਰਤੀਬਿੰਬ ਬਣਾਉਣਾ ਹੀ ਗਿਆਨ ਨਿਰਮਾਣ ਹੈ।

• ਸਮਾਜਿਕ ਸਮੂਹਾਂ ਵਿੱਚ ਪਰਸਪਰ ਕਿਰਿਆ ਅਤੇ ਸਮਾਜਿਕ ਵਿਸ਼ਾ, ਸਿਖਲਾਈ ਨੂੰ ਸਾਰਥਿਕ ਬਣਾਉਣ ਵਿੱਚ ਸਹਾਇਕ ਹੁੰਦੇ ਹਨ। ਸਮਾਜਿਕ ਪਰਸਪਰ ਕਿਰਿਆ ਬੱਚੇ ਨੂੰ ਵਿਭਿੰਨ ਸੰਸਾਰਿਕ ਅਸਲ ਸਮੱਸਿਆਵਾਂ ਨੂੰ ਸਮਝਣ ਵਿੱਚ ਮਦਦ ਕਰਦੀ ਹੈ, ਉਹ ਪ੍ਰਸ਼ਨ ਪੁੱਛਦਾ ਹੈ, ਦੂਜਿਆਂ ਦੇ ਪ੍ਰਸ਼ਨਾਂ ਦਾ ਉੱਤਰ ਦਿੰਦਾ ਹੈ, ਸਮੱਸਿਆ ’ਤੇ ਧਿਆਨ ਕੇਂਦਰਿਤ ਕਰਦਾ ਹੈ, ਸਮੱਸਿਆ ਦੀ ਬਹੁਪੱਖੀ ਵਿਆਖਿਆ ਦੇ ਬਾਰੇ ਵਿੱਚ ਸਮਝਦਾ ਹੈ, ਅਤੇ ਇਸ ਲਈ ਸਮੱਸਿਆ ਦਾ ਸੰਪੂਰਨ ਮਾਨਸਿਕ ਸਵਰੂਪ ਬਣਾ ਕੇ ਉਸ ਸਮੱਸਿਆ ਦਾ ਮਾਨਸਿਕ ਰੂਪ ਨਾਲ ਸਮਾਧਾਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਪ੍ਰਕਾਰ ਸਮੱਸਿਆ ਦੇ ਵਿਭਿੰਨ ਪਹਿਲੂਆਂ ਨੇ ਮਾਨਸਿਕ ਚਿੱਤਰਣ ਦੇ ਫਲਸਰੂਪ ਸਮਾਧਾਨ ਨਵੇਂ ਗਿਆਨ ਦੇ ਨਿਰਮਾਣ ਦੇ ਰੂਪ ਵਿੱਚ ਨਿਕਲਦਾ ਹੈ।

ਤੁਹਾਡੇ ਵਿਦਿਆਰਥੀਆਂ ਦੇ ਗਿਆਨ ਦੇ ਨਿਰਮਾਣ ਵਿੱਚ ਅਧਿਆਪਕ ਦੇ ਰੂਪ ਵਿੱਚ ਤੁਹਾਡੀਆਂ ਭੂਮਿਕਾਵਾਂ ਕੀ ਹਨ ?

ਇੱਕ ਅਧਿਆਪਕ ਦੇ ਰੂਪ ਵਿੱਚ ਤੁਹਾਡੇ ਵਿਦਿਆਰਥੀਆਂ ਦੇ ਗਿਆਨ ਨਿਰਮਾਣ ਵਿੱਚ ਤੁਹਾਡੀ ਕੀ ਭੂਮਿਕਾ ਹੈ ?

• ਬਿਨਾਂ ਆਦੇਸ਼ ਦਿੱਤੇ ਉਨ੍ਹਾਂ ਨੂੰ ਨਵੀਆਂ ਧਾਰਨਾਵਾਂ ਨੂੰ ਸਿੱਖਣ ਦੇ ਰੂਪ ਵਿੱਚ ਮਦਦ ਕਰਨਾ।

• ਕਲਾਸ ਵਿੱਚ ਹਰੇਕ ਵਿਦਿਆਰਥੀ ਦੇ ਪੂਰਵ ਅਨੁਭਵ ਪ੍ਰਤੀ ਸੰਵੇਦਨਸ਼ੀਲਤਾ।

• ਵਿਦਿਆਰਥੀਆਂ ਨੂੰ ਵਾਸਤਵਿਕ ਸੰਸਾਰਿਕ ਕਾਰਜ ਕਰਨ ਲਈ ਦੇਣਾ।

• ਨਜ਼ਦੀਕੀ ਵਾਤਾਵਰਣ ਨਾਲ ਜਿੰਨਾ ਸੰਭਵ ਹੋ ਸਕੇ ਵਿਸ਼ਾ ਵਸਤੂ ਅਤੇ ਅਨੁਭਵ ਪ੍ਰਦਾਨ ਕਰਨਾ।

• ਸਿਖਲਾਈ ਨੂੰ ਵਾਸਤਵਿਕ, ਸਬੰਧਿਤ ਅਤੇ ਸਮਾਂ ਅਨੁਕੂਲ ਬਣਾਉਣ ਲਈ ਵਾਸਤਵਿਕ ਸੰਸਾਰਿਕ ਵਸਤੂਆਂ ਅਤੇ ਅਨੁਕੂਲਿਤ ਵਾਤਾਵਰਣ ਪ੍ਰਦਾਨ ਕਰਨ ਦੀ ਕੋਸ਼ਿਸ਼ ਨਾ ਕਿ ਪੂਰਵ ਨਿਰਧਾਰਤ ਨਿਰਦੇਸ਼ਤ ਵਿਸ਼ਾ ਵਸਤੂ।

• ਵਾਸਤਵਿਕ ਸੰਸਾਰਿਕ ਸਮੱਸਿਆ ਸੁਲਝਾਉਣ ਅਤੇ ਵਾਸਤਵਿਕ ਰਣਨੀਤੀਆਂ ’ਤੇ ਧਿਆਨ ਕੇਂਦਰਿਤ ਕਰਨਾ।

• ਕਿਸੇ ਵੀ ਸਮੱਸਿਆ ਸਮਾਧਾਨ ਲਈ ਬਹੁਪੱਖੀ ਨਜ਼ਰੀਆ ਰੱਖਣ ’ਤੇ ਪ੍ਰੋਤਸਾਹਨ ਕਰਦੇ ਹੋਏ ਵਿਭਿੰਨ ਸਮਾਧਾਨ ਲੱਭਣੇ।

• ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛਣ ਦੀ ਪ੍ਰਵਾਨਗੀ ਦੇਣੀ ਅਤੇ ਉਨ੍ਹਾਂ ਨੂੰ ਬੁੱਧੀਮਾਨੀ ਵਾਲੇ ਪ੍ਰਸ਼ਨ ਚੁੱਕਣ ਲਈ ਪ੍ਰੋਤਸਾਹਨ ਦੇਣਾ।

• ਮਨ ਹੀ ਮਨ ਵਿੱਚ ਸੋਚਣ ਦਾ ਅਭਿਆਸ ਵਿਕਸਤ ਕਰਨਾ। ਬੁੱਧੀਮਾਨੀ ਪੂਰਨ ਪ੍ਰਸ਼ਨ ਪੁੱਛਣ ਦੀ ਕਲਾ ਨੂੰ ਉਕਸਾਉਣ ਨਾਲ ਵਿਦਿਆਰਥੀ ਅੰਦਰ ਹੀ ਅੰਦਰ ਮਨ ਵਿੱਚ ਸੋਚਦਾ ਹੈ।

• ਕਲਾਸ ਵਿੱਚ ਸਦਭਾਵਨਾ ਪੂਰਬਕ ਮਿਲ ਜੁਲ ਕੇ ਸਿਖਲਾਈ ਨੂੰ ਪ੍ਰੋਤਸਾਹਨ ਦੇਣਾ।

• ਸਕੂਲ ਦੇ ਅੰਦਰ ਦੀਆਂ ਕਿਰਿਆਵਾਂ ਨੂੰ ਸਕੂਲ ਦੇ ਬਾਹਰ ਦੀਆਂ ਕਿਰਿਆਵਾਂ ਨਾਲ ਜੋੜਨਾ।

• ਆਪਣੀ ਸਿਖਲਾਈ ਦੀ ਬੁੱਧੀ ਦਾ ਖੁਦ ਵਿਸ਼ਲੇਸ਼ਣ ਅਤੇ ਖੁਦ ਜਾਂਚ ਕਰਨੀ।

**ਈ.15 ਪੂਰਵ ਗਿਆਨ ਦੀ ਨਵੇਂ ਗਿਆਨ ਨਿਰਮਾਣ ਵਿੱਚ ਕੀ ਭੂਮਿਕਾ ਹੈ?**

________________________________________

________________________________________

________________________________________

## 1.5 ਸਿੱਟਾ

• ਸਿਖਲਾਈ ਇੱਕ ਪ੍ਰਕਿਰਿਆ ਹੈ ਜੋ ਕਿ ਵਿਅਕਤੀ ਦੇ ਵਿਵਹਾਰ, ਗਿਆਨ ਦੀਆਂ ਆਦਤਾਂ ਅਤੇ ਵਿਅਕਤੀਤਵ ਦੇ ਉਨ੍ਹਾਂ ਪਹਿਲੂਆਂ 'ਤੇ ਇੱਕ ਸਥਾਈ ਪਰਿਵਰਤਨ ਕਰਦਾ ਹੈ ਜੋ ਕਿ ਜੀਵਨ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ।

• ਸਿਖਲਾਈ ਇੱਕ ਨਿਰੰਤਰ ਅੰਤਰਰਾਸ਼ਟਰੀ, ਉਦੇਸ਼ਪੂਰਨ ਅਤੇ ਸਰਗਰਮ ਪ੍ਰਕਿਰਿਆ ਹੈ। ਜਿਸ ਕਾਰਨ ਵਿਅਕਤੀ ਵਾਤਾਵਰਣ ਨਾਲ ਪਰਸਪਰ ਕਿਰਿਆ ਕਰਦਾ ਹੈ।

• ਪਰਿਪੱਕਤਾ ਵਾਤਾਵਰਣ, ਸਿੱਖਣ ਦੀ ਤੱਤਪਰਤਾ ਅਤੇ ਪ੍ਰੇਰਣਾ ਇਹ ਅਜਿਹੇ ਤੱਤ ਹਨ ਜਿਨ੍ਹਾਂ ਦਾ ਪ੍ਰਭਾਵ ਸਿਖਲਾਈ 'ਤੇ ਪੈਂਦਾ ਹੈ।

• ਬੱਚੇ ਬਹੁਤ ਸਾਰੀਆਂ ਵਿਧੀਆਂ ਤੋਂ ਸਿੱਖਦੇ ਹਨ ਜਿਵੇਂ ਪਾਲਣ, ਨਕਲ, ਪ੍ਰੇਖਣ, ਕੋਸ਼ਿਸ਼ ਅਤੇ ਗਲਤੀ, ਸਹਿਭਾਗਤਾ ਅਤੇ ਸਮੱਸਿਆ ਸਮਾਧਾਨ ਆਦਿ। ਵਸਤੂਆਂ ਦੀ ਸਾਰਥਿਕਤਾ ਵੀ ਇੱਕ ਸ਼ਕਤੀਸ਼ਾਲੀ ਸਿਖਲਾਈ ਵਿਧੀ ਹੈ।

• ਅਧਿਆਪਨ ਦੀ ਪੁਰਾਣੀ ਨਿਰਦੇਸ਼ਨ ਪ੍ਰਕਿਰਿਆ ਤੋਂ ਇਲਾਵਾ ਵਿਵਹਾਰ ਸੁਧਾਰ ਵਿਧੀ ਦਾ ਵੀ ਕਲਾਸ ਅਧਿਆਪਨ ਸਿਖਲਾਈ ਵਿਧੀ 'ਤੇ ਪ੍ਰਭਾਵ ਹੈ।

• ਬੌਧਿਕ ਵਿਕਾਸ ਲਈ, ਸਿਖਲਾਈ ਅਤੇ ਗਿਆਨ ਨਿਰਮਾਣ ਲਈ, ਸਿਖਲਾਈ ਦਾ ਵੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਲਈ ਮਹੱਤਵ ਹੈ।

## 1.6 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

**ਈ.1 ਦਿੱਤੀ ਗਈ ਸੂਚੀ ਵਿੱਚੋਂ ਕੋਈ ਤਿੰਨ।**

ਈ.2 (1) ਜਿਵੇਂ ਕਿ ਬਾਹਰੀ ਪ੍ਰੋਤਸਾਹਨ ਪ੍ਰਦਾਨ ਕਰਨ ਲਈ ਦੂਜਿਆਂ 'ਤੇ ਨਿਰਭਰ ਕਰਦਾ ਹੈ, ਅੰਦਰੂਨੀ ਪ੍ਰੋਤਸਾਹਨ ਉਸ ਦੇ ਅੰਦਰ ਤੋਂ ਆਉਂਦਾ ਹੈ। (2) ਬਾਹਰੀ ਪ੍ਰੋਤਸਾਹਨ ਦੀ ਬਜਾਏ ਅੰਦਰੂਨੀ ਪ੍ਰੋਤਸਾਹਨ ਲੰਬੇ ਸਮੇਂ ਲਈ ਹੁੰਦਾ ਹੈ।

ਈ.3 ਮਾਡਲ ਦੇ ਦ੍ਰਿਸ਼ ਰਾਹੀਂ ਵਚਿੱਤਰ ਵਿਵਹਾਰ ਲਈ ਸਜ਼ਾ ਹੈ।

ਈ.4 (1) ਵਿਸ਼ੇਸ਼ ਪਹਿਲੂ 'ਤੇ ਧਿਆਨ ਕੇਂਦਰਿਤ ਕਰਨ ਲਈ ਬੱਚਿਆਂ ਦੀ ਸਹਾਇਤਾ ਕਰਨਾ। (2) ਕਿਸੇ ਕਿਰਿਆ ਦੇ ਮਾਨਸਿਕ ਅਭਿਆਸ ਲਈ ਉਤਸ਼ਾਹਿਤ ਕਰਨਾ, (3) ਪ੍ਰੇਖਣ ਕਿਰਿਆ ਦੇ ਅਭਿਆਸ ਲਈ ਖੇਤਰ/ ਗਤੀਵਿਧੀ ਪ੍ਰਦਾਨ ਕਰਨਾ, (4) ਬੱਚਿਆਂ ਨੂੰ ਪ੍ਰੇਖਣ ਨਾਲ ਸਿੱਖਣ ਲਈ ਪ੍ਰੇਰਿਤ ਕਰਨਾ।

ਈ.5 (1) ਇਨਾਮ ਪ੍ਰਦਾਨ ਕਰਨਾ ਅਤੇ (2) ਵਿਦਿਆਰਥੀਆਂ ਨਾਲ ਚਰਚਾ ਕਰਨੀ ਅਤੇ ਉਨ੍ਹਾਂ ਨੂੰ ਸਵੈ ਮੁਲਾਂਕਣ ਲਈ ਉਤਸ਼ਾਹਿਤ ਕਰਨਾ।

ਈ. 6 ਅਭਿਆਸ ਦਾ ਨਿਯਮ, ਪ੍ਰਭਾਵ ਦਾ ਨਿਯਮ ਅਤੇ ਤੱਤਪਰਤਾ ਦਾ ਨਿਯਮ ।

ਈ.7 (1) ਸਰਗਰਮ ਰੂਪ ਨਾਲ ਸਾਰੀਆਂ ਗਤੀਵਿਧੀਆਂ ਵਿੱਚ ਭਾਗ ਲੈਣਾ ਅਤੇ (2) ਗਹਿਰਾਈ ਨਾਲ ਜਾਂਚੇ ਗਏ ਪ੍ਰਸ਼ਨ ਪੁੱਛਣਾ।

ਈ. 8 ਗਤੀਵਿਧੀਆਂ ਦਾ ਸਿਧਾਂਤ, ਤਰਕਪੂਰਨ ਸੋਚ ਦਾ ਸਿਧਾਂਤ, ਗਿਆਨ ਤੋਂ ਅਗਿਆਨ ਦੀ ਤਰਫ਼ ਚੱਲਣ ਦਾ ਸਿਧਾਂਤ, ਉਦੇਸ਼ਪੂਰਨ ਅਨੁਭਵਾਂ ਦਾ ਸਿਧਾਂਤ, ਵਿਕਲਪ ਛੱਡਣ ਦਾ ਸਿਧਾਂਤ।

ਈ. 9 ਸਮੱਸਿਆ ਦੀ ਪਛਾਣ ਕਰਨੀ ਅਤੇ ਪਰਿਭਾਸ਼ਿਤ ਕਰਨਾ, ਸਮੱਸਿਆ ਦਾ ਵਿਸ਼ਲੇਸ਼ਣ ਕਰਨਾ, ਕਲਪਨਾ ਦਾ ਨਿਰਮਾਣ ਕਰਨਾ, ਕਲਪਨਾ ਦੀ ਜਾਂਚ ਕਰਨੀ ਅਤੇ ਨਤੀਜੇ ਨੂੰ ਤਸਦੀਕ ਕਰਨਾ।

ਈ. 10 ਇੱਕ ਵਸਤੂ ਜਾਂ ਇੱਕ ਘਟਨਾ ਦਾ ਅਰਥ ਸਾਡੇ ਸਹਿਜ ਬੋਧ ਤੋਂ ਆਉਂਦਾ ਹੈ। ਜਦੋਂ ਅਸੀਂ ਆਪਣੇ ਸਹਿਜ ਬੋਧ ਨੂੰ ਬਦਲਦੇ ਜਾਂ ਰੁਪਾਂਤਰਿਤ ਕਰਦੇ ਹਾਂ, ਤਾਂ ਅਸੀਂ ਪੂਰਵ ਨਿਰਮਤ ਅਰਥ ਨੂੰ ਵੀ ਬਦਲਦੇ ਜਾਂ ਰੁਪਾਂਤਰਿਤ ਕਰਦੇ ਹਾਂ ਅਤੇ ਅਸੀਂ ਆਪਣੇ ਅਨੁਭਵਾਂ ਨੂੰ ਵੀ ਰੁਪਾਂਤਰਿਤ ਕਰਦੇ ਹਾਂ ਜਾਂ ਨਵੇਂ ਅਨੁਭਵ ਇਕੱਠੇ ਕਰਦੇ ਹਾਂ। ਇਸ ਨਾਲ ਇਹ ਹੀ ਅਰਥ ਨਿਕਲਦਾ ਹੈ ਕਿ ਸਹਿਜ ਬੋਧ ਸਾਡੀ ਸਿਖਲਾਈ ਨੂੰ ਆਕਾਰ ਪ੍ਰਦਾਨ ਕਰਦਾ ਹੈ।

ਈ.11 ਪ੍ਰਦਾਨ ਕੀਤੇ ਗਏ ਬਲ ਦੀ ਵਿਭਿੰਨਤਾ ਰਾਹੀਂ।

ਈ. 12 ਨਾਕਾਰਾਤਮਕ ਬਲ ਆਰਾਮ ਪ੍ਰਦਾਨ ਕਰਦਾ ਹੈ।

ਜਿਵੇਂ ਕਿ ਦੁੱਖ ਪ੍ਰਦਾਨ ਕਰਨ ਵਾਲੀ ਉਤੇਜਨਾ ਨੂੰ ਦੂਰ ਕੀਤਾ ਜਾਂਦਾ ਹੈ ਅਤੇ ਇਸ ਨਾਲ ਇਛੁੱਕ ਵਿਵਹਾਰ ਦੀ ਘਟਨਾ ਨੂੰ ਮਜ਼ਬੂਤੀ ਪ੍ਰਾਪਤ ਹੁੰਦੀ ਹੈ। ਅਤੇ ਦੂਜੀ ਤਰਫ਼ ਸਜ਼ਾ ਦੁੱਖ ਦਿੰਦੀ ਹੈ ਅਤੇ ਇਛੁੱਕ ਵਿਵਹਾਰ ਦੀਆਂ ਘਟਨਾਵਾਂ ਵਿੱਚ ਰੁਕਾਵਟ ਪਹੁੰਚਦੀ ਹੈ।

ਈ. 13 ਠੋਸ ਕਾਰਜਸ਼ੀਲ ਨੂੰ ਵਿਭਿੰਨ ਠੋਸ ਵਸਤੂਆਂ ਰਾਹੀਂ ਮਜ਼ਬੂਤੀ ਪ੍ਰਾਪਤ ਹੁੰਦੀ ਹੈ, ਇਸ ਲਈ ਪ੍ਰਾਇਮਰੀ ਸਕੂਲ ਦੇ ਸਾਲਾਂ (7 ਤੋਂ 11 ਸਾਲ ਦੀ ਉਮਰ ਤੱਕ) ਦੌਰਾਨ ਜ਼ਿਆਦਾ ਤੋਂ ਜ਼ਿਆਦਾ ਅਧਿਆਪਨ ਸਿਖਲਾਈ ਸਮੱਗਰੀ ਦੀ ਲੋੜ ਦਾ ਪ੍ਰਾਵਧਾਨ ਹੈ।

ਈ. 14 ਸਮੂਹ ਸਿਖਲਾਈ ਜ਼ਿਆਦਾ ਸਮਾਜਿਕ ਪਰਸਪਰ ਕਿਰਿਆ ਲਈ ਇੱਕ ਖੇਤਰ ਪ੍ਰਦਾਨ ਕਰਦਾ ਹੈ ਜੋ ਸਵੱਸਥ ਬੌਧਿਕ ਵਿਕਾਸ ਲਈ ਜ਼ਰੂਰੀ ਹੈ।

ਈ. 15 ਪੂਰਵ ਅਨੁਭਵ ਨਵੀਆਂ ਸਥਿਤੀਆਂ ਦੇ ਸਮਾਨ ਤੱਤਾਂ/ਧਾਰਨਾਵਾਂ ਨਾਲ ਸਬੰਧ ਬਣਾਉਂਦਾ ਹੈ। ਅਤੇ ਨਵੇਂ ਨਿਰਮਾਣ ਵਿੱਚ ਸਹਾਇਤਾ ਕਰਦਾ ਹੈ।

### 1.7 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

Ï% Moyles, J(2007).Beginning Teaching: Beginning Learning in Primary Education

Cestric court: Open University Press

Ï% Arthur, J.& Cremin. T(2006), Learning to Teach in the Primary School, Newyork:

Routledge

Ï% Fisher, J.(2008), Starting from the child, McGraw-Hill Education: Open University

Press

### 1.8 ਇਕਾਈ ਅੰਤ ਅਭਿਆਸ

1. ਸਿਖਲਾਈ ਪ੍ਰਕਿਰਿਆ ਦੀ ਪਰਿਭਾਸ਼ਾ ਦਿਓ ਅਤੇ ਇਸ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ।

2. ਪ੍ਰੇਖਣ ਸਿਖਲਾਈ ਦੀਆਂ ਚਾਰ ਪ੍ਰਕਿਰਿਆਵਾਂ ਦੀ ਢੁਕਵੀਂ ਉਦਾਹਰਨ ਨਾਲ ਵਿਆਖਿਆ ਕਰੋ।

3. ਕੱਢੇ ਗਏ ਵਿਵਹਾਰ ਦੇ ਰੁਪਾਂਤਰਣ ਦੀ ਪ੍ਰਕਿਰਿਆ ਦਾ ਕਲਾਸ ਅਭਿਆਸ ਵਿੱਚੋਂ ਉਦਾਹਰਨ ਦਿੰਦੇ ਹੋਏ ਵਰਣਨ ਕਰੋ।

4. ਪ੍ਰਾਇਮਰੀ ਸਕੂਲ ਦੀ ਅਧਿਆਪਕਾ ਦੀ ਭੂਮਿਕਾ ਦਾ ਉਸਦੇ ਵਿਦਿਆਰਥੀ ਦੇ ਬੌਧਿਕ ਵਿਕਾਸ ਵਿੱਚ ਵਰਣਨ ਕਰੋ।

5. ਅਰਥਪੂਰਨ ਸਿਖਲਾਈ ਬਣਾਉਣ ਅਤੇ ਗਿਆਨ ਦੇ ਨਿਰਮਾਣ ਲਈ ਅਧਿਆਪਨ ਦੇ ਵਿਚਕਾਰ ਸਬੰਧਾਂ ਦੀ ਪਰਖ ਕਰੋ।

## ਇਕਾਈ–2 ਸਿਖਲਾਈ ਅਤੇ ਅਧਿਆਪਨ ਦੇ ਦ੍ਰਿਸ਼ਟੀਕੋਣ

**ਸੰਰਚਨਾ**

2.0 ਜਾਣ ਪਛਾਣ

2.1 ਸਿਖਲਾਈ ਉਦੇਸ਼

2.2 ਅਧਿਆਪਨ ਅਤੇ ਸਿਖਲਾਈ ਦੇ ਦ੍ਰਿਸ਼ਟੀਕੋਣ

2.2.1 ਅਧਿਆਪਨ- ਕੇਂਦਰਿਤ ਦ੍ਰਿਸ਼ਟੀਕੋਣ

2.2.2 ਵਿਸ਼ਾ–ਕੇਂਦਰਿਤ ਦ੍ਰਿਸ਼ਟੀਕੋਣ

2.2.3 ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ

2.2.4 ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ

2.2.5 ਰਚਨਾਤਮਕ ਦ੍ਰਿਸ਼ਟੀਕੋਣ

2.3 ਦ੍ਰਿਸ਼ਟੀਕੋਣਾਂ ਦੀ ਤੁਲਨਾ

2.4 ਸਿੱਟਾ

2.5 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

2.6 ਸੰਦਰਭ ਗ੍ਰੰਥ/ ਕੁਝ ਉਪਯੋਗੀ ਪੁਸਤਕਾਂ

2.7 ਇਕਾਈ  ਅੰਤ ਅਭਿਆਸ

## 2.0 ਜਾਣ ਪਛਾਣ

ਇਸ ਕੋਰਸ ਦੀ ਪਹਿਲੀ ਇਕਾਈ ਵਿੱਚ ਤੁਸੀਂ ਅਧਿਆਪਨ ਅਤੇ ਸਿਖਲਾਈ ਨਾਲ ਜੁੜੇ ਹੋਏ ਤੱਥ, ਪ੍ਰਕਿਰਿਆ ਅਤੇ ਧਾਰਨਾ ਦਾ ਅਧਿਐਨ ਕੀਤਾ। ਇੱਕ ਅਧਿਆਪਕ ਦੇ ਰੂਪ ਵਿੱਚ ਤੁਹਾਡੇ ਅਨੁਭਵ ਤੋਂ ਅਤੇ ਜਿਵੇਂ ਕਿ ਤੁਸੀਂ ਪਿਛਲੀ ਇਕਾਈ ਵਿੱਚ ਸਿੱਖ ਚੁੱਕੇ ਹੋ, ਤੁਸੀਂ ਇਸ ਨਾਲ ਸਹਿਮਤ ਹੋਵੋਗੇ ਕਿ ਹਰੇਕ ਬੱਚਾ ਅਤੇ ਉਸ ਦੀ ਖ਼ੁਦ ਦੀ ਸਿਖਲਾਈ ਦੇ ਤਰੀਕੇ ਹੋਰ ਬੱਚਿਆਂ ਤੋਂ ਅਲੱਗ ਹੁੰਦੇ ਹਨ। ਸਮਾਂ ਅਤੇ ਸਥਾਨ ’ਤੇ ਨਿਰਭਰ ਕਰਦੇ ਹੋਏ, ਬੱਚਾ ਸਿਖਲਾਈ ਦੇ ਵਿਭਿੰਨ ਤਰੀਕਿਆਂ ਨੂੰ ਗ੍ਰਹਿਣ ਕਰ ਸਕਦਾ ਹੈ। ਇਸ ਲਈ ਬੱਚਿਆਂ ਦੇ ਸਿਖਲਾਈ ਦੇ ਵਿਭਿੰਨ ਤਰੀਕਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਕਲਾਸ ਵਿੱਚ ਬੱਚਿਆਂ ਦੇ ਸਮੂਹ ਨੂੰ ਅਧਿਆਪਨ ਕਰਨਾ ਇੱਕ ਬਹੁਤ ਹੀ ਚੁਣੌਤੀ ਪੂਰਨ ਕਾਰਜ ਹੈ ਜਿਸ ਦਾ ਤੁਸੀਂ ਅਨੁਭਵ ਕੀਤਾ ਹੋਏਗਾ। ਅਧਿਆਪਨ ਦੀ ਕੋਈ ਇੱਕ ਵਿਧੀ ਹਰੇਕ ਬੱਚੇ ਨੂੰ ਵਿਅਕਤੀਗਤ ਰੂਪ ਨਾਲ ਜਾਂ ਸਮੂਹ ਵਿੱਚ ਸਿਖਲਾਈ ਦੀ ਸੁਵਿਧਾ ਪ੍ਰਦਾਨ ਨਹੀਂ ਕਰ ਸਕਦੀ ਹੈ। ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਤੁਹਾਨੂੰ ਇਹ ਜਾਣਨ ਦੀ ਲੋੜ ਹੈ ਕਿ ਵਿਭਿੰਨ ਵਿਧੀਆਂ ਦਾ ਸੰਯੋਜਨ ਕਿਵੇਂ ਕੀਤਾ ਜਾਏ ਅਤੇ ਕਲਾਸ ਵਿੱਚ ਹਰੇਕ ਬੱਚੇ ਦੀਆਂ ਸਿਖਲਾਈ ਲੋੜਾਂ ਦੀ ਪੂਰਤੀ ਲਈ ਉਸ ਵਿੱਚ ਢੁਕਵਾਂ ਅੰਤਰ ਕਿਵੇਂ ਬਣਾਇਆ ਜਾਵੇ। ਦੂਜੇ ਸ਼ਬਦਾਂ ਵਿੱਚ ਸਿਖਲਾਈ ਅਤੇ ਅਧਿਆਪਨ ਦੇ ਵਿਭਿੰਨ ਦ੍ਰਿਸ਼ਟੀਕੋਣ ਜਿਵੇਂ ਅਧਿਆਪਨ ਕੇਂਦਰਿਤ ਦ੍ਰਿਸ਼ਟੀਕੋਣ, ਵਿਸ਼ਾ ਕੇਂਦਰਿਤ ਦ੍ਰਿਸ਼ਟੀਕੋਣ, ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ ਅਤੇ ਰਚਨਾਤਮਕ ਦ੍ਰਿਸ਼ਟੀਕੋਣ ਆਦਿ ਹਨ। ਇਸ ਇਕਾਈ ਵਿੱਚ ਇਨ੍ਹਾਂ ਦ੍ਰਿਸ਼ਟੀਕੋਣਾਂ ਦਾ ਵਰਣਨ ਕੀਤਾ ਜਾਏਗਾ ਜਿਸ ਨਾਲ ਕਿ ਤੁਸੀਂ ਆਪਣੀ ਕਲਾਸ ਦੀ ਪਰਸਪਰ ਕਿਰਿਆ ਵਿੱਚ ਬੱਚਿਆਂ ਦੀਆਂ ਸਿਖਲਾਈ ਲੋੜਾਂ ਦੀ ਪਛਾਣ ਰਾਹੀਂ ਪ੍ਰਭਾਵਪੂਰਨ ਸਿਖਲਾਈ ਲਈ ਢੁਕਵੀਆਂ ਵਿਧੀਆਂ ਅਤੇ ਦ੍ਰਿਸ਼ਟੀਕੋਣਾਂ ਨੂੰ ਗ੍ਰਹਿਣ ਕਰ ਸਕੋ।

ਇਸ ਇਕਾਈ ਵਿੱਚ ਦਿੱਤੀ ਗਈ ਧਾਰਨਾ ਨੂੰ ਪੂਰਾ ਸਮਝਣ ਲਈ ਤੁਹਾਨੂੰ ਲਗਪਗ ਅਧਿਐਨ ਦੇ 14 ਸਾਲਾਂ ਦੀ ਲੋੜ ਹੋਏਗੀ।

## 2.1 ਸਿਖਲਾਈ ਉਦੇਸ਼

ਇਸ ਇਕਾਈ ਨੂੰ ਪੂਰਾ ਕਰਨ ਤੋਂ ਬਾਅਦ ਤੁਸੀਂ ਇਸ ਯੋਗ ਹੋ ਜਾਓਗੇ ਕਿ–

• ਤੁਸੀਂ ਅਧਿਆਪਕ–ਕੇਂਦਰਿਤ, ਵਿਸ਼ਾ–ਕੇਂਦਰਿਤ ਅਤੇ ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣਾਂ ਦੀ ਲੋੜ ਅਨੁਸਾਰ ਵਿਆਖਿਆ ਕਰ ਸਕੋਗੇ।

• ਅਧਿਆਪਨ–ਸਿਖਲਾਈ ਪਰਿਸਥਿਤੀਆਂ ਵਿੱਚ ਲੋੜ ਅਨੁਸਾਰ ਉਨ੍ਹਾਂ ਦੇ ਉਪਯੋਗ ਦਾ ਵਰਣਨ ਕਰ ਸਕੋਗੇ।

• ਕੁਸ਼ਲ ਅਤੇ ਸਮਰੱਥਾ ਦੇ ਵਿਚਕਾਰ ਅੰਤਰ ਕਰ ਸਕੋਗੇ।

• ਅਧਿਆਪਨ ਅਤੇ ਸਿਖਲਾਈ ਵਿੱਚ ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ ਦੀਆਂ ਵਿਸ਼ੇਸ਼ਤਾਵਾਂ ਅਤੇ ਉਪਯੋਗਿਤਾਵਾਂ ਦਾ ਵਰਣਨ ਕਰ ਸਕੋਗੇ।

• ਅਧਿਆਪਨ ਅਤੇ ਸਿਖਲਾਈ ਵਿੱਚ ਰਚਨਾਤਮਕ ਦ੍ਰਿਸ਼ਟੀਕੋਣਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਉਪਯੋਗਿਤਾਵਾਂ ਦੀ ਵਿਆਖਿਆ ਕਰ ਸਕੋਗੇ।

• ਅਧਿਆਪਨ ਅਤੇ ਸਿਖਲਾਈ ਦੇ ਵਿਭਿੰਨ ਦ੍ਰਿਸ਼ਟੀਕੋਣਾਂ ਦੀ ਤੁਲਨਾ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ, ਸਿਖਲਾਈ ਲਈ ਉਪਯੋਗਿਤਾ, ਸਮਰੱਥਾ ਅਤੇ ਕਮਜ਼ੋਰੀ ਆਦਿ ਪਦਾਂ ਦੇ ਆਧਾਰ ’ਤੇ ਕਰ ਸਕੋਗੇ।

## 2.2 ਅਧਿਆਪਨ ਅਤੇ ਸਿਖਲਾਈ ਦੇ ਦ੍ਰਿਸ਼ਟੀਕੋਣ

ਇੱਕ ਵਿਦਿਆਰਥੀ ਅਤੇ ਅਧਿਆਪਕ ਦੇ ਨਾਤੇ ਵੀ ਤੁਹਾਡੇ ਕੋਲ ਕਲਾਸ ਗਤੀਵਿਧੀਆਂ ਦੇ ਵਿਭਿੰਨ ਅਨੁਭਵ ਹਨ। ਕੁਝ ਪਲ ਲਈ ਕਲਾਸ ਦੀ ਸੰਰਚਨਾ ਅਤੇ ਕਲਾਸ ਦੀਆਂ ਗਤੀਵਿਧੀਆਂ ਦੇ ਬਾਰੇ ਵਿੱਚ ਸੋਚਦੇ ਹਾਂ। ਇੱਕ ਕਲਾਸ ਵਿਦਿਆਰਥੀਆਂ ਦਾ ਸਮੂਹ ਹੈ, ਜਿਸ ਵਿੱਚ ਲਗਪਗ ਸਾਰੇ ਬਰਾਬਰ ਉਮਰ ਦੇ ਹਨ, ਅਧਿਆਪਕ ਰਾਹੀਂ ਨਿਯੰਤਰਿਤ ਹਨ ਅਤੇ ਇੱਕ ਸੁਨਿਸ਼ਚਤ ਵਿਸ਼ੇਸ਼ ਸਥਾਨ 'ਤੇ ਹਨ ਜੋ ਕਿ ਇੱਕ ਕਮਰਾ ਵੀ ਹੋ ਸਕਦਾ ਹੈ ਅਤੇ ਖੁੱਲ੍ਹਾ ਸਥਾਨ ਵੀ ਹੋ ਸਕਦਾ ਹੈ। ਪਹਿਲਾਂ ਕਲਾਸ ਵਿੱਚ ਇੱਕ ਅਧਿਆਪਕ ਵਿਸ਼ੇ ਦੇ ਸੁਨਿਸ਼ਚਤ ਪ੍ਰਕਰਨ ਦਾ ਵਿਸ਼ੇਸ਼ ਸਮਾਂ ਵਿਧੀ ਵਿੱਚ ਅਧਿਆਪਨ ਕਰਾਉਂਦਾ ਹੈ। ਇਸ ਲਈ ਕਲਾਸ ਦੇ ਤਿੰਨ ਮਹੱਤਵਪੂਰਨ ਪਹਿਲੂ ਹਨ– ਵਿਦਿਆਰਥੀ, ਅਧਿਆਪਕ ਅਤੇ ਵਿਸ਼ਾ ਸਮੱਗਰੀ। ਕਲਾਸ ਵਿੱਚ ਅਧਿਆਪਨ ਦਾ ਅੰਤਿਮ ਉਦੇਸ਼ ਵਿਦਿਆਰਥੀਆਂ ਨੂੰ ਗਿਆਨ ਨੂੰ ਗ੍ਰਹਿਣ ਕਰਨ ਦੇ ਯੋਗ ਬਣਾਉਣਾ ਅਤੇ ਕਲਾਸ ਨੂੰ ਪੜ੍ਹਾਈ ਗਈ ਧਾਰਨਾ ਨੂੰ ਸਮਝਣ ਦੇ ਯੋਗ ਬਣਾਉਣਾ ਹੈ। ਤੁਸੀਂ ਇਸ ਨਾਲ ਸਹਿਮਤ ਹੋਵੋਗੇ ਕਿ ਇਹ ਸਾਰੇ ਪ੍ਰਕਾਰ ਦੀਆਂ ਕਲਾਸ ਗਤੀਵਿਧੀਆਂ ਦੀ ਸਭ ਤੋਂ ਆਸਾਨ ਵਿਆਖਿਆ ਹੈ। ਆਓ ਪਹਿਲਾਂ ਇੱਕ ਅਧਿਆਪਕ ਦੇ ਅਧਿਆਪਨ ਦੇ ਤਰੀਕਿਆਂ 'ਤੇ ਵਿਚਾਰ ਕਰਦੇ ਹਾਂ।

ਤੁਸੀਂ ਆਪਣੇ ਅਧਿਆਪਕ ਵੱਲੋਂ ਪੜ੍ਹਾਏ ਗਏ ਤਰੀਕਿਆਂ ਦੇ ਬਾਰੇ ਵਿੱਚ ਸੋਚੋ ਅਤੇ ਉਨ੍ਹਾਂ ਵਿਧੀਆਂ ਦੇ ਬਾਰੇ ਵਿੱਚ ਸੋਚੋ ਜਿਨ੍ਹਾਂ ਰਾਹੀਂ ਤੁਸੀਂ ਕਲਾਸ ਵਿੱਚ ਪੜ੍ਹਾਉਂਦੇ ਹੋ ਅਤੇ ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ ਦਿਓ:

- ਕੀ ਇੱਕ ਅਧਿਆਪਕ ਹਮੇਸ਼ਾ ਇੱਕ ਹੀ ਵਿਧੀ ਨਾਲ ਵਿਭਿੰਨ ਵਿਸ਼ਿਆਂ, ਵਿਭਿੰਨ ਕਲਾਸਾਂ ਅਤੇ ਵਿਭਿੰਨ ਸਮਿਆਂ ਵਿੱਚ ਪੜ੍ਹਾਉਂਦੇ ਹਨ ?

- ਇੱਕ ਅਧਿਆਪਕ ਆਪਣੇ ਅਧਿਆਪਨ ਨੂੰ ਪ੍ਰਭਾਵੀ ਬਣਾਉਣ ਲਈ ਕਿਸੇ ਵਿਧੀ ਜਾਂ ਵਿਧੀਆਂ ਦੇ ਸੰਯੋਜਨ ਦੀ ਚੋਣ ਕਿਵੇਂ ਕਰਦਾ ਹੈ ?

ਹੁਣ ਨਿਮਨਲਿਖਤ ਸਥਿਤੀ–1 ਨੂੰ ਪੜ੍ਹੋ:–

**ਸਥਿਤੀ** –1 ਮਿਸ ਸੁਸ਼ਮਿਤਾ ਜੋ ਪ੍ਰਾਇਮਰੀ ਕਲਾਸਾਂ ਨੂੰ ਗਣਿਤ ਪੜ੍ਹਾਉਂਦੀ ਹੈ, ਅਧਿਆਪਨ ਦੀਆਂ ਵਿਭਿੰਨ ਵਿਧੀਆਂ ਅਤੇ ਤਕਨੀਕਾਂ ਜਿਵੇਂ ਚਿੱਤਰਾਂ ਅਤੇ ਮਾਡਲਾਂ ਦਾ ਪ੍ਰਦਰਸ਼ਨ ਕਰਦੇ ਹੋਏ ਵਿਆਖਿਆ ਕਰਨਾ, ਬੱਚਿਆਂ ਨੂੰ ਸਮੱਸਿਆ ਨੂੰ ਹੱਲ ਕਰਨ ਲਈ ਕਹਿਣਾ, ਉਸ ਸਮੇਂ ਵਿੱਚ ਗਣਿਤ ਧਾਰਨਾ ਦਾ ਅਧਿਆਪਨ ਕਰਾਉਂਦੇ ਹੋਏ ਕਲਾਸ ਵਿੱਚ ਕਹਾਣੀ ਸੁਣਾਉਣੀ ਆਦਿ ਦਾ ਉਪਯੋਗ ਕਰਦੀ ਹੈ। ਜਦੋਂ ਉਨ੍ਹਾਂ ਤੋਂ ਇਹ ਪੁੱਛਿਆ ਗਿਆ ਕਿ ਉਨ੍ਹਾਂ ਨੇ ਇਨ੍ਹਾਂ ਸਾਰੀਆਂ ਵਿਧੀਆਂ ਦਾ ਸੰਯੋਜਨ ਕਿਉਂ ਕੀਤਾ, ਤਾਂ ਉਨ੍ਹਾਂ ਦਾ ਜਵਾਬ ਸੀ " ਪੜ੍ਹਾਏ ਗਏ ਪ੍ਰਕਰਨ 'ਤੇ ਸਾਰੇ ਬੱਚਿਆਂ ਦੀ ਰੁਚੀ ਦੇ ਪੱਧਰ ਨੂੰ ਬਣਾਏ ਰੱਖਣਾ ਹੈ।" ਪਰ ਉਸ ਨੇ ਕਿਸੇ ਵਿਸ਼ੇਸ਼ ਵਿਧੀ ਜਾਂ ਵਿਧੀਆਂ ਦੇ ਸੰਯੋਜਨ ਦੀ ਚੋਣ ਕਿਵੇਂ ਕੀਤੀ ? ਉਸ ਨੇ ਕਿਹਾ " ਇਹ ਤਾਂ ਸਥਿਤੀ 'ਤੇ ਨਿਰਭਰ ਕਰਦਾ ਹੈ।" ਉਸ ਨੇ ਅੱਗੇ ਕਿਹਾ ਕਿ ਕੀ ਵਿਦਿਆਰਥੀ ਪੜ੍ਹਨ ਲਈ ਤਤਪਰ ਹੈ, ਕੀ ਉਹ ਉਮੀਦ ਦੇ ਅਨੁਰੂਪ ਧਾਰਨਾ ਨੂੰ ਸਮਝਦੇ ਹਨ, ਜਦੋਂ ਪਾਠ ਪ੍ਰਗਤੀ 'ਤੇ ਹੈ ਤਾਂ ਕੀ ਉਹ ਆਪਣੀ ਰੁਚੀ ਬਣਾਏ ਰੱਖਦੇ ਹਨ। ਇਸ ਲਈ ਸਾਰੀਆਂ ਪਰਿਸਥਿਤੀਆਂ ਦੇ ਅਨੁਸਾਰ ਮੈਂ ਵਿਧੀਆਂ ਦੀ ਚੋਣ ਕਰਦੀ ਹਾਂ ਅਤੇ ਕਦੇ ਕਦੇ ਮੈਂ ਉਸੀ ਸਮੇਂ ਵੀ ਵਿਧੀਆਂ ਨੂੰ ਬਦਲ ਦਿੰਦੀ ਹਾਂ।

ਤੁਸੀਂ ਵੀ ਮਿਸ ਸੁਸ਼ਮਿਤਾ ਦੀ ਤਰ੍ਹਾਂ ਸਮਾਨ ਅਨੁਭਵ ਪ੍ਰਾਪਤ ਕੀਤੇ ਹੋਣਗੇ ਜੋ ਕਿ ਤੁਸੀਂ ਅਧਿਆਪਨ ਦੀ ਹਿਕ ਨਿਸ਼ਚਤ ਵਿਧੀ ਦਾ ਉਪਯੋਗ ਕਰਦੇ ਹੋਏ ਇੱਕ ਵਿਸ਼ੇਸ਼ ਵਿਸ਼ੇ ਨੂੰ ਪੜ੍ਹਾਉਣ ਲਈ ਪ੍ਰਤੀ ਦਿਨ ਦੀ ਪਾਠ ਯੋਜਨਾ ਤਿਆਰ ਕਰਦੇ ਹਨ, ਕਦੇ ਕਦੇ ਸਮੇਂ ਦੇ ਦੌਰਾਨ ਕਲਾਸ ਦੀ ਸਥਿਤੀ ਦੇ ਅਨੁਸਾਰ ਯੋਜਨਾ ਦੀ ਕੀਤੀ ਗਈ ਵਿਧੀ ਨੂੰ ਬਦਲ ਵੀ ਦਿੰਦੇ ਹੋ।

ਕਲਾਸ ਗਤੀਵਿਧੀਆਂ ਦੇ ਤਿੰਨ ਮਹੱਤਵਪੂਰਨ ਪਹਿਲੂਆਂ ’ਤੇ ਵਿਚਾਰ ਕਰਦੇ ਹੋਏ, ਇੱਥੇ ਮੁੱਖ ਰੂਪ ਨਾਲ ਦ੍ਰਿਸ਼ਟੀਕੋਣਾਂ ਦੇ ਤਿੰਨ ਮਹੱਤਵਪੂਰਨ ਵਰਗਾਂ ਦਾ ਵਰਣਨ ਕੀਤਾ ਗਿਆ ਹੈ;-ਅਧਿਆਪਕ ਕੇਂਦਰਿਤ, ਵਿਸ਼ਾ ਕੇਂਦਰਿਤ ਅਤੇ ਸਿਖਿਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ। ਇਨ੍ਹਾਂ ਦ੍ਰਿਸ਼ਟੀਕੋਣਾਂ ਤੋਂ ਇਲਾਵਾ ਇੱਥੇ ਦੋ ਹੋਰ ਦ੍ਰਿਸ਼ਟੀਕੋਣ ਹਨ; ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ ਅਤੇ ਰਚਨਾਤਮਕ ਦ੍ਰਿਸ਼ਟੀਕੋਣ, ਜਿਨ੍ਹਾਂ ਦਾ ਅੱਜਕੱਲ੍ਹ ਪ੍ਰਾਇਮਰੀ ਸਕੂਲਾਂ ਵਿੱਚ ਜ਼ਿਆਦਾਤਰ ਉਪਯੋਗ ਕੀਤਾ ਜਾਂਦਾ ਹੈ।

ਕਲਾਸ ਦੀਆਂ ਨਿਮਨਲਿਖਤ ਤਿੰਨ ਸਥਿਤੀਆਂ 2, 3 ਅਤੇ 4 ਨੂੰ ਦੇਖਣ ਦੀ ਕੋਸ਼ਿਸ਼ ਕਰੋ:

**ਸਥਿਤੀ** 2: ਚੌਥੀ ਕਲਾਸ ਦੇ ਵਿਦਿਆਰਥੀ ਆਪਣੀ ਉੱਚਾਈ ਅਨੁਸਾਰ ਕਤਾਰ ਵਿੱਚ ਬੈਠੇ ਹੋਏ ਹਨ। ਲੜਕੇ ਅਤੇ ਲੜਕੀਆਂ ਅਲੱਗ ਅਲੱਗ ਬੈਠੇ ਹਨ। ਉਹ ਆਪਣੀ ਅਧਿਆਪਕਾ ਮਿਸ ਰੀਬਾ ਨੂੰ ਸੁਣ ਰਹੇ ਹਨ ਜੋ ਮਨੁੱਖੀ ਪਾਚਣ ਤੰਤਰ ਦਾ ਚਿੱਤਰ ਦਿਖਾ ਰਹੀ ਹੈ ਅਤੇ ਵਿਭਿੰਨ ਅੰਗਾਂ ਦੇ ਕਾਰਜ ਦੀ ਵਿਆਖਿਆ ਕਰ ਰਹੀ ਹੈ। ਵਿਦਿਆਰਥੀ ਚੁੱਪਚਾਪ ਹੋ ਕੇ ਸੁਣ ਰਹੇ ਹਨ ਅਤੇ ਜੋ ਕੁਝ ਮਿਸ ਰੀਬਾ ਬੋਲ ਰਹੀ ਹੈ ਉਸ ਨੂੰ ਨੋਟ ਕਰ ਰਹੇ ਹਨ। ਜਦੋਂ ਮਿਸ ਰੀਬਾ ਇਹ ਦੇਖਦੀ ਹੈ ਕਿ ਕਿਸੇ ਬੱਚੇ ਦਾ ਧਿਆਨ ਇੱਥੇ ਨਹੀਂ ਹੈ ਜਾਂ ਕਿਸੇ ਬੱਚੇ ਨੂੰ ਗੱਲਾਂ ਕਰਦੇ ਹੋਏ ਦੇਖਦੀ ਹੈ ਤਾਂ ਉਹ ਉਨ੍ਹਾਂ ’ਤੇ ਜ਼ੋਰ ਨਾਲ ਚਿਲਾਉਂਦੀ ਹੈ। ਉਹ ਉਨ੍ਹਾਂ ਨੂੰ ਨਿਰਦੇਸ਼ ਦਿੰਦੀ ਹੈ ਕਿ ‘ਚੁੱਪ ਹੋ ਕੇ ਬੈਠੋ ਅਤੇ ਮੈਨੂੰ ਸੁਣੋ।’ ਜੇਕਰ ਕੋਈ ਬੱਚਾ ਅਧਿਆਪਨ ਨਾਲ ਸਬੰਧਿਤ ਕੋਈ ਪ੍ਰਸ਼ਨ ਪੁੱਛਦਾ ਹੈ ਤਾਂ ਉਹ ਉਸ ਨੂੰ ਅਧਿਆਪਨ ਪੂਰਾ ਹੋਣ ਦਾ ਇੰਤਜ਼ਾਰ ਕਰਨ ਲਈ ਕਹਿੰਦੀ ਹੈ। ਨੋਟਸ ਨੂੰ ਬੋਲਣ ਅਤੇ ਵਿਆਖਿਆ ਕਰਨ ਤੋਂ ਬਾਅਦ ਮਿਸ ਰੀਬਾ ਕੁਝ ਸਮਾਂ ਪ੍ਰਸ਼ਨ ਉੱਤਰ ਗਤੀਵਿਧੀ ਵਿੱਚ ਬਤੀਤ ਕਰਦੀ ਹੈ। ਉਹ ਵਿਦਿਆਰਥੀਆਂ ਦੀਆਂ ਗਲਤੀਆਂ ਨੂੰ ਠੀਕ ਕਰਦੀ ਹੈ ਅਤੇ ਉਨ੍ਹਾਂ ਦੀ ਸ਼ਲਾਘਾ ਕਰਦੀ ਹੈ ਜੋ ਠੀਕ ਉੱਤਰ ਦਿੰਦੇ ਹਨ।

**ਸਥਿਤੀ** 3: ਸ਼੍ਰੀਮਾਨ ਆਮਿਰ ਪੰਜਵੀਂ ਜਮਾਤ ਵਿੱਚ ਭਾਸ਼ਾ ਦਾ ਅਧਿਆਪਨ ਕਰਾ ਰਹੇ ਹਨ। ਉਨ੍ਹਾਂ ਦਾ ਸਰੋਤ ਕੇਵਲ ਜਮਾਤ ਲਈ ਪ੍ਰਸਤਾਵਿਤ ਭਾਸ਼ਾ ਦੀ ਪਾਠ ਪੁਸਤਕ ਹੈ। ਉਨ੍ਹਾਂ ਨੇ ਇੱਕ ਹੱਥ ਵਿੱਚ ਪਾਠ ਪੁਸਤਕ ਨੂੰ ਫੜਿਆ ਹੋਇਆ ਹੈ। ਉਹ ਉਸ ਵਿਸ਼ੇ ਦੇ ਭਾਗ ਨੂੰ ਜ਼ੋਰ ਨਾਲ ਪੜ੍ਹ ਰਹੇ ਹਨ ਜੋ ਉਨ੍ਹਾਂ ਨੇ ਉਸ ਸਮੇਂ ਵਿੱਚ ਪੂਰਾ ਕਰਨਾ ਹੈ। ਅਤੇ ਉਹ ਬੱਚਿਆਂ ਨੂੰ ਵੀ ਉਸੀ ਪ੍ਰਕਾਰ ਜ਼ੋਰ ਨਾਲ ਪਾਲਣ ਕਰਨ ਲਈ ਬੋਲ ਰਹੇ ਹਨ ਜਿਸ ਪ੍ਰਕਾਰ ਉਹ ਖੁਦ ਬੋਲ ਰਹੇ ਹਨ। ਉਨ੍ਹਾਂ ਨੇ ਵਿਸ਼ੇ ਦੇ ਮੁੱਖ ਬਿੰਦੂਆਂ ਦੀ ਵਿਆਖਿਆ ਕੀਤੀ ਅਤੇ ਤਾਂ ਪਾਠ ਦੇ ਅੰਤ ਵਿੱਚ ਦਿੱਤੇ ਗਏ ਪ੍ਰਸ਼ਨ ਪੁੱਛੇ। ਜਦੋਂ ਕਿਸੇ ਬੱਚੇ ਨੇ ਕੋਈ ਪ੍ਰਸ਼ਨ ਪੁੱਛਿਆ ਤਾਂ ਸ਼੍ਰੀਮਾਨ ਆਮਿਰ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਸਬੰਧਿਤ ਪੈਰਗ੍ਰਾਫ ਤੋਂ ਉੱਤਰ ਪ੍ਰਾਪਤ ਕਰੋ। ਜਮਾਤ ਦੇ ਅੰਤ ਵਿੱਚ ਉਨ੍ਹਾਂ ਨੇ ਪਾਠ ਪੁਸਤਕ ਵਿੱਚ ਦਿੱਤੇ ਗਏ ਅਭਿਆਸ ਵਿੱਚੋਂ ਖੁਦ ਕਾਰਜ ਕੀਤਾ। ਉਹ ਕਦੇ ਵੀ ਪ੍ਰਸਤਾਵਿਤ ਪਾਠ ਪੁਸਤਕ ਤੋਂ ਬਾਹਰ ਨਹੀਂ ਗਏ।

**ਸਥਿਤੀ** 4: ਮਿਸ ਸੀਮਾ ਆਜ਼ਾਦੀ ਦਿਵਸ ਦੇ ਪ੍ਰੇਖਣ ਲਈ ਜਮਾਤ ਵਿੱਚ ਗਤੀਵਿਧੀਆਂ ਦੀ ਯੋਜਨਾ ਬਣਾਉਣ ਵਿੱਚ ਜਮਾਤ 3 ਦੇ ਬੱਚਿਆਂ ਨਾਲ ਰੁੱਝੀ ਹੋਈ ਹੈ। ਉਸ ਨੇ ਬੱਚਿਆਂ ਦੇ ਉਤਸ਼ਾਹਿਤ ਵਿਚਾਰਾਂ ਤੋਂ ਵਿਵਸਥਾ ਦੀ ਯੋਜਨਾ ਬਣਾਈ। ਬੱਚਿਆਂ ਨੇ ਖੁਦ ਨੂੰ ਸਮੂਹਾਂ ਵਿੱਚ ਵੰਡ ਕੇ ਵਿਭਿੰਨ ਕਾਰਜ ਆਪਸ ਵਿੱਚ ਵੰਡ ਲਏ। ਇੱਕ ਸਮੂਹ ਕਲਾਸ ਦੀ ਸਜਾਵਟ ਕਰ ਰਿਹਾ ਸੀ, ਇੱਕ ਸਮੂਹ ਵਿਭਿੰਨ ਦੇਸ਼ ਭਗਤੀ ਦੇ ਗੀਤਾਂ ਦੀ ਚੋਣ ਕਰ ਰਿਹਾ ਸੀ, ਜਦੋਂ ਕਿ ਹੋਰ ਮਹਾਨ ਨੇਤਾਵਾਂ ਅਤੇ ਆਪਣੀ ਪਸੰਦ ਦੇ ਚਿੱਤਰਾਂ ਨੂੰ ਇਕੱਠਾ ਕਰ ਰਹੇ ਸਨ। ਮਿਸ ਸੀਮਾ ਪੂਰੇ ਸਮੇਂ ਸਮੂਹਾਂ ਦੀ ਸਹਾਇਤਾ ਕਰ ਰਹੀ ਸੀ ਅਤੇ ਇਸ ਪ੍ਰਕਾਰ ਨਾਲ ਪੂਰੀ ਜਮਾਤ ਨੇ ਉਚਿਤ ਤਰੀਕੇ ਨਾਲ ਵਿਭਿੰਨ ਕਾਰਜਾਂ ਨੂੰ ਸਮੇਂ ਨਾਲ ਪੂਰਾ ਕਰ ਲਿਆ।

ਇਨ੍ਹਾਂ ਸਥਿਤੀਆਂ ’ਤੇ ਨਜ਼ਰ ਮਾਰੋ ਅਤੇ ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਕੋਸ਼ਿਸ਼ ਕਰੋ:

**ਈ–1 ਉਪਰੋਕਤ ਤਿੰਨੋਂ ਸਥਿਤੀਆਂ ਵਿੱਚੋਂ ਕਿਹੜੀ ਸਥਿਤੀ ਅਧਿਆਪਕ ਰਾਹੀਂ ਜ਼ਿਆਦਾ ਨਿਯੰਤਰਿਤ ਸੀ** ?

———————————————————————

———————————————————————

**ਈ–2 ਇਨ੍ਹਾਂ ਵਿੱਚ ਕਿਸ ਸਥਿਤੀ ਵਿੱਚ ਬੱਚਿਆਂ ਨੇ ਉਦੇਸ਼ ਪੂਰਨ ਕਾਰਜ ਕਰਦੇ ਹੋਏ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕੀਤਾ** ?

———————————————————————

———————————————————————

ਪਹਿਲੀ ਸਥਿਤੀ ਵਿੱਚ ਜਮਾਤ ’ਤੇ ਪੂਰਾ ਨਿਯੰਤਰਣ ਅਧਿਆਪਕਾ ਦਾ ਹੈ। ਮਤਲਬ ਇਹ ਹੈ ਕਿ ਜਾਂ ਤਾਂ ਉਹ ਗਤੀਵਿਧੀਆਂ ਨੂੰ ਸੰਚਾਲਿਤ ਕਰ ਰਹੀ ਹੈ ਜਾਂ ਬੱਚਿਆਂ ਨੂੰ ਗਤੀਵਿਧੀਆਂ ਕਰਨ ਲਈ ਨਿਰਦੇਸ਼ਤ ਕਰ ਰਹੀ ਹੈ। ਇਸ ਜਮਾਤ ਵਿੱਚ ਹਰੇਕ ਚੀਜ਼ ਅਧਿਆਪਕ ’ਤੇ ਨਿਰਭਰ ਹੈ ਅਤੇ ਬੱਚਿਆਂ ਨੂੰ ਕਹਿਣ ਲਈ ਬਹੁਤ ਘੱਟ ਹੈ। ਇਹ ਇੱਕ ਅਜਿਹੀ ਜਮਾਤ ਦਾ ਉਦਾਹਰਨ ਹੈ ਜਿੱਥੇ ਅਧਿਆਪਕ– ਕੇਂਦਰਿਤ ਦ੍ਰਿਸ਼ਟੀਕੋਣ ਨੂੰ ਗ੍ਰਹਿਣ ਕੀਤਾ ਗਿਆ ਹੈ।

ਦੂਜੀ ਸਥਿਤੀ ਵਿੱਚ ਅਧਿਆਪਕ ਅਤੇ ਵਿਦਿਆਰਥੀ ਦੋਨੋਂ ਉਨ੍ਹਾਂ ਗਤੀਵਿਧੀਆਂ ਨੂੰ ਕਰ ਰਹੇ ਹਨ ਜੋ ਪੜ੍ਹਾਏ ਗਏ ਵਿਸ਼ੇ ਵਿੱਚ ਪ੍ਰਸਤਾਵਿਤ ਪਾਠ ਪੁਸਤਕ ਵਿਸ਼ੇ ਨਾਲ ਮਜ਼ਬੂਤੀ ਨਾਲ ਸ਼ਾਮਲ ਹੈ। ਇਹ ਇੱਕ ਵਿਸ਼ਾ ਕੇਂਦਰਿਤ ਦ੍ਰਿਸ਼ਟੀਕੋਣ ਦਾ ਉਦਾਹਰਨ ਹੈ।

ਅੰਤਿਮ ਸਥਿਤੀ ਇੱਕ ਅਜਿਹੀ ਸਥਿਤੀ ਨੂੰ ਪ੍ਰਦਰਸ਼ਿਤ ਕਰਦੀ ਹੈ ਜਿੱਥੇ ਬੱਚਿਆਂ ਨੇ ਇੱਕ ਨਿਰਧਾਰਤ ਉਦੇਸ਼ ਅਤੇ ਉਨ੍ਹਾਂ ਨਾਲ ਜੁੜੀਆਂ ਹੋਈਆਂ ਇੱਛਾਵਾਂ ਨਾਲ ਵਿਭਿੰਨ ਗਤੀਵਿਧੀਆਂ ਦੇ ਪ੍ਰਦਰਸ਼ਨ ਦੀ ਚੋਣ ਵਿੱਚ ਜਿਨ੍ਹਾਂ ਨਾਲ ਉਹ ਅਨੇਕਾਂ ਚੀਜ਼ਾਂ ਸਿੱਖ ਸਕਦੇ ਹਨ, ਕਾਰਜ ਕੀਤਾ ਹੈ। ਉਹ ਇੱਕ ਬੱਚਾ ਕੇਂਦਰਿਤ ਜਾਂ ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ ਦਾ ਉਦਾਹਰਨ ਹੈ।

ਆਓ ਇਨ੍ਹਾਂ ਤਿੰਨਾਂ ਦ੍ਰਿਸ਼ਟੀਕੋਣਾਂ ਵਿੱਚ ਹਰੇਕ ਦੀ ਵਿਸਥਾਰ ਨਾਲ ਚਰਚਾ ਕਰਦੇ ਹਾਂ:

### 2.2.1 ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ

ਵਿਦਿਆਰਥੀ ਦੇ ਰੂਪ ਵਿੱਚ ਤੁਸੀਂ ਅਨੁਭਵਾਂ ਤੋਂ ਅਤੇ ਹੋਰ ਤਰੀਕਿਆਂ ਨਾਲ ਸਾਡੇ ਵਿੱਚੋਂ ਜ਼ਿਆਦਾਤਰ ਦਾ ਇਹ ਵਿਸ਼ਵਾਸ ਹੈ ਕਿ ਕਲਾਸ ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਅਧਿਆਪਕ ਭਾਰੂ ਹੁੰਦਾ ਹੈ। ਜਮਾਤ ਵਿੱਚ ਜੋ ਕੁਝ ਵੀ ਹੁੰਦਾ ਹੈ, ਬੈਠਣ ਦੀ ਵਿਵਸਥਾ ਤੋਂ ਲੈ ਕੇ ਕਦੋਂ ਅਤੇ ਕੀ ਪੜ੍ਹਾਉਣਾ ਹੈ, ਸਭ ਅਧਿਆਪਕ ਤੈਅ ਕਰਦਾ ਹੈ। ਅਨੁਸ਼ਾਸਨ ਬਣਾਉਣਾ, ਪ੍ਰਸ਼ਨ ਪੁੱਛਣਾ ਅਤੇ ਵਿਦਿਆਰਥੀਆਂ ਦੇ ਮੁਲਾਂਕਣ ਦਾ ਸਮਾਂ ਅਤੇ ਪ੍ਰਕਾਰ ਵੀ ਅਧਿਆਪਕ ਰਾਹੀਂ ਨਿਰਧਾਰਤ ਕੀਤਾ ਜਾਂਦਾ ਹੈ।

ਇਸ ਦ੍ਰਿਸ਼ਟੀਕੋਣ ਦਾ ਇਹ ਪ੍ਰਮੁੱਖ ਵਿਸ਼ਵਾਸ ਹੈ ਕਿ ਅਧਿਆਪਕ ਉਹ ਸਭ ਜਾਣਦਾ ਹੈ ਜੋ ਬੱਚੇ ਨੂੰ ਜਾਣਨ ਦੀ ਲੋੜ ਹੈ। ਇਸ ਲਈ ਅਧਿਆਪਕ ਉਨ੍ਹਾਂ ਹੁਨਰਾਂ ਨੂੰ ਬੱਚਿਆਂ ਵਿੱਚ ਪਹੁੰਚਾ ਸਕਦਾ ਹੈ। ਇੱਕ ਕਥਿਤ ਚੰਗਾ ਕਹਾਉਣ ਵਾਲਾ ਬੱਚਾ/ ਵਿਦਿਆਰਥੀ ਵੀ ਇਸ ਪ੍ਰਕਾਰ ਦੇ ਗਿਆਨ ਨੂੰ ਆਪਣੀ ਯਾਦ ਵਿੱਚ ਇਕੱਠਾ ਕਰਦਾ ਹੈ ਅਤੇ ਜਦੋਂ ਲੋੜ ਹੁੰਦੀ ਹੈ ਤਾਂ ਉਸ ਗਿਆਨ ਦਾ ਉਪਯੋਗ ਕਰਦਾ ਹੈ। ਹੋਰ ਸ਼ਬਦਾਂ ਵਿੱਚ ਕਮਜ਼ੋਰ ਬੱਚੇ ਵਿੱਚ ਗਿਆਨ ਨੂੰ ਗ੍ਰਹਿਣ ਕਰਨ ਅਤੇ ਉਸ ਦਾ ਉਪਯੋਗ ਕਰਨ ਦੀ ਯੋਗਤਾ ਦੀ ਕਮੀ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਯਾਦਸ਼ਕਤੀ ਤੋਂ ਯਾਦ ਕਰਨ ਅਤੇ ਗਿਆਨ ਦਾ ਉਪਯੋਗ ਕਰਨ ਦੀ ਪ੍ਰਕਿਰਿਆ ਇਸ ਦ੍ਰਿਸ਼ਟੀਕੋਣ ਦੀਆਂ ਦੋ ਮਹੱਤਵਪੂਰਨ ਪ੍ਰਕਿਰਿਆਵਾਂ ਹਨ। ਇੱਕ ਮਹਾਨ ਸਿੱਖਿਆ ਚਿੰਤਕ ਪਾਊਟੋ ਫਰਾਰੀ ਨੇ ਇਸ ਪ੍ਰਕਿਰਿਆ ਨੂੰ 'ਬੈਂਕਿੰਗ ਸਿੱਖਿਆ' ਦਾ ਨਾਂ ਦਿੱਤਾ ਹੈ।

**ਗਤੀਵਿਧੀ** 2.1ਜਦੋਂ ਅਧਿਆਪਕ ਪੜ੍ਹਾ ਰਿਹਾ ਹੋਵੇ ਉਸ ਸਮੇਂ 'ਤੇ ਘੱਟ ਤੋਂ ਘੱਟ ਪੰਜ ਜਮਾਤਾਂ ਦਾ ਪ੍ਰੇਖਣ ਕਰੋ ਅਤੇ ਅਧਿਆਪਕ ਅਤੇ ਬੱਚੇ ਜਮਾਤ ਵਿੱਚ ਕੀ ਕਰ ਰਹੇ ਹਨ, ਇਨ੍ਹਾਂ ਸਾਰੀਆਂ ਗੱਲਾਂ ਦੀ ਇੱਕ ਸੂਚੀ ਬਣਾਓ। ਅਤੇ ਜਮਾਤ ਵਿੱਚ ਇਸ ਦ੍ਰਿਸ਼ਟੀਕੋਣ ਦੇ ਅਨੁਸਰਣ ਰਾਹੀਂ ਪੜ੍ਹਾਉਂਦੇ ਹੋਏ ਅਧਿਆਪਕ ਨਾਲ ਇਸ ਪ੍ਰਕਾਰ ਦੇ ਅਧਿਆਪਨ ਦੇ ਲਾਭਾਂ ਦੀ ਸੂਚੀ ਬਣਾਓ।

ਜੇਕਰ ਤੁਸੀਂ ਆਪਣੀ ਗਤੀਵਿਧੀ ਪੂਰੀ ਕਰ ਲਈ ਹੈ ਤਾਂ ਆਪਣੇ ਪ੍ਰੇਖਣ ਦੀ ਹੇਠ ਦਿੱਤੀ ਗਈ ਸੂਚੀ ਨਾਲ ਤੁਲਨਾ ਕਰੋ–

**ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਦੀਆਂ ਵਿਸ਼ੇਸ਼ਤਾਵਾਂ**;

ਅਧਿਆਪਨ ਸਿਖਲਾਈ ਦੇ ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਦੀਆਂ ਕੁਝ ਮਹੱਤਵਪੂਰਨ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨਃ

- ਗਿਆਨ, ਅਧਿਆਪਕ ਤੋਂ ਬੱਚੇ ਵਿੱਚ ਪਹੁੰਚਦਾ ਹੈ।
- ਸਿਖਲਾਈ ਦੀ ਬਜਾਏ ਧਿਆਨ ਅਧਿਆਪਨ, ਸੂਚਨਾ ਪ੍ਰੇਖਣ, ਨਿਰਦੇਸ਼ਨ 'ਤੇ ਕੇਂਦਰਿਤ ਕੀਤਾ ਜਾਂਦਾ ਹੈ।

• ਔਸਤ ਵਿਦਿਆਰਥੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਸ਼ਾ ਵਸਤੂ ਅਤੇ ਅਧਿਆਪਨ ਵਿਧੀ ਅਧਿਆਪਕ ਰਾਹੀਂ ਸੁਨਿਸ਼ਚਤ ਕੀਤੀ ਜਾਂਦੀ ਹੈ। ਅਧਿਆਪਨ ਦੌਰਾਨ ਵਿਅਕਤੀਗਤ ਵਿਦਿਆਰਥੀ ਦੀ ਰੁਚੀ ਅਤੇ ਲੋੜਾਂ ਦਾ ਮੁਸ਼ਕਲ ਨਾਲ ਧਿਆਨ ਰੱਖਿਆ ਜਾਂਦਾ ਹੈ।

• ਅਧਿਆਪਕ ਰਾਹੀਂ ਨਿਰਦੇਸ਼ਤ ਜਾਂ ਪੜ੍ਹਾਈ ਗਈ ਵਸਤੂ ਨੂੰ ਸਾਕਾਰਾਤਮਕ ਰੂਪ ਨਾਲ ਸੁਣਨ, ਪੜ੍ਹਨ, ਲਿਖਣ ਆਦਿ 'ਤੇ ਜ਼ੋਰ ਦਿੱਤਾ ਜਾਂਦਾ ਹੈ।

• ਕਲਾਸ ਗਤੀਵਿਧੀਆਂ ਵਿੱਚ ਵਿਦਿਆਰਥੀ ਦੀ ਸਹਿਭਾਗਤਾ ਅਧਿਆਪਕ ਵੱਲੋਂ ਤੈਅ ਕੀਤੀ ਜਾਂਦੀ ਹੈ। ਜ਼ਿਆਦਾਤਰ ਸਥਿਤੀਆਂ ਵਿੱਚ ਅਧਿਆਪਕ ਬੱਚਿਆਂ

ਨੂੰ ਵਿਚਾਰਾਂ ਦੇ ਆਦਾਨ ਪ੍ਰਦਾਨ ਵਿੱਚ, ਅੰਤਾਕਸ਼ਰੀ ਅਤੇ ਚਰਚਾ ਵਿੱਚ ਘੱਟ ਹੀ ਅਵਸਰ ਦਿੰਦੇ ਹਨ।

• ਅਧਿਆਪਕ ਮੁੱਖ ਤੌਰ 'ਤੇ ਵਿਸ਼ਾ ਵਸਤੂ ਨੂੰ ਪੂਰਾ ਕਰਨ ਨਾਲ ਹੀ ਸਬੰਧ ਰੱਖਦੇ ਹਨ।

• ਅਧਿਆਪਕ ਕੇਵਲ ਠੀਕ ਉੱਤਰ 'ਤੇ ਹੀ ਧਿਆਨ ਦਿੰਦੇ ਹਨ।

• ਕਲਾਸ ਪ੍ਰਬੰਧਨ ਸੰਪੂਰਨ ਰੂਪ ਨਾਲ ਅਧਿਆਪਕ 'ਤੇ, ਉਸ ਦੇ ਅਨੁਭਵਾਂ ਦੀਆਂ ਯੋਗਤਾਵਾਂ ਅਤੇ ਕਦੇ ਕਦੇ ਉਸ ਦੀ ਮਰਜ਼ੀ ਅਤੇ ਭਾਵਨਾਵਾਂ 'ਤੇ ਨਿਰਭਰ ਕਰਦਾ ਹੈ।

• ਕਲਾਸ ਅਨੁਸ਼ਾਸਨ ਦੇ ਸਿਧਾਂਤ ਅਤੇ ਕਲਾਸ ਵਿੱਚ ਉਨ੍ਹਾਂ ਦਾ ਜ਼ੋਰ ਸੰਪੂਰਨ ਤੌਰ 'ਤੇ ਅਧਿਆਪਕ ਨਿਯੰਤਰਿਤ ਹੁੰਦਾ ਹੈ।

• ਕਲਾਸ/ਸਕੂਲ ਵਿੱਚ ਅਨੁਸ਼ਾਸਨ ਦਾ ਪ੍ਰਭਾਵ ਚਿੰਨ੍ਹ ਇਹ ਹੀ ਹੈ ਕਿ ਵਿਦਿਆਰਥੀ ਅਧਿਆਪਕ ਪ੍ਰਤੀ ਸੰਪੂਰਨ ਆਗਿਆਕਾਰੀ ਰਹੇ।

• ਉਤਸ਼ਾਹ ਵਧਾਉਣ ਦੇ ਬਾਹਰੀ ਤਰੀਕੇ ਜਿਵੇਂ ਤਾਰੀਫ਼ ਕਰਨਾ, ਪਿੱਠ ਥਪ ਥਪਾਉਣਾ, ਇਨਾਮ ਅਤੇ ਸਜ਼ਾ ਆਦਿ ਆਮ ਤੌਰ 'ਤੇ ਅਧਿਆਪਕ ਰਾਹੀਂ ਪ੍ਰਯੋਗ ਕੀਤੇ ਜਾਂਦੇ ਹਨ।

ਜੇਕਰ ਤੁਸੀਂ ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਦੀਆਂ ਵਿਸ਼ੇਸ਼ਤਾਵਾਂ ਦਾ ਵਿਸ਼ਲੇਸ਼ਣ ਕਰਦੇ ਹੋ ਤਾਂ ਤੁਸੀਂ ਇਸ ਦ੍ਰਿਸ਼ਟੀਕੋਣ ਦੀ ਸੂਚੀ ਵਿੱਚ ਜ਼ਿਆਦਾ ਵਿਸ਼ੇਸ਼ਤਾਵਾਂ ਨੂੰ ਜੋੜ ਸਕਦੇ ਹੋ। ਹੁਣ ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ ਦਿਓ:

**ਈ. 3 ਨਿਮਨਲਿਖਤ ਵਿੱਚੋਂ ਕਿਸ ਦੀ ਵਿਸ਼ੇਸ਼ਤਾ ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਦੀ ਵਿਸ਼ੇਸ਼ਤਾ ਨਹੀਂ ਹੈ?**

ਏ–ਅਧਿਆਪਕ ਉਚਾਰਣ ਕਰ ਰਿਹਾ ਹੈ ਅਤੇ ਵਿਦਿਆਰਥੀ ਉਸ ਨੂੰ ਲਿਖ ਰਿਹਾ ਹੈ।

ਬੀ–ਵਿਦਿਆਰਥੀ ਸਮੂਹ ਵਿੱਚ ਕਲੇ ਅਤੇ ਕਾਗਜ਼ ਦਾ ਉਪਯੋਗ ਕਰਕੇ ਵਿਭਿੰਨ ਮਾਡਲ ਤਿਆਰ ਕਰ ਰਿਹਾ ਹੈ।

ਸੀ– ਵਿਦਿਆਰਥੀ ਮੈਦਾਨ ਵਿੱਚ ਮਾਸ ਡਰਿੱਲ ਕਰ ਰਹੇ ਹਨ।

**ਅਧਿਆਪਕਅ ਕੇਂਦਰਿਤ ਦ੍ਰਿਸ਼ਟੀਕੋਣ ਦੀ ਉਪਯੋਗਿਤਾ:–**

ਇਹ ਦ੍ਰਿਸ਼ਟੀਕੋਣ ਸੰਪੂਰਨ ਰੂਪ ਨਾਲ ਅਧਿਆਪਕ 'ਤੇ ਨਿਰਭਰ ਕਰਦਾ ਹੈ। ਜੇਕਰ ਅਧਿਆਪਕ ਇੱਕ ਸਾਕਾਰਾਤਮਕ ਦਿਮਾਗ ਵਾਲਾ ਹੈ ਤਾਂ ਉਹ ਨਵੀਆਂ ਵਸਤੂਆਂ ਨਾਲ ਸਿਖਲਾਈ ਦੀ ਊਰਜਾ ਨੂੰ ਜਾਰੀ ਰੱਖ ਸਕਦਾ ਹੈ ਅਤੇ ਆਪਣੇ ਵਿਦਿਆਰਥੀਆਂ ਦੇ ਅਨੁਭਵਾਂ ਨੂੰ ਵਧਾਉਣ ਵਿੱਚ ਉਨ੍ਹਾਂ ਦੀ ਸਹਾਇਤਾ ਕਰ ਸਕਦਾ ਹੈ।

• ਅਧਿਆਪਕ ਤੋਂ ਗਿਆਨ, ਸੂਚਨਾ ਅਤੇ ਹੁਨਰ ਦੀ ਵਿਦਿਆਰਥੀਆਂ ਵਿੱਚ ਟਰਾਂਸਫਰ ਅਕਸਰ ਵਿਵਾਦਿਤ ਰਹੀ ਹੈ ਕਿ ਇਹ ਵਿਦਿਆਰਥੀਆਂ ਲਈ ਲਾਭਦਾਇਕ ਹੈ ਜਾਂ ਨਹੀਂ ਜਿਵੇਂ ਕਿ ਬਹੁਤ ਸਾਰੇ ਸਫਲ ਵਿਦਿਆਰਥੀ ਜੋ ਪਰੰਪਰਾਗਤ ਤਰੀਕਿਆਂ ਤੋਂ ਆਉਂਦੇ ਹਨ, ਉਨ੍ਹਾਂ ਨੇ ਵੀ ਆਪਣੀ ਪ੍ਰਤਿਭਾ ਨੂੰ ਸਿੱਧ ਕੀਤਾ ਹੈ।

• ਇੱਥੇ ਬੱਚੇ ਲਈ ਢੁਕਵੀਂ ਸੰਖਿਆ ਵਿੱਚ ਨਵੀਆਂ, ਰਸਮੀ ਜਾਂ ਅਮੂਰਤ ਧਾਰਨਾਵਾਂ ਹਨ ਜਿਨ੍ਹਾਂ ਨੂੰ ਆਸਾਨੀ ਨਾਲ ਨਹੀਂ ਸਿੱਖਿਆ ਜਾ ਸਕਦਾ। ਇਨ੍ਹਾਂ ਬੱਚਿਆਂ ’ਤੇ ਨਹੀਂ ਛੱਡਿਆ ਜਾ ਸਕਦਾ। ਵਿਦਿਆਰਥੀਆਂ ਨੂੰ ਸੁਵਿਧਾ ਪ੍ਰਦਾਨ ਕਰਨ ਲਈ ਅਤੇ ਇਨ੍ਹਾਂ ਨੂੰ ਆਸਾਨੀ ਨਾਲ ਸਮਝਣ ਲਈ ਅਧਿਆਪਕ ਰਾਹੀਂ ਇਨ੍ਹਾਂ ਦੀ ਪ੍ਰਤੱਖ ਰੂਪ ਨਾਲ ਵਿਆਖਿਆ ਕਰਨਾ ਹੀ ਜ਼ਿਆਦਾ ਚੰਗਾ ਤਰੀਕਾ ਹੈ।

• ਇੱਥੇ ਅਜਿਹੀ ਅਨੇਕ ਸਮੱਗਰੀ, ਉਪਕਰਨ ਅਤੇ ਸਥਿਤੀਆਂ ਹਨ ਜਿਨ੍ਹਾਂ ਰਾਹੀਂ ਛੋਟੇ ਬੱਚਿਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਅਜਿਹੀਆਂ ਸਥਿਤੀਆਂ ਵਿੱਚ ਹਮੇਸ਼ਾਂ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਅਧਿਆਪਕ ਹੀ ਅਜਿਹੀ ਸਮੱਗਰੀ ਜਾਂ ਉਪਕਰਨਾਂ ਦੀ ਸਹਾਇਤਾ ਨਾਲ ਅਜਿਹੇ ਪ੍ਰਯੋਗਾਂ ਜਾਂ ਗਤੀਵਿਧੀਆਂ ਦਾ ਪ੍ਰਦਰਸ਼ਨ ਕਰੇ।

• ਵੱਡੇ ਆਕਾਰ ਦੀ ਕਲਾਸ ਵਿੱਚ, ਜਿੱਥੇ ਬਹੁਤ ਜ਼ਿਆਦਾ ਸੰਖਿਆ ਵਿੱਚ ਬੱਚੇ ਹਨ, ਅਧਿਆਪਨ ਕੇਵਲ ਸੁਵਿਧਾ ਪ੍ਰਦਾਨ ਕਰਨ ਦੀ ਵਿਧੀ ਬਣ ਜਾਂਦਾ ਹੈ।

**ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਦੀਆਂ ਸੀਮਾਵਾਂ:** ਇਸ ਦ੍ਰਿਸ਼ਟੀਕੋਣ ਦੀਆਂ ਬਹੁਤ ਜ਼ਿਆਦਾ ਸੰਖਿਆ ਵਿੱਚ ਸੀਮਾਵਾਂ ਹਨ। ਉਨ੍ਹਾਂ ਵਿੱਚੋਂ ਕੁਝ ਇਸ ਪ੍ਰਕਾਰ ਹਨ–

• ਅਧਿਆਪਕ ਵੱਲੋਂ ਜਦੋਂ ਅਕਸਰ ਪ੍ਰਭਾਵਸ਼ਾਲੀ ਤੱਥਾਂ ਅਤੇ ਵਿਚਾਰਾਂ ਦਾ ਅਧਿਆਪਨ ਕੀਤਾ ਜਾਂਦਾ ਹੈ ਤਾਂ ਬੱਚੇ ਇਸ ਨੂੰ ਪਸੰਦ ਨਹੀਂ ਕਰਦੇ ਅਤੇ ਆਪਣੀ ਰੁਚੀ ਖੋਣ ਲੱਗਦੇ ਹਨ।

• ਜੇਕਰ ਅਧਿਆਪਕ ਦਾ ਗਿਆਨ ਸੀਮਿਤ ਹੈ ਤਾਂ ਉਹ ਵਿਅਕਤੀਗਤ ਤੌਰ ’ਤੇ ਬੱਚਿਆਂ ਦੀਆਂ ਲੋੜਾਂ ਦੀ ਪੂਰਤੀ ਨਹੀਂ ਕਰ ਸਕਦਾ ਹੈ।

• ਇਸ ਦ੍ਰਿਸ਼ਟੀਕੋਣ ਵਿੱਚ ਵਾਦ-ਵਿਵਾਦ ਅਤੇ ਚਰਚਾ ਲਈ ਕੋਈ ਸਥਾਨ ਨਹੀਂ ਹੈ।

• ਵੱਡੇ ਆਕਾਰ ਦੀ ਕਲਾਸ ਵਿੱਚ ਅਤੇ ਮਲਟੀ ਗਰੇਡ ਸਥਿਤੀ ਵਿੱਚ ਵਿਅਕਤੀਗਤ ਤੌਰ ’ਤੇ ਬੱਚਿਆਂ ’ਤੇ ਧਿਆਨ ਨਹੀਂ ਦਿੱਤਾ ਜਾ ਸਕਦਾ ਹੈ।

• ਅਧਿਆਪਕ ਬੱਚਿਆਂ ਨੂੰ ਸੋਚਣ ਦੇ ਹੁਨਰ ਨੂੰ ਵਿਕਸਤ ਕਰਨ ਲਈ ਕੋਈ ਵੀ ਅਵਸਰ ਉਪਲੱਬਧ ਨਹੀਂ ਕਰਾਉਂਦਾ।

• ਜ਼ਿਆਦਾਤਰ ਮੁਲਾਂਕਣ ਦੀ ਪ੍ਰਕਿਰਤੀ ਸੰਖੇਪ ਹੁੰਦੀ ਹੈ। ਇੱਥੇ ਨਿਰੰਤਰ ਅਤੇ ਵਿਆਪਕ ਮੁਲਾਂਕਣ ਲਈ ਕੋਈ ਸਥਾਨ ਨਹੀਂ ਹੁੰਦਾ ਜੋ ਅੱਜ ਦੇ ਮੌਜੂਦਾ ਸਮੇਂ ਦੀ ਮੰਗ ਹੈ।

• ਅਧਿਆਪਕ ਕੋਰਸ ਨੂੰ ਪੂਰਾ ਕਰਨ ਲਈ ਵਚਨਬੱਧ ਹੁੰਦਾ ਹੈ। ਇਸ ਨਾਲ ਕੋਈ ਮਤਲਬ ਨਹੀਂ ਹੈ ਕਿ ਕਿਸੇ ਬੱਚੇ ਨੇ ਧਾਰਨਾ ਨੂੰ ਸਮਝਿਆ ਹੈ ਜਾਂ ਨਹੀਂ।

**ਹੁਣ ਆਪਣੀ ਪ੍ਰਗਤੀ ਦੀ ਜਾਂਚ ਕਰੋ ਅਤੇ ਨਿਮਨਲਿਖਤ ਦੇ ਉੱਤਰ ਦਿਓ:**

**ਈ.4 ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਲਈ ਨਿਮਨ ਵਿੱਚੋਂ ਕਿਹੜਾ ਕਥਨ ਸੱਚ ਹੈ?**

ਏ-ਕਲਾਸ ਲਈ ਪ੍ਰਸਤਾਵਿਤ ਕੋਰਸ ਸਮੇਂ ਵਿੱਚ ਪੂਰਾ ਕੀਤਾ ਜਾ ਸਕਦਾ ਹੈ।

ਬੀ-ਵਿਦਿਆਰਥੀ ਪੜ੍ਹਨ ਦੀ ਢੁਕਵੀਂ ਯੋਗਤਾ ਵਿਕਸਤ ਕਰ ਸਕਦੇ ਹਨ।

ਸੀ-ਇਸ ਦ੍ਰਿਸ਼ਟੀਕੋਣ ਵਿੱਚ ਪੜ੍ਹਾਏ ਗਏ ਵਿਦਿਆਰਥੀ ਚੰਗੇ ਅਨੁਸ਼ਾਸਨ ਵਿੱਚ ਰਹਿੰਦੇ ਹਨ।

ਹਰੇਕ ਕਥਨ ਲਈ ਘੱਟ ਤੋਂ ਘੱਟ ਇੱਕ ਕਾਰਨ ਦੱਸੋ।

### 2.2.2 ਵਿਸ਼ਾ ਕੇਂਦਰਿਤ ਦ੍ਰਿਸ਼ਟੀਕੋਣ

ਵਿਸ਼ਾ ਕੇਂਦਰਿਤ ਦ੍ਰਿਸ਼ਟੀਕੋਣ ਵਿੱਚ ਵਿਦਿਆਰਥੀਆਂ ਦੇ ਗ੍ਰਹਿਣ ਕਰਨ ਲਈ ਅਧਿਆਪਕ ਰਾਹੀਂ ਮੁੱਖ ਰੂਪ ਨਾਲ ਵਿਸ਼ਾ ਵਸਤੂ ਦੇ ਪ੍ਰਸਤੂਤੀਕਰਨ 'ਤੇ ਧਿਆਨ ਦਿੱਤਾ ਜਾਂਦਾ ਹੈ। ਉਦਾਹਰਨ ਲਈ ਵਿਸ਼ੇ ਵਿੱਚ ਸ਼ਾਮਲ ਪ੍ਰਕਰਣ/ਧਾਰਨਾ ਨੂੰ ਮਹੱਤਵ ਦਿੱਤਾ ਜਾਂਦਾਂ ਹੈ, ਜਿਸ ਦੇ ਚਾਰੋਂ ਤਰਫ਼ ਸਾਰੀਆਂ ਅਧਿਆਪਨ ਅਤੇ ਸਿਖਲਾਈ ਗਤੀਵਿਧੀਆਂ ਘੁੰਮਦੀਆਂ ਹਨ। ਅਧਿਆਪਨ ਅਤੇ ਸਿਖਲਾਈ ਲਈ ਪਾਠ ਪੁਸਤਕਾਂ ਅਤੇ ਪਾਠਕ੍ਰਮ ਦਾ ਦ੍ਰਿੜਤਾ ਨਾਲ ਪਾਲਣ ਕਰਨਾ ਜ਼ਿਆਦਾਤਰ ਸਕੂਲਾਂ ਵਿੱਚ ਇੱਕ ਆਮ ਅਭਿਆਸ ਹੈ। ਸਾਰੇ ਵਿਸ਼ਿਆਂ ਵਿੱਚ ਪਾਠ ਪੁਸਤਕਾਂ ਨੂੰ ਸਾਰੀਆਂ ਲੋੜੀਂਦੀਆਂ ਧਾਰਨਾਵਾਂ, ਉਦਾਹਰਨ ਅਤੇ ਅਭਿਆਸ ਦੇ ਭੰਡਾਰ ਗ੍ਰਹਿ ਦੇ ਰੂਪ ਵਿੱਚ ਮੰਨਿਆ ਜਾਂਦਾ ਹੈ ਜਿਸ ਦੀ ਅਧਿਆਪਨ ਸਿਖਲਾਈ ਪ੍ਰਕਿਰਿਆ ਲਈ ਲੋੜ ਹੁੰਦੀ ਹੈ। ਪ੍ਰਸਤਾਵਿਤ ਧਾਰਨਾ ਨੂੰ ਗ੍ਰਹਿਣ ਕਰਨ ਦੀ ਵਿਧੀ ਤੋਂ ਮਤਲਬ ਕੁਝ ਵੀ ਹੋ ਸਕਦਾ ਹੈ।

"ਪਾਠ ਪੁਸਤਕ ਪਾਠਕ੍ਰਮ ਦਾ ਸਾਕਾਰ ਰੂਪ ਬਣ ਜਾਂਦੀ ਹੈ ਜੋ ਪੜ੍ਹਾਇਆ ਜਾਂਦਾ ਹੈ ਉਹ ਸਭ ਇਸ ਵਿੱਚ ਹੈ। ਇਹ ਇੱਕ ਵਿਧੀ ਪੂਰਬਕ ਗਾਇਡ ਬਣ ਜਾਂਦੀ ਹੈ ਜਿਸ ਨੂੰ ਪੜ੍ਹਨਾ ਹੈ ਅਤੇ ਇਸ ਦੇ ਕੁਝ ਭਾਗਾਂ ਨੂੰ ਬਾਰੰਬਬਾਰ ਪੜ੍ਹ ਕੇ ਯਾਦ ਕਰਨਾ ਹੈ। ਇਸ ਦੇ ਹਰੇਕ ਪਾਠ ਦੇ ਅੰਤ ਵਿੱਚ ਦਿੱਤੇ ਗਏ ਪ੍ਰਸ਼ਨਾਂ ਨੂੰ ਮੁਲਾਂਕਣ ਲਈ ਨਿਰਧਾਰਤ ਕੀਤਾ ਗਿਆ ਹੈ ਜਿਸ ਦਾ ਮੌਖਿਕ ਰੂਪ ਨਾਲ ਉੱਤਰ ਦੇਣਾ ਹੈ ਅਤੇ ਲਿਖਦੇ ਸਮੇਂ ਇਸ ਨੂੰ ਦੁਹਰਾਉਣਾ ਹੈ।

ਆਓ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ (2005) ਵਿੱਚ ਬਣਾਏ ਗਏ ਬਿੰਦੂਆਂ 'ਤੇ ਚਰਚਾ ਕਰਦੇ ਹਾਂ:

ਵਿਸ਼ਾ ਕੇਂਦਰਿਤ ਦ੍ਰਿਸ਼ਟੀਕੋਣ ਦੇ ਸੰਦਰਭ ਵਿੱਚ ਇਹ ਨਿਮਨਲਿਖਤ ਨੂੰ ਰੇਖਾਂਕਿਤ ਕਰਦਾ ਹੈ-

- ਅਧਿਆਪਕ ਲਈ ਪਾਠ ਪੁਸਤਕ ਹੀ ਕੇਵਲ ਮੁੱਖ ਸਰੋਤ ਹੁੰਦੀ ਹੈ।
- ਵਿਦਿਆਰਥੀਆਂ ਦੇ ਸਨਮੁਖ ਇੱਕ-ਇੱਕ ਸ਼ਬਦ ਨੂੰ ਪੇਸ਼ ਕੀਤਾ ਜਾਂਦਾ ਹੈ।
- ਪਾਠ ਪੁਸਤਕ ਦੀ ਪਾਠ ਵਸਤੂ ਹੀ ਅਧਿਆਪਕ ਲਈ ਉਸ ਦੀਆਂ ਵਿਧੀਆਂ ਦੀ ਚੋਣ ਲਈ ਗਾਇਡ ਦਾ ਕਾਰਜ ਕਰਦੀ ਹੈ।
- ਵਿਦਿਆਰਥੀਆਂ ਨੂੰ ਬਾਰ-ਬਾਰ ਪੜ੍ਹਕੇ ਤੱਥਾਂ ਨੂੰ ਯਾਦ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ।
- ਸਿਖਲਾਈ ਦੇ ਮੁਲਾਂਕਣ ਲਈ ਵਿਦਿਆਰਥੀਆਂ ਤੋਂ ਪਾਠ ਦੇ ਅੰਤ ਵਿੱਚ ਦਿੱਤੇ ਗਏ ਪ੍ਰਸ਼ਨ ਪੁੱਛੇ ਜਾਂਦੇ ਹਨ।
- ਵਿਦਿਆਰਥੀ ਪਾਠ ਪੁਸਤਕ ਦੀ ਨਕਲ ਨਾਲ ਮੌਖਿਕ ਅਤੇ ਲਿਖਤ ਰੂਪ ਨਾਲ ਉੱਤਰ ਦਿੰਦੇ ਹਨ।
- ਉਹ ਆਪਣੇ ਉੱਤਰ ਮੌਖਿਕ ਰੂਪ ਨਾਲ ਜਾਂ ਲਿਖਤ ਰੂਪ ਨਾਲ ਵਾਸਤਵਿਕ ਪਾਠ ਵਸਤੂ ਦੇ ਪੁਨਰ ਉਤਪਾਦਨ ਰਾਹੀਂ ਨਿਰਮਤ ਕਰ ਸਕਦੇ ਹਨ।

**ਵਿਸ਼ਾ ਕੇਂਦਰਿਤ ਸਿਖਲਾਈ ਦੀਆਂ ਵਿਸ਼ੇਸ਼ਤਾਵਾਂ:**

- ਵਿਸ਼ਾ ਵਸਤੂ 'ਤੇ ਹੀ ਧਿਆਨ ਕੇਂਦਰਿਤ ਹੁੰਦਾ ਹੈ। ਇਸ ਲਈ ਕਲਾਸ ਵਿੱਚ ਪਾਠ ਪੁਸਤਕ ਦਾ ਆਦਾਨ ਪ੍ਰਦਾਨ ਹੀ ਸਾਰੀਆਂ ਕਲਾਸ ਗਤੀਵਿਧੀਆਂ ਦਾ ਮੂਲ ਹੁੰਦਾ ਹੈ।

- ਅਧਿਆਪਕ ਖੁਦ ਨੂੰ ਬੱਚਿਆਂ ਦੇ ਸਨਮੁਖ ਇੱਕ ਆਦਰਸ਼ ਦੇ ਰੂਪ ਵਿੱਚ ਪੇਸ਼ ਕਰਦਾ ਹੈ ਜਿਵੇਂ ਕਿ ਉਹ ਵਿਸ਼ੇ ਨਾਲ ਸਬੰਧਿਤ ਸਾਰੇ ਮਾਮਲਿਆਂ ਦਾ ਗਿਆਨ ਰੱਖਦਾ ਹੈ।

- ਇਨ੍ਹਾਂ ਵਿਦਿਆਰਥੀਆਂ ਦੀ ਸਿਖਲਾਈ ਲੋੜਾਂ ਨੂੰ ਪਾਠ ਪੁਸਤਕ ਰਾਹੀਂ ਹੀ ਪੂਰੀ ਹੋਈ ਮੰਨੀ ਜਾਂਦੀ ਹੈ।

- ਕਲਾਸ ਵਿੱਚ ਵਿਸ਼ਾ ਵਸਤੂ ਨੂੰ ਪੇਸ਼ ਕਰਦੇ ਸਮੇਂ ਵਾਸਤਵਿਕ ਜੀਵਨ ਦੀਆਂ ਸਥਿਤੀਆਂ ਨੂੰ ਮੁਸ਼ਕਿਲ ਨਾਲ ਹੀ ਸਥਾਨ ਦਿੱਤਾ ਜਾਂਦਾ ਹੈ।

- ਕਲਾਸ ਦੀਆਂ ਸਾਰੀਆਂ ਪਰਸਪਰ ਕਿਰਿਆਵਾਂ ਪਾਠ ਪੁਸਤਕ ਕੇਂਦਰਿਤ ਹੁੰਦੀਆਂ ਹਨ।

- ਗੁਣਾਤਮਕ ਆਧਾਰਿਤ ਨਤੀਜੇ ਦੀ ਉਮੀਦ ਸੰਖਿਆਤਮਕ ਆਧਾਰਿਤ ਨਤੀਜੇ ਦਾ ਦਬਾਅ ਹੁੰਦਾ ਹੈ।

- ਮੁਲਾਂਕਣ ਲਈ ਪਾਠ ਪੁਸਤਕ ਆਧਾਰਿਤ ਪ੍ਰਸ਼ਨ ਉਪਯੋਗ ਕੀਤੇ ਜਾਂਦੇ ਹਨ ਜਿਸ ਵਿੱਚ ਵਿਭਿੰਨਤਾ ਦੀ ਕਮੀ ਹੁੰਦੀ ਹੈ।

ਹਾਲਾਂਕਿ ਇਹ ਦ੍ਰਿਸ਼ਟੀਕੋਣ ਇੱਕ ਸੀਮਿਤ ਸਮੇਂ ਵਿੱਚ ਪਾਠਕ੍ਰਮ ਨਾਲ ਭਰਪੂਰ ਵਿਵਰਣ ਸਿਖਲਾਰਥੀ ਨੂੰ ਪ੍ਰਦਾਨ ਕਰਦਾ ਹੈ। ਜਿਵੇਂ ਕਿ ਪ੍ਰਸਤਾਵਿਤ ਸਮੇਂ ਵਿੱਚ ਕੋਰਸ ਪੂਰਾ ਹੋ ਜਾਂਦਾ ਹੈ, ਸਿਖਲਾਰਥੀ ਵਿਸਥਾਰਤ ਰੂਪ ਨਾਲ ਅਭਿਆਸ ਦੀ ਯੋਜਨਾ ਬਣਾ ਸਕਦਾ ਹੈ ਅਤੇ ਵਿਸ਼ਾ ਵਸਤੂ ਨੂੰ ਸੰਪੂਰਨ ਰੂਪ ਨਾਲ ਸਿੱਖ ਸਕਦਾ ਹੈ।

ਇਸ ਪ੍ਰਕਾਰ ਨਾਲ ਗ੍ਰਹਿਣ ਕੀਤਾ ਗਿਆ ਗਿਆਨ ਕੇਵਲ ਕਿਤਾਬੀ ਹੈ। ਇੱਥੇ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਕੋਈ ਸ਼੍ਰੇਸ਼ਠਤਾ ਨਹੀਂ ਹੈ। ਜ਼ਿਆਦਾਤਰ ਸਮਾਂ ਰੱਟਣ ਅਤੇ ਦੁਹਰਾਉਣ ਵਿੱਚ ਉਪਯੋਗ ਹੋ ਜਾਂਦਾ ਹੈ ਨਾ ਕਿ ਅਰਥਪੂਰਨ ਸਿਖਲਾਈ ਵਿੱਚ। ਇਸ ਲਈ ਵਿਦਿਆਰਥੀ ਅਤੇ ਅਧਿਆਪਕ ਦੋਨਾਂ ਨੂੰ ਪ੍ਰਸ਼ਨ ਪੁੱਛਣ ਦੀ ਕਲਾ ਦੇ ਵਿਕਾਸ ਵਿੱਚ ਜ਼ਿਆਦਾ ਸਮਾਂ ਨਹੀਂ ਮਿਲਦਾ ਕਿਉਂਕਿ ਉਹ ਆਪਣੇ ਆਪ ਨੂੰ ਕਿਤਾਬੀ ਪ੍ਰਸ਼ਨਾਂ ਤੱਕ ਹੀ ਸੀਮਿਤ ਰੱਖਦੇ ਹਨ। ਸਿਖਲਾਈ ਦੇ ਪਰਿਣਾਮ ਦੇ ਰੂਪ ਵਿੱਚ ਵਿਅਕਤੀਕਤ ਵਾਧੇ ਦੇ ਸਾਰੇ ਪਹਿਲੂਆਂ ਦਾ ਮੁਲਾਂਕਣ ਕਰਨ ਦੀ ਬਜਾਏ ਪਾਠ ਪੁਸਤਕ ਤੋਂ ਗ੍ਰਹਿਣ ਕੀਤੀਆਂ ਗਈਆਂ ਧਾਰਨਾਵਾਂ ਦੇ ਮੁਲਾਂਕਣ ਲਈ ਨਿਰੰਤਰ ਅਤੇ ਵਿਆਪਕ ਮੁਲਾਂਕਣ ਨੂੰ ਸੀਮਿਤ ਕੀਤਾ ਗਿਆ ਹੈ।

**ਅੱਗੇ ਵਧਣ ਤੋਂ ਪਹਿਲਾਂ ਆਪਣੀ ਪ੍ਰਗਤੀ ਦੀ ਜਾਂਚ ਕਰੋ:**

**ਈ.5 ਹੇਠ ਕੁਝ ਕਥਨ ਦਿੱਤੇ ਗਏ ਹਨ ਜੋ ਵਿਸ਼ਾ ਕੇਂਦਰਿਤ ਦ੍ਰਿਸ਼ਟੀਕੋਣ ਲਈ ਢੁਕਵੇਂ ਹਨ, ਉਨ੍ਹਾਂ ਨੂੰ ਚਿੰਨ੍ਹਿਤ ਕਰੋ।**

ੳ) ਕਲਾਸ ਵਿੱਚ ਅਧਿਆਪਕ ਪਾਠ ਪੁਸਤਕ ਦਾ ਮੁਸ਼ਕਿਲ ਨਾਲ ਪ੍ਰਯੋਗ ਕਰਦੇ ਹਨ।

ਅ) ਪਾਠ ਦੇ ਅੰਤ ਵਿੱਚ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਵਿਦਿਆਰਥੀਆਂ ਰਾਹੀਂ ਦਿੱਤੇ ਜਾਂਦੇ ਹਨ।

ੲ) ਅਸਲੀ ਜੀਵਨ ਨਾਲ ਸਬੰਧਿਤ ਅਨੁਭਵਾਂ 'ਤੇ ਜ਼ੋਰ ਦਿੱਤਾ ਜਾਂਦਾ ਹੈ।

ਸ) ਵਿਦਿਆਰਥੀ ਹਮੇਸ਼ਾਂ ਪਾਠ ਵਸਤੂ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰਦੇ ਹਨ।

ਹ) ਪਾਠ ਪੁਸਤਕ ਨੂੰ ਸਿਖਲਾਈ ਦੇ ਮੁੱਖ ਸਰੋਤ ਦੇ ਰੂਪ ਵਿੱਚ ਮੰਨਿਆ ਜਾਂਦਾ ਹੈ।

### 2.2.3 ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ

ਉੱਪਰ ਤੋਂ ਪਹਿਲੇ ਭਾਗਾਂ ਵਿੱਚ ਤੁਸੀਂ ਅਧਿਆਪਕ ਕੇਂਦਰਿਤ ਅਤੇ ਵਿਸ਼ਾ ਕੇਂਦਰਿਤ ਦ੍ਰਿਸ਼ਟੀਕੋਣਾਂ ਦੇ ਬਾਰੇ ਵਿੱਚ ਅਧਿਐਨ ਕੀਤਾ। ਦੋਨੋਂ ਹੀ ਦ੍ਰਿਸ਼ਟੀਕੋਣ ਰੂੜੀਵਾਦੀ ਹਨ ਅਤੇ ਜ਼ਿਆਦਾ ਜਾਂ ਘੱਟ ਇੱਕ ਦੂਜੇ ਦੇ ਕਾਫ਼ੀ ਬਰਾਬਰ ਹਨ। ਇੱਕ ਉਦਾਹਰਨ ਹੈ "ਅਧਿਆਪਕ ਜੌਹਨ ਨੂੰ ਪੜ੍ਹਾਉਂਦਾ ਹੈ।" ਇੱਥੇ ਨਾ ਤਾਂ ਅਧਿਆਪਕ ਅਤੇ ਨਾ ਹੀ ਭਾਸ਼ਾ ਮਹੱਤਵਪੂਰਨ ਹੈ। ਪਰ ਜੌਹਨ ਮਹੱਤਵਪੂਰਨ ਹੈ। ਜੌਹਨ ਸਿਖਿਆਰਥੀ ਹੈ ਅਤੇ ਉਹੀ ਅਧਿਆਪਨ ਸਿਖਲਾਈ ਗਤੀਵਿਧੀ ਦਾ ਕੇਂਦਰ ਬਿੰਦੂ ਹੈ। ਇਸ ਲਈ ਸਿਖਲਾਰਥੀ ਦੀ ਤਰਫ਼ ਤੋਂ ਪ੍ਰਤੱਖ ਦ੍ਰਿਸ਼ਟੀਕੋਣ ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ ਹੈ ਜਿਸ ਦੀ ਚਰਚਾ ਇਸ ਭਾਗ ਵਿੱਚ ਕੀਤੀ ਜਾਏਗੀ।

**ਸਥਿਤੀ** 5: ਸ਼੍ਰੀਮਾਨ ਸਲਿਲ, ਭਾਸ਼ਾ ਅਧਿਆਪਕ ਨੇ ਭਾਸ਼ਾ ਦੀ ਪਾਠ ਪੁਸਤਕ ਨੂੰ ਕਲਾਸ ਪੰਜਵੀਂ ਵਿੱਚ ਪ੍ਰਾਇਮਰੀ ਸਿੱਖਿਆ ਸਮੱਗਰੀ ਦੇ ਰੂਪ ਵਿੱਚ ਉਪਯੋਗ ਕੀਤਾ। ਇੱਕ ਹੱਥ ਵਿੱਚ ਉਨ੍ਹਾਂ ਨੇ ਪਾਠ ਪੁਸਤਕ ਫੜੀ ਅਤੇ ਦੂਜੇ ਹੱਥ ਵਿੱਚ ਚਾਕ ਦਾ ਟੁਕੜਾ। ਉਸਨੇ ਪਾਠ ਪੜ੍ਹਾਇਆ। ਉਸ ਨੇ ਬਲੈਕਬੋਰਡ ਦਾ ਉਪਯੋਗ ਲੋੜ ਅਨੁਸਾਰ ਕੀਤਾ। ਉਸ ਨੇ ਪਾਠ ਦੇ ਮੁੱਖ ਬਿੰਦੂਆਂ ਦੀ ਵਿਆਖਿਆ ਕੀਤੀ ਅਤੇ ਪਾਠ ਦੇ ਅੰਤ ਵਿੱਚ ਦਿੱਤੇ ਗਏ ਪ੍ਰਸ਼ਨਾਂ ਨੂੰ ਪੁੱਛਿਆ। ਜਦੋਂ ਕਿਸੇ ਵਿਦਿਆਰਥੀ ਨੇ ਕੋਈ ਪ੍ਰਸ਼ਨ ਪੁੱਛਿਆ ਤਾਂ ਉਸਨੇ ਉੱਤਰ ਪ੍ਰਾਪਤ ਕਰਨ ਲਈ ਸੰਬੰਧਿਤ ਪੈਰਾਗ੍ਰਾਫ ਨੂੰ ਪੜ੍ਹਨ ਦੀ ਉਨ੍ਹਾਂ ਨੂੰ ਸਲਾਹ ਦਿੱਤੀ। ਉਸ ਨੇ ਪਾਠ ਪੁਸਤਕ ਤੋਂ ਅਲੱਗ ਬੱਚਿਆਂ ਨੂੰ ਆਸਾਨੀ ਨਾਲ ਸਮਝਾਉਣ ਲਈ ਕਦੇ ਕੋਈ ਉਦਾਹਰਨ ਨਹੀਂ ਦਿੱਤੀ। ਜ਼ਿਆਦਾਤਰ ਬੱਚੇ ਪ੍ਰੀਖਿਆ ਵਿੱਚ ਵਿਸਥਾਰਤ ਪੈਰਾਗ੍ਰਾਫ ਦੇ ਪ੍ਰਸ਼ਨਾਂ ਦੇ ਉੱਤਰ ਨਹੀਂ ਦੇ ਸਕੇ ਕਿਉਂਕਿ ਉਹ ਪਾਠ ਪੁਸਤਕ ਵਿੱਚੋਂ ਹੀ ਪ੍ਰਤੱਖ ਰੂਪ ਨਾਲ ਨਹੀਂ ਰੱਖੇ ਗਏ ਸਨ।

**ਸਥਿਤੀ** 6: ਵਿਗਿਆਨ ਅਧਿਆਪਕਾ ਮਿਸ ਮਿਸ਼ਰਾ ਨੇ ਪੰਜਵੀਂ ਜਮਾਤ ਵਿੱਚ ਕੁਝ ਅਧਿਆਪਨ ਸਿਖਲਾਈ ਸਮੱਗਰੀ ਦੇ ਨਾਲ ਪ੍ਰਵੇਸ਼ ਕੀਤਾ। ਉਸ ਦੇ ਹੱਥ ਵਿੱਚ ਵਿਗਿਆਨ ਦੀ ਪਾਠ ਪੁਸਤਕ ਹੈ, ਪਰ ਉਹ ਕੁਝ ਲਾਈਨਾਂ ਬਲੈਕਬੋਰਡ 'ਤੇ ਲਿਖਦੀ ਹੈ ਅਤੇ ਆਪਣੇ ਕੁਝ ਉਦਾਹਰਨ ਪੇਸ਼ ਕਰਦੀ ਹੈ। ਕਿਸੇ ਸਥਿਤੀ ਵਿੱਚ ਬੱਚਾ ਉਸ ਵੱਲੋਂ ਦਿੱਤੇ ਗਏ ਉਦਾਹਰਨਾਂ ਨੂੰ ਨਹੀਂ ਸਮਝਦਾ ਹੈ। ਉਸ ਨੇ ਅਧਿਆਪਨ ਸਿਖਲਾਈ ਸਮੱਗਰੀ ਦਾ ਉਪਯੋਗ ਕੀਤਾ ਅਤੇ ਬੱਚਿਆਂ ਨੂੰ ਵੀ ਉਨ੍ਹਾਂ ਦਾ ਉਪਯੋਗ ਕਰਨ ਨੂੰ ਕਿਹਾ। ਉਸ ਨੇ ਖੁਦ ਰਾਹੀਂ ਬਣਾਏ ਗਏ ਪ੍ਰਸ਼ਨ ਪੁੱਛੇ। ਉਸ ਨੇ ਕੁਝ ਸਮੂਹ ਗਤੀਵਿਧੀਆਂ ਬੱਚਿਆਂ ਨੂੰ ਦਿੱਤੀਆਂ। ਉਸ ਨੇ ਬੱਚਿਆਂ ਦੀ ਸਹਾਇਤਾ ਲਈ ਜਦੋਂ ਉਨ੍ਹਾਂ ਨੇ ਉਸ ਤੋਂ ਪੁੱਛਿਆ। ਉਸ ਨੇ ਮੁਸ਼ਕਿਲ ਨਾਲ ਹੀ ਪਾਠ ਪੁਸਤਕ ਤੋਂ ਪ੍ਰਸ਼ਨ ਪੁੱਛੇ। ਉਸ ਨੇ ਪਾਠ ਪੁਸਤਕ ਤੋਂ ਬਾਹਰ ਦਾ ਕੁਝ ਵਿਸ਼ਾ ਵਸਤੂ ਵੀ ਬੱਚਿਆਂ ਦੇ ਸਾਹਮਣੇ ਪੇਸ਼ ਕੀਤਾ। ਪ੍ਰੀਖਿਆ ਵਿੱਚ ਬੱਚਿਆਂ ਨੇ ਸਾਰੇ ਪ੍ਰਸ਼ਨਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਦਾ ਸਹੀ ਉੱਤਰ ਦਿੱਤਾ।

ਜੇਕਰ ਤੁਸੀਂ ਉਪਰੋਕਤ ਦੋਨੋਂ ਸਥਿਤੀਆਂ ਦੀ ਤੁਲਨਾ ਕਰਦੇ ਹੋ ਤਾਂ ਤੁਸੀਂ ਇਹ ਦੱਸਣ ਦੇ ਯੋਗ ਹੋ ਜਾਓਗੇ ਕਿ ਕਿਸਨੇ ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ ਦਾ ਉਪਯੋਗ ਕੀਤਾ ਹੈ। ਹੁਣ ਸਪੱਸ਼ਟ ਵਿਚਾਰ ਬਣਾਉਣ ਲਈ ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ ਦੀਆਂ ਵਿਸ਼ੇਸ਼ਤਾਵਾਂ ਨੂੰ ਪੜ੍ਹਦੇ ਹਾਂ।

**ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ ਦੀਆਂ ਵਿਸ਼ੇਸ਼ਤਾਵਾਂ:**

• ਇਸ ਦ੍ਰਿਸ਼ਟੀਕੋਣ ਦੀਆਂ ਸਾਰੀਆਂ ਸਿਖਲਾਈ ਵਿਧੀਆਂ ਅਤੇ ਰਣਨੀਤੀ ਰਚਨਾ, ਵਿਅਕਤੀਗਤ ਵਿਦਿਆਰਥੀ ਦੀਆਂ ਲੋੜਾਂ ਦਾ ਆਧਾਰ ਬਣਦੀ ਹੈ।

• ਅਧਿਆਪਕ ਅਧਿਆਪਨ ਸਿਖਲਾਈ ਪ੍ਰਕਿਰਿਆ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਬੱਚਿਆਂ ਨੂੰ ਪ੍ਰੋਤਸਾਹਿਤ ਕਰਨ ਦੀ ਕੋਸ਼ਿਸ਼ ਕਰਦਾ ਹੈ।

• ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਅਧਿਆਪਕ ਇੱਕ ਸੁਵਿਧਾ ਪ੍ਰਦਾਨ ਕਰਨ ਵਾਲੇ ਦੀ ਭੂਮਿਕਾ ਨਿਭਾਉਂਦਾ ਹੈ ਨਾ ਕਿ ਉਪਦੇਸ਼ਕ ਦੀ।

• ਸਿਖਲਾਈ ਪ੍ਰਕਿਰਿਆ ਨੂੰ ਸੁਵਿਧਾਜਨਕ ਬਣਾਉਣ ਲਈ ਸਥਿਤੀਆਂ ਦੀ ਸਿਰਜਣਾ ਕੀਤੀ ਜਾਂਦੀ ਹੈ।

• ਵਿਦਿਆਰਥੀ, ਵਿਅਕਤੀਗਤ ਰੂਪ ਨਾਲ ਅਤੇ ਸਮੂਹ ਵਿੱਚ ਦੋਨੋਂ ਪ੍ਰਕਾਰ ਦੇ ਕਾਰਜ ਕਰਦੇ ਹਨ।

• ਵਿਦਿਆਰਥੀ ਆਪਣੇ ਸਹਿਪਾਠੀਆਂ ਦੇ ਨਾਲ ਪਰਸਪਰ ਕਿਰਿਆ ਤੋਂ ਸਿੱਖਦੇ ਹਨ।

• ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛਣ, ਖੋਜ ਕਰਨ ਅਤੇ ਪ੍ਰਯੋਗ ਕਰਨ ਦੇ ਅਵਸਰ ਉਪਲੱਬਧ ਕਰਾਏ ਜਾਂਦੇ ਹਨ।

• ਬੱਚਿਆਂ ਨੂੰ ਬੈਠਣ ਦੀ ਵਿਵਸਥਾ, ਕਲਾਸ ਵਿੱਚ ਬੱਚਿਆਂ ਦੀਆਂ ਗਤੀਵਿਧੀਆਂ ਦੇ ਅਨੁਸਾਰ ਹੁੰਦੀ ਹੈ।

• ਮੁਲਾਂਕਣ, ਅਧਿਆਪਕ ਸਿਖਲਾਈ ਪ੍ਰਕਿਰਿਆ ਦਾ ਇੱਕ ਭਾਗ ਹੈ ਅਤੇ ਬੱਚਿਆਂ ਦਾ ਮੁਲਾਂਕਣ ਕੋਰਸ ਦੀਆਂ ਗੀਤਵਿਧੀਆਂ ਨੂੰ ਕਰਦੇ ਹੋਏ ਕੀਤਾ ਜਾਂਦਾ ਹੈ।

• ਵਿਭਿੰਨ ਪ੍ਰਕਾਰ ਦੀ ਅਧਿਆਪਨ ਸਿਖਲਾਈ ਸਮੱਗਰੀ ਦਾ ਉਪਯੋਗ ਕੀਤਾ ਜਾਂਦਾ ਹੈ ਜਿਸ ਨੂੰ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਕੀਤਾ ਜਾਂਦਾ ਹੈ।

• ਸਿਖਲਾਈ ਦਾ ਵਾਤਾਵਰਣ ਲੋਕਤੰਤਰੀ ਹੁੰਦਾ ਹੈ।

• ਵਿਦਿਆਰਥੀ ਅਕਸਰ ਧਾਰਨਾ ਨੂੰ ਸਪੱਸ਼ਟ ਕਰਨ ਲਈ ਅਧਿਆਪਕ ਤੋਂ ਪ੍ਰਸ਼ਨ ਪੁੱਛਦਾ ਹੈ।

ਕਲਾਸ ਵਿੱਚ ਵਿਦਿਆਰਥੀਆਂ ਨਾਲ ਗਤੀਵਿਧੀਆਂ ਕਰਨ ਨੂੰ ਸਿਖਲਾਈ ਲਈ ਬਹੁਤ ਜ਼ਰੂਰੀ ਮੰਨਿਆ ਜਾਂਦਾ ਹੈ। ਇਸ ਪ੍ਰਕਾਰ ਦੀ ਗਤੀਵਿਧੀ ਆਧਾਰਿਤ ਸਿਖਲਾਈ (ਏਬੀਐੱਲ) ਨੂੰ ਹੁਣ ਸਮੁੱਚੇ ਦੇਸ਼ ਵਿੱਚ ਖਾਸ ਤੌਰ 'ਤੇ ਹੇਠਲੇ ਗਰੇਡ ਵਿੱਚ ਪ੍ਰਾਇਮਰੀ ਸਕੂਲਾਂ ਵਿੱਚ ਅਪਣਾਇਆ ਜਾ ਰਿਹਾ ਹੈ।

**ਗਤੀਵਿਧੀ ਆਧਾਰਿਤ ਸਿਖਲਾਈ**

ਗਤੀਵਿਧੀ ਆਧਾਰਿਤ ਸਿਖਲਾਈ ਜ਼ਰੂਰੀ ਰੂਪ ਨਾਲ ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ ਹੀ ਹੈ। ਗਤੀਵਿਧੀ ਜਾਂ ਇੱਕ ਸਿਖਲਾਈ ਗਤੀਵਿਧੀ ਦੋਨੋਂ ਇੱਕ ਹੀ ਹਨ ਜਿਸ ਵਿੱਚ ਬੱਚਾ ਇੱਛਾ ਪੂਰਬਕ ਅਤੇ ਤੁਰੰਤ ਨਵੇਂ ਉਤਸ਼ਾਹ ਨਾਲ ਸਹਿਭਾਗਤਾ ਕਰਦਾ ਹੈ ਅਤੇ ਇਛੁੱਕ ਸਿਖਲਾਈ ਨਤੀਜਿਆਂ ਨੂੰ ਗ੍ਰਹਿਣ ਕਰਦਾ ਹੈ। ਇਸ ਸਿਖਲਾਈ ਵਿੱਚ ਸਿਖਲਾਈ ਪ੍ਰਕਿਰਿਆ ਅਤੇ ਸਿਖਲਾਈ ਪਰਿਣਾਮ ਦੋਨਾਂ ਦਾ ਧਿਆਨ ਰੱਖਿਆ ਜਾਦਾ ਹੈ।

ਵਿਸਥਾਰਤ ਚਰਚਾ ਲਈ ਕ੍ਰਿਪਾ ਕਰਕੇ ਕੋਰਸ ਦੀ ਇਕਾਈ-4 ਨੂੰ ਦੇਖੋ।

ਆਓ ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ ਵਿੱਚ ਉਦਾਹਰਨ ਦੇ ਰੂਪ ਵਿੱਚ ਇੱਕ ਗਤੀਵਿਧੀ 'ਤੇ ਵਿਚਾਰ ਕਰਦੇ ਹਾਂ:

**ਗਤੀਵਿਧੀ-ਨਕਸ਼ੇ ਨੂੰ ਪੜ੍ਹਨਾ     ਜਮਾਤ ਪੰਜਵੀਂ**

ਦੋ ਬੱਚੇ ਤਾਜ ਮਹਿਲ ਦੇਖਣ ਲਈ ਆਗਰਾ ਦੀ ਯਾਤਰਾ 'ਤੇ ਜਾ ਰਹੇ ਹਨ। ਆਗਰਾ ਪਹੁੰਚਣ ਤੋਂ ਬਾਅਦ ਇੱਕ ਯਾਤਰੀ ਨੇ ਉਨ੍ਹਾਂ ਨੂੰ ਆਗਰਾ ਦੇ ਵਿਭਿੰਨ ਸਥਾਨਾਂ ਦਾ ਦੌਰਾ ਕਰਨ ਲਈ ਨਕਸ਼ਾ ਦੇਣ ਦੀ ਕੋਸ਼ਿਸ਼ ਕੀਤੀ। ਉੱਥੇ ਤੁਸੀਂ ਖੁਦ ਸੋਚ ਸਕਦੇ ਹੋ ਕਿ ਤੁਸੀਂ ਕਿੱਥੇ ਹੋ ਅਤੇ ਬੱਚਿਆਂ ਤੋਂ ਤੁਸੀਂ ਨਕਸ਼ਾ ਪੜ੍ਹਨ ਵਿੱਚ ਮਦਦ ਮੰਗੀ ਹੈ। ਵਿਦਿਆਰਥੀਆਂ ਨੂੰ ਵਿਭਿੰਨ ਸਥਾਨ ਦਿਖਾਉਣ ਦੀ ਬਜਾਏ ਅਤੇ ਸਿੱਧੇ ਹੀ ਸਭ ਕੁਝ ਦੱਸਣ ਦੀ ਬਜਾਏ ਤੁਸੀਂ ਨਿਮਨ ਕਰਨਾ ਹੈ-

- ਉਨ੍ਹਾਂ ਨੂੰ ਨਕਸ਼ਾ ਦਿਓ।
- ਰੇਲਵੇ ਲਾਇਨ ਨੂੰ ਦਰਸਾਉਂਦੇ ਹੋਏ ਚਿੰਨ੍ਹਾਂ ਤੋਂ ਜਾਣੂ ਕਰਾਉਣਾ।
- ਨਕਸ਼ੇ ਵਿੱਚ ਦੂਰੀ ਦਾ ਗਿਆਨ ਕਰਾਉਣ ਵਿੱਚ ਉਨ੍ਹਾਂ ਦੀ ਸਹਾਇਤਾ ਕਰਨੀ।

ਨਕਸੇ ਵਿੱਚੋਂ ਨਿਮਨ ਨੂੰ ਪ੍ਰਾਪਤ ਕਰਨ ਲਈ ਕਹੋ।

1. ਆਗਰਾ ਕੈਂਟ ਤੋਂ ਕੀ ਜ਼ਿਆਦਾ ਦੂਰ ਹੈ।

ਰੇਲਵੇ ਸਟੇਸ਼ਨ, ਤਾਜ ਮਹਿਲ ਜਾਂ ਫਤਿਹਪੁਰ ਸਿੱਕਰੀ ?

2. ਰੇਲਵੇ ਲਾਇਨ ਦੇ ਸਭ ਤੋਂ ਜ਼ਿਆਦਾ ਨਜ਼ਦੀਕ ਹੈ

- ਬਾਬਰਪੁਰ ਜੰਗਲ ਜਾਂ ਤਾਜ ਜੰਗਲ ?
- ਆਗਰਾ ਜੰਗਲ ਜਾਂ ਤਾਜ ਮਹਿਲ ?

3. ਯਮੁਨਾ ਨਦੀ ਦੇ ਜ਼ਿਆਦਾ ਨੇੜੇ ਹੈ

ਤਾਜ ਮਹਿਲ ਜਾਂ ਰੇਲਵੇ ਸਟੇਸ਼ਨ ?

(ਸਰੋਤ: ਵਾਤਾਵਰਣ ਅਧਿਐਨ ਵਿੱਚ ਮੁਲਾਂਕਣ 'ਤੇ ਪੁਸਤਕ, ਪੀ: ਐੱਨ.ਸੀ. ਈ.ਆਰ.ਟੀ. ਨਵੀਂ ਦਿੱਲੀ)

ਕੀ ਤੁਸੀਂ ਸੋਚਦੇ ਹੋ ਕਿ ਇਹ ਗਤੀਵਿਧੀ ਅਧਿਆਪਕ ਕੇਂਦਰਿਤ ਕਲਾਸ ਤੋਂ ਵਿਭਿੰਨ ਹੈ ? ਕਿਸ ਦਾ ਯੋਗਦਾਨ ਜ਼ਿਆਦਾ ਹੈ ਅਧਿਆਪਕ ਦਾ ਜਾਂ ਵਿਦਿਆਰਥੀ ਦਾ ?

ਉਪਰੋਕਤ ਚਰਚਾ ਦੇ ਆਧਾਰ 'ਤੇ ਆਓ ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ ਦੀ ਉਪਯੋਗਿਤਾ 'ਤੇ ਚਰਚਾ ਕਰਦੇ ਹਾਂ।

**ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ ਦੀ ਉਪਯੋਗਿਤਾ**

- ਅਧਿਆਪਕ ਸਿਖਲਾਈ ਪ੍ਰਕਿਰਿਆ ਦੇ ਕੇਂਦਰ ਵਿੱਚ ਵਿਦਿਆਰਥੀ ਸਥਿਤ ਹੈ।

- ਅਧਿਆਪਕ ਵੱਲੋਂ ਵਿਦਿਆਰਥੀ ਲਈ ਯੋਜਨਾ ਅਤੇ ਪਰਸਪਰ ਕਿਰਿਆ ਦੀ ਪ੍ਰਕਿਰਿਆ ਵੱਡੀ ਬਾਰੀਕੀ ਨਾਲ ਅਤੇ ਵਿਵਸਥਿਤ ਤਰੀਕੇ ਨਾਲ ਬਣਾਈ ਜਾਂਦੀ ਹੈ।

- ਇਹ ਬੱਚਿਆਂ ਦੀ ਰਚਨਾਤਮਕਤਾ ਨੂੰ ਪ੍ਰੋਤਸਾਹਨ ਦਿੰਦੀ ਹੈ।

- ਵਿਦਿਆਰਥੀਆਂ ਵਿੱਚ ਮੁਕਾਬਲੇ ਦਾ ਮਾਹੌਲ ਹੋਣ ਕਾਰਨ ਵਿਦਿਆਰਥੀਆਂ ਨੂੰ ਉਨ੍ਹਾਂ ਦਾ ਉਪਲੱਬਧੀ ਦਾ ਪੱਧਰ ਵਧਾਉਣ ਦਾ ਮੌਕਾ ਮਿਲਦਾ ਹੈ।

- ਵਿਦਿਆਰਥੀਆਂ ਦੀ ਕਾਰਗੁਜ਼ਾਰੀ ਨੂੰ ਪਛਾਣ ਮਿਲਦੀ ਹੈ।

ਪਰ ਵਿਦਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਆਲੋਚਨਾ ਤੋਂ ਮੁਕਤ ਨਹੀਂ ਹੈ। ਇੱਥੋਂ ਤੱਕ ਕਿ ਜੇਕਰ ਇਸ ਦ੍ਰਿਸ਼ਟੀਕੋਣ ਦਾ ਉਪਯੋਗ ਕੀਤਾ ਤਾਂ ਜਾਂਦਾ ਹੈ, ਪਰ ਇੱਕ ਸੀਮਿਤ ਸਮੇਂ ਵਿੱਚ ਔਸਤ ਰੂਪ ਨਾਲ ਸਾਰੇ ਵਿਦਿਆਰਥੀਆਂ ਦੇ ਉਪਲੱਬਧੀ ਪੱਧਰ ਨੂੰ ਵਧਾਉਣਾ ਮੁਸ਼ਕਿਲ ਹੈ। ਸਮਰੱਥ ਅਤੇ ਸਮਰਪਿਤ ਅਧਿਆਪਕਾਂ ਦੇ ਬਿਨਾਂ ਇਹ ਦ੍ਰਿਸ਼ਟੀਕੋਣ ਕਾਰਜ ਨਹੀਂ ਕਰੇਗਾ। ਇਸ ਵਿੱਚ ਅਜਿਹੇ ਅਧਿਆਪਕਾਂ ਦੀ ਲੋੜ ਹੈ ਜੋ ਬੱਚਿਆਂ ਦੀਆਂ ਲੋੜਾਂ ਪ੍ਰਤੀ ਬਹੁਤ ਜ਼ਿਆਦਾ ਸੰਵੇਦਨਸ਼ੀਲ ਹੋਣ। ਸਕੂਲ ਵਿੱਚ ਕਾਗਜ਼ੀ ਸਿਖਲਾਈ ਵਾਤਾਵਰਣ ਦੀ ਸਿਰਜਣਾ ਕੀਤੇ ਬਿਨਾਂ ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ ਦਾ ਉਪਯੋਗ ਸੰਭਵ ਨਹੀਂ ਹੈ।

ਅਧਿਆਪਨ ਅਤੇ ਸਿਖਲਾਈ ਦੇ ਦੋ ਮੁੱਖ ਦ੍ਰਿਸ਼ਟੀਕੋਣਾਂ ਦੇ ਵਿਚਕਾਰ ਸੰਖੇਪ ਵਿੱਚ ਤੁਲਨਾ ਨਿਮਨਲਿਖਤ ਸਾਰਣੀ ਵਿੱਚ ਦਿੱਤੀ ਗਈ ਹੈ।

**ਸਾਰਣੀ 2.1 ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਅਤੇ ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ ਦੇ ਵਿਚਕਾਰ ਤੁਲਨਾ**

| ਸੂਚਕ | ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ | ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ |
|---|---|---|
| ਪਾਠਕ੍ਰਮ ਉਦੇਸ਼ | ਅਧਿਆਪਕ ਪਾਠ ਰੂਪਰੇਖਾ ਦੇ ਅਨੁਰੂਪ ਵਿਸ਼ਾ ਵਸਤੂ ਨੂੰ ਪੂਰਾ ਕਰਦਾ ਹੈ। | ਅਧਿਆਪਕ ਵੱਲੋਂ ਨਿਰਧਾਰਤ ਸਿਖਲਾਈ ਉਦੇਸ਼ ਨੂੰ ਪ੍ਰਾਪਤ ਕਰਦਾ ਹੈ। |
| ਵਿਦਿਆਰਥੀ ਕਿਵੇਂ ਸਿੱਖਦਾ ਹੈ | ਵਿਦਿਆਰਥੀ ਆਸਾਧਾਰਨ ਹੋ ਕੇ ਸੁਣਦਾ ਹੈ ਅਤੇ ਪੜ੍ਹਦਾ ਹੈ।<br>ਉਹ ਸੁਤੰਤਰ ਸਿਖਲਾਈ ਦੀ ਚੋਣ ਚੰਗੇ ਅੰਕ ਪ੍ਰਾਪਤ ਕਰਨ ਲਈ ਕਰਦਾ ਹੈ। | ਵਿਦਿਆਰਥੀ ਪਹਿਲਾਂ ਹਾਸਲ ਗਿਆਨ ਵਿੱਚ ਨਵੇਂ ਗਿਆਨ ਦਾ ਸਮਾਵੇਸ਼ ਕਰਦਾ ਹੈ।<br>ਕਰਕੇ ਸਿੱਖਣਾ ਮੁੱਖ ਆਧਾਰ ਹੁੰਦਾ ਹੈ। |
| ਅਧਿਆਪਨ ਵਿਧੀ | ਸੂਚਨਾ ਦੇ ਆਦਾਨ ਪ੍ਰਦਾਨ 'ਤੇ ਆਧਾਰਿਤ | ਵਿਭਿੰਨ ਗਤੀਵਿਧੀਆਂ ਨਾਲ ਜੁੜ ਕੇ ਸਿੱਖਣ 'ਤੇ ਆਧਾਰਿਤ |
| ਪਾਠਕ੍ਰਮ ਡਲਿਵਰੀ | ਵਿਆਖਿਆ ਪੱਧਤੀ ਦਾ ਉਪਯੋਗ<br>ਸੰਖੇਪ ਉਦੇਸ਼ ਲਈ ਅਸਾਇਨਮੈਂਟ ਅਤੇ ਪ੍ਰੀਖਿਆ ਆਧਾਰਿਤ ਹੁੰਦੇ ਹਨ।<br>ਇਕਾਈ ਪ੍ਰੀਖਣ ਅਤੇ ਇਕਾਈ ਯੋਜਨਾ ਨਹੀਂ ਹੁੰਦੀ ਹੈ। | ਸਰਗਰਮ ਸਿਖਲਾਈ<br>ਸਹਿਕਾਰੀ ਸਿਖਲਾਈ ਅਤੇ ਸਮੱਸਿਆ 'ਤੇ ਆਧਾਰਿਤ ਸਿਖਲਾਈ ਦਾ ਪ੍ਰਯੋਗ ਹੁੰਦਾ ਹੈ।<br>ਅਸਾਇਨਮੈਂਟ ਅਭਿਆਸ ਲਈ ਦਿੱਤਾ ਜਾਂਦਾ ਹੈ। |
| ਅਧਿਆਪਕ ਦੀ ਭੂਮਿਕਾ | ਮੰਚ 'ਤੇ ਸੁਣਿਆ ਅਤੇ ਜੋ ਕੁਝ ਕਿਹਾ, ਉਸਦਾ ਪਾਲਣ ਕਰਨਾ ਜ਼ਰੂਰੀ ਹੈ। | ਅਸਾਇਨਮੈਂਟ ਅਭਿਆਸ ਲਈ ਦਿੱਤੀ ਜਾਂਦੀ ਹੈ। ਇਕਾਈ ਟੈਸਟ ਪ੍ਰਸ਼ਾਸਿਤ ਹਨ। |
| ਅਧਿਆਪਨ ਦੀ ਪ੍ਰਭਾਵਸ਼ੀਲਤਾ | ਅਧਿਆਪਕ ਸੂਚਨਾ ਉਪਲੱਬਧ ਕਰਾਉਂਦਾ ਹੈ ਅਤੇ ਵਿਦਿਆਰਥੀ ਉਸ ਨੂੰ ਯਾਦ ਕਰਦੇ ਹਨ।<br>ਕਿਉਂਕਿ ਵਿਦਿਆਰਥੀ ਰੱਟ ਕੇ ਸਿੱਖਦੇ ਹਨ, ਇਸ ਲਈ ਪ੍ਰਕਿਰਿਆ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਤਰਕਸ਼ੀਲ ਰੂਪ ਨਾਲ ਨਹੀਂ ਕੀਤਾ ਜਾ ਸਕਦਾ। | ਅਧਿਆਪਕ ਇੱਕ ਸੁਵਿਧਾ ਹੈ ਉਹ ਵਿਦਿਆਰਥੀਆਂ ਨਾਲ ਮਿਲ ਕੇ ਕਾਰਜ ਕਰਦਾ ਹੈ।<br>ਅਧਿਆਪਕ ਵਿਦਿਆਰਥੀਆਂ ਨੂੰ ਸਿਖਲਾਈ ਗਤੀਵਿਧੀਆਂ ਨਾਲ ਜੋੜ ਕੇ ਰੱਖਦਾ ਹੈ।<br>ਅਧਿਆਪਕ ਹਰੇਕ ਵਿਦਿਆਰਥੀ ਦੀ ਸਿਖਲਾਈ ਪ੍ਰਾਪਤੀ ਵਿੱਚ ਸਹਾਇਤਾ ਕਰਦਾ ਹੈ।<br>ਪ੍ਰਦਰਸ਼ਨ ਸਿਖਲਾਈ ਉਦੇਸ਼ ਦੀ ਮਾਸਟਰੀ ਦਾ ਸੂਚਕ ਹੁੰਦਾ ਹੈ।<br>ਵਿਦਿਆਰਥੀਆਂ ਦੇ ਪੱਧਰ ਨੂੰ ਸੁਧਾਰਨ ਲਈ ਮੁਲਾਂਕਣ ਕੀਤਾ ਜਾਂਦਾ ਹੈ। |
| | | |

ਨਿਮਨਲਿਖਤ ਪ੍ਰਸ਼ਨਾਂ ਦਾ ਉੱਤਰ ਦਿਓ:

**ਈ.6 ਜ਼ਿਆਦਾਤਰ ਅਧਿਆਪਕ ਵਿਦਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਦਾ ਪਾਲਣ ਕਿਉਂ ਨਹੀਂ ਕਰਦੇ ਹਨ ? ਹੇਠ ਲਿਖਿਆਂ ਵਿੱਚੋਂ ਕਿਹੜਾ ਉੱਤਰ ਉਪਰੋਕਤ ਪ੍ਰਸ਼ਨ ਦਾ ਸਹੀ ਉੱਤਰ ਹੈ।**

(1) ਕਲਾਸ ਵਿੱਚ ਇਸ ਦ੍ਰਿਸ਼ਟੀਕੋਣ ਦਾ ਉਪਯੋਗ ਕਰਨ ਲਈ ਉਸ ਕੋਲ ਲੋੜੀਂਦਾ ਗਿਆਨ ਹੈ ਅਤੇ ਕਲਾਸ ਸੰਚਾਲਨ ਲਈ ਯੋਜਨਾ ਬਣਾਉਣ ਲਈ ਕੁਸ਼ਲ ਯੋਗਤਾਵਾਂ ਦੀ ਅਣਹੋਂਦ ਹੁੰਦੀ ਹੈ।

(2) ਉਹ ਪਰੰਪਰਾਗਤ ਦ੍ਰਿਸ਼ਟੀਕੋਣ ਦੀ ਆਦਤ ਨੂੰ ਛੱਡਣ ਲਈ ਤਿਆਰ ਨਹੀਂ ਹਨ।

(3) ਵਿਦਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਦਾ ਪਾਲਣ ਕਰਨਾ ਮੁਸ਼ਕਿਲ ਹੈ।

### 2.2.4 **ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ**

ਕਲਾਸ ਵਿੱਚ ਜਦੋਂ ਤੁਸੀਂ ਕੋਈ ਵੀ ਪਾਠ ਪੜ੍ਹਾ ਰਹੇ ਹੁੰਦੇ ਹੋ ਤਾਂ ਤੁਸੀਂ ਖੁਦ ਨਾਲ ਪੁੱਛੋ ਕੁਝ ਵਿਦਿਆਰਥੀਆਂ ਨੇ ਪਾਠ ਦੀਆਂ ਧਾਰਨਾਵਾਂ ਨੂੰ ਸਮਝ ਕੇ ਜ਼ਰੂਰੀ ਗਿਆਨ, ਸਮਝ ਅਤੇ ਕੁਸ਼ਲ ਹਾਸਲ ਕੀਤਾ ਹੈ ? ਜੇਕਰ ਲੋੜੀਂਦੇ ਸਿਖਲਾਈ ਪਰਿਣਾਮ ਨੂੰ ਸਾਕਾਰ ਰੂਪ ਨਾਲ ਪਰਿਭਾਸ਼ਿਤ ਕਰ ਲਿਆ ਹੈ ਤਾਂ ਨਾ ਕੇਵਲ ਵਿਦਿਆਰਥੀਆਂ ਨੂੰ ਕਿਸ ਤਰ੍ਹਾਂ ਨਾਲ ਪੜ੍ਹਾਇਆ ਜਾਏ ਜਾਂ ਸੁਵਿਧਾ ਉਪਲੱਬਧ ਕਰਾਈ ਜਾਏ ਤਾਂ ਕਿ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ–ਉਸ ਲਈ ਯੋਜਨਾ ਬਣਾਈ ਜਾ ਸਕਦੀ ਹੈ, ਪਰ ਉਪਰੋਕਤ ਪ੍ਰਸ਼ਨ ਦਾ ਮੁਲਾਂਕਣ ਅਤੇ ਉੱਤਰ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਦੇ ਨਤੀਜਾ ਆਧਾਰਿਤ ਦ੍ਰਿਸ਼ਟੀਕੋਣ ਨੂੰ ਪਹਿਲਾਂ 'ਸਮਰੱਥਾ ਆਧਾਰਿਤ ਸਿੱਖਿਆ' ਕਿਹਾ ਜਾਂਦਾ ਹੈ,

ਪਰ ਸਮਰੱਥਾ ਕੀ ਹੈ ?

– ਇਸ ਸ਼ਬਦ ਦੀ ਕੋਈ ਵਿਲੱਖਣ ਪਰਿਭਾਸ਼ਾ ਨਹੀਂ ਹੈ। ਹੇਠ ਕੁਝ ਕਥਨ ਦਿੱਤੇ ਗਏ ਹਨ ਇਨ੍ਹਾਂ ਨੂੰ ਧਿਆਨਪੂਰਬਕ ਪੜ੍ਹੋ।

– ਸਮਰੱਥਾ ਇੱਕ ਜ਼ਰੂਰੀ ਹੁਨਰ, ਗਿਆਨ, ਦ੍ਰਿਸ਼ਟੀਕੋਣ ਅਤੇ ਵਿਵਹਾਰ ਹੈ ਜਿਸ ਦੀ ਅਸਲ ਦੁਨੀਆ ਦੇ ਕਾਰਜਾਂ ਜਾਂ ਗਤੀਵਿਧੀਆਂ ਦੇ ਸੰਚਾਰ ਲਈ ਜ਼ਰੂਰਤ ਪੈਂਦੀ ਹੈ।

– ਸਮਰੱਥਾ ਇੱਕ ਹੁਨਰ ਹੈ ਜਿਸ ਦੀ ਲੋੜ ਇੱਕ ਸਫਲ ਵਿਦਿਆਰਥੀ ਨੂੰ ਪੈਂਦੀ ਹੈ।

– ਸਮਰੱਥਾ ਇੱਕ ਕੁਸ਼ਲ ਹੈ ਜਿਸ ਦਾ ਸੰਚਾਰ ਇੱਕ ਵਿਸ਼ੇਸ਼ ਸਥਿਤੀ ਵਿੱਚ ਇੱਕ ਵਿਸ਼ੇਸ਼ ਮਾਪਦੰਡ ਦੇ ਅਧੀਨ ਕੀਤਾ ਜਾਂਦਾ ਹੈ।

– ਸਮਰੱਥਾ ਕਿਸੇ ਵਿਅਕਤੀ ਦੇ ਵਿਅਕਤੀਤਵ ਵਿੱਚ ਮੌਜੂਦ ਬੁਨਿਆਦੀ ਵਿਸ਼ੇਸ਼ਤਾ ਹੈ ਜਿਸ ਦਾ ਉਪਯੋਗ ਕਰਕੇ ਉਹ ਸਫਲ ਪ੍ਰਦਰਸ਼ਨ ਕਰਦਾ ਹੈ।

– ਇੱਕ ਸਮਰੱਥਾ ਇੱਕ ਵਿਅਕਤੀ ਵੱਲੋਂ ਪੂਰੀ ਕੀਤੀ ਗਈ ਗਤੀਵਿਧੀ ਹੈ ਜਿਸ ਨੂੰ ਸਪੱਸ਼ਟ ਪਰਿਭਾਸ਼ਿਤ ਅਤੇ ਮਾਪਿਆ ਜਾ ਸਕਦਾ ਹੈ। (ਸਬੰਧਿਤ ਗਿਆਨ ਅਤੇ ਕੁਸ਼ਲ ਦਾ ਸੰਗ੍ਰਹਿ)

ਇਨ੍ਹਾਂ ਕਥਨਾਂ ਦੇ ਜ਼ਰੀਏ ਸਮਰੱਥਾ ਦੀ ਪ੍ਰਕਿਰਤੀ ਸਬੰਧੀ ਕੀ ਸਿੱਟਾ ਕੱਢਿਆ ਜਾ ਸਕਦਾ ਹੈ ?

• ਸਮਰੱਥਾ ਕੁਝ ਵਿਸ਼ੇਸ਼ ਹੁਨਰ, ਗਿਆਨ, ਦ੍ਰਿਸ਼ਟੀਕੋਣ ਅਤੇ ਵਿਵਹਾਰ ਹੈ ਜਿਸ ਨੂੰ ਇੱਕ ਵਿਅਕਤੀ ਪ੍ਰਾਪਤ ਕਰ ਸਕਦਾ ਹੈ। ਸਫਲ ਪ੍ਰਦਰਸ਼ਨ ਲਈ ਇਹ ਇੱਕ ਵਿਸ਼ੇਸ਼ਤਾ ਜਾਂ ਸਮਰੱਥਾ ਹੈ ਜਿਸ ਨੂੰ ਇੱਕ ਵਿਅਕਤੀ ਆਪਣੇ ਵਿਅਕਤੀਤਵ ਵਿੱਚ ਸ਼ਾਮਲ ਕਰ ਸਕਦਾ ਹੈ। (ਪ੍ਰਾਪਤੀ ਯੋਗ)

• ਇਹ ਸਪੱਸ਼ਟ ਰੂਪ ਨਾਲ ਪਰਿਭਾਸ਼ਿਤ, ਇਸ ਲਈ ਮਾਪਣ ਯੋਗ ਹੈ। (ਮਾਪ ਯੋਗ)

• ਸਮਰੱਥਾ ਦੇ ਕਥਨਾਂ ਦੇ ਸ਼ਬਦ ਇਸ ਪ੍ਰਕਾਰ ਦੇ ਹੁੰਦੇ ਹਨ ਕਿ ਇਸ ਨੂੰ ਅਧਿਆਪਕ ਅਤੇ ਵਿਦਿਆਰਥੀ ਅਤੇ ਹੋਰ ਸਬੰਧਿਤਾਂ ਵੱਲੋਂ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। (ਸੰਚਾਰ ਯੋਗ)

• ਇਸ ਦੇ ਕਈ ਪ੍ਰਕਾਰ ਦੇ ਮਾਪਦੰਡ ਜਾਂ ਪੱਧਰ ਹੋ ਸਕਦੇ ਹਨ ਜੋ ਕਿ ਵਿਆਿਰਥੀ ਦੇ ਪੱਧਰਾਂ ਦੀਆਂ ਵਿਸ਼ੇਸ਼ਤਾਵਾਂ ਦੇ ਉੱਪਰ ਨਿਰਭਰ ਕਰਦੇ ਹਨ। (ਅਨੁਕੂਲਾਤ)

ਪ੍ਰਾਇਮਰੀ ਸਕੂਲ ਪੱਧਰ ’ਤੇ ਸਮਰੱਥਾ ਦੀਆਂ ਕੁਝ ਉਦਾਹਰਨਾਂ ਨਿਮਨ ਪ੍ਰਕਾਰ ਹਨ।

**ਭਾਸ਼ਾ ਯੋਗਤਾਵਾਂ:**

–ਸਹੀ ਉਚਾਰਣ ਨਾਲ ਬੋਲਣਾ (Cl.III)

– ਹੱਥ ਲਿਖਤ ਅਤੇ ਛਪੇ ਹੋਏ ਸ਼ਬਦਾਂ ਨੂੰ ਸਪੱਸ਼ਟ ਰੂਪ ਨਾਲ ਪੜ੍ਹਨਾ (Cl.V)

– ਸਾਰੇ ਵਿਰਾਮ ਚਿੰਨ੍ਹਾਂ ਦੀ ਸਹੀ ਵਰਤੋਂ ਨਾਲ ਲਿਖਣਾ (Cl.V)

– ਪਾਠ ਪੜ੍ਹਨ ਤੋਂ ਬਾਅਦ ਕਿਉਂਕਿ ਹੋਰ/ਜਾਂ ਕਿਉਂਕਿ ਸ਼ਬਦ ਦੀ ਵਰਤੋਂ ਕਰਕੇ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੇ ਉੱਤਰ ਦੇਣ ਯੋਗ ਹੋਣਾ (Cl.IV)

**ਗਣਿਤ ਸਮਰੱਥਾਵਾਂ:**

–ਵਸਤੂਆਂ ਅਤੇ ਚਿੱਤਰਾਂ ਦਾ ਉਪਯੋਗ ਕਰਦੇ ਹੋਏ 1–20 ਤੱਕ ਗਿਣਨਾ (Cl.I)

–ਦੈਨਿਕ ਜੀਵਨ ਦੀਆਂ ਸਾਧਾਰਨ ਸਮੱਸਿਆਵਾਂ ਦਾ ਹੱਲ ਇਕਾਈ ਵਿਧੀ ਦਾ ਉਪਯੋਗ ਕਰਕੇ ਕਰਨਾ (Cl.V)

–ਦਿੱਤੇ ਗਏ ਅੰਕੜਿਆਂ ਨਾਲ ਔਸਤ ਪਤਾ ਕਰਨਾ (Cl.V)

–ਚੰਦੇ ਦੀ ਸਹਾਇਤਾ ਨਾਲ ਵਿਭਿੰਨ ਮਾਪਾਂ ਦਾ ਕੋਣ ਬਣਾਉਣਾ (Cl.IV)

**ਵਾਤਾਵਰਣ ਅਧਿਐਨ ਸਮਰੱਥਾਵਾਂ:**

–ਆਪਣੇ ਘਰ ਪਰਿਵਾਰ ਵਿੱਚ ਸਬੰਧੀਆਂ ਅਤੇ ਗੁਆਂਢੀਆਂ ਨਾਲ ਉਚਿਤ ਵਿਵਹਾਰ ਦਾ ਪ੍ਰਦਰਸ਼ਨ ਕਰਨਾ (Cl.I)

–ਦੈਨਿਕ ਜ਼ਰੂਰਤਾਂ ਦੀ ਪੂਰਤੀ ਲਈ ਵਿਭਿੰਨ ਵਸਤੂਆਂ ਦੇ ਉਤਪਾਦਨ ਨਾਲ ਸਬੰਧਿਤ ਕਿੱਤਿਆਂ ਦੀ ਸੂਚੀ ਬਣਾਉਣੀ (Cl.III)

–ਨਕਸ਼ੇ ਵਿੱਚ ਮੁੱਖ ਭੂਗੋਲਿਕ ਵਿਸ਼ੇਸ਼ਤਾਵਾਂ ਦੀ ਪਛਾਣ ਕਰਨੀ ਅਤੇ ਵਰਣਨ ਕਰਨਾ (Cl.V)

– ਪੀਣ ਦੇ ਪਾਣੀ ਨੂੰ ਸਾਫ ਕਰਨ ਦੇ ਸਾਧਾਰਨ ਪ੍ਰਯੋਗ ਕਰਨੇ (Cl.IV)

ਕੀ ਤੁਸੀਂ ਸਮਰੱਥਾ ਆਧਾਰਿਤ ਸਿੱਖਿਆ ਨਾਲ ਸਬੰਧਿਤ ਦੋ ਸ਼ਬਦ ‘ਹੁਨਰ’ ਅਤੇ ‘ਸਮਰੱਥਾ’ ਦੀ ਵਰਤੋਂ ਨਾਲ ਉਲਝਣ ਵਿੱਚ ਹੋ ?

ਹੁਨਰ ਆਮ ਤੌਰ 'ਤੇ ਇੱਕ ਕਾਰਜ ਜਾਂ ਕਾਰਜ ਸਮੂਹ ਦਾ ਸੰਚਾਰ ਇੱਕ ਵਿਸ਼ੇਸ਼ ਪੱਧਰ ਦੀ ਕੁਸ਼ਲਤਾ 'ਤੇ ਕਰਨਾ ਹੈ। ਇਸ ਵਿੱਚ ਮੋਟਰ ਦਾ ਉਪਯੋਗ ਅਤੇ ਉਪਕਰਨਾਂ ਅਤੇ ਔਜ਼ਾਰਾਂ ਦਾ ਹਸਤ ਹੁਨਰ ਸਾਧਨ ਕਰਨ ਦੀ ਲੋੜ ਹੁੰਦੀ ਹੈ। ਕੁੱਲ ਹੁਨਰ ਜਿਵੇਂ ਸਹੀ ਅਤੇ ਜਲਦੀ ਨਾਲ ਜੋੜਨਾ ਅਤੇ ਘਰ, ਸਕੂਲ ਅਤੇ ਜਨਤਕ ਸਥਾਨਾਂ 'ਤੇ ਉਚਿੱਤ ਵਿਵਹਾਰ ਕਰਨ ਦੀ ਲੋੜ ਦੀ ਪ੍ਰਸ਼ੰਸਾ ਕਰਨਾ ਗਿਆਨ ਅਤੇ ਦ੍ਰਿਸ਼ਟੀਕੋਣ ਆਧਾਰਿਤ ਹੈ।

ਸਮਰੱਥਾ ਪ੍ਰਾਪਤੀ ਲਈ ਕੇਵਲ ਹੁਨਰ ਦੀ ਪ੍ਰਾਪਤੀ ਹੀ ਪੂਰੀ ਨਹੀਂ ਹੈ ਇਸ ਲਈ ਕਿਸੇ ਵਿਅਕਤੀ ਨੂੰ ਇੱਕ ਨਿਰਧਾਰਤ ਕੁਸ਼ਲਤਾ ਪੱਧਰ 'ਤੇ ਪ੍ਰਦਰਸ਼ਨ ਕਰਨਾ ਜ਼ਰੂਰੀ ਹੈ। ਦੂਜੇ ਸ਼ਬਦਾਂ ਵਿੱਚ ਕਿਸੇ ਵਿਅਕਤੀ ਨੂੰ ਆਪਣੇ ਹੁਨਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲਾ ਹੋਣਾ ਜ਼ਰੂਰੀ ਹੈ, ਜੇਕਰ ਉਹ ਉਸ ਹੁਨਰ ਵਿੱਚ ਯੋਗਤਾ ਹਾਸਲ ਕਰਨਾ ਚਾਹੁੰਦਾ ਹੈ। ਉਦਾਹਰਨ ਲਈ ਕਲਾਸ ਤੀਜੀ ਦੇ ਵਿਦਿਆਰਥੀਆਂ ਲਈ ਅਸੀਂ ਇੱਕ ਮਾਪਦੰਡ ਦੋ ਅੰਕੀ ਸੰਖਿਆਵਾਂ ਦੇ ਯੋਗ ਲਈ ਨਿਰਧਾਰਤ ਕਰ ਸਕਦੇ ਹਾਂ, ਜਿਵੇਂ ਦੋ, ਦੋ ਅੰਕੀ ਸੰਖਿਆਵਾਂ ਤੋਂ ਬਿਨਾਂ ਹਾਸਲ ਦਾ ਜੋੜ ਕਰਨਾ। ਨਿਰਧਾਰਤ ਸਮਾਂ ਸੀਮਾ ਦੇ ਅੰਦਰ ਘੱਟ ਤੋਂ ਘੱਟ 80 ਫੀਸਦੀ ਕਾਰਜ ਸਟੀਕਤਾ ਨਾਲ ਪੂਰਾ ਕਰਨਾ। ਜੇਕਰ ਇਸ ਪ੍ਰਕਾਰ ਨਾਲ ਜੋੜ ਦੇ 20 ਪ੍ਰਸ਼ਨ (ਹਰੇਕ ਪ੍ਰਸ਼ਨ ਦਾ 1 ਅੰਕ) ਵਿਦਿਆਰਥੀਆਂ ਨੂੰ ਦਿੱਤੇ ਜਾਣ ਤਾਂ ਘੱਟ ਤੋਂ ਘੱਟ 16 ਪ੍ਰਸ਼ਨ ਸਹੀ ਢੰਗ ਨਾਲ ਹੱਲ ਕਰਦਾ ਹੈ। (ਜਾਂ 16 ਅੰਕ ਪ੍ਰਾਪਤ ਕਰਦਾ ਹੈ) ਉਸ ਨੂੰ ਅਸੀਂ ਕਹਿ ਸਕਦੇ ਹਾਂ ਕਿ ਉਸ ਨੇ ਉਸ ਵਿਸ਼ੇਸ਼ ਹੁਨਰ ਵਿੱਚ ਮਾਸਟਰੀ ਹਾਸਲ (ਜਾਂ ਸਮਰੱਥਾ) ਕਰ ਲਈ ਹੈ।

ਪਰੰਪਰਾਗਤ ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਵਿੱਚ ਜਿੱਥੇ ਨਿਰਧਾਰਤ ਸਮੇਂ ਦੇ ਅੰਦਰ ਪਾਠਕ੍ਰਮ ਨੂੰ ਪੂਰਾ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ। ਜਦੋਂ ਕਿ ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ ਵਿੱਚ ਇਕਾਈ ਦੀ ਪ੍ਰਗਤੀ ਦਾ ਅਰਥ ਹੈ ਵਿਸ਼ੇਸ਼ ਗਿਆਨ ਅਤੇ ਹੁਨਰ ਵਿੱਚ ਮਾਸਟਰੀ ਹੋਣਾ। ਇਹ ਵਿਦਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਦੇ ਬਰਾਬਰ ਹੈ ਕਿਉਂਕਿ ਇਹ ਕਲਾਸ ਦੇ ਹਰੇਕ ਵਿਦਿਆਰਥੀ ਦੀ ਗਿਆਨ ਵਿੱਚ ਮਾਸਟਰੀ ਹੋਣ 'ਤੇ ਜ਼ੋਰ ਦਿੱਤਾ ਜਾਂਦਾ ਹੈ।

ਜੇਕਰ ਤੁਸੀਂ ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ ਨੂੰ ਅਪਣਾਉਣ ਦਾ ਫੈਸਲਾ ਲੈਂਦੇ ਹੋ, ਤੁਹਾਨੂੰ ਨਿਮਨਲਿਖਤ ਗੱਲਾਂ 'ਤੇ ਧਿਆਨ ਦੇਣ ਦੀ ਲੋੜ ਹੈ।

• ਕਿਸੇ ਪਾਠ ਨੂੰ ਸ਼ੁਰੂ ਕਰਨ ਤੋਂ ਪਹਿਲਾਂ (ਕਿਸੇ ਵਿਸ਼ੇਸ਼ ਕਲਾਸ ਲਈ ਅਤੇ ਕਿਸੇ ਵਿਸ਼ੇਸ਼ ਵਿਸ਼ੇ ਲਈ) ਉਨ੍ਹਾਂ ਸਮਰੱਥਾ ਕਥਨਾਂ ਦੀ ਸੂਚੀ ਬਣਾਓ ਜਿਨ੍ਹਾਂ ਨੂੰ ਪ੍ਰਾਪਤ ਕਰਨਾ ਹੈ। ਕਥਨਾਂ ਦੀ ਰਚਨਾ ਸਾਵਧਾਨੀ ਪੂਰਬਕ ਕਰਨੀ ਚਾਹੀਦੀ ਹੈ ਤਾਂ ਕਿ ਅਧਿਆਪਕ ਸਿਖਲਾਈ ਪ੍ਰਕਿਰਿਆ ਅਤੇ ਮੁਲਾਂਕਣ ਨੂੰ ਸੁਨਿਸ਼ਚਤ ਤਰੀਕੇ ਨਾਲ ਆਯੋਜਿਤ ਕੀਤਾ ਜਾ ਸਕੇ।

• ਇਨ੍ਹਾਂ ਸਮਰੱਥਾਵਾਂ ਨੂੰ ਜੋ ਆਪਸ ਵਿੱਚ ਇੱਕ ਦੂਜੇ ਨਾਲ ਸਬੰਧਿਤ ਹਨ, ਇਸ ਪ੍ਰਕਾਰ ਨਾਲ ਵਿਵਸਥਿਤ ਕਰੋ ਕਿ ਇਨ੍ਹਾਂ ਦੀ ਕਠਿਨਾਈ ਦਾ ਪੱਧਰ ਹਮੇਸ਼ਾ ਉੱਚਾ ਹੋਵੇ। ਸਿਖਲਾਈ ਇੱਕ ਨਿਰੰਤਰ ਪ੍ਰਕਿਰਿਆ ਹੈ ਜਿਸ ਵਿੱਚ ਸਿਖਲਾਈ ਇਕਾਈ ਨੂੰ ਪੱਧਰੀ ਰੂਪ ਨਾਲ ਵਿਵਸਥਿਤ ਕੀਤਾ ਜਾਂਦਾ ਹੈ ਅਤੇ ਇੱਕ ਵਿਦਿਆਰਥੀ ਕ੍ਰਮ ਰੂਪ ਨਾਲ ਹੇਠ ਤੋਂ ਉੱਪਰ ਦੀ ਤਰਫ਼ ਸਮਰੱਥਾ ਨੂੰ ਪ੍ਰਾਪਤ ਕਰਦੇ ਹੋਏ ਪ੍ਰਗਤੀ ਕਰਦਾ ਹੈ। ਇੱਕ ਵਿਦਿਆਰਥੀ ਜਦੋਂ ਤੱਕ ਇੱਕ ਸਮਰੱਥਾ ਨੂੰ ਪ੍ਰਾਪਤ ਨਹੀਂ ਕਰ ਲਏਗਾ, ਉਹ ਦੂਜੀ ਸਮਰੱਥਾ ਦੀ ਤਰਫ਼ ਨਹੀਂ ਵਧ ਸਕਦਾ ਹੈ।

• ਉਪਲੱਬਧੀ ਦੇ ਮੁਲਾਂਕਣ ਲਈ ਉਪਯੋਗ ਕੀਤੇ ਜਾਣ ਵਾਲੇ ਮਾਪਦੰਡਾਂ ਦਾ ਨਿਰਧਾਰਨ ਕਰਨਾ ਚਾਹੀਦਾ ਹੈ ਇਸ ਤੋਂ ਇਲਾਵਾ ਉਨ੍ਹਾਂ ਸਥਿਤੀਆਂ ਦਾ ਨਿਰਧਾਰਨ ਕਰੋ ਜਿਸ ਤਹਿਤ ਉਪਲੱਬਧੀ ਦਾ ਮੁਲਾਂਕਣ ਕੀਤਾ ਜਾਏਗਾ। ਇਸ ਨਾਲ ਮਾਸਟਰੀ ਪੱਧਰ ਦੀ ਸਪੱਸ਼ਟਤਾ ਦਾ ਵੀ ਨਾਲ ਹੀ ਨਿਰਧਾਰਨ ਕਰੋ।

• ਵਿਭਿੰਨ ਪ੍ਰਕਾਰ ਦੀਆਂ ਨਿਰਦੇਸ਼ਾਤਮਕ ਤਕਨੀਕਾਂ ਅਤੇ ਸਮੂਹ ਗਤੀਵਿਧੀਆਂ ਦੀ ਵਰਤੋਂ, ਵਿਦਿਆਰਥੀਆਂ ਨੂੰ ਸਮਰੱਥਾ ਪ੍ਰਾਪਤ ਲਈ ਕਰੋ। ਇਸ ਪ੍ਰਕਾਰ ਨਿਰਦੇਸ਼ਾਤਮਕ ਪ੍ਰੋਗਰਾਮ

ਵਿਅਕਤੀਗਤ ਵਿਕਾਸ ਅਤੇ ਨਿਰਧਾਰਤ ਸਮਰੱਥਾਵਾਂ ਦਾ ਮੁਲਾਂਕਣ ਕਰਨ ਦੇ ਅਵਸਰ ਪ੍ਰਦਾਨ ਕਰਦਾ ਹੈ। ਇੱਥੇ ਜੋ ਟੀਚਾ ਹੈ ਸਮਰੱਥਾਵਾਂ ਨੂੰ ਪ੍ਰਾਪਤ ਕਰਨਾ। ਇਸ ਲਈ ਵਿਭਿੰਨ ਵਿਧੀਆਂ ਜਾਂ ਸਮੱਗਰੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਸ ਨਾਲ ਵਿਦਿਆਰਥੀ ਸਮਰੱਥਾ ਹਾਸਲ ਕਰਨ ਵਿੱਚ ਮਾਸਟਰੀ ਹਾਸਲ ਕਰ ਲੈਣ।

• ਪਾਠ ਪੈਰਗ੍ਰਾਫ, ਸੰਚਾਰ, ਕੋਈ ਹੋਰ ਸਾਧਨ ਅਤੇ ਅਸਲੀ ਜੀਵਨ ਦੀਆਂ ਸਮੱਗਰੀਆਂ ਦੀ ਵਰਤੋਂ ਸਮਰੱਥਾ ਪੈਦਾ ਕਰਨ ਲਈ ਕਰਨੀ ਚਾਹੀਦੀ ਹੈ।

• ਪ੍ਰਤੀਭਾਗੀ ਗਿਆਨ ਅਤੇ ਦ੍ਰਿਸ਼ਟੀਕੋਣ ਦਾ ਧਿਆਨ ਸਮਰੱਥਾ ਦਾ ਮੁਲਾਂਕਣ ਕਰਦੇ ਸਮੇਂ ਜ਼ਰੂਰ ਰੱਖੋ, ਪਰ ਇਹ ਯਾਦ ਰੱਖੋ ਕਿ ਵਿਦਿਆਰਥੀ ਦਾ ਸਮਰੱਥਾ ਆਧਾਰਿਤ ਪ੍ਰਦਰਸ਼ਨ ਉਸ ਦੇ ਮੁਲਾਂਕਣ ਦੇ ਪ੍ਰਮਾਣ ਦਾ ਪ੍ਰਮੁੱਖ ਸਰੋਤ ਹੈ।

• ਨਿਰਦੇਸ਼ਾਤਮਕ ਪ੍ਰੋਗਰਾਮ ਦੇ ਜ਼ਰੀਏ ਵਿਦਿਆਰਥੀਆਂ ਨੂੰ ਉਨ੍ਹਾਂ ਨੂੰ ਆਪਣੀ ਗਤੀ ਨਾਲ ਪ੍ਰਗਤੀ ਕਰਨ ਦਾ ਅਵਸਰ ਦਿਓ। ਇਸ ਲਈ ਤੁਸੀਂ ਸੰਪੂਰਨ ਸਮਰੱਥਾ ਉਪਲੱਬਧੀ ਲਈ ਢੁਕਵਾਂ ਪ੍ਰਦਰਸ਼ਨ ਕਰੋ।

• ਪ੍ਰਦਰਸ਼ਨ ਦੇ ਮੁਲਾਂਕਣ ਪ੍ਰਤੀ ਪੁਸ਼ਟੀ ਵਿਦਿਆਰਥੀਆਂ ਨੂੰ ਤੁਰੰਤ ਉਪਲੱਬਧ ਕਰਾਓ ਤਾਂ ਕਿ ਵਿਦਿਆਰਥੀ ਆਪਣੀਆਂ ਗਲਤੀਆਂ ਨੂੰ ਸੁਧਾਰ ਕੇ ਵਾਧੂ ਕੋਸ਼ਿਸ਼ਾਂ ਕਰਕੇ ਸਮਰੱਥਾ ਵਿੱਚ ਮਾਸਟਰੀ ਪੱਧਰ ਨੂੰ ਪ੍ਰਾਪਤ ਕਰ ਸਕਣ।

• ਵਿਦਿਆਰਥੀਆਂ ਨੂੰ ਉਸ ਦੀ ਯੋਗਤਾ ਦੇ ਮਾਸਟਰੀ ਪੱਧਰ ਨੂੰ ਪ੍ਰਦਰਸ਼ਿਤ ਕਰਨ ਲਈ ਅਵਸਰ ਉਪਲੱਬਧ ਕਰਾਓ ਅਤੇ ਇਹ ਪ੍ਰਕਿਰਿਆ ਉਦੋਂ ਤੱਕ ਜਾਰੀ ਰੱਖੋ ਜਦੋਂ ਤੱਕ ਉਹ ਮਾਸਟਰੀ ਪੱਧਰ ਦਾ ਪ੍ਰਦਰਸ਼ਨ ਨਾ ਕਰੇ।

**ਸਿਖਲਾਈ ਦਾ ਘੱਟ ਤੋਂ ਘੱਟ ਪੱਧਰ (ਐੱਮਐੱਲਐੱਲ)**

ਰਾਸ਼ਟਰੀ ਸਿੱਖਿਆ ਨੀਤੀ 1986 ਦੀਆਂ ਸਿਫਾਰਸ਼ਾਂ ਦੇ ਪਾਲਣ ਵਿੱਚ ਪ੍ਰਾਇਮਰੀ ਸਕੂਲ ਦੇ ਕਲਾਸ ਪਹਿਲੀ ਤੋਂ ਪੰਜਵੀਂ ਤੱਕ ਤਿੰਨ ਵਿਸ਼ਿਆਂ ਭਾਸ਼ਾ, ਗਣਿਤ ਅਤੇ ਵਾਤਾਵਰਣ ਅਧਿਐਨ ਲਈ ਸਿਖਲਾਈ ਦਾ ਘੱਟ ਤੋਂ ਘੱਟ ਪੱਧਰ 'ਤੇ ਨਿਰਧਾਰਨ ਕੀਤਾ ਗਿਆ ਹੈ। ਸਿਖਲਾਈ ਦੇ ਐੱਮਐੱਲਐੱਲ ਦਾ ਨਿਰਧਾਰਨ ਸਮਰੱਥਾ ਪੱਧਰ ਨੂੰ ਚਰਣਬੱਧ ਰੂਪ ਨਾਲ ਪ੍ਰਾਪਤ ਕਰਨ ਲਈ ਕ੍ਰਮਵਾਰ ਰੂਪ ਨਾਲ ਵਿਵਸਥਿਤ ਕੀਤਾ ਗਿਆ ਹੈ। ਹਰੇਕ ਵਿਦਿਆਰਥੀ ਨੂੰ ਹਰੇਕ ਸਮਰੱਥਾ ਪੱਧਰ ਵਿੱਚ ਮਾਸਟਰੀ ਹਾਸਲ ਕਰਨ ਤੋਂ ਬਾਅਦ ਹੀ ਉਸ ਨਾਲ ਅਗਲੇ ਪੱਧਰ ਦੀ ਸਮਰੱਥਾ ਪ੍ਰਾਪਤ ਕਰਨ ਲਈ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਲਈ ਵਿਭਿੰਨ ਪ੍ਰਕਾਰ ਦੀਆਂ ਵਿਧੀਆਂ ਦੀ ਵਰਤੋਂ ਕਰਨ ਦੀ ਸਿਫਾਰਸ਼ ਐੱਮਐੱਲਐੱਲ ਪੱਧਰ ਪ੍ਰਾਪਤ ਕਰਨ ਦੇ ਟੀਚੇ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਹੈ ਅਤੇ ਇਸ ਨੂੰ ਸਮਰੱਥਾ ਆਧਾਰਿਤ ਸਿਖਲਾਈ ਰਾਹੀਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਹਰੇਕ ਸਮਰੱਥਾ ਦੀ ਪ੍ਰਾਪਤੀ ਲਈ ਯੋਜਨਾ–ਅਧਿਆਪਨ–ਟੈਸਟ–ਖੋਜ–ਦੁਬਾਰਾ ਟੈਸਟ ਚੱਕਰੀ ਵਿਧੀ ਦਾ ਪਾਲਣ ਕੀਤਾ ਜਾਂਦਾ ਹੈ। ਇਹ ਉਦੋਂ ਤੱਕ ਜਾਰੀ ਰੱਖਿਆ ਜਾਂਦਾ ਹੈ ਜਦੋਂ ਤੱਕ ਬੱਚਾ ਸਮਰੱਥਾ ਦੇ ਮਾਸਟਰੀ ਪੱਧਰ ਨੂੰ ਹਾਸਲ ਨਹੀਂ ਕਰ ਲੈਂਦਾ ਹੈ।

ਐੱਮਐੱਲਐੱਲ ਪ੍ਰੋਗਰਾਮ 1990 ਤੱਕ ਜਾਰੀ ਰਿਹਾ, ਪਰ ਬਾਅਦ ਵਿੱਚ ਕਈ ਕਾਰਨਾਂ ਨਾਲ ਇਸ ਦਾ ਮਹੱਤਵ ਖਤਮ ਹੋ ਗਿਆ। ਪਰ ਕਲਾਸ ਸਿਖਲਾਈ ਵਿੱਚ ਸਮਰੱਥਾਵਾਂ ਦਾ ਪ੍ਰਯੋਗ ਅਤੇ ਸਮਰੱਥਾ ਆਧਾਰਿਤ ਮੁਲਾਂਕਣ ਅਜੇ ਵੀ ਜਾਰੀ ਹੈ। (ਐੱਨਸੀਈਆਰਟੀ, 1991)

ਹੁਣ ਤੱਕ ਤੁਸੀਂ ਜੋ ਵੀ ਅਧਿਐਨ ਕੀਤਾ ਉਸ ਦੇ ਆਧਾਰ 'ਤੇ ਨਿਮਨਲਿਖਤ ਦਾ ਉੱਤਰ ਦਿਓ:

**ਈ.7 ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਅਤੇ ਯੋਗਤਾ ਆਧਾਰਿਤ ਦ੍ਰਿਸ਼ਟੀਕੋਣ ਵਿਚਕਾਰ ਘੱਟ ਤੋਂ ਘੱਟ ਤਿੰਨ ਅੰਤਰ ਸਪੱਸ਼ਟ ਕਰੋ।**

ਈ.8 ਨਿਮਨ ਵਿੱਚੋਂ ਕਿਹੜੀ ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ ਦੀ ਵਿਸ਼ੇਸ਼ਤਾ ਨਹੀਂ ਹੈ ?

ੳ) ਵਿਦਿਆਰਥੀ ਗੁਣਾਂ ਟੇਬਲ ਦਾ ਅਭਿਆਸ ਕਰ ਰਹੇ ਹਨ।

ਅ) ਵਿਅਕਤੀਗਤ ਤੌਰ ’ਤੇ ਵਿਦਿਆਰਥੀ ਆਪਣੀ ਗਤੀ ਨਾਲ ਸਿਖਲਾਈ ਕਰ ਰਹੇ ਹਨ।

ੲ) ਉਹ ਸਮੂਹ ਵਿੱਚ ਆਪਣੇ ਸਹਿਪਾਠੀਆਂ ਤੋਂ ਸਹਾਇਤਾ ਲੈ ਰਹੇ ਹਨ।

ਆਪਣੇ ਉੱਤਰ ਦੇ ਸਬੰਧ ਵਿੱਚ ਘੱਟ ਤੋਂ ਘੱਟ ਇੱਕ ਕਾਰਨ ਸਪੱਸ਼ਟ ਕਰੋ।

**ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ ਦੀ ਉਪਯੋਗਿਤਾ**

ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ ਵਿਦਿਆਰਥੀ ਨੂੰ ਰੱਟੇ ਨਾਲ ਯਾਦ ਕਰਾਉਣ ਦੀ ਪੱਧਤੀ ਤੋਂ ਦੂਰ ਰੱਖਦਾ ਹੈ।

ਵਿਦਿਆਰਥੀ ਨੇ ਅੱਜ ਜੋ ਕੁਝ ਸਿੱਖਿਆ ਹੈ, ਉਸ ਨੂੰ ਉਹ ਕੱਲ੍ਹ ਭੁੱਲ ਨਹੀਂ ਸਕਦਾ ਕਿਉਂਕਿ ਵਿਦਿਆਰਥੀ ਆਪਣੇ ਦਿਸ਼ਾ ਨਿਰਦੇਸ਼ਾਂ ਵਿੱਚ ਸਮਰੱਥਾ ਦੇ ਮਾਸਟਰੀ ਪੱਧਰ ਨੂੰ ਪ੍ਰਾਪਤ ਕਰਦਾ ਹੈ।

ਸਮਰੱਥਾਵਾਂ ਦੇ ਮੁਲਾਂਕਣ ਦਾ ਸਬੰਧ ਪ੍ਰਤੱਖ ਰੂਪ ਨਾਲ ਸਿਖਲਾਈ ਅਨੁਭਵ ਦੇ ਉਦੇਸ਼ ਨਾਲ ਹੁੰਦਾ ਹੈ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਨਿਰੰਤਰ ਅਤੇ ਸਮਰੱਥਾ ਆਧਾਰਿਤ ਹੋਏਗਾ।

ਮੁਲਾਂਕਣ ਨਤੀਜੇ ਦਾ ਉਪਯੋਗ ਵਿਦਿਆਰਥੀ ਦੇ ਪ੍ਰਦਰਸ਼ਨ ਵਿੱਚ ਸੁਧਾਰ ਲਈ ਕੀਤਾ ਜਾਂਦਾ ਹੈ। ਨਿਮਨ ਉੱਪਲੱਬਧੀਕਰਤਾ ਲਈ ਕੋਚਿੰਗ ਅਤੇ ਉੱਚ ਉਪਲੱਬਧੀਕਰਤਾ ਲਈ ਵਿਸ਼ਾਲ ਪ੍ਰੋਗਰਾਮ ਦਾ ਆਯੋਜਨ ਸਹਾਇਤਾ ਕਰਦਾ ਹੈ। ਕਿਉਂਕਿ ਉਹ ਹਰੇਕ ਵਿਦਿਆਰਥੀ ਦੇ ਮਾਸਟਰੀ ਪੱਧਰ ਦੀ ਪ੍ਰਾਪਤੀ ਨੂੰ ਟੀਚਾਗਤ ਕਰਦਾ ਹੈ। ਇਸ ਲਈ ਹਰੇਕ ਸ਼੍ਰੇਣੀ ਦੀ ਸਿਖਲਾਈ ਲੋੜਾਂ ਦੀ ਪੂਰਤੀ ਕਰਦਾ ਹੈ।

ਢੁਕਵੀਆਂ ਗਤੀਵਿਧੀਆਂ ਜਿਵੇਂ ਕਹਾਣੀ ਸੁਣਾਉਣਾ, ਭੂਮਿਕਾ ਪ੍ਰਦਰਸ਼ਨ, ਸੰਵਾਦ, ਪਹੇਲੀ ਅਭਿਆਸ, ਸ਼ਬਦ ਖੇਡ, ਜਾਦੂ, ਕੁਇਜ਼ ਆਦਿ ਵਿਦਿਆਰਥੀਆਂ ਨੂੰ ਸਮਰੱਥਾਵਾਂ ਨੂੰ ਉਪਲੱਬਧ ਕਰਨ ਵਿੱਚ ਸਹਾਇਤਾ ਕਰਦਾ ਹੈ।

ਇਸ ਦ੍ਰਿਸ਼ਟੀਕੋਣ ਵਿੱਚ ਅਧਿਆਪਨ ਸਿਖਲਾਈ ਪ੍ਰਕਿਰਿਆ ਆਨੰਦਮਈ ਅਤੇ ਦਿਲਚਸਪ ਹੁੰਦੀ ਹੈ।

**ਸੀਮਾਵਾਂ:**

• ਅਧਿਆਪਕ ਨੂੰ ਵਿਸ਼ਾ ਵਸਤੂ ਦੇ ਬਾਰੇ ਵਿੱਚ ਗਹਿਰਾ ਗਿਆਨ ਰੱਖਣ ਦੀ ਬਹੁਤ ਲੋੜ ਹੁੰਦੀ ਹੈ ਕਿਉਂਕਿ ਵਿਦਿਆਰਥੀ ਤੁਹਾਡੇ ਸਹਿਯੋਗ ਨਾਲ ਉਪਲੱਬਧੀ ਕਰੇਗਾ, ਜੇਕਰ ਅਧਿਆਪਕ ਵਿਸ਼ਾ ਵਸਤੂ ਵਿੱਚ ਕੁਸ਼ਲ ਨਹੀਂ ਹੈ ਤਾਂ ਉਸ ਸਥਿਤੀ ਵਿੱਚ ਉਹ ਸ਼ਾਇਦ ਸਿਖਲਾਈ ਕਾਰਜ ਨਾ ਕਰੇ।

• ਸਾਰੇ ਸਕੂਲਾਂ ਦੀ ਸਿੱਖਣ ਦੀ ਗਤੀ ਅਲੱਗ ਅਲੱਗ ਹੁੰਦੀ ਹੈ, ਇਸ ਲਈ ਨਿਰਧਾਰਤ ਸਮੇਂ ਵਿੱਚ ਸਮਰੱਥਾਵਾਂ ਦੀ ਉਪਲੱਬਧੀ ਵਿਦਿਆਰਥੀਆਂ ਨੂੰ ਕਰਾਉਣੀ ਅਧਿਆਪਕ ਲਈ ਮੁਸ਼ਕਿਲ ਹੁੰਦੀ ਹੈ।

• ਨਿਮਨ ਉਪਲੱਬਧੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਉਚਿਤ ਕੋਚਿੰਗ ਉਪਲੱਬਧ ਕਰਾਉਣ ਲਈ ਸਾਰੇ ਅਧਿਆਪਕ ਬਰਾਬਰ ਰੂਪ ਵਿੱਚ ਸਮਰੱਥ ਨਹੀਂ ਹਨ। ਵਿਦਿਆਰਥੀਆਂ

ਲਈ ਯੋਗਤਾਵਾਂ ਦਾ ਮਾਸਟਰੀ ਪੱਧਰ ਹਾਸਲ ਕਰਨਾ ਮੁਸ਼ਕਿਲ ਹੁੰਦਾ ਹੈ, ਵਿਸ਼ੇਸ਼ ਕਰਕੇ ਪ੍ਰਥਮ ਪੀੜ੍ਹੀ ਦੇ ਵਿਦਿਆਰਥੀਆਂ ਲਈ।

- ਸਮਰੱਥਾਵਾਂ ਦੇ ਵਿਸਥਾਰਤ ਰੂਪ ਨਾਲ ਸਹਿ ਸਮਰੱਥਾਵਾਂ ਵਿੱਚ ਵੰਡਿਆ ਜਾਂਦਾ ਹੈ ਅਤੇ ਇਹ ਦੇਖਿਆ ਗਿਆ ਹੈ ਕਿ ਮੁਲਾਂਕਣ ਵਿੱਚ ਸਾਰੇ ਵਿਵਰਣ ਨੂੰ ਸਥਾਨ ਨਹੀਂ ਮਿਲਦਾ ਹੈ।

- ਸਮਰੱਥਾਵਾਂ/ਸਹਿ ਸਮਰੱਥਾਵਾਂ ਦੀ ਵਿਸਥਾਰਤ ਸੂਚੀ ਲਈ ਗਤੀਵਿਧੀਆਂ ਅਤੇ ਟੈਸਟ ਆਈਟਮ ਤਿਆਰ ਕਰਨਾ ਆਪਣੇ ਆਪ ਵਿੱਚ ਵਿਵਹਾਰਕ ਨਹੀਂ ਹੁੰਦਾ ਹੈ।

**ਅੱਗੇ ਵਧਣ ਤੋਂ ਪਹਿਲਾਂ ਆਪਣੀ ਪ੍ਰਗਤੀ ਦੀ ਜਾਂਚ ਕਰੋ।**

**ਈ. 8 ਨਿਮਨਲਿਖਤ ਕਥਨਾਂ ਵਿੱਚੋਂ ਕਿਹੜਾ ਸਹੀ ਅਤੇ ਕਿਹੜਾ ਗਲਤ ਹੈ, ਦੱਸੋ।**

ੳ. ਸਮਰੱਥਾ ਇੱਕ ਸਿਖਲਾਈ ਉਦੇਸ਼ ਹੈ।

ਅ. ਸਾਰੀਆਂ ਸਮਰੱਥਾਵਾਂ ਪ੍ਰਾਪਤੀ ਯੋਗ ਨਹੀਂ ਹਨ।

ੲ. ਸਮਰੱਥਾਵਾਂ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ।

ਸ. ਸਮਰੱਥਾਵਾਂ ਆਧਾਰਿਤ ਅਧਿਆਪਨ ਵਿੱਚ ਅਧਿਆਪਕ ਵਿਭਿੰਨ ਪ੍ਰਕਾਰ ਦੇ ਟੀਐੱਲਐੱਮ ਦੀ ਵਰਤੋਂ ਅਤੇ ਗਤੀਵਿਧੀਆਂ ਦਾ ਆਯੋਜਨ ਕਰਦਾ ਹੈ।

ਹ. ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ ਸਿੱਖਿਆ ਵਿੱਚ ਸੁਧਾਰਾਤਮਕ ਅਧਿਆਪਨ ਦੀ ਲੋੜ ਨਹੀਂ ਹੁੰਦੀ।

ਕ. ਸਮਰੱਥਾਵਾਂ ਦੀ ਉਪਲੱਬਧੀ ਮਾਸਟਰੀ ਪੱਧਰ ’ਤੇ ਕੀਤੀ ਜਾਂਦੀ ਹੈ।

ਖ. ਸਮਰੱਥਾਵਾਂ ਦੀ ਉਪਲੱਬਧੀ ਲਈ ਗਤੀਵਿਧੀਆਂ ਦਾ ਹੋਣਾ ਜ਼ਰੂਰੀ ਹੈ।

**ਈ. 9 ਪ੍ਰਾਇਮਰੀ ਕਲਾਸਾਂ ਦੀ ਕਿਸੇ ਵਿਸ਼ੇ ’ਤੇ ਸਮਰੱਥਾ ਕਥਨਾਂ ਦੇ ਚਾਰ ਉਦਾਹਰਨ ਦਿਓ।**

### 2.2.5 ਸੰਰਚਨਾਤਮਕ ਦ੍ਰਿਸ਼ਟੀਕੋਣ

ਕੀ ਤੁਸੀਂ ਸੋਚਦੇ ਹੋ ਕਿ ਬੱਚੇ ਸਿਰਫ਼ ਸਕੂਲ ਵਿੱਚ ਸਿੱਖਦੇ ਹਨ ? ਜੇਕਰ ਤੁਸੀਂ ਸੋਚਦੇ ਹੋ ਕਿ ਬੱਚਾ ਸਕੂਲ ਵਿੱਚ ਸਿੱਖਣਾ ਸ਼ੁਰੂ ਕਰਦਾ ਹੈ ਤਾਂ ਤੁਸੀਂ ਨਿਮਨਲਿਖਤ ਗਤੀਵਿਧੀ ਕਰੋ।

**ਗਤੀਵਿਧੀ 2**

ਉਨ੍ਹਾਂ ਗਤੀਵਿਧੀਆਂ ਦੀ ਸੂਚੀ ਤਿਆਰ ਕਰੋ ਜਿਨ੍ਹਾਂ ਨੂੰ ਸਕੂਲ ਜਾਣ ਤੋਂ ਪਹਿਲਾਂ 6 ਸਾਲ ਦਾ ਬੱਚਾ ਕਰਦਾ ਹੈ।

ਉਹ ਇਨ੍ਹਾਂ ਸਭ ਗਤੀਵਿਧੀਆਂ ਨੂੰ ਕਿਵੇਂ ਸਿੱਖਦਾ ਹੈ ? ਕੀ ਕੋਈ ਵਿਅਕਤੀ ਇਨ੍ਹਾਂ ਗਤੀਵਿਧੀਆਂ ਨੂੰ ਉਸ ਨੂੰ ਸਿਖਾਉਂਦਾ ਹੈ ਜਾਂ ਉਹ ਖੁਦ ਸਿੱਖਦਾ ਹੈ ? ਉਹ ਦੂਜਿਆਂ ਦੀ ਸਹਾਇਤਾ ਤੋਂ ਬਿਨਾਂ ਕਿਵੇਂ ਸਿੱਖਦਾ ਹੈ ?

ਆਓ ਇੱਕ ਸਥਿਤੀ ’ਤੇ ਵਿਚਾਰ ਕਰਦੇ ਹਾਂ।

**ਸਥਿਤੀ 7:** ਇੱਕ ਵਾਰ ਸ੍ਰੀਮਾਨ ਰੌਬਿਨ ਜੋ ਅੰਗਰੇਜ਼ੀ ਦੇ ਅਧਿਆਪਕ ਹਨ, ਉਸਨੇ ਇੱਕ ਕਹਾਣੀ ਸੁਣਾਈ ਅਤੇ ਉਸ ਨੂੰ ਇੱਕ ਵਾਰ ਫਿਰ ਦੁਹਰਾਇਆ। ਜਦੋਂ ਉਸ ਨੇ ਵਿਦਿਆਰਥੀਆਂ ਨੂੰ ਇਸ ਨੂੰ ਮੁੜ ਸੁਣਾਉਣ ਲਈ ਕਿਹਾ ਤਾਂ 75 ਫੀਸਦੀ ਵਿਦਿਆਰਥੀਆਂ ਨੇ ਇਸ ਨੂੰ ਸੁਣਾ ਦਿੱਤਾ। ਕੀ ਇਸ ਵਿੱਚ ਕੋਈ ਨਵਾਂਪਣ ਹੈ? ਕੀ ਇਹ ਸੋਚਣ ਲਈ ਪ੍ਰੇਰਿਤ ਕਰਦਾ ਹੈ?

ਪਰ ਜਦੋਂ ਉਸਨੇ ਵਿਦਿਆਰਥੀਆਂ ਨੂੰ ਕਹਾਣੀ ਸੁਣਾਉਣ ਲਈ ਕਿਹਾ ਤਾਂ ਦੋ ਜਾਂ ਤਿੰਨ ਵਿਦਿਆਰਥੀਆਂ ਨੇ ਹੱਥ ਉਠਾਇਆ। ਇਸ ਤੋਂ ਬਾਅਦ ਉਸ ਨੇ ਇੱਕ ਚਿੱਤਰ ਦੀਵਾਰ ’ਤੇ ਟੰਗ ਦਿੱਤਾ ਤਾਂ ਕਿ ਸਾਰੇ ਵਿਦਿਆਰਥੀ ਸਪੱਸ਼ਟ ਰੂਪ ਨਾਲ ਦੇਖ ਸਕਣ। ਉਸ ਨੇ ਵਿਦਿਆਰਥੀਆਂ ਨੂੰ ਚਿੱਤਰ ਦੇਖ ਕੇ ਕਹਾਣੀ ਲਿਖਣ ਲਈ ਕਿਹਾ। 15 ਮਿੰਟ ਤੋਂ ਬਾਅਦ ਕੁਝ ਵਿਦਿਆਰਥੀਆਂ ਨੇ ਕਹਾਣੀ ਲਿਖੀ, ਪਰ ਕੋਈ ਵੀ ਦੋ ਕਹਾਣੀਆ ਸਮਾਨ ਨਹੀਂ ਸਨ। ਸਾਰੀਆਂ ਕਹਾਣੀਆਂ ਭਿੰਨ ਸਨ।

ਉਸ ਤੋਂ ਬਾਅਦ ਉਸ ਨੇ ਕੁਝ ਸ਼ਬਦ ਦਿੱਤੇ ਅਤੇ ਇਸ ਦੀ ਵਰਤੋਂ ਕਰਕੇ ਕਹਾਣੀ ਲਿਖਣ ਲਈ ਕਿਹਾ। ਵਿਦਿਆਰਥੀਆਂ ਨੇ ਮੁੜ ਅਲੱਗ ਅਲੱਗ ਕਹਾਣੀ ਲਿਖੀ।

ਇਹ ਕਿਵੇਂ ਸੰਭਵ ਸੀ ਕਿ ਸਮਾਨ ਵਸਤੂ (ਚਿੱਤਰ ਜਾਂ ਸ਼ਬਦ) ਦੇ ਆਧਾਰ ’ਤੇ ਅਲੱਗ ਅਲੱਗ ਕਹਾਣੀ ਵਿਦਿਆਰਥੀਆਂ ਨੇ ਲਿਖੀ? ਵਿਦਿਆਰਥੀਆਂ ਨੇ ਆਪਣੇ ਮਾਤਾ ਪਿਤਾ, ਦਾਦਾ ਦਾਦੀ ਤੋਂ ਕਹਾਣੀ ਸੁਣੀ ਹੈ। ਜਦੋਂ ਉਨ੍ਹਾਂ ਨੇ ਇੱਕ ਕਹਾਣੀ ਲਿਖਣੀ ਸ਼ੁਰੂ ਕੀਤੀ ਤਾਂ ਉਨ੍ਹਾਂ ਨੇ ਆਪਣੇ ਪਹਿਲੇ ਅਨੁਭਵ ਨੂੰ ਯਾਦ ਕੀਤਾ। ਉਨ੍ਹਾਂ ਨੇ ਪਹਿਲੇ ਗਿਆਨ ਨੂੰ ਨਵੇਂ ਗਿਆਨ ਨਾਲ ਜੋੜਿਆ ਅਤੇ ਇਸ ਨਾਲ ਨਵੇਂ ਵਿਚਾਰ ਦੀ ਰਚਨਾ ਕਰਨ ਦੀ ਕੋਸ਼ਿਸ਼ ਕੀਤੀ।

ਅਧਿਆਪਕ ਕੇਂਦਰਿਤ ਕਲਾਸ ਵਿੱਚ ਵਿਦਿਆਰਥੀ ਪੈਸਿਵ ਸਰੋਤੇ ਹੁੰਦੇ ਹਨ, ਪਰ ਸੰਰਚਨਾਤਮਕ ਕਲਾਸ ਵਿੱਚ ਇਹ ਨਹੀਂ ਹੁੰਦਾ ਹੈ। ਸੰਰਚਨਾਤਮਕ ਅਧਿਆਪਨ ਸਿਖਲਾਈ ਵਿੱਚ ਵਿਦਿਆਰਥੀਆਂ ਨੂੰ ਸਰਗਰਮ ਸਿਖਲਾਰਥੀ ਸਮਝਿਆ ਜਾਂਦਾ ਹੈ ਅਤੇ ਅਧਿਆਪਕ ਵਿਦਿਆਰਥੀ ਵੱਲੋਂ ਗਿਆਨ ਦੀ ਰਚਨਾ ਕਰਨ ਦੀ ਪ੍ਰਕਿਰਿਆ ਨੂੰ ਸੌਖਾ ਬਣਾਉਂਦਾ ਹੈ।

ਜਿਵੇਂ ਕਿ ਸੰਰਚਨਾਤਮਕ ਕਲਾਸਰੂਮ, ਵਿਦਿਆਰਥੀ ਕੇਂਦਰਿਤ ਹੁੰਦਾ ਹੈ। ਇਸ ਲਈ ਇਸ ਵਿੱਚ ਵਿਦਿਆਰਥੀਆਂ ਨੂੰ ਜ਼ਿਆਦਾ ਆਜ਼ਾਦੀ ਦਿੱਤੀ ਜਾਂਦੀ ਹੈ।

**ਉਪਰੋਕਤ ਦੇ ਆਧਾਰ ’ਤੇ ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ ਦਿਓ।**

**ਈ.10 ਨਿਮਨ ਵਿੱਚੋਂ ਕੌਣ ਜਾਂ ਕਥਨ ਸੰਰਚਨਾਤਮਕ ਦ੍ਰਿਸ਼ਟੀਕੋਣ ’ਤੇ ਆਧਾਰਿਤ ਨਹੀਂ ਹੈ?**

1. ਵਿਦਿਆਰਥੀ ਦਾ ਪਹਿਲਾ ਗਿਆਨ ਨਵੇਂ ਗਿਆਨ ਦੀ ਸੰਰਚਨਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।
2. ਸਿਖਲਾਈ ਇੱਕ ਸਰਗਰਮ ਅਰਥ ਸਿਰਜਣ ਕਰਨ ਦੀ ਪ੍ਰਕਿਰਿਆ ਹੈ।
3. ਇੱਕ ਵਿਦਿਆਰਥੀ ਦਾ ਤੇਜ਼ ਸਪੱਰਸ਼ ਸ਼ਕਤੀ ਗਿਆਨ ਦੀ ਸੰਰਚਨਾ ਕਰਨ ਦਾ ਆਧਾਰ ਹੈ।

ਇੱਕ ਅਧਿਆਪਕ ਦੇ ਰੂਪ ਵਿੱਚ ਕਲਾਸ ਵਿੱਚ ਤੁਸੀਂ ਆਪਣੇ ਢੰਗ ਨਾਲ ਅਤੇ ਆਪਣੀ ਵਿਧੀ ਨਾਲ ਅਧਿਆਪਨ ਕਾਰਜ ਕਰਦੇ ਹੋ। ਤੁਸੀਂ ਵਿਦਿਆਰਥੀਆਂ ਨੂੰ ਕਹਾਣੀ ਵੀ ਸੁਣਾਉਂਦੇ ਹੋ। ਕੀ ਤੁਸੀਂ ਕਦੇ ਵਿਦਿਆਰਥੀਆਂ ਦੀ ਸਹਾਇਤਾ ਨਾਲ ਕਹਾਣੀ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇੱਥੇ ਇੱਕ ਉਦਾਹਰਨ ਦੇ ਜ਼ਰੀਏ ਸਮਝਦੇ ਹਾਂ ਕਿ ਕਿਸ ਪ੍ਰਕਾਰ ਵਿਦਿਆਰਥੀ ਕਹਾਣੀਆਂ ਦਾ ਵਿਕਾਸ ਕਰ ਸਕਦਾ ਹੈ।

ਇੱਕ ਵਾਰ ਇੱਕ ਅਧਿਆਪਕ ਨੇ ਬਲੈਕ ਬੋਰਡ 'ਤੇ ਕੁਝ ਸ਼ਬਦ ਲਿਖੇ। ਉਨ੍ਹਾਂ ਦਾ ਉਦੇਸ਼ ਸੀ ਵਿਦਿਆਰਥੀਆਂ ਦੀ ਸਹਾਇਤਾ ਨਾਲ ਕਹਾਣੀ ਦਾ ਨਿਰਮਾਣ ਕਰਨਾ। ਉਹ ਚਾਹੁੰਦੇ ਸਨ ਕਿ ਵਿਦਿਆਰਥੀ ਉਨ੍ਹਾਂ ਸ਼ਬਦਾਂ ਦਾ ਉਪਯੋਗ ਕਰਕੇ ਇੱਕ ਕਹਾਣੀ ਲਿਖਣ। ਉਸ ਨੇ ਪੁੱਛਿਆ ਕਿ ਤੁਹਾਡੇ ਵਿੱਚੋਂ ਕਹਾਣੀ ਦਾ ਪਹਿਲਾ ਵਾਕ ਕੌਣ ਬਣਾਏਗਾ। ਜਦੋਂ ਇੱਕ ਵਿਦਿਆਰਥੀ ਨੇ ਪਹਿਲਾ ਵਾਕ ਬਣਾਇਆ ਤਾਂ ਉਨ੍ਹਾਂ ਨੇ ਬਾਰੀ ਬਾਰੀ ਨਾਲ ਸਾਰੇ ਵਿਦਿਆਰਥੀਆਂ ਨੂੰ ਪਹਿਲੇ ਵਾਕ ਨੂੰ ਜੋੜਦੇ ਹੋਏ ਨਵੇਂ ਵਾਕ ਬਣਾਉਣ ਲਈ ਕਿਹਾ। ਕੁਝ ਹੀ ਦੇਰ ਵਿੱਚ ਬਲੈਕਬੋਰਡ 'ਤੇ 20 ਵਾਕ ਅਧਿਆਪਕ ਨੇ ਵਿਦਿਆਰਥੀਆਂ ਦੀ ਸਹਾਇਤਾ ਨਾਲ ਲਿਖ ਦਿੱਤੇ। ਉਸ ਤੋਂ ਬਾਅਦ ਅਧਿਆਪਕ ਨੇ ਕਹਾਣੀ ਦੀ ਦਿਸ਼ਾ ਨੂੰ ਬਦਲ ਦਿੱਤਾ। ਉਨ੍ਹਾਂ ਨੇ ਵਾਕ ਖ਼ੁਦ ਬਣਾ ਕੇ ਜੋੜੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵਾਕ ਬਣਾਉਣ ਦੇ ਕ੍ਰਮ ਨੂੰ ਜਾਰੀ ਰੱਖਣ ਲਈ ਕਿਹਾ। ਪੰਜ ਵਾਕ ਹੋਰ ਜੋੜਨ ਤੋਂ ਬਾਅਦ ਅਧਿਆਪਕ ਨੇ ਵਿਦਿਆਰਥੀਆਂ ਨੂੰ ਪੁੱਛਿਆ ਕਿ ਕੀ ਕਹਾਣੀ ਨੂੰ ਖਤਮ ਕਰ ਦਈਏ। ਜਦੋਂ ਵਿਦਿਆਰਥੀਆਂ ਨੇ ਕਹਾਣੀ ਨੂੰ ਖਤਮ ਕਰਨ ਲਈ ਕਿਹਾ ਤਾਂ ਉਨ੍ਹਾਂ ਨੇ ਵਿਦਿਆਰਥੀਆਂ ਤੋਂ ਇਸ ਕਹਾਣੀ ਦਾ ਸਿਰਲੇਖ ਲਿਖਣ ਲਈ ਕਿਹਾ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਇੱਕ ਨਹੀਂ ਕਈ ਸਿਰਲੇਖਾਂ ਦੇ ਨਾਂ ਸੁਝਾਏ।

**ਉਪਰੋਕਤ ਉਦਾਹਰਨ ਦੇ ਆਧਾਰ 'ਤੇ ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ ਦਿਓ।**

ਕਹਾਣੀ ਕਿਸ ਨੇ ਸ਼ੁਰੂ ਕੀਤੀ ?

ਉਨ੍ਹਾਂ ਨੇ ਕਹਾਣੀ ਨੂੰ ਅੱਗੇ ਵਧਾਉਣ ਲਈ ਕੀ ਕਿਹਾ ?

ਕਹਾਣੀ ਕਿਸ ਪ੍ਰਕਾਰ ਬਣਾਈ ਗਈ ?

ਜਦੋਂ 20 ਵਾਕ ਲਿਖ ਲਏ ਗਏ ਤਾਂ ਅਧਿਆਪਕ ਨੇ ਕੀ ਕੀਤਾ ?

ਕਹਾਣੀ ਦੇ ਵਿਕਾਸ ਅਭਿਆਸ ਵਿੱਚ ਕਿਸਨੇ ਸਭ ਤੋਂ ਜ਼ਿਆਦਾ ਯੋਗਦਾਨ ਦਿੱਤਾ ?

ਵਿਦਿਆਰਥੀਆਂ ਨੂੰ ਕਿਸਨੇ ਸਹਿਯੋਗ ਦਿੱਤਾ ?

ਕੀ ਅਧਿਆਪਕ ਨੇ ਸ਼ੁਰੂ ਤੋਂ ਅੰਤ ਤੱਕ ਵਿਦਿਆਰਥੀਆਂ ਦੀ ਸਹਾਇਤਾ ਕੀਤੀ ?

ਕੀ ਤੁਹਾਨੂੰ ਇਸ ਤਰ੍ਹਾਂ ਦਾ ਅਨੁਭਵ ਹੈ ?

ਕੀ ਇਹ ਅਭਿਆਸ ਦਿਲਚਸਪ ਹੈ ?

ਕੀ ਇਹ ਯਾਦ ਕਰਕੇ ਦੱਸੀ ਗਈ ਕਹਾਣੀ ਜਾਂ ਕਿਤਾਬ ਤੋਂ ਪੜ੍ਹੀ ਗਈ ਕਹਾਣੀ ਤੋਂ ਅਲੱਗ ਨਹੀਂ ਹੈ ?

**ਗਤੀਵਿਧੀ 3**

ਹੇਠ ਇੱਕ ਕਹਾਣੀ ਦਿੱਤੀ ਗਈ ਹੈ ਇਸ ਨੂੰ ਆਪਣੀ ਕਲਾਸ ਵਿੱਚ ਸੁਣਾਓ ਅਤੇ ਇਸ 'ਤੇ ਵਿਚਾਰ ਚਰਚਾ ਕਰੋ।

ਲਲਿਤਾ ਇੱਕ ਛੋਟੀ ਲੜਕੀ ਸੀ। ਉਹ ਪੰਜਵੀਂ ਕਲਾਸ ਵਿੱਚ ਪੜ੍ਹਦੀ ਸੀ। ਉਹ ਬਹੁਤ ਜ਼ਿਆਦਾ ਚਲਾਕ ਨਹੀਂ ਸੀ, ਪਰ ਉਹ ਬਹੁਤ ਪਿਆਰੀ ਅਤੇ ਚੰਗੀ ਸੀ। ਸਾਰੇ ਉਸ ਨੂੰ ਪਿਆਰ ਕਰਦੇ ਸਨ। ਇੱਕ ਦਿਨ ਲਲਿਤਾ ਦੇ ਸਕੂਲ ਦੇ ਅਧਿਆਪਕ ਨੇ ਕਿਹਾ, "ਮੈਂ ਇਸ ਸਾਲ ਇੱਕ ਵਿਸ਼ੇਸ਼ ਪੁਰਸਕਾਰ ਦੇਣ ਜਾ ਰਿਹਾ ਹਾਂ।" ਸਾਰੇ ਵਿਦਿਆਰਥੀਆਂ ਨੇ ਪੁੱਛਿਆ, "ਪੁਰਸਕਾਰ ਕਿਸ ਲਈ ਦਿੱਤਾ ਜਾ ਰਿਹਾ ਹੈ?" "ਮੈਂ ਤੁਹਾਨੂੰ ਨਹੀਂ ਦੱਸਾਂਗਾ।" ਅਧਿਆਪਕ ਨੇ ਕਿਹਾ। ਤੁਸੀਂ ਸਾਰੇ ਹਰੇਕ ਖੇਤਰ ਵਿੱਚ ਆਪਣਾ ਸਰਵੋਤਮ ਕਾਰਜ ਕਰਨ ਦੀ ਕੋਸ਼ਿਸ਼ ਕਰੋ। ਸਾਲ ਦੇ ਅੰਤ ਵਿੱਚ ਮੈਂ ਤੁਹਾਨੂੰ ਦੱਸਾਂਗਾ ਕਿ ਪੁਰਸਕਾਰ ਕਿਸ ਲਈ ਹੈ।

ਤਾਂ ਕਹਾਣੀ ਨੂੰ ਸਾਰੇ ਬੱਚਿਆਂ ਵੱਲੋਂ ਗੱਲਬਾਤ ਦੇ ਜ਼ਰੀਏ ਅੱਗੇ ਵਧਾਇਆ ਗਿਆ। ਅੰਤ ਵਿੱਚ ਅਧਿਆਪਕ ਨੇ ਵਿਸ਼ੇਸ਼ ਪੁਰਸਕਾਰ ਦੇਣ ਦੇ ਕਾਰਨ ਦਾ ਐਲਾਨ ਕੀਤਾ। (ਕਹਾਣੀ ਦਾ ਅੰਤਿਮ ਵਾਕ)

ਕਹਾਣੀ ਸੁਣਾਉਣ ਤੋਂ ਬਾਅਦ ਨਿਮਨਲਿਖਤ ਪ੍ਰਸ਼ਨਾਂ ਨੂੰ ਪੁੱਛਿਆ ਜਾਏ ਅਤੇ ਅੱਗੇ ਦੀ ਗਤੀਵਿਧੀ ਪੂਰੀ ਕੀਤੀ ਜਾਵੇ।

1. ਤੁਹਾਨੂੰ ਕਿਹੜਾ ਪਾਤਰ ਚੰਗਾ ਲੱਗਿਆ ਅਤੇ ਕਿਉਂ?
2. ਆਪਣੀ ਪਸੰਦ ਦੇ ਚਾਰ ਸਥਾਨਾਂ 'ਤੇ ਆਪਣੇ ਆਪ ਨੂੰ ਰੱਖੋ ਅਤੇ ਹੋਰ ਪਾਤਰਾਂ ਦੇ ਸੰਵਾਦ ਤਿਆਰ ਕਰੋ।
3. ਵਿਦਿਆਰਥੀਆਂ ਨੂੰ ਕਲਾਸ ਵਿੱਚ ਸੰਵਾਦ ਬੋਲਣ ਦਿੱਤੇ ਜਾਣ।

ਸਮੂਹਾਂ ਵਿੱਚ ਹੋਰ ਪ੍ਰਕਾਰ ਦੇ ਸੰਵਾਦ।

ਉੱਪਰ ਵਰਣਨ ਕੀਤੀ ਗਤੀਵਿਧੀ ਨਾਲ ਤੁਸੀਂ ਮੁਲਾਂਕਣ ਕਰੋਗੇ ਕਿ ਵਿਦਿਆਰਥੀ ਕਲਾਸ ਵਿੱਚ ਸਮੂਹ ਵਿੱਚ ਕਾਰਜ ਕਰਦੇ ਹਨ, ਉਨ੍ਹਾਂ 'ਤੇ ਇੱਕ ਦੂਜੇ ਦਾ ਪ੍ਰਭਾਵ ਪੈਂਦਾ ਹੈ ਅਤੇ ਅਧਿਆਪਕ ਦੀ ਭੂਮਿਕਾ ਇੱਕ ਸਹਾਇਕ ਦੀ ਹੁੰਦੀ ਹੈ। ਵਿਦਿਆਰਥੀ ਆਪਣੇ ਪੁਰਾਣੇ ਅਨੁਭਵਾਂ ਨੂੰ ਨਵੇਂ ਅਨੁਭਵਾਂ ਨਾਲ ਜੋੜਦੇ ਹਨ। ਜਦੋਂ ਤੱਕ ਉਨ੍ਹਾਂ ਨੇ ਸਮੂਹ ਵਿੱਚ ਕਾਰਜ ਕੀਤਾ, ਇੱਕ ਦੂਜੇ ਦੇ ਵਿਚਾਰਾਂ ਦਾ ਆਦਾਨ ਪ੍ਰਦਾਨ ਹੁੰਦਾ ਰਿਹਾ। ਇਸ ਤਰ੍ਹਾਂ ਦੀਆਂ ਪਰਿਸਥਿਤੀਆਂ ਵਿੱਚ ਵਿਦਿਆਰਥੀ ਨਿਮਨ ਪੱਧਰਾਂ ਤੋਂ ਗੁਜ਼ਰਦੇ ਹਨ:

1. ਪੁਰਾਣੇ ਅਨੁਭਵਾਂ ਨੂੰ ਨਵੀਂ ਪਰਿਸਥਿਤੀਆਂ ਨਾਲ ਸਬੰਧਿਤ ਕਰਨਾ।
2. ਕਹਾਣੀ ਦੀ ਸਮਝ ਬਣਾਉਣਾ।
3. ਆਪਣੇ ਵਿਚਾਰਾਂ ਦਾ ਯੋਗਦਾਨ ਦੇਣਾ (ਨਵੇਂ)
4. ਇੱਕ ਦੂਜੇ ਤੋਂ ਪ੍ਰਸ਼ਨ ਪੁੱਛਣਾ (ਪੁੱਛਣਾ)
5. ਸੋਚਣਾ ਕਿ ਉਨ੍ਹਾਂ ਨੂੰ ਪਾਤਰ ਕਿਉਂ ਪਸੰਦ ਆਇਆ? (ਫੈਸਲਾ)

ਸੰਪੂਰਨ ਪ੍ਰਕਿਰਿਆ ਗਿਆਨ ਸਿਰਜਣ ਦੇ ਉਦੇਸ਼ਾਂ 'ਤੇ ਆਧਾਰਿਤ ਹੁੰਦੀ ਹੈ। ਇਸ ਲਈ ਅਪਣਾਏ ਗਏ ਦ੍ਰਿਸ਼ਟੀਕੋਣ ਨੂੰ ਸੰਰਚਨਾਵਾਦ ਦ੍ਰਿਸ਼ਟੀਕੋਣ ਕਹਿੰਦੇ ਹਨ। ਅਧਿਆਪਨ

ਅਤੇ ਸਿਖਲਾਈ ਦਾ ਸੰਰਚਨਾਵਾਦ ਦ੍ਰਿਸ਼ਟੀਕੋਣ ਜਿਸ ਸਿਧਾਂਤ ’ਤੇ ਆਧਾਰਿਤ ਹੈ, ਉਸ ਨੂੰ ਸੰਰਚਨਾਵਾਦੀ ਸਿਖਲਾਈ ਸਿਧਾਂਤ ਕਹਿੰਦੇ ਹਨ। ਇਸ ਅਨੁਸਾਰ ਗਿਆਨ ਦਾ ਨਿਰਮਾਣ ਸਿਖਲਾਈਕਰਤਾ ਦੇ ਪਹਿਲੇ ਗਿਆਨ ’ਤੇ ਆਧਾਰਿਤ ਹੁੰਦਾ ਹੈ। ਵਿਦਿਆਰਥੀ ਵਸਤੂਆਂ ਅਤੇ ਉਨ੍ਹਾਂ ਨੂੰ ਪੇਸ਼ ਕੀਤੀਆਂ ਗਈਆਂ ਗਤੀਵਿਧੀਆਂ ਨਾਲ ਹੀ ਸਰਗਰਮ ਰੂਪ ਨਾਲ ਪੁਰਾਣੇ ਅਨੁਭਵਾਂ ਨੂੰ ਨਵੇਂ ਵਿਚਾਰਾਂ ਨਾਲ ਜੋੜਦੇ ਹੋਏ ਗਿਆਨ ਦੀ ਸਿਰਜਣਾ ਕਰਦਾ ਹੈ।

**ਸੰਰਚਨਾਵਾਦ**

ਸੰਰਚਨਾਵਾਦ ਦਰਸ਼ਨ ਸ਼ਾਸਤਰ ਦਾ ਇੱਕ ਸਕੂਲ ਹੈ ਜੋ ਅਠਾਰਵੀਂ ਸ਼ਤਾਬਦੀ ਤੋਂ ਪਹਿਲਾਂ ਇਟਾਲੀਅਨ ਦਰਸ਼ਨ ਸ਼ਾਸਤਰੀ ਗਿਆਕਬੱਟੀਸਾ ਵਿਕੋ ਨਾਲ ਸਬੰਧਿਤ ਹੈ। ਵਰਤਮਾਨ ਵਿੱਚ ਸਵਿੱਸ ਮਨੋਵਿਗਿਆਨਕ ਜੀਨ ਪਾਏਗੈਂਟ (1896–1980) ਅਤੇ ਰੂਸੀ ਮਨੋਵਿਗਿਆਨਕ ਲੇਵ ਵਿਗੋਤਸਕੀ (1896–1934) ਦੇ ਯੋਗਦਾਨ ਨਾਲ ਬਹੁਤ ਵਿਸਥਾਰਤ ਰੂਪ ਵਿੱਚ ਸਿੱਖਿਆ ਦਰਸ਼ਨ ਦੇ ਰੂਪ ਵਿੱਚ ਵਿਕਸਤ ਹੋ ਚੁੱਕੀ ਹੈ।

ਤੱਤ ਸੰਰਚਨਾਵਾਦ ਪਾਏਗੈਂਟ ਦੇ ਬੌਧਿਕ ਵਿਕਾਸ ਦੇ ਸਿਧਾਂਤ ’ਤੇ ਆਧਾਰਿਤ ਹੈ। ਇਸ ਅਨੁਸਾਰ ਗਿਆਨ ਸਿਖਲਾਈਕਰਤਾ ਵੱਲੋਂ ਸਰਗਰਮ ਰਹਿ ਕੇ ਸਿਰਜਿਆ ਜਾਂਦਾ ਹੈ ਨਾ ਕਿ ਪੈਸਿਵ ਰਹਿ ਕੇ ਵਾਤਾਵਰਣ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ। “ਜਾਣਨ ਲਈ ਆਉਣਾ” ਅਪਣਾਉਣ ਦੀ ਇੱਕ ਪ੍ਰਕਿਰਿਆ ਹੈ ਜੋ ਕਿ ਬੱਚੇ ਦੇ ਅਨੁਭਵੀ ਸੰਸਾਰ ਅਤੇ ਉਸ ਵਿੱਚ ਨਿਰੰਤਰ ਸੁਧਾਰਾਂ ’ਤੇ ਆਧਾਰਿਤ ਹੈ।

ਵਿਗੋਸਤਕੀ ਨੇ ਸਮਾਜ ਸੰਰਚਨਾਵਾਦ ਤੋਂ ਪ੍ਰਭਾਵਿਤ ਬੌਧਿਕ ਵਿਕਾਸ ’ਤੇ ਕਾਰਜ ਕੀਤਾ ਜੋ ਕਿ ਵਿਅਕਤੀਗਤ ਰੂਪ ਨਾਲ ਸਮਾਜਿਕ ਅਨੁਕਿਰਿਆ ਦੀ ਸਹਾਇਤਾ ਨਾਲ ਵਾਤਾਵਰਣ ਰਾਹੀਂ ਗਿਆਨ ਦੇ ਨਿਰਮਾਣ ’ਤੇ ਜ਼ੋਰ ਦਿੰਦਾ ਹੈ। ਇੱਥੇ ਸਮਾਜਿਕ ਅੰਤਰ ਕਿਰਿਆ ਆਮ ਗਤੀਵਿਧੀ ਦੇ ਰੂਪ ਵਿੱਚ, ਅਧਿਆਪਕਾਂ, ਮਾਪਿਆਂ ਅਤੇ ਹੋਰ ਬਾਲਗਾਂ ਨਾਲ ਅੰਤਰ ਕਿਰਿਆ ਦੇ ਰੂਪ ਵਿੱਚ ਹੀ ਸੰਰਚਨਾਵਾਦੀ ਕਲਾਸ ਦੀਆਂ ਕੁਝ ਗਤੀਵਿਧੀਆਂ ਨੂੰ ਹੇਠ ਦਿੱਤਾ ਗਿਆ ਹੈ:

• **ਪ੍ਰਯੋਗ** : ਵਿਦਿਆਰਥੀ ਵਿਅਕਤੀਗਤ ਰੂਪ ਨਾਲ ਪ੍ਰਯੋਗ ਕਰਦੇ ਹਨ ਅਤੇ ਉਨ੍ਹਾਂ ਦੇ ਨਤੀਜੇ ’ਤੇ ਇੱਕ ਦੂਜੇ ਨਾਲ ਚਰਚਾ ਕਰਦੇ ਹਨ।

• **ਪ੍ਰਾਜੈਕਟ ਕਾਰਜ**: ਵਿਦਿਆਰਥੀ ਪ੍ਰਾਜੈਕਟ ਲਈ ਇੱਕ ਵਿਸ਼ਾ ਚੁਣਦਾ ਹੈ, ਪ੍ਰਾਜੈਕਟ ਕਾਰਜ ਪੂਰਾ ਕਰਦਾ ਹੈ ਅਤੇ ਪ੍ਰਾਪਤ ਨਤੀਜਿਆਂ ਨੂੰ ਕਲਾਸ ਵਿੱਚ ਪੇਸ਼ ਕਰਦਾ ਹੈ।

• **ਖੇਤਰੀ ਦੌਰੇ**: ਇਹ ਵਿਦਿਆਰਥੀਆਂ ਨੂੰ ਕਲਾਸ ਵਿੱਚ ਪੇਸ਼ ਧਾਰਨਾਵਾਂ ਅਤੇ ਵਿਚਾਰਾਂ ਨੂੰ ਅਸਲ ਦੁਨੀਆ ਨਾਲ ਜੋੜਨ ਦਾ ਅਵਸਰ ਪ੍ਰਦਾਨ ਕਰਦਾ ਹੈ। ਖੇਤਰੀ ਦੌਰੇ ਤੋਂ ਬਾਅਦ ਇਸ ’ਤੇ ਕਲਾਸ ਵਿੱਚ ਚਰਚਾ ਜ਼ਰੂਰੀ ਹੈ।

• **ਦ੍ਰਿਸ਼**: ਇਹ ਦ੍ਰਿਸ਼ ਸੰਦਰਭ ਨੂੰ ਪੇਸ਼ ਕਰਦੇ ਹਨ ਅਤੇ ਇਹ ਸਿਖਲਾਈ ਅਨੁਭਵਾਂ ਵਿੱਚ ਨਵੀਂ ਸਮਝ ਪੈਦਾ ਕਰਦੇ ਹਨ।

• **ਕਲਾਸ ਵਿਚਾਰ ਚਰਚਾ**: ਇਹ ਤਕਨੀਕ ਉੱਪਰ ਵਰਣਨ ਸਾਰੀਆਂ ਵਿਧੀਆਂ ਵਿੱਚ ਵਰਤੀ ਜਾਂਦੀ ਹੈ। ਇਹ ਸੰਰਚਨਾਵਾਦ ਦੀਆਂ ਮਹੱਤਵਪੂਰਨ ਧਾਰਨਾਵਾਂ ਵਿੱਚੋਂ ਇੱਕ ਹੈ।

ਉੱਪਰ ਲਿਖੀਆਂ ਵਿਸ਼ੇਸ਼ਤਾਵਾਂ ਦੇ ਆਧਾਰ ’ਤੇ ਨਿਮਨ ਪ੍ਰਸ਼ਨਾਂ ਦੇ ਉੱਤਰ ਦਿਓ:

**ਈ .11 ਨਿਮਨ ਵਿੱਚ ਕਿਹੜਾ ਸੰਰਚਨਾਵਾਦੀ ਦ੍ਰਿਸ਼ਟੀਕੋਣ ਨਾਲ ਸਬੰਧਿਤ ਨਹੀਂ ਹੈ ?**

ੳ. ਵਿਦਿਆਰਥੀ ਆਪਣੇ ਅਨੁਭਵਾਂ ਨਾਲ ਅਰਥ ਬਣਾਉਂਦੇ ਹਨ।

ਅ. ਸਿਖਲਾਈ ਦੇ ਨਤੀਜਿਆਂ ਦਾ ਮੁਲਾਂਕਣ ਸਿਖਲਾਈ ਪ੍ਰਕਿਰਿਆ ਤੋਂ ਜ਼ਿਆਦਾ ਮਹੱਤਵਪੂਰਨ ਹੈ।

ੲ. ਬੱਚਿਆਂ ਨੂੰ ਸਿਖਲਾਈ ਲਈ ਨਿਰਦੇਸ਼ ਦੇਣ ਦੀ ਬਜਾਏ ਅਧਿਆਪਕ ਉਸ ਦੀ ਸਹਾਇਤਾ ਕਰਦਾ ਹੈ।

ਆਪਣੇ ਉੱਤਰ ਲਈ ਕਾਰਨ ਦਿਓ।

ਸੰਰਚਨਾਵਾਦੀ ਕਲਾਸ ਵਿੱਚ ਵਿਦਿਆਰਥੀ ਮੂਲ ਰੂਪ ਨਾਲ ਸਮੂਹਾਂ ਵਿੱਚ ਕੰਮ ਕਰਦੇ ਹਨ। ਜਿਸ ਨਾਲ ਸਿਖਲਾਈ ਅੰਤਰਕਿਰਿਆਤਮਕ ਅਤੇ ਗਤੀਸ਼ੀਲ ਹੁੰਦੀ ਹੈ। ਕੋਈ ਵੀ ਇਸ ਨੂੰ ਪਰੰਪਰਾਗਤ ਕਲਾਸ ਅਧਿਆਪਨ ਵਿੱਚ ਨਹੀਂ ਲੱਭ ਸਕਦਾ ਜਿੱਥੇ ਵਿਦਿਆਰਥੀ ਇਕੱਲੇ ਕਾਰਜ ਕਰਦੇ ਹਨ। ਉਸ ਪਰਿਸਥਿਤੀ ਵਿੱਚ ਸਿਖਲਾਈ ਬਾਰ ਬਾਰ ਦੁਹਰਾਉਣ ਦੀ ਪ੍ਰਕਿਰਿਆ ਦੇ ਜ਼ਰੀਏ ਨਾਲ ਸਮਾਪਤ ਹੁੰਦੀ ਹੈ ਅਤੇ ਵਿਦਿਆਰਥੀ ਜ਼ਿਆਦਾਤਰ ਪਾਠ ਪੁਸਤਕ ’ਤੇ ਨਿਰਭਰ ਹੁੰਦੇ ਹਨ, ਪਰ ਸੰਰਚਨਾਵਾਦੀ ਕਲਾਸ ਵਿੱਚ ਵਿਦਿਆਰਥੀ ਪ੍ਰਯੋਗ ਕਰਦੇ ਹਨ ਅਤੇ ਕੁਝ ਪ੍ਰਾਜੈਕਟ ਕਾਰਜ ਕਰਦੇ ਹਨ। ਉਹ ਵਿਅਕਤੀਗਤ ਰੂਪ ਨਾਲ ਕਾਰਜ ਕਰਦੇ ਹਨ, ਪਰ ਨਤੀਜਿਆਂ ਦੀ ਚਰਚਾ ਸਮੂਹ ਵਿੱਚ ਕਰਦੇ ਹਨ। ਉਹ ਪ੍ਰੇਖਣ ਲਈ ਸਕੂਲ ਦੇ ਬਗੀਚੇ ਜਾਂ ਮਿਊਜ਼ੀਅਮ ਆਦਿ ਵਿੱਚ ਕਲਾਸ ਤੋਂ ਬਾਹਰ ਜਾਂਦੇ ਹਨ। ਪ੍ਰੇਖਣ ਨੂੰ ਰਿਕਾਰਡ ਕਰਨ ਤੋਂ ਬਾਅਦ ਉਹ ਕਲਾਸ ਵਿੱਚ ਆਪਣੇ ਆਪਣੇ ਪ੍ਰੇਖਣਾਂ ਨਾਲ ਆਉਂਦੇ ਹਨ ਅਤੇ ਸਮੂਹ ਵਿੱਚ ਉਨ੍ਹਾਂ ਪ੍ਰੇਖਣਾਂ ’ਤੇ ਚਰਚਾ ਕਰਦੇ ਹਨ। ਸਮੂਹ ਚਰਚਾਵਾਂ ਇੱਕ ਮਹੱਤਵਪੂਰਨ ਭੂਮਿਕਾ ਦਾ ਅਦਾ ਕਰਦੀਆਂ ਹਨ। ਗਤੀਵਿਧੀਆਂ ਵਾਦ ਵਿਵਾਦ, ਬੌਧਿਕ ਸਹਿਭਾਗਤਾ ਅਤੇ ਸਿੱਟਾ ਕੱਢਣ ਆਦਿ ’ਤੇ ਆਧਾਰਿਤ ਹੁੰਦੀ ਹੈ।

ਸਿਖਲਾਈ ਕਾਰਜ ਦਾ ਇੱਕ ਹੋਰ ਉਦਾਹਰਨ

**ਭਾਸ਼ਾ: ਅੰਗਰੇਜ਼ੀ ਕਲਾਸ: ਚੌਥੀ**

**ਸਮੱਸਿਆ:** ਪਾਠ ਪੁਸਤਕ ਜਾਂ ਸਹਾਇਕ ਪਾਠ ਸਮੱਗਰੀਆਂ ਤੋਂ ਇੱਕ ਪਹਿਰਾ ਲਓ। ਵਿਦਿਆਰਥੀਆਂ ਨੂੰ ਅਰਥਪੂਰਨ ਵਾਕਾਂ ਨੂੰ ਜੋੜਦੇ ਹੋਏ ਪਹਿਰੇ ਨੂੰ ਵਧਾਉਣ ਲਈ ਕਹੋ।

**ਵਿਧੀ:** ਸਮੱਸਿਆ ਹਰੇਕ ਵਿਦਿਆਰਥੀ ਵੱਲੋਂ ਵਿਅਕਤੀਗਤ ਰੂਪ ਨਾਲ ਹੱਲ ਕੀਤੀ ਜਾਏ। ਫਿਰ ਵਿਦਿਆਰਥੀਆਂ ਵੱਲੋਂ ਪੂਰਾ ਕੀਤਾ ਪਹਿਰਾ ਕਲਾਸ ਵਿੱਚ ਪੂਰਾ ਕੀਤਾ ਜਾਏ। ਵਿਦਿਆਰਥੀਆਂ ਦੇ ਰਚਨਾ ਕੁਸ਼ਲ ਦਾ ਮੁਲਾਂਕਣ ਕੀਤਾ ਜਾਏ।

*Once there was a lion who was the king of the forest. He was a very powerful animal. All the animals were afraid of him. They sent a new animal to him for his daily food. One morning the lion decided to hold a royal court. So he asked the jackal to be his minister. He selected the old leopard as his body guard. In the meeting the lion agreed to behave with all the animals like friend.*

______________________________

______________________________

______________________________

______________________________

(ਇੱਕ ਤੋਂ ਬਾਅਦ ਇੱਕ ਵਿਦਿਆਰਥੀ ਨੂੰ ਕਹਾਣੀ ਵਿੱਚ ਵਾਕਾਂ ਨੂੰ ਜੋੜਦੇ ਹੋਏ ਵਧਾਉਣ ਲਈ ਕਹੋ।)

ਕਹਾਣੀ ਨੂੰ ਪੂਰਾ ਹੋਣ 'ਤੇ ਵਿਦਿਆਰਥੀਆਂ ਨੂੰ ਕਹਾਣੀ ਦੇ ਪੂਰਾ ਹੋਣ ਦੀ ਵਿਧੀ ਦੱਸਣ ਲਈ ਕਹੋ ਅਤੇ ਪਾਤਰਾਂ ਦੇ ਅਨੁਸਾਰ ਇੱਕ ਨਾਟਕ ਤਿਆਰ ਕਰਨ ਲਈ ਵਿਚਾਰ ਚਰਚਾ ਜਾਰੀ ਰੱਖਣ ਨੂੰ ਕਹੋ। ਅਧਿਆਪਕ, ਵਿਦਿਆਰਥੀਆਂ ਦਾ ਸੰਵਾਦ ਕਾਰਡ ਬਣਾਉਣ ਵਿੱਚ ਸਹਾਇਤਾ ਕਰ ਸਕਦਾ। ਅੰਤ ਵਿੱਚ ਕੁਝ ਖੁੱਲ੍ਹੇ ਅੰਤ ਪ੍ਰਸ਼ਨ ਪੁੱਛੋ। ਵਿਦਿਆਰਥੀਆਂ ਦੇ ਪ੍ਰਦਰਸ਼ਨ ਦਾ ਮੁਲਾਂਕਣ ਕਰੋ। ਵਿਦਿਆਰਥੀਆਂ ਵਿੱਚ ਜਿਸ ਦਾ ਪ੍ਰਦਰਸ਼ਨ ਚੰਗਾ ਹੋਵੇ ਉਸ ਦੀ ਪ੍ਰਸ਼ੰਸਾ ਕਰੋ। ਤੁਸੀਂ ਧਿਆਨ ਦਿੱਤਾ ਕਿ ਵਿਦਿਆਰਥੀ ਗਿਆਨ ਦੀ ਸਿਰਜਣਾ ਕਿਹੜੇ ਕਿਹੜੇ ਤਰੀਕਿਆਂ ਨਾਲ ਕਰਦੇ ਹਨ।

**ਸੰਰਚਨਾਵਾਦੀ ਦ੍ਰਿਸ਼ਟੀਕੋਣ ਦੀਆਂ ਵਿਸ਼ੇਸ਼ਤਾਵਾਂ:**

ਜੇਕਰ ਕੋਈ ਸੰਰਚਨਾਵਾਦੀ ਕਲਾਸ ਰੂਮ ਦਾ ਪ੍ਰੇਖਣ ਕਰਦਾ ਹੈ ਤਾਂ ਉਹ ਨਿਮਨਲਿਖਤ ਦੇਖੇਗਾ।

- ਵਿਦਿਆਰਥੀ ਸਰਗਰਮੀ ਨਾਲ ਸਿਖਲਾਈ ਵਿੱਚ ਰੁੱਝੇ ਹਨ।
- ਗਤੀਵਿਧੀਆਂ ਅੰਤਰਕਿਰਿਆ ਅਤੇ ਵਿਦਿਆਰਥੀ ਕੇਂਦਰਿਤ ਹਨ।
- ਅਧਿਆਪਕ ਸਿਖਲਾਈ ਪ੍ਰਕਿਰਿਆ ਨੂੰ ਸੁਵਿਧਾ ਪ੍ਰਦਾਨ ਕਰਦਾ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਇੱਕ ਜ਼ਿੰਮੇਵਾਰ ਮੈਂਬਰ ਵਜੋਂ ਟੀਚਾਗਤ ਗਤੀਵਿਧੀਆਂ ਪੂਰੀਆਂ ਕਰਨ ਲਈ ਉਤਸ਼ਾਹਿਤ ਕਰਦਾ ਹੈ।
- ਵਿਦਿਆਰਥੀਆਂ ਵੱਲੋਂ ਦਿੱਤੀ ਗਈ ਰਾਇ, ਵਿਚਾਰਾਂ ਨੂੰ ਸਵੀਕਾਰ ਅਤੇ ਸਨਮਾਨਿਤ ਕੀਤਾ ਜਾਂਦਾ ਹੈ।
- ਵਿਦਿਆਰਥੀ ਆਪਣੇ ਅਨੁਭਵਾਂ ਤੋਂ ਅਰਥ ਬਣਾਉਂਦੇ ਹਨ।
- ਪ੍ਰਕਿਰਿਆ ਉਤਪਾਦ ਦੀ ਤਰ੍ਹਾਂ ਮਹੱਤਵਪੂਰਨ ਹੈ।
- ਧਿਆਨ ਸਿਖਲਾਈ 'ਤੇ ਕੇਂਦਰਿਤ ਹੈ ਨਾ ਕਿ ਅਧਿਆਪਨ 'ਤੇ।

**ਸੰਰਚਨਾਵਾਦੀ ਮੁਲਾਂਕਣ:** ਪਰੰਪਰਾਗਤ ਕਲਾਸ ਰੂਪ ਵਿੱਚ ਅਧਿਆਪਨ ਤੇ ਸਿਖਲਾਈ ਮੁਕੰਮਲ ਹੋਣ 'ਤੇ ਅਧਿਆਪਕ ਕੁਝ ਪ੍ਰਸ਼ਨਾਂ ਦੇ ਉੱਤਰ ਪੁੱਛਦਾ ਹੈ ਅਤੇ ਉਹ ਹਮੇਸ਼ਾਂ ਸਹੀ ਉੱਤਰ ਦੀ ਉਮੀਦ ਰੱਖਦਾ ਹੈ। ਸੰਰਚਨਾਵਾਦੀ ਸਿਖਲਾਈ ਦੀਆਂ ਪਰਿਸਥਿਤੀਆਂ ਵਿੱਚ ਪ੍ਰਕਿਰਿਆ ਇੱਕ ਉਤਪਾਦ ਦੀ ਤਰ੍ਹਾਂ ਮਹੱਤਵਪੂਰਨ ਹੈ। ਮੁਲਾਂਕਣ ਸਿਰਫ਼ ਟੈਸਟਾਂ 'ਤੇ ਆਧਾਰਿਤ ਨਹੀਂ ਹੈ ਬਲਕਿ ਵਿਦਿਆਰਥੀਆਂ ਦੇ ਕੰਮ ਦਾ ਪ੍ਰੇਖਣ, ਉਹ ਕਿਵੇਂ ਗੱਲਬਾਤ ਕਰਦੇ ਹਨ, ਵਿਸ਼ੇ ਦੇ ਸਿੱਟੇ ਕਿਵੇਂ ਕੱਢਦੇ ਹਨ। ਕੁਝ ਮੁਲਾਂਕਣ ਰਣਨੀਤੀਆਂ ਨਿਮਨਲਿਖਤ ਹਨ:

- **ਜ਼ੁਬਾਨੀ ਵਿਚਾਰ ਚਰਚਾ:** ਅਧਿਆਪਕ ਵਿਸ਼ੇ 'ਤੇ ਖੁੱਲ੍ਹੀ ਚਰਚਾ ਲਈ ਬਲੈਕ ਬੋਰਡ 'ਤੇ ਪ੍ਰਸ਼ਨ ਲਿਖਦਾ ਹੈ। ਜਦੋਂ ਵਿਦਿਆਰਥੀ ਵਿਚਾਰ ਚਰਚਾ ਵਿੱਚ ਹਿੱਸਾ ਲੈਂਦੇ ਹਨ ਤਾਂ ਉਹ ਵਿਅਕਤੀਗਤ ਤੌਰ 'ਤੇ ਵਿਦਿਆਰਥੀ ਦੀ ਕਾਰਗੁਜ਼ਾਰੀ ਦਾ ਪ੍ਰੇਖਣ ਕਰਦਾ ਹੈ।

• **ਮਾਇੰਡ ਮੈਪਿੰਗ**: ਇਸ ਗਤੀਵਿਧੀ ਵਿੱਚ ਵਿਦਿਆਰਥੀਆਂ ਨੂੰ ਵਿਸ਼ਿਆਂ ਨਾਲ ਸਬੰਧਿਤ ਵਰਗਾਂ ਅਤੇ ਸ਼੍ਰੇਣੀਆਂ ਵਿੱਚ ਸੂਚੀਬੱਧ ਕੀਤਾ ਜਾਂਦਾ ਹੈ।

• ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਵਾਤਾਵਰਣ ਨਾਲ ਗੱਲਬਾਤ ਕਰਨ ਜਾਂ ਸਮੱਗਰੀ ਨੂੰ ਬਦਲਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਅਧਿਆਪਕ ਵਿਦਿਆਰਥੀਆਂ ਦੇ ਪ੍ਰਦਰਸ਼ਨ ਨੂੰ ਰਿਕਾਰਡ ਕਰਦਾ ਹੈ ਅਤੇ ਚੈੱਕ ਲਿਸਟ ਜਾਂ ਪ੍ਰੇਖਣ ਕਰਦਾ ਹੈ।

• ਅਧਿਆਪਕਾਂ ਵੱਲੋਂ ਇਹ ਜਾਣਨ ਲਈ ਕਿ ਵਿਦਿਆਰਥੀ ਨਵੀਂ ਸਿਖਲਾਈ ਸਿੱਖਣ ਤੋਂ ਪਹਿਲਾਂ ਸਿੱਖਣ ਦੇ ਸਿਧਾਂਤਾਂ ਦੇ ਸਬੰਧ ਵਿੱਚ ਕਿੱਥੇ ਹਨ, ਲਈ ਪ੍ਰੀ ਟੈਸਟ ਲਿਆ ਜਾਂਦਾ ਹੈ।

**ਮਹੱਤਵ**: ਬੱਚੇ ਜ਼ਿਆਦਾ ਸਿੱਖਦੇ ਹਨ ਅਤੇ ਜ਼ਿਆਦਾ ਸਿੱਖਣ ਦਾ ਆਨੰਦ ਲੈਂਦੇ ਹਨ ਕਿਉਂਕਿ ਉਹ ਸਰਗਰਮ ਰੂਪ ਨਾਲ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਰੁੱਝੇ ਹੁੰਦੇ ਹਨ। ਉਹ ਕਲਾਸਰੂਮ ਵਿੱਚ ਪੈਸਿਵ ਸਰੋਤੇ ਨਹੀਂ ਹਨ। ਉਨ੍ਹਾਂ ਨੂੰ ਭੂਮਿਕਾ ਨਾਲ ਸਿੱਖਣ ਦੀ ਬਜਾਏ ਸੋਚਣ ਅਤੇ ਸਮਝਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਸੰਰਚਨਾਵਾਦੀ ਕਲਾਸ ਰੂਮ ਵਿੱਚ ਹਰੇਕ ਵਿਦਿਆਰਥੀ ਸਿੱਖਣ ਦੀ ਗਤੀਵਿਧੀ ਲਈ ਸਿੱਖਣ ਦ੍ਰਿਸ਼ਟੀਕੋਣ ਦਾ ਹਿੱਸਾ ਬਣਨਾ ਚਾਹੁੰਦਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਹਰੇਕ ਵਿਅਕਤੀ ਸਿੱਖਣ ਪ੍ਰਕਿਰਿਆ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਇਸ ਲਈ ਵਿਦਿਆਰਥੀਆਂ ਜੋ ਸਿੱਖਦੇ ਹਨ, ਉਸ ਦੀ ਉਨ੍ਹਾਂ ਕੋਲ ਮਾਲਕੀ ਹੈ। ਹੁਣ ਤੁਸੀਂ ਸੋਚੋ ਕਿ ਕੀ ਪਰੰਪਰਾਗਤ ਕਲਾਸ ਰੂਮ ਵਿੱਚ ਅਜਿਹੀਆਂ ਚੀਜ਼ਾਂ ਹੁੰਦੀਆਂ ਹਨ।

**ਸੀਮਾਵਾਂ**: ਅਧਿਆਪਕ ਸੰਰਚਨਾਵਾਦੀ ਸਿਧਾਂਤਾਂ ਦੇ ਆਧਾਰ 'ਤੇ ਇੱਕ ਕਲਾਸਰੂਮ ਦੀ ਸੰਰਚਨਾ ਲਈ ਪੂਰੀ ਤਰ੍ਹਾਂ ਸਮਰੱਥ ਨਹੀਂ ਹਨ। ਢੁਕਵੇਂ ਮਾਰਗ ਦਰਸ਼ਕ ਦੀ ਅਣਹੋਂਦ ਕਾਰਨ ਇਹ ਕਾਰਜ ਨਹੀਂ ਕਰੇਗਾ। ਜੇਕਰ ਅਧਿਆਪਕ ਪ੍ਰਵੀਨ ਨਹੀਂ ਹੈ ਤਾਂ ਇਹ ਕੰਮ ਨਹੀਂ ਕਰੇਗਾ ਅਤੇ ਜੇਕਰ ਅਧਿਆਪਕ ਪ੍ਰਵੀਨ ਹੈ, ਪਰ ਵਿਦਿਆਰਥੀ ਹੇਠਲੇ ਪੱਧਰ 'ਤੇ ਹਨ, ਤਾਂ ਸੰਰਚਨਾਵਾਦੀ ਕਲਾਸ ਰੂਮ ਦਾ ਉਦੇਸ਼ ਸਫਲ ਨਹੀਂ ਹੋ ਸਕਦਾ।

### 2.3 ਦ੍ਰਿਸ਼ਟੀਕੋਣਾਂ ਦੀ ਤੁਲਨਾ

ਹੇਠ ਦਿੱਤੀ ਗਈ ਸਾਰਣੀ ਵਿੱਚ ਅਧਿਆਪਨ ਅਤੇ ਸਿਖਲਾਈ ਨਾਲ ਸਬੰਧਿਤ ਤਿੰਨ ਮੁੱਖ ਦ੍ਰਿਸ਼ਟੀਕੋਣਾਂ ਦੀ ਸੰਖੇਪ ਤੁਲਨਾ ਕੀਤੀ ਗਈ ਹੈ:

| ਸੂਚਕ | ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ | ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ | ਸੰਰਚਨਾਵਾਦੀ ਦ੍ਰਿਸ਼ਟੀਕੋਣ |
|---|---|---|---|
| ਉਦੇਸ਼ | ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਵਿਸ਼ਾ ਵਸਤੂ ਨੂੰ ਨਿਰਧਾਰਤ ਸਮੇਂ ਵਿੱਚ ਖਤਮ ਕਰਦਾ ਹੈ। | ਹਰੇਕ ਬੱਚਾ ਖੁਦ ਕਰਕੇ ਸਿੱਖਦਾ ਹੈ। | ਵਿਦਿਆਰਥੀ ਸਸ਼ਕਤੀਕਰਨ ਕੇਂਦਰ ਬਿੰਦੂ ਹੈ। ਸੰਰਚਨਾਵਾਦੀ ਕਲਾਸ ਰੂਮ ਬੱਚੇ ਨੂੰ ਖੁਦ ਗਿਆਨ ਦੀ ਸਿਰਜਣਾ ਕਰਨ ਵਿੱਚ ਸਹਾਇਤਾ ਕਰਦਾ ਹੈ। |
| ਅਧਿਆਪਨ ਅਤੇ ਸਿਖਲਾਈ ਦਾ ਤਰੀਕਾ | ਸਿਖਲਾਈ ਦਾ ਕੇਵਲ ਇੱਕ ਤਰੀਕਾ ਪ੍ਰਚੱਲਿਤ ਹੈ। ਅਧਿਆਪਕ ਸੂਚਨਾ ਪ੍ਰਦਾਨ ਕਰਦਾ ਹੈ ਅਤੇ ਵਿਦਿਆਰਥੀ ਉਸ ਨੂੰ ਰੱਟਦਾ ਹੈ। | ਅਧਿਆਪਕ ਸਿਖਲਾਈ ਪਰਿਸਥਿਤੀਆਂ ਪੇਸ਼ ਕਰਦਾ ਹੈ ਜੋ ਬੱਚੇ ਨੂੰ ਪ੍ਰੇਖਣ, ਪ੍ਰਸ਼ਨ ਪੁੱਛਣ ਅਤੇ ਖੋਜ ਦੇ ਜ਼ਰੀਏ ਸਿੱਖਣ ਦਾ ਅਵਸਰ ਪ੍ਰਦਾਨ ਕਰਦਾ ਹੈ। | ਸਿਖਲਾਈ ਕਾਰਜ ਬੱਚਿਆਂ ਦੇ ਆਪਣੇ ਤਰੀਕਿਆਂ ਨਾਲ ਪੂਰੇ ਕੀਤੇ ਜਾਂਦੇ ਹਨ। ਸਹਿਯੋਗੀ ਸਿਖਲਾਈ ਨੂੰ ਸਥਾਨ ਦਿੱਤਾ ਜਾਂਦਾ ਹੈ। |
| ਅਭਿਆਸ ਕਾਰਜ | ਮੂਲ ਪਾਠ ਵਿਸ਼ਾ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾਂਦੇ ਹਨ ਅਤੇ ਰੱਟ ਕੇ ਸਿੱਖਿਆ ਜਾਂਦਾ ਹੈ। | ਬੱਚੇ ਵਿਭਿੰਨ ਗਤੀਵਿਧੀਆਂ ਵਿੱਚ ਭਾਗ ਲੈਂਦੇ ਹਨ। | ਕਲਾਸ ਸੰਪੂਰਨ ਅੰਤਰਕਿਰਿਆਤਮਕ ਹੁੰਦੀ ਹੈ। ਵਿਦਿਆਰਥੀ ਅਤੇ ਅਧਿਆਪਕ ਪਰਸਪਰ ਕਿਰਿਆ ਹੁੰਦੀ ਹੈ। |
| ਸੰਚਾਰ ਢੰਗ | ਇੱਕ ਮਾਰਗੀ ਸੰਚਾਲਨ ਹੁੰਦਾ ਹੈ, ਵਿਦਿਆਰਥੀ ਪੈਸਿਵ ਰੂਪ ਨਾਲ ਬੈਠਦੇ ਹਨ ਅਤੇ ਅਧਿਆਪਕ ਨੂੰ ਸੁਣਦੇ ਹਨ। | ਅਧਿਆਪਨ ਅਤੇ ਸਿਖਲਾਈ ਪ੍ਰਕਿਰਿਆ ਦੌਰਾਨ ਬੱਚੇ ਅਧਿਆਪਕ ਅਤੇ ਸਮੂਹ ਨਾਲ ਪਰਸਪਰ ਕਿਰਿਆ ਕਰਦੇ ਹਨ। | ਵਿਦਿਆਰਥੀ ਸਮੂਹ ਵਿੱਚ ਕਾਰਜ ਕਰਦੇ ਹਨ ਅਤੇ ਅਧਿਆਪਕ ਸਹਾਇਕ ਦਾ ਕਾਰਜ ਕਰਦਾ ਹੈ। |
| ਆਦਾਨ ਪ੍ਰਦਾਨ ਪ੍ਰਕਿਰਿਆ | ਵਿਦਿਆਰਥੀਆਂ ਵਿੱਚ ਪਰਸਪਰ ਵਿਚਾਰਾਂ ਦਾ ਕੋਈ ਆਦਾਨ ਪ੍ਰਦਾਨ ਨਹੀਂ ਹੁੰਦਾ ਹੈ। ਵਿਦਿਆਰਥੀ ਅਧਿਆਪਕ ਵੱਲੋਂ ਦਿੱਤੇ ਵਿਚਾਰਾਂ ਨੂੰ ਹੀ ਘੁੰਮਾਉਂਦੇ ਹਨ, ਕਦੇ ਹੀ ਸਮੂਹ ਕਾਰਜ ਕੀਤਾ ਜਾਂਦਾ ਹੈ। | ਵਿਚਾਰ ਚਰਚਾ (ਆਦਾਨ ਪ੍ਰਦਾਨ) ਅਤੇ ਸਹਿਯੋਗ ਵਿਦਿਆਰਥੀ ਵਿਅਕਤੀਗਤ ਤੌਰ ਅਤੇ ਸਮੂਹਿਕ ਰੂਪ ਵਿੱਚ ਕਾਰਜ ਕਰਦੇ ਹਨ। | ਵਿਦਿਆਰਥੀ ਵਿਅਕਤੀਗਤ ਰੂਪ ਨਾਲ ਕਾਰਜ ਕਰਦੇ ਹਨ ਅਤੇ ਉਸ ਨੂੰ ਸਮੂਹ ਵਿੱਚ ਪੇਸ਼ ਕਰਦੇ ਹਨ। |

| | | | |
|---|---|---|---|
| ਕਲਾਸ ਰੂਮ ਵਾਤਾਵਰਣ<br>ਪ੍ਰਸ਼ਨ ਪੁੱਛਣਾ | ਸਲਾਹ ਦੇਣ ਲਈ ਬਹੁਤ ਹੀ ਘੱਟ ਆਜ਼ਾਦੀ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਵਿਦਿਆਰਥੀਆਂ ਦਾ ਦਮਨ ਕੀਤਾ ਜਾਂਦਾ ਹੈ। | ਕਲਾਸ ਰੂਮ ਦਾ ਵਾਤਾਵਰਣ ਲੋਕਤੰਤਰੀ ਹੁੰਦਾ ਹੈ। | ਕਲਾਸ ਰੂਮ ਦਾ ਵਾਤਾਵਰਣ ਲੋਕਤੰਤਰੀ ਹੁੰਦਾ ਹੈ। |
| ਪ੍ਰਸ਼ਨ ਪੁੱਛਣਾ | ਵਿਦਿਆਰਥੀ ਕਦੇ ਪ੍ਰਸ਼ਨ ਨਹੀਂ ਪੁੱਛਦੇ ਹਨ ਕਿਉਂਕਿ ਉਨ੍ਹਾਂ ਨੂੰ ਇਸ ਦੀ ਆਗਿਆ ਨਹੀਂ ਹੁੰਦੀ। | ਵਿਦਿਆਰਥੀ ਪ੍ਰਸ਼ਨ ਪੁੱਛਣ ਲਈ ਆਜ਼ਾਦ ਹਨ। | ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛਣ ਲਈ ਪ੍ਰੋਤਸਾਹਿਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਪ੍ਰਸ਼ਨ ਬਣਾਉਣ ਲਈ ਇੱਕ ਪਹਿਰਾ ਦਿੱਤਾ ਜਾਂਦਾ ਹੈ। |
| ਪ੍ਰਾਜੈਕਟ ਕਾਰਜ | ਵਿਦਿਆਰਥੀ ਪ੍ਰਾਜੈਕਟ ਕਾਰਜਾਂ ਤੋਂ ਜਾਣੂ ਨਹੀਂ ਹੁੰਦੇ ਹਨ। | ਵਿਦਿਆਰਥੀਆਂ ਨੂੰ ਅਧਿਆਪਕਾਂ ਦੀ ਸਹਾਇਤਾ ਨਾਲ ਪੂਰਾ ਕਰਨ ਲਈ ਪ੍ਰਾਜੈਕਟ ਕਾਰਜ ਦਿੱਤੇ ਜਾਂਦੇ ਹਨ। | ਅਧਿਆਪਕ ਵੱਲੋਂ ਦਿੱਤੇ ਗਏ ਪ੍ਰਾਜੈਕਟ ਕਾਰਜ ਨੂੰ ਵਿਦਿਆਰਥੀ ਵਿਅਕਤੀਗਤ ਰੂਪ ਵਿੱਚ ਪੂਰਾ ਕਰਦੇ ਹਨ। |

## 2.4 **ਸਿੱਟਾ**

ਕਲਾਸ ਰੂਮ ਪਰਿਸਥਿਤੀ ਵਿੱਚ ਸੰਪੂਰਨ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਵਿਦਿਆਰਥੀ, ਅਧਿਆਪਕ ਅਤੇ ਵਿਸ਼ਾ ਮਾਮਲਿਆਂ ਨਾਲ ਜੁੜੇ ਕੁੱਲ ਅਧਿਆਪਨ ਅਤੇ ਅਧਿਆਪਨ ਪ੍ਰਕਿਰਿਆਵਾਂ ਵਿੱਚ ਅਧਿਆਪਨ ਅਤੇ ਸਿੱਖਿਆ ਲਈ ਇੱਕ ਦ੍ਰਿਸ਼ਟੀਕੋਣ ਦਾ ਨਿਰਮਾਣ ਕਰਦੇ ਹਨ। ਹਰੇਕ ਦ੍ਰਿਸ਼ਟੀਕੋਣ ਦੀ ਉਪਯੋਗਿਤਾ ਅਤੇ ਸੀਮਾਵਾਂ ਹਨ ਅਤੇ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਸਾਡੀਆਂ ਲੋੜਾਂ ਨੂੰ ਸੰਪੂਰਨ ਕਰਨ ਵਿੱਚ ਦ੍ਰਿਸ਼ਟੀਕੋਣ ਕਿਸ ਪ੍ਰਕਾਰ ਨਾਲ ਸਹਾਇਤਾ ਕਰਦਾ ਹੈ। ਇਸ ਇਕਾਈ ਵਿੱਚ ਅਧਿਆਪਨ ਅਤੇ ਸਿਖਲਾਈ ਨਾਲ ਸਬੰਧਿਤ ਦ੍ਰਿਸ਼ਟੀਕੋਣ ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ, ਵਿਸ਼ਾ ਕੇਂਦਰਿਤ ਦ੍ਰਿਸ਼ਟੀਕੋਣ, ਸਿਖਲਾਰਥੀ ਕੇਂਦਰਿਤ ਦ੍ਰਿਸ਼ਟੀਕੋਣ, ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ, ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ ਅਤੇ ਸਰੰਚਨਾਵਾਦੀ ਦ੍ਰਿਸ਼ਟੀਕੋਣ ਦੀ ਚਰਚਾ ਕੀਤੀ ਗਈ ਹੈ।

• ਪਰੰਪਰਾਗਤ ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਸੰਪੂਰਨ ਰੂਪ ਨਾਲ ਅਧਿਆਪਕ ਦੇ ਅਧਿਕਾਰ ਵਿੱਚ ਹੁੰਦਾ ਹੈ ਜਿਸ ਵਿੱਚ ਪਾਠਕ੍ਰਮ ਦੇ ਨਿਰਮਾਣ, ਕਲਾਸ ਵਿੱਚ ਸੰਚਾਰ ਅਤੇ ਸਿਖਲਾਈ ਨਾਲ ਸਬੰਧਿਤ ਹਰੇਕ ਪਹਿਲੂ ਵਿੱਚ ਅਧਿਆਪਕ ਦੀ ਭੂਮਿਕਾ ਫੈਸਲਾਕੁੰਨ ਹੁੰਦੀ ਹੈ।

• ਨਿਰਧਾਰਤ ਵਿਸ਼ਾ ਵਸਤੂ ਨੂੰ ਸੰਪੂਰਨ ਕਰਨਾ ਜਾਂ ਪਾਠ ਪੁਸਤਕ ਵਿੱਚ ਦਿੱਤੀ ਗਈ ਵਸਤੂ ਦਾ ਸੰਚਾਰ ਕਰਨਾ ਪਾਠਕ੍ਰਮ ਕੇਂਦਰਿਤ ਦ੍ਰਿਸ਼ਟੀਕੋਣ ਵਿੱਚ ਬਹੁਤ ਜ਼ਰੂਰੀ ਹੈ। ਇਹ ਦ੍ਰਿਸ਼ਟੀਕੋਣ ਪਹਿਲਾਂ ਸਿਖਲਾਈ ਵਿੱਚ ਉਤਪਾਦ ਨੂੰ ਨਕਾਰਦੇ ਹੋਏ ਨਿਰਧਾਰਤ ਸਮੇਂ ਵਿੱਚ ਪਾਠਕ੍ਰਮ ਨੂੰ ਰੱਖਣ 'ਤੇ ਜ਼ੋਰ ਦਿੰਦਾ ਹੈ।

• ਸਿਖਲਾਈ ਵਿੱਚ ਬੱਚੇ ਦਾ ਸਰਬਪੱਖੀ ਵਿਕਾਸ ਹੀ ਵਿਦਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਦਾ ਮੁੱਖ ਉਦੇਸ਼ ਹੈ। ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ ਇਸ ਦ੍ਰਿਸ਼ਟੀਕੋਣ ਦਾ ਇੱਕ ਉਦਾਹਰਨ ਹੈ ਜੋ ਕਿ ਹੁਣ ਸਕੂਲਾਂ ਵੱਲੋਂ ਬਹੁਤ ਵੱਡੀ ਸੰਖਿਆ ਵਿੱਚ ਅਪਣਾਇਆ ਜਾ ਚੁੱਕਾ ਹੈ।

• ਸਮਰੱਥਾਵਾਂ ਨੂੰ ਪ੍ਰਾਪਤ ਕਰਨਾ ਜਾਂ ਸਿਖਲਾਈ ਉਤਪਾਦਾਂ ਨੂੰ ਵਿਭਿੰਨ ਸਾਧਨਾਂ ਅਤੇ ਵਿਧੀਆਂ ਰਾਹੀਂ ਪ੍ਰਾਪਤ ਕਰਨਾ ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ ਦਾ ਮੁੱਖ ਉਦੇਸ਼ ਹੈ।

• ਸੰਰਚਨਾਵਾਦ ਦ੍ਰਿਸ਼ਟੀਕੋਣ ਇਸ ਸਿਧਾਂਤ 'ਤੇ ਆਧਾਰਿਤ ਹੈ ਕਿ ਸਿਖਲਾਈਕਰਤਾ ਆਪਣੇ ਗਿਆਨ ਦਾ ਸੰਪੂਰਨ ਅਨੁਭਵਾਂ ਦੇ ਆਧਾਰ 'ਤੇ ਅਤੇ ਸਮਾਜਿਕ ਵਾਤਾਵਰਣ ਨਾਲ ਅੰਤਰਕਿਰਿਆ ਕਰਕੇ ਸਿਰਜਣਾ ਕਰਦਾ ਹੈ। ਸਿਖਲਾਈ ਵਿੱਚ ਸਹਾਇਕ ਦੇ ਰੂਪ ਵਿੱਚ ਅਧਿਆਪਕ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ।

• ਸਾਰੇ ਦ੍ਰਿਸ਼ਟੀਕੋਣਾਂ ਵਿੱਚ ਸਬੰਧਿਤ ਵਿਸ਼ੇਸ਼ਤਾਵਾਂ ਅਤੇ ਸੀਮਾਵਾਂ ਹਨ। ਅਧਿਆਪਕ ਨੂੰ ਵਿਦਿਆਰਥੀਆਂ ਦੀ ਲੋੜ ਦੇ ਅਨੁਰੂਪ ਲੋੜ ਦੇ ਆਧਾਰ 'ਤੇ ਚੋਣ ਕਰਨੀ ਹੁੰਦੀ ਹੈ।

## 2.5 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

ਈ.1 ਸਥਿਤੀ 1 ਅਤੇ 2

ਈ. 2 ਸਥਿਤੀ 3

ਈ. 3 ਬੀ

ਈ. 4 ਏ ਅਤੇ ਸੀ

ਈ. 5 ਬੀ ਅਤੇ ਈ

ਈ. 6 1 ਅਤੇ 3

ਈ. 8 ਏ

ਈ. 9 ਏ, ਸੀ, ਡੀ, ਐੱਫ ਅਤੇ ਜੀ ਸਹੀ ਹੈ ਬੀ, ਈ ਗਲਤ ਹਨ।

ਈ. 10 3

ਈ. 11 ਬੀ

## 2.6 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

Ï% Department of Education (2004). *Learning without Burden: Report of the National Advisory*

*Committee appointed by the MHRD, Govt. of India*. New Delhi:

Ï% NCERT (1991). *Minimum levels of learning at primary stage*. New Delhi: NCERT.

Ï% NCERT (2005). *National curriculum framework 2005*. New Delhi: NCERT.

Ï% Schiro, Michael Stephen (2003). *Curriculum theory: Conflicting visions and enduring*

*concerns*. New Delhi: SAGE Publication.

Ï% Sharma.S. (2006). *Constructivist approaches to teaching and learning*. New Delhi: NCERT.

## 2.7 ਇਕਾਈ ਅੰਤ ਅਭਿਆਸ

1. ਵਿਸ਼ਾ ਕੇਂਦਰਿਤ ਦ੍ਰਿਸ਼ਟੀਕੋਣ ਅਤੇ ਸਮਰੱਥਾ ਆਧਾਰਿਤ ਦ੍ਰਿਸ਼ਟੀਕੋਣ ਦੀ ਤੁਲਨਾ ਕਰੋ।

2. ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਅਤੇ ਸੰਰਚਨਾਵਾਦ ਦ੍ਰਿਸ਼ਟੀਕੋਣ ਦੀ ਤੁਲਨਾ ਕਰੋ।

3. ਵਿਦਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਦੇ ਕੀ ਲਾਭ ਹਨ ? ਇਸ ਦੀਆਂ ਸੀਮਾਵਾਂ ਕੀ ਹਨ ?

4. ਸੰਰਚਨਾਵਾਦ ਦ੍ਰਿਸ਼ਟੀਕੋਣ ਮੁਲਾਂਕਣ ਦੇ ਮੁੱਖ ਪ੍ਰਕਾਰ ਕਿਹੜੇ ਕਿਹੜੇ ਹਨ ?

## ਇਕਾਈ 3-ਅਧਿਆਪਨ ਅਤੇ ਸਿਖਲਾਈ ਦੀਆਂ ਵਿਧੀਆਂ

**ਸੰਰਚਨਾ**

3.0 ਜਾਣ ਪਛਾਣ

3.1 ਸਿਖਲਾਈ ਉਦੇਸ਼

3.2 ਅਧਿਆਪਨ ਅਤੇ ਸਿਖਲਾਈ ਦੀਆਂ ਪ੍ਰਭਾਵਸ਼ਾਲੀ ਵਿਧੀਆਂ

3.2.1 ਵਿਧੀਆਂ ਦਾ ਵਰਗੀਕਰਨ

3.3 ਨਿਰਦੇਸ਼ਤਾਮਕ ਵਿਧੀਆਂ

3.3.1 ਵਿਆਖਿਆ ਵਿਧੀ

3.3.2 ਪ੍ਰਦਰਸ਼ਨ ਵਿਧੀਆਂ

3.3.3 ਆਗਾਮੀ ਅਤੇ ਨਿਯਮਤ ਵਿਧੀ

3.4 ਵਿਦਿਆਰਥੀ ਕੇਂਦਰਿਤ ਵਿਧੀਆਂ

3.4.1 ਖੇਡ ਵਿਧੀ

3.4.2 ਪ੍ਰਾਜੈਕਟ ਵਿਧੀ

3.4.3 ਸਮੱਸਿਆ ਸਮਾਧਾਨ ਵਿਧੀ

3.4.4 ਖੋਜ ਵਿਧੀ

3.5 ਸਿੱਟਾ

3.6 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

3.7 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਤਸਕਾਂ

3.8 ਇਕਾਈ ਅੰਤ ਅਭਿਆਸ

## 3.0 ਜਾਣ ਪਛਾਣ

ਪਿਛਲੀ ਇਕਾਈ ਵਿੱਚ ਤੁਸੀਂ ਅਧਿਆਪਨ ਅਤੇ ਸਿਖਲਾਈ ਦੇ ਵਿਭਿੰਨ ਦ੍ਰਿਸ਼ਟੀਕੋਣ ਧਾਰਨਾਵਾਂ ਅਤੇ ਪ੍ਰਕਿਰਿਆਵਾਂ ਦੇ ਬਾਰੇ ਵਿੱਚ ਸਿੱਖ ਚੁੱਕੇ ਹੋ। ਹਾਲਾਂਕਿ ਕਲਾਸ ਸੰਚਾਲਨ ਪ੍ਰਕਿਰਿਆ ਵਿੱਚ ਅਧਿਆਪਨ ਸਿਖਲਾਈ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕਈ ਵਿਧੀਆਂ ਅਤੇ ਤਕਨੀਕਾਂ ਹਨ ਜਿਸ ਨਾਲ ਇੱਕ ਅਧਿਆਪਕ ਹੋਣ ਦੇ ਨਾਤੇ, ਤੁਸੀਂ ਸ਼ਾਇਦ ਜਾਣੂ ਹੋਵੋਗੇ। ਇਸ ਇਕਾਈ ਵਿੱਚ ਕਈ ਪ੍ਰਕਾਰ ਦੀ ਅਧਿਆਪਨ ਸਿਖਲਾਈ ਪ੍ਰਕਿਰਿਆ ਜਿਸ ਦਾ ਉਪਯੋਗ ਕਲਾਸ ਵਿੱਚ ਕੀਤਾ ਜਾਂਦਾ ਹੈ, ਦੇ ਬਾਰੇ ਵਿੱਚ ਉਨ੍ਹਾਂ ਦੇ ਸੰਦਰਭ, ਉਚਿੱਤ ਅਤੇ ਪ੍ਰਸੰਗਿਕ ਕਿਸ ਪ੍ਰਕਾਰ ਬਣਾ ਸਕਦੇ ਹਾਂ, ਨੂੰ ਧਿਆਨ ਵਿੱਚ ਰੱਖ ਕੇ ਚਰਚਾ ਕੀਤੀ ਗਈ ਹੈ।

ਇਸ ਇਕਾਈ ਵਿੱਚ ਚਰਚਾ ਕੀਤੀਆਂ ਗਈਆਂ ਧਾਰਨਾਵਾਂ ਅਤੇ ਵਿਧੀਆਂ ਨੂੰ ਸਮਝਣ ਲਈ ਤੁਹਾਨੂੰ ਲਗਪਗ 14 ਅਧਿਐਨ ਘੰਟਿਆਂ ਦੀ ਲੋੜ ਹੋਏਗੀ।

## 3.1 ਸਿਖਲਾਈ ਉਦੇਸ਼

ਇਸ ਇਕਾਈ ਦਾ ਅਧਿਆਪਨ ਕਰਨ ਤੋਂ ਬਾਅਦ ਤੁਸੀਂ ਇਸ ਯੋਗ ਹੋਵੋਗੇ ਕਿ:

- ਅਧਿਆਪਨ ਸਿਖਲਾਈ ਸਥਿਤੀ ਵਿੱਚ ਵਰਤੀਆਂ ਜਾਣ ਵਾਲੀਆਂ ਪ੍ਰਭਾਵਸ਼ਾਲੀ ਵਿਧੀਆਂ ਦੀਆਂ ਵਿਸ਼ੇਸ਼ਤਾਵਾਂ ਦੀ ਸੂਚੀ ਬਣਾ ਸਕੋਗੇ।

- ਦਿੱਤੀਆਂ ਹੋਈਆਂ ਸਥਿਤੀਆਂ ਵਿੱਚ ਕਲਾਸ ਸੰਚਾਲਨ ਦੀਆਂ ਵਿਧੀਆਂ ਦਾ ਵਰਗੀਕਰਨ ਕਰ ਸਕੋਗੇ।

- ਵਿਦਿਆਰਥੀ ਕੇਂਦਰਿਤ ਵਿਧੀਆਂ ਅਤੇ ਨਿਰਦੇਸ਼ਾਤਮਕ ਵਿਧੀਆਂ ਦੀ ਪ੍ਰਕਿਰਿਆ ਅਤੇ ਚਰਨਾਂ ਦਾ ਵਿਸਥਾਰਤ ਵਰਣਨ ਕਰ ਸਕੋਗੇ।

- ਵਿਸ਼ੇਸ਼ ਅਧਿਆਪਨ ਸਿਖਲਾਈ ਸਥਿਤੀਆਂ ਲਈ ਵਿਭਿੰਨ ਉਚਿਤ ਵਿਧੀਆਂ ਦਾ ਉਪਯੋਗ ਕਰ ਸਕੋਗੇ ਜਾਂ ਅਪਣਾ ਸਕੋਗੇ।

## 3.2 ਅਧਿਆਪਨ ਅਤੇ ਸਿਖਲਾਈ ਦੀਆਂ ਪ੍ਰਭਾਵਸ਼ਾਲੀ ਵਿਧੀਆਂ

ਇੱਕ ਵਿਸ਼ੇਸ਼ ਅਧਿਆਪਨ ਸਿਖਲਾਈ ਸਥਿਤੀ ਦਾ ਵਰਣਨ ਹੇਠ ਦਿੱਤਾ ਗਿਆ ਹੈ। ਇਸ ਨੂੰ ਧਿਆਨ ਨਾਲ ਪੜ੍ਹਕੇ ਇਸ ਤੋਂ ਬਾਅਦ ਦਿੱਤੇ ਗਏ ਪ੍ਰਸ਼ਨਾਂ ਦਾ ਉੱਤਰ ਖੁਦ ਲੱਭਣ ਦੀ ਕੋਸ਼ਿਸ਼ ਕਰੋ।

**ਸਥਿਤੀ** 1: ਸੁਬੀਰ ਇੱਕ ਵਿਗਿਆਨ ਅਧਿਆਪਕ ਹੈ, ਪਿਛਲੇ ਤਿੰਨ ਮਹੀਨਿਆਂ ਤੋਂ ਉਹ ਛੇਵੀਂ ਕਲਾਸ ਵਿੱਚ ਵਿਗਿਆਨ ਵਿਸ਼ੇ ਦਾ ਅਧਿਐਨ ਕਰ ਰਹੇ ਸਨ। ਵਿਭਿੰਨ ਅਵਸਰਾਂ 'ਤੇ ਉਸ ਨੇ ਆਪਣੇ ਪਾਠਾਂ ਨੂੰ ਵਿਦਿਆਰਥੀਆਂ ਲਈ ਦਿਲਚਸਪ ਬਣਾਉਣ ਦਾ ਉੱਤਮ ਉਪਰਾਲਾ ਕੀਤਾ। ਉਹ ਵਿਭਿੰਨ ਪ੍ਰਕਾਰ ਦੀ ਸਮੱਗਰੀ ਕਲਾਸ ਵਿੱਚ ਲੈ ਕੇ ਆਏ, ਕਈ ਪ੍ਰਯੋਗਾਂ ਦਾ ਆਯੋਜਨ ਕੀਤਾ, ਵਿਦਿਆਰਥੀਆਂ ਨੂੰ ਕੁਦਰਤੀ ਘਟਨਾਵਾਂ ਦਾ ਪ੍ਰੇਖਣ ਕਰਨ ਲਈ ਉਤਸ਼ਾਹਿਤ ਕੀਤਾ, ਅਤੇ ਇਸ ਪ੍ਰਕਾਰ ਨਾਲ ਹੋਰ ਗਤੀਵਿਧੀਆਂ ਦਾ ਉਪਯੋਗ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਿਖਾਉਣ ਲਈ ਕੀਤਾ। ਉਹ ਇਸ ਗੱਲ ਨੂੰ ਜਾਣਨ ਲਈ ਬਹੁਤ ਉਤਸੁਕ ਸੀ ਕਿ ਉਹ ਆਪਣੇ ਉਪਰਾਲਿਆਂ ਵਿੱਚ ਕਿੰਨਾ ਸਫਲ ਰਿਹਾ। ਉਨ੍ਹਾਂ ਨੂੰ ਯਕੀਨ ਨਹੀਂ ਸੀ ਕਿ ਉਸ ਵੱਲੋਂ ਅਪਣਾਈਆਂ ਗਈਆਂ ਵਿਧੀਆਂ ਕੀ ਅਸਲ ਵਿੱਚ ਵਿਦਿਆਰਥੀਆਂ ਲਈ ਲਾਭਕਾਰੀ ਹਨ। ਉਨ੍ਹਾਂ ਦੇ ਮਨ ਵਿੱਚ ਕਈ ਪ੍ਰਸ਼ਨ ਉੱਠੇ। ਕੁਝ ਪ੍ਰਸ਼ਨ ਹੇਠ ਦਿੱਤੇ ਗਏ ਹਨ।

- ਕੀ ਉਹ ਯੋਗ ਸੀ

–ਵਿਦਿਆਰਥੀਆਂ ਵਿੱਚ ਵਿਗਿਆਨ ਸਿੱਖਣ ਲਈ ਦਿਲਚਸਪੀ ਪੈਦਾ ਕਰਨ ਵਿੱਚ ?

–ਵਿਦਿਆਰਥੀਆਂ ਦੀਆਂ ਵਿਅਕਤੀਗਤ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ?

–ਵਿਦਿਆਰਥੀਆਂ ਦੀ ਮਾਨਸਿਕ ਯੋਗਤਾ ਦੇ ਅਨੁਰੂਪ ?

–ਵਿਦਿਆਰਥੀਆਂ ਦੇ ਆਤਮਵਿਸ਼ਵਾਸ ਅਤੇ ਆਤਮ ਅਨੁਸ਼ਾਸਨ ਨੂੰ ਵਿਕਸਤ ਕਰਨ ਵਿੱਚ ?

–ਵਿਦਿਆਰਥੀਆਂ ਦੇ ਸਿਰਜਣਾਤਮਕ ਵਿਚਾਰਾਂ ਨੂੰ ਪ੍ਰੇਰਿਤ ਕਰਨ ਵਿੱਚ ?

–ਵਿਦਿਆਰਥੀਆਂ ਨੂੰ ਉਨ੍ਹਾਂ ਦੇ ਗਿਆਨ ਨੂੰ ਵਿਵਸਥਿਤ ਕਰਨ ਵਿੱਚ ਸਹਾਇਤਾ ਕਰਨ ਵਿੱਚ ?

–ਸਿਖਲਾਈ ਪ੍ਰਕਿਰਿਆ ਵਿੱਚ ਭਾਗ ਲੈਣ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਵਿੱਚ ?

ਕੀ ਵਿਦਿਆਰਥੀ ਕੁਝ ਕਰਕੇ ਬਿਹਤਰ ਢੰਗ ਨਾਲ ਸਿੱਖਦੇ ਹਨ ?

ਤੁਸੀਂ ਆਪਣੀ ਕਲਾਸ ਵਿੱਚ ਕਈ ਵਿਧੀਆਂ ਦਾ ਸ਼ਾਇਦ ਉਪਯੋਗ ਕੀਤਾ ਹੈ ? ਹਾਲ ਹੀ ਵਿੱਚ ਤੁਸੀਂ ਕਿਸੇ ਵਿਧੀ ਦਾ ਉਪਯੋਗ ਕੀਤਾ ਹੋਏਗਾ, ਉਸ ਨੂੰ ਧਿਆਨ ਵਿੱਚ ਰੱਖਦੇ ਹੋਏ ਉਪਰੋਕਤ ਪ੍ਰਸ਼ਨਾਂ 'ਤੇ ਵਿਚਾਰ ਕਰੋ ਅਤੇ ਆਪਣੇ ਅਧਿਆਪਨ ਦੀ ਪ੍ਰਭਾਵਸ਼ੀਲਤਾ ਦੇ ਬਾਰੇ ਵਿੱਚ ਫੈਸਲਾ ਕਰੋ। ਇਸ ਨਾਲ ਤੁਹਾਨੂੰ ਅਧਿਆਪਨ ਸਿਖਲਾਈ ਦੀ ਵਿਧੀ ਦੀਆਂ ਵਿਸ਼ੇਸ਼ਤਾਵਾਂ ਦੇ ਬਾਰੇ ਵਿੱਚ ਇੱਕ ਵਿਚਾਰ ਬਣਾਉਣ ਵਿੱਚ ਸਹਾਇਤਾ ਮਿਲੇਗੀ, ਜੋ ਕਿ ਨਿਮਨ ਪ੍ਰਕਾਰ ਨਾਲ ਹੈ।

• ਵਿਦਿਆਰਥੀਆਂ ਵਿੱਚ ਰੁਚੀ ਪੈਦਾ ਕਰਨੀ ਤਾਂ ਕਿ ਉਹ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਸਰਗਰਮ ਰੂਪ ਨਾਲ ਸ਼ਮੂਲੀਅਤ ਕਰਨ ਅਤੇ ਸਿੱਖਣ ਲਈ ਨਿਰੰਤਰ ਉਪਰਾਲੇ ਕਰਨ।

• ਵਿਦਿਆਰਥੀਆਂ ਦੀਆਂ ਲੋੜਾਂ ਅਤੇ ਮਾਨਸਿਕ ਯੋਗਤਾਵਾ ਦੇ ਅਨੁਰੂਪ ਹੋਣਾ।

• ਵਿਦਿਆਰਥੀਆਂ ਦੇ ਅਨੁਭਵ 'ਤੇ ਜ਼ਿਆਦਾ ਜ਼ੋਰ ਦੇਣਾ।

• ਸਹਿਪਾਠੀਆਂ ਨਾਲ ਸਿੱਖਣ ਲਈ ਕਾਰਜ ਖੇਤਰ ਉਪਲੱਬਧ ਕਰਨਾ।

• ਕਰਕੇ ਸਿੱਖਣ ਲਈ ਕਾਰਜ ਖੇਤਰ ਉਪਲੱਬਧ ਕਰਾਉਣਾ।

• ਵਿਦਿਆਰਥੀਆਂ ਨੂੰ ਆਜ਼ਾਦੀ ਨਾਲ ਸੋਚਣ ਲਈ ਅਤੇ ਗਿਆਨ ਦੀ ਸਿਰਜਣਾ ਕਰਨ ਲਈ ਪ੍ਰੋਤਸਾਹਿਤ ਕਰਨਾ।

• ਬੱਚਿਆਂ ਵਿੱਚ ਸਿਰਜਣਾਤਮਕ ਚਿੰਤਨ ਦਾ ਵਿਕਾਸ ਕਰਨਾ।

• ਬੱਚਿਆਂ ਵਿੱਚ ਜੀਵਨ ਕੌਸ਼ਲ ਦਾ ਵਿਕਾਸ ਕਰਨ ਲਈ ਕਾਰਜ ਖੇਤਰ ਉਪਲੱਬਧ ਕਰਾਉਣਾ।

• ਸਾਰੇ ਵਿਸ਼ਾ ਵਸਤੂ ਦੇ ਅਧਿਆਪਨ ਲਈ ਕੇਵਲ ਇੱਕ ਹੀ ਵਿਧੀ ਦਾ ਉਪਯੋਗ ਕਰਨ ਦੀ ਬਜਾਏ ਲਚਕੀਲਾ ਤਰੀਕਾ ਅਪਣਾਉਣਾ ਕੇ ਅਧਿਆਪਨ ਸਿਖਲਾਈ ਦੌਰਾਨ ਵਿਭਿੰਨ ਵਿਧੀਆਂ ਦਾ ਉਪਯੋਗ ਕੀਤਾ ਜਾ ਸਕਦਾ ਹੈ।

• ਸਸਤਾ

3.2.1 **ਵਿਧੀਆਂ ਦਾ ਵਰਗੀਕਰਨ**

ਆਓ ਦੋ ਵਿਭਿੰਨ ਕਲਾਸ ਸਥਿਤੀਆਂ ’ਤੇ ਵਿਚਾਰ ਕਰਦੇ ਹਾਂ-

**ਸਥਿਤੀ** 2: ਰਮੇਸ਼ ਤੀਜੀ ਕਲਾਸ ਦੇ ਵਿਦਿਆਰਥੀਆਂ ਨੂੰ ਵਿਗਿਆਨ ਵਿਸ਼ਾ ਪੜ੍ਹਾ ਰਹੇ ਸਨ। ਵਿਸ਼ਾ ਸੀ ‘ਜਲ ਦਾ ਪ੍ਰਦੂਸ਼ਣ’। ਵਿਦਿਆਰਥੀ ਜਮਾਤ ਵਿੱਚ ਕਤਾਰਾਂ ਵਿੱਚ ਬੈਠੇ ਸਨ। ਰਮੇਸ਼ ਵਿਦਿਆਰਥੀਆਂ ਦੇ ਸਾਹਮਣੇ ਖੜ੍ਹੇ ਹੋ ਕੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਦੇ ਕਾਰਨਾਂ ਦੀ ਵਿਆਖਿਆ ਕਰ ਰਹੇ ਸਨ ਅਤੇ ਨਾਲ ਹੀ ਨਾਲ ਉਹ ਪਾਣੀ ਦੇ ਵਿਭਿੰਨ ਸਰੋਤਾਂ ਵਿੱਚ ਹੋਣ ਵਾਲੇ ਪ੍ਰਦੂਸ਼ਣ ਦੇ ਕਾਰਨਾਂ ਨਾਲ ਸਬੰਧਿਤ ਚਿੱਤਰ ਵੀ ਵਿਦਿਆਰਥੀਆਂ ਨੂੰ ਦਿਖਾ ਰਹੇ ਸਨ। ਉਨ੍ਹਾਂ ਨੇ ਇਹ ਜਾਣਨ ਦੀ ਕੋਸ਼ਿਸ਼ ਕਦੇ ਨਹੀਂ ਕੀਤੀ ਕਿ ਕੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਗੱਲਾਂ ਸਮਝ ਆ ਰਹੀਆਂ ਹਨ ਜਾਂ ਨਹੀਂ। ਉਸ ਨੇ ਵਿਦਿਆਰਥੀਆਂ ਤੋਂ ਕੁਝ ਪ੍ਰਸ਼ਨ ਪੁੱਛੇ, ਕੁਝ ਵਿਦਿਆਰਥੀਆਂ ਪ੍ਰਸ਼ਨਾਂ ਦੇ ਉੱਤਰ ਦੇ ਸਕੇ। ਕਲਾਸ ਦੇ ਅੰਤ ਵਿੱਚ ਉਸ ਨੇ ਵਿਦਿਆਰਥੀਆਂ ਨੂੰ ਪਾਠਕ੍ਰਮ ਵਿੱਚ ਦਿੱਤੇ ਗਏ ਅਭਿਆਸ ਕਾਰਜ ਨੂੰ ਗ੍ਰਹਿ ਕਾਰਜ ਦੇ ਰੂਪ ਵਿੱਚ ਦੇ ਦਿੱਤਾ।

**ਸਥਿਤੀ** 3: ਸਰਿਤਾ ਇਸ ਵਿਸ਼ਾ ਵਸੂਤ ਨੂੰ ਦੂਜੇ ਸੈਕਸ਼ਨ ਵਿੱਚ ਪੜ੍ਹਾ ਰਹੀ ਸੀ, ਪਰ ਅਲੱਗ ਢੰਗ ਨਾਲ। ਉਸ ਨੇ ਵਿਦਿਆਰਥੀਆਂ ਨੂੰ ਅਲੱਗ ਅਲੱਗ ਸਮੂਹ ਵਿੱਚ ਵੰਡ ਕੇ ਉਨ੍ਹਾਂ ਨੂੰ ਗੋਲਾਕਾਰ ਰੂਪ ਵਿੱਚ ਬੈਠਣ ਨੂੰ ਕਿਹਾ। ਉਨ੍ਹਾਂ ਨੇ ਹਰੇਕ ਸਮੂਹ ਨੂੰ ਜਲ ਦੇ ਵਿਭਿੰਨ ਸਰੋਤਾਂ ਵਿੱਚ ਪ੍ਰਦੂਸ਼ਣ ਹੋਣ ਦੇ ਕਾਰਨਾਂ ਨਾਲ ਸਬੰਧਿਤ ਚਿੱਤਰ ਦਿੱਤੇ। ਇਸ ਤੋਂ ਬਾਅਦ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਦਿੱਤੇ ਗਏ ਚਿੱਤਰਾਂ ਦਾ ਧਿਆਨ ਨਾਲ ਪ੍ਰੇਖਣ ਕਰਕੇ ਅਤੇ ਆਪਸ ਵਿੱਚ ਗੱਲ ਕਰਕੇ ਜਲ ਦੇ ਵਿਭਿੰਨ ਸਰੋਤਾਂ ਵਿੱਚ ਪ੍ਰਦੂਸ਼ਣ ਦੇ ਕਾਰਨ ਲਿਖਣ ਲਈ ਨਿਰਦੇਸ਼ ਦਿੱਤਾ। ਸਰਿਤਾ ਇਹ ਦੇਖ ਰਹੀ ਸੀ ਕਿ ਕੀ ਹਰੇਕ ਵਿਦਿਆਰਥੀ ਚਰਚਾ ਵਿੱਚ ਭਾਗ ਲੈ ਰਿਹਾ ਹੈ ਜਾਂ ਨਹੀਂ। ਇਸ ਤੋਂ ਬਾਅਦ ਹਰੇਕ ਸਮੂਹ ਲੀਡਰ ਨੂੰ ਦਿੱਤੇ ਗਏ ਕਾਰਜ ’ਤੇ ਰਿਪੋਰਟ ਪੇਸ਼ ਕਰਨ ਨੂੰ ਕਿਹਾ। ਇੱਕ ਸਮੂਹ ਦੇ ਪ੍ਰਸਤੂਤੀਕਰਨ ਦੇ ਦੌਰਾਨ ਦੂਜੇ ਸਮੂਹ ਉਸ ਨੂੰ ਸੁਣਦੇ ਸਨ ਅਤੇ ਪ੍ਰਸਤੂਤੀਕਰਨ ਤੋਂ ਬਾਅਦ ਉਸ ’ਤੇ ਆਪਣਾ ਵਿਚਾਰ ਪ੍ਰਗਟਾਉਂਦੇ ਸਨ। ਅੰਤ ਵਿੱਚ ਸਰਿਤਾ ਨੇ

ਦੋਨੋਂ ਪ੍ਰਸਥਿਤੀਆਂ ਵਿੱਚ ਅਧਿਆਪਕ ਅਤੇ ਵਿਦਿਆਰਥੀਆਂ ਦੀ ਭੂਮਿਕਾ ਨੂੰ ਲਿਖੋ।


| ਸਥਿਤੀ 2 | | ਸਥਿਤੀ 3 | |
|---|---|---|---|
| ਅਧਿਆਪਕ ਦੀ ਭੂਮਿਕਾ | ਵਿਦਿਆਰਥੀਆਂ ਦੀ ਭੂਮਿਕਾ | ਅਧਿਆਪਕ ਦੀ ਭੂਮਿਕਾ | ਵਿਦਿਆਰਥੀਆਂ ਦੀ ਭੂਮਿਕਾ |
| | | | |
| | | | |

ਹੁਣ ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ ਦਿਓ–

- ਕਿਸ ਸਥਿਤੀ ਵਿੱਚ ਅਧਿਆਪਕ ਦੀ ਸਹਿਭਾਗਤਾ ਜ਼ਿਆਦਾ ਹੈ ?
- ਕਿਸ ਸਥਿਤੀ ਵਿੱਚ ਵਿਦਿਆਰਥੀਆਂ ਦੀ ਸਹਿਭਾਗਤਾ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ ?

ਪਹਿਲੀ ਸਥਿਤੀ ਵਿੱਚ ਵਿਦਿਆਰਥੀਆਂ ਦੀ ਸਹਿਭਾਗਤਾ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ ? ਪਹਿਲੀ ਸਥਿਤੀ ਵਿੱਚ ਅਧਿਆਪਕ ਸਾਰੇ ਕਾਰਜ ਕਰਦਾ ਹੈ ਜਿਵੇਂ ਵਿਸ਼ੇ ਦੀ ਵਿਆਖਿਆ ਕਰਨਾ, ਅਧਿਆਪਨ ਸਿਖਲਾਈ ਸਮੱਗਰੀਆਂ ਦਾ ਉਪਯੋਗ ਕਰਨਾ ਅਰਥਾਤ ਚਿੱਤਰ, ਪ੍ਰਸ਼ਨ ਪੁੱਛਣੇ ਆਦਿ। ਵਿਦਿਆਰਥੀਆਂ ਦੀ ਸਹਿਭਾਗਤਾ ਨੂੰ ਘੱਟ ਮਹੱਤਵ ਦਿੱਤਾ ਗਿਆ। ਦੂਜੀ ਤਰਫ਼, ਦੂਜੀ ਸਥਿਤੀ ਵਿੱਚ ਅਧਿਆਪਕ ਸਿਖਲਾਈ ਸਹਿਯੋਗੀ ਦੇ ਰੂਪ ਵਿੱਚ ਕਾਰਜ ਕਰਦੀ ਹੈ। ਉਹ ਲੋੜ ਪੈਣ 'ਤੇ ਵਿਦਿਆਰਥੀਆਂ ਦੀ ਸਹਾਇਤਾ ਕਰਦੀ ਹੈ। ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਵਿਦਿਆਰਥੀਆਂ ਦੀ ਸਰਗਰਮ ਸਹਿਭਾਗਤਾ ਹੁੰਦੀ ਹੈ।

ਇਸ ਲਈ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਅਧਿਆਪਕ ਅਤੇ ਵਿਦਿਆਰਥੀਆਂ ਦੀ ਭੂਮਿਕਾ ਦੇ ਆਧਾਰ 'ਤੇ ਇਨ੍ਹਾਂ ਦੀਆਂ ਵਿਧੀਆਂ ਨੂੰ ਦੋ ਮੁੱਖ ਸ਼੍ਰੇਣੀਆਂ ਵਿੱਚ ਵਰਗੀਕ੍ਰਿਤ ਕੀਤਾ ਗਿਆ ਹੈ। ਮਤਲਬ ਨਿਰਦੇਸ਼ਾਤਮਕ ਵਿਧੀਆਂ ਅਤੇ ਵਿਦਿਆਰਥੀ ਅਨੁਕੂਲ ਵਿਧੀਆਂ। ਪਹਿਲੀ ਸਥਿਤੀ ਨਿਰਦੇਸ਼ਾਤਮਕ ਵਿਧੀ ਦਾ ਉਦਾਹਰਨ ਹੈ ਜਦੋਂ ਦੂਜੀ ਵਿਧੀ ਵਿਦਿਆਰਥੀ ਅਨੁਕੂਲ ਵਿਧੀ ਹੈ। ਇਨ੍ਹਾਂ ਦੋ ਵਿਧੀਆਂ ਨੂੰ ਨਿਮਨ ਦਿੱਤੇ ਗਏ ਚਿੱਤਰ ਅਨੁਸਾਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।




ਚਿੱਤਰ 3.1 ਕਲਾਸ ਸੰਚਾਲਨ ਦੀਆਂ ਵਿਧੀਆਂ ਦਾ ਵਰਗੀਕਰਨ

### 3.3 ਨਿਰਦੇਸ਼ਾਤਮਕ ਵਿਧੀਆਂ

ਸਾਨੂੰ ਸਾਰਿਆਂ ਨੂੰ ਕਲਾਸ ਵਿੱਚ ਵਿਦਿਆਰਥੀਆਂ ਨੂੰ ਨਿਰਦੇਸ਼ ਦੇਣ ਵਿੱਚ ਜਾਂ ਪੜ੍ਹਾਉਂਦੇ ਸਮੇਂ ਨਿਰਦੇਸ਼ਾਤਮਕ ਵਿਧੀਆਂ ਦੇ ਬਾਰੇ ਵਿੱਚ ਅਨੁਭਵ ਹੈ। ਇਹ ਵਿਧੀਆਂ ਸਾਡੇ ਲਈ ਆਮ ਹਨ। ਕਦੇ ਅਸੀਂ ਤੱਥਾਂ, ਧਾਰਨਾਵਾਂ, ਸਿਧਾਂਤਾਂ ਅਤੇ ਨਿਯਮਾਂ ਦੀ ਵਿਆਖਿਆ ਕਰਦੇ ਹਾਂ ਤਾਂ ਕਦੇ ਚਿੱਤਰਾਂ, ਚਾਰਟਾਂ, ਪ੍ਰਤੀਰੂਪਾਂ ਅਤੇ ਪ੍ਰਯੋਗਾਂ ਦਾ ਪ੍ਰਦਰਸ਼ਨ ਕਰਦੇ ਹਾਂ ਜਾਂ ਕਦੇ ਅਸੀਂ ਵਿਦਿਆਰਥੀਆਂ ਨੂੰ ਨਿਰਦੇਸ਼ ਦਿੰਦੇ ਹਾਂ ਕਿ ਪੁੱਛੇ ਗਏ ਪ੍ਰਸ਼ਨਾਂ ਦਾ ਉੱਤਰ ਮੌਖਿਕ ਜਾਂ ਲਿਖਤ ਵਿੱਚ ਦਿਓ। ਇਨ੍ਹਾਂ ਵਿਧੀਆਂ ਵਿੱਚ ਇੱਕ ਅਧਿਆਪਕ ਦੇ ਰੂਪ ਵਿੱਚ ਅਧਿਆਪਨ ਸਿਖਲਾਈ ਦੇ ਦੌਰਾਨ ਜ਼ਿਆਦਾ ਸਰਗਰਮ ਹੁੰਦੇ ਹਾਂ ਜਦੋਂ ਕਿ ਵਿਦਿਆਰਥੀ ਜ਼ਿਆਦਾ ਪੈਸਿਵ ਹੁੰਦੇ ਹਨ ਅਤੇ ਸੀਮਿਤ ਰੂਪ ਨਾਲ ਹੀ ਸਰਗਰਮ ਰਹਿੰਦੇ ਹਨ ਜਿਵੇਂ ਕਿ ਉਨ੍ਹਾਂ ਨੂੰ ਸਾਡੇ ਵੱਲੋਂ ਨਿਰਦੇਸ਼ਤ ਕੀਤਾ ਜਾਂਦਾ ਹੈ। ਨਿਰਦੇਸ਼ਾਤਮਕ ਵਿਧੀਆਂ ਦੇ ਕੁਝ ਉਦਾਹਰਨ ਨਿਮਨ ਪ੍ਰਕਾਰ ਹਨ–

ਵਿਆਖਿਆ ਵਿਧੀ, ਆਗਮਨਾਤਮਕ ਅਤੇ ਨਿਗਮਨਾਤਮਕ ਵਿਧੀਆਂ, ਗੱਲਬਾਤ ਵਿਧੀ, ਵਿਆਖਿਆ–ਪ੍ਰਦਰਸ਼ਨ ਵਿਧੀ।

#### 3.3.1 ਵਿਆਖਿਆ ਵਿਧੀ

ਹੇਠ ਲਿਖੀ ਸਥਿਤੀ ਨੂੰ ਧਿਆਨ ਨਾਲ ਪੜ੍ਹੋ।

**ਸਥਿਤੀ** 4: ਲੀਲਿਮਾ ਵਿਗਿਆਨ ਦੇ ਇੱਕ ਪਾਠ 'ਸਾਡਾ ਭੋਜਨ' ਨੂੰ ਚੌਥੀ ਜਮਾਤ ਨੂੰ ਪੜ੍ਹਾ ਰਹੀ ਹੈ। ਉਹ ਵਿਭਿੰਨ ਪ੍ਰਕਾਰ ਨਾਲ ਭੋਜਨ ਜਿਸ ਨੂੰ ਅਸੀਂ ਖਾਂਦੇ ਹਾਂ, ਉਨ੍ਹਾਂ ਅਤੇ ਉਨ੍ਹਾਂ ਦੇ ਹਿੱਸਿਆਂ ਦੇ ਬਾਰੇ ਵਿੱਚ ਵਿਆਖਿਆ ਕਰ ਰਹੀ ਹੈ। ਉਹ ਮੁੱਖ ਬਿੰਦੂਆਂ ਜਿਵੇਂ ਪ੍ਰੋਟੀਨ, ਕਾਰਬੋਹਾਈਡਰੇਟ ਅਤੇ ਵਸਾ ਨੂੰ ਬਲੈਕ ਬੋਰਡ 'ਤੇ ਲਿਖ ਰਹੀ ਹੈ। ਵਿਦਿਆਰਥੀ ਧਿਆਨ ਪੂਰਬਕ ਸੁਣ ਰਹੇ ਹਨ ਅਤੇ ਬਲੈਕ ਬੋਰਡ 'ਤੇ ਲਿਖੇ ਹੋਏ ਮੁੱਖ ਬਿੰਦੂ ਨੂੰ ਆਪਣੀ ਕਾਪੀ ਵਿੱਚ ਲਿਖ ਰਹੇ ਹਨ। ਵਿਸ਼ੇ ਦੀ ਵਿਆਖਿਆ ਕਰਨ ਤੋਂ ਬਾਅਦ ਉਹ ਵਿਦਿਆਰਥੀਆਂ ਤੋਂ ਪ੍ਰਸ਼ਨ ਪੁੱਛਣਾ ਸ਼ੁਰੂ ਕਰਦੀ ਹੈ। ਕੁਝ ਵਿਦਿਆਰਥੀਆਂ ਨੇ ਪ੍ਰਸ਼ਨਾਂ ਦਾ ਉੱਤਰ ਦਿੱਤਾ ਜਦੋਂ ਕਿ ਕੁਝ ਵਿਦਿਆਰਥੀ ਚੁੱਪ ਰਹਿੰਦੇ ਹਨ। ਉਹ ਵਿਦਿਆਰਥੀਆਂ ਦੇ ਗਲਤ ਉੱਤਰਾਂ ਨੂੰ ਸੁਧਾਰਦੀ ਹੈ ਅਤੇ ਸਹੀ ਉੱਤਰ ਦੇਣ ਵਾਲੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦੀ ਹੈ।

ਲੀਲਿਮਾ ਕਿਸ ਵਿਧੀ ਦਾ ਪਾਲਣ ਕਰਦੀ ਹੈ ?

ਉਹ ਵਿਆਖਿਆ ਵਿਧੀ ਦਾ ਪਾਲਣ ਕਰ ਰਹੀ ਹੈ।

ਵਿਦਿਆਰਥੀ ਦੇ ਰੂਪ ਵਿੱਚ ਤੁਸੀਂ ਇਸ ਤਰ੍ਹਾਂ ਦਾ ਅਨੁਭਵ ਆਪਣੇ ਸਕੂਲ ਅਤੇ ਕਾਲਜ ਵਿੱਚ ਕੀਤਾ ਹੈ। ਅਧਿਆਪਕ ਦੇ ਰੂਪ ਵਿੱਚ ਤੁਹਾਨੂੰ ਆਪਣੀ ਕਲਾਸ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਸਮੇਂ ਇਸ ਵਿਧੀ ਦਾ ਪ੍ਰਯੋਗ ਕਰਨ ਦਾ ਅਨੁਭਵ ਹੋਏਗਾ। ਆਪਣੇ ਅਨੁਭਵ 'ਤੇ ਚਿੰਤਨ ਕਰੋ ਅਤੇ ਕਲਾਸ ਪਰਿਸਥਿਤੀ ਵਿੱਚ ਵਿਆਖਿਆ ਵਿਧੀ ਵਿੱਚ ਅਧਿਆਪਕ ਅਤੇ ਵਿਦਿਆਰਥੀਆਂ ਦੀਆਂ ਗਤੀਵਿਧੀਆਂ ਦੀ ਸੂਚੀ ਬਣਾਓ।

1. ——————————————————————

2. ——————————————————————

3. ——————————————————————

ਵਿਆਖਿਆ ਵਿਧੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਨੋਟ ਕਰੋ ਜੋ ਨਿਮਨ ਪ੍ਰਕਾਰ ਨਾਲ ਹਨ:

• ਅਧਿਆਪਕ ਸੰਪੂਰਨ ਪੀਰੀਅਡ ਵਿੱਚ ਵਿਸ਼ੇ 'ਤੇ ਵਿਆਖਿਆ ਦਿੰਦੇ ਜਾਂ ਨਿਰਦੇਸ਼ਨ ਦਿੰਦੇ ਹਨ।

• ਅਧਿਆਪਕ ਸੂਚਨਾ, ਧਾਰਨਾਵਾਂ, ਤੱਥਾਂ, ਸਿਧਾਂਤਾਂ, ਨਿਯਮਾਂ ਨੂੰ ਉਪਲੱਬਧ ਕਰਾਉਂਦਾ ਹੈ।

• ਕਦੇ ਕਦੇ ਉਹ ਵਿਆਖਿਆ ਦੇ ਦੌਰਾਨ ਬਲੈਕ ਬੋਰਡ ਦਾ ਉਪਯੋਗ ਕਰਦੇ ਹਨ ਅਤੇ ਵਿਦਿਆਰਥੀਆਂ ਤੋਂ ਪ੍ਰਸ਼ਨ ਪੁੱਛਦੇ ਹਨ।

• ਵਿਦਿਆਰਥੀ ਪੈਸਿਵ ਸਰੋਤੇ ਹੁੰਦੇ ਹਨ। ਵਿਆਖਿਆ ਵਿਧੀ ਦੇ ਦੌਰਾਨ ਉਨ੍ਹਾਂ ਦੀ ਗਤੀਵਿਧੀ ਜ਼ਿਆਦਾ ਤੋਂ ਜ਼ਿਆਦਾ ਨੋਟ ਲਿਖਣ ਤੱਕ ਸੀਮਿਤ ਹੁੰਦੀ ਹੈ ਅਤੇ ਕਦੇ ਕਦੇ ਅਧਿਆਪਕ ਦੇ ਪ੍ਰਸ਼ਨਾਂ ਦਾ ਉੱਤਰ ਦਿੰਦੇ ਹਨ।

• ਇੱਕ ਪੀਰੀਅਡ ਦੇ ਅੰਦਰ ਅਧਿਆਪਕ ਹੋ ਸਕਦਾ ਹੈ ਜ਼ਰੂਰਤ ਤੋਂ ਜ਼ਿਆਦਾ ਸੂਚਨਾ ਵਿਦਿਆਰਥੀਆਂ ਨੂੰ ਉਪਲੱਬਧ ਕਰਾਏ ਜਿਸ ਨਾਲ ਵਿਦਿਆਰਥੀ ਆਤਮਸਾਤ ਨਹੀਂ ਕਰ ਸਕਦਾ ਹੈ। ਇਸ ਤੋਂ ਇਲਾਵਾ ਉਹ ਵਿਧੀ ਵਿਦਿਆਰਥੀਆਂ ਦੀ ਪ੍ਰਗਤੀ ਦੀ ਵਾਸਤਵਿਕ ਰੂਪ ਨਾਲ ਜਾਂਚ ਕਰਦੀ ਹੈ। ਅਧਿਆਪਕ ਆਪਣੀ ਗਤੀ ਨਾਲ ਵਿਸ਼ੇ ਨੂੰ ਪੇਸ਼ ਕਰਦਾ ਹੈ।

ਪਾਠਕ੍ਰਮ ਨੂੰ ਇੱਕ ਹੀ ਵਾਰ ਵਿੱਚ ਪੇਸ਼ ਕੀਤਾ ਜਾਂਦਾ ਹੈ ਅਤੇ ਵਿਦਿਆਰਥੀ ਸੁਣ ਕੇ ਅਤੇ ਯਾਦ ਕਰਦੇ ਸਿੱਖਦੇ ਹਨ।

**ਗਤੀਵਿਧੀ 1**ਵਿਆਖਿਆ ਵਿਧੀ ਦੇ ਲਾਭ ਅਤੇ ਹਾਨੀਆਂ ਲਿਖੋ। ਆਪਣੇ ਸਹਿਪਾਠੀਆਂ ਅਤੇ ਅਧਿਆਪਨ ਕੇਂਦਰ ਦੇ ਟਿਊਟਰ ਨਾਲ ਗੱਲਬਾਤ ਕਰੋ ਅਤੇ ਵਿਚਾਰ ਵੰਡੋ।——————————————————————————————————————————————————————————————————————————————————————————————————————————————————————————————————————

ਇਸ ਵਿਧੀ ਦਾ ਉਪਯੋਗ ਤੱਥਾਤਮਕ ਜਾਣਕਾਰੀ ਪ੍ਰਦਾਨ ਕਰਨ ਵਿੱਚ ਜਿਸ ਨੂੰ ਪ੍ਰਦਰਸ਼ਿਤ ਨਹੀਂ ਕੀਤਾ ਜਾ ਸਕਦਾ ਅਤੇ ਉੱਚੀਆਂ ਕਲਾਸਾਂ ਵਿੱਚ ਕਿਸੇ ਵਿਸ਼ੇਸ਼ ਵਿਸ਼ੇ ਨੂੰ ਸੰਖੇਪ ਕਰਨ ਅਤੇ ਮੁੜ ਨਿਰਮਾਣ ਵਿੱਚ ਇਸ ਵਿਧੀ ਦਾ ਸਫਲਤਾ ਪੂਰਬਕ ਉਪਯੋਗ ਕੀਤਾ ਜਾ ਸਕਦਾ ਹੈ, ਪਰ ਇਹ ਵਿਧੀ ਪ੍ਰਾਇਮਰੀ ਕਲਾਸਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਪ੍ਰਸੰਗਿਕ ਨਹੀਂ ਲੱਗਦੀ ਹੈ।

### 3.3.2 ਪ੍ਰਦਰਸ਼ਨ ਵਿਧੀ

ਵਿਗਿਆਨ ਪ੍ਰਯੋਗਸ਼ਾਲਾ ਵਿੱਚ ਪ੍ਰਯੋਗਿਕ ਕਲਾਸ ਦੀ ਸਥਿਤੀ ਨੂੰ ਯਾਦ ਕਰਦੇ ਹੋਏ ਸ਼ੁਰੂ ਤੋਂ ਅੰਤ ਤੱਕ ਤੁਸੀਂ ਉੱਥੇ ਕੀ ਕੀਤਾ, ਨੂੰ ਲਿਖੋ।

————————————————————————————

————————————————————————————

————————————————————————————

ਇਹ ਸਪੱਸ਼ਟ ਹੈ ਕਿ ਤੁਸੀਂ ਕੁਝ ਉਪਕਰਨਾਂ ਅਤੇ ਸਮੱਗਰੀਆਂ ਦਾ ਉਪਯੋਗ ਕਰਕੇ ਕੁਝ ਪ੍ਰਯੋਗਾਂ ਦਾ ਪ੍ਰਦਰਸ਼ਨ ਕਰਦੇ ਹੋ ਅਤੇ ਨਾਲ ਹੀ ਨਾਲ ਵਿਦਿਆਰਥੀਆਂ ਨਾਲ ਪ੍ਰਯੋਗਾਂ ਸਬੰਧੀ ਗੱਲ ਕਰਦੇ ਹੋ।

ਇੱਕ ਅਧਿਆਪਕ ਦੇ ਰੂਪ ਵਿੱਚ ਤੁਸੀਂ ਜਾਣਦੇ ਹੋ ਕਿ ਪ੍ਰਾਇਮਰੀ ਪੱਧਰ ਦੀ ਵਿਗਿਆਨ ਪਾਠ ਪੁਸਤਕ ਵਿੱਚ ਕਈ ਸਰਲ ਪ੍ਰਯੋਗਾਂ ਨੂੰ ਪ੍ਰਦਰਸ਼ਿਤ ਕੀਤਾ/ਲਿਖਿਆ ਗਿਆ ਹੈ। ਇਨ੍ਹਾਂ ਪ੍ਰਯੋਗਾਂ ਨੂੰ ਕਲਾਸ ਵਿੱਚ ਕੀਤਾ ਜਾ ਸਕਦਾ ਹੈ ਅਤੇ ਨਾਲ ਹੀ ਵਿਆਖਿਆ ਵੀ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਨਾਲ ਅਧਿਆਪਕ ਨੂੰ ਪ੍ਰਦਰਸ਼ਨ ਵਿਧੀ ਜਾਂ ਪ੍ਰਦਰਸ਼ਨ-ਸਹਿ- ਵਿਆਖਿਆ ਵਿਧੀ ਜਾਂ ਕਦੇ ਕਦੇ ਵਿਆਖਿਆ-ਸਹਿ-ਪ੍ਰਦਰਸ਼ਨ ਵਿਧੀ ਕਹਿੰਦੇ ਹਨ।

ਪ੍ਰਦਰਸ਼ਨ ਵਿਧੀ ਅਧਿਆਪਕ ਕੇਂਦਰਿਤ ਵਿਧੀ ਹੈ ਕਿਉਂਕਿ ਅਧਿਆਪਕ ਚਿੱਤਰ/ਚਾਰਟ ਮਾਡਲ/ਪ੍ਰਯੋਗਾਂ ਦਾ ਪ੍ਰਦਰਸ਼ਨ ਕਰਦਾ ਹੈ ਅਤੇ ਇਨ੍ਹਾਂ ਪ੍ਰਦਰਸ਼ਿਤ ਸਮੱਗਰੀਆਂ ਜਾਂ ਪ੍ਰਕਿਰਿਆ ਨਾਲ ਸਬੰਧਿਤ ਧਾਰਨਾਵਾਂ, ਨਿਯਮਾਂ ਦੀ ਵਿਆਖਿਆ ਕਰਦਾ ਹੈ। ਵਿਦਿਆਰਥੀ ਅਧਿਆਪਕ ਵੱਲੋਂ ਦਿਖਾਏ ਗਏ ਪ੍ਰਦਰਸ਼ਨ ਦਾ ਪ੍ਰੇਖਣ ਕਰਦਾ ਹੈ ਅਤੇ ਅਧਿਆਪਕ ਵੱਲੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇਣ ਵਿੱਚ ਅਤੇ ਸਿੱਟਾ ਕੱਢਣ ਵਿੱਚ ਕੁਝ ਵਿਦਿਆਰਥੀ ਭਾਗ ਲੈਂਦੇ ਹਨ।

ਆਓ ਇੱਕ ਹੋਰ ਸਥਿਤੀ ’ਤੇ ਵਿਚਾਰ ਕਰਦੇ ਹਾਂ।

**ਸਥਿਤੀ 5**: ਵਿਗਿਆਨ ਅਧਿਆਪਕਾ ਸ਼ੀਲਾ ਨੂੰ ਪੰਜਵੀਂ ਜਮਾਤ ਵਿੱਚ 'ਜੜਾਂ ਰਾਹੀਂ ਪਾਣੀ ਸੋਖਣ' ਨੂੰ ਪੜ੍ਹਾਉਣਾ ਸੀ। ਇਸ ਲਈ ਸ਼ੀਲਾ ਨੇ ਕੁਝ ਸਰਲ ਪ੍ਰਯੋਗ ਕਰਨੇ ਚਾਹੇ, ਉਸਨੇ ਸਿਖਣ ਸਮੱਗਰੀਆਂ ਨੂੰ ਇਕੱਠਾ ਕੀਤਾ ਜਿਵੇਂ ਫੁੱਲ ਦੀ ਟਾਹਣੀ, ਕੱਚ ਦਾ ਬੀਕਰ, ਬੀਕਰ ਵਿੱਚ ਪਾਣੀ ਅਤੇ ਪਾਣੀ ਨੂੰ ਰੰਗੀਨ ਬਣਾਉਣ ਵਾਲੇ ਰੰਗ। ਬੀਕਰ ਵਿੱਚ ਰੱਖੇ ਹੋਏ ਲਾਲ ਰੰਗ ਦੇ ਪਾਣੀ ਵਿੱਚ ਉਨ੍ਹਾਂ ਨੇ ਟਾਹਣੀ ਦੀਆਂ ਜੜਾਂ ਡੋਬ ਕੇ ਵਿਦਿਆਰਥੀਆਂ ਨੂੰ ਦਿਖਾਈਆਂ ਅਤੇ ਨਾਲ ਹੀ ਪ੍ਰਯੋਗ ਦੀ ਪ੍ਰਕਿਰਿਆ ਦੀ ਵਿਆਖਿਆ ਕੀਤੀ। ਪ੍ਰਦਰਸ਼ਨ ਦੌਰਾਨ ਉਨ੍ਹਾਂ ਨੇ ਬਲੈਕਬੋਰਡ 'ਤੇ ਕੁਝ ਮਹੱਤਵਪੂਰਨ ਸ਼ਬਦ ਲਿਖੇ ਅਤੇ ਪ੍ਰਯੋਗ ਦਾ ਚਿੱਤਰ ਬਣਾਇਆ। ਇਸ ਤੋਂ ਬਾਅਦ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੁੱਛਿਆ ਕਿ ਕੁਝ ਦੇਰ ਲਈ ਪੌਦੇ ਦੀ ਜੜ ਨੂੰ ਲਾਲ ਰੰਗ ਦੇ ਪਾਣੀ ਵਿੱਚ ਡੁਬੋਇਆ ਤਾਂ ਉਨ੍ਹਾਂ ਨੇ ਕੀ ਪ੍ਰੇਖਣ ਕੀਤਾ ਅਤੇ ਇਸ ਪ੍ਰਯੋਗ ਤੋਂ ਤੁਸੀਂ ਕਿਸ ਤਰ੍ਹਾਂ ਸਿੱਟਾ ਕੱਢਦੇ ਹੋ।

**ਗਤੀਵਿਧੀ** 2

ਉਪਰੋਕਤ ਉਦਾਹਰਨ ਨਾਲ ਵਿਆਖਿਆ-ਸਹਿ-ਪ੍ਰਦਰਸ਼ਨ ਵਿਧੀ ਦੇ ਪੜਾਵਾਂ ਦੀ ਸੂਚੀ ਬਣਾਓ ਤੁਹਾਡੇ ਵਿਚਾਰ ਵਿੱਚ ਕਲਾਸ ਵਿੱਚ ਚੰਗੇ ਪ੍ਰਦਰਸ਼ਨ ਲਈ ਕੀ ਮਾਪਦੰਡ ਹੋਣੇ ਚਾਹੀਦੇ ਹਨ ?

ਪ੍ਰਦਰਸ਼ਨ ਵਿਧੀ ਦੇ ਵਿਭਿੰਨ ਪੜਾਵ ਇਸ ਪ੍ਰਕਾਰ ਨਾਲ ਹਨ-

ੳ. ਯੋਜਨਾ

ਅ. ਜਾਣ ਪਛਾਣ

ੲ. ਪ੍ਰਦਰਸ਼ਨ

ਸ. ਬਲੈਕ ਬੋਰਡ ਉਪਯੋਗ

ਹ. ਧਾਰਨਾਵਾਂ ਦਾ ਸੰਗ੍ਰਹਿ

ਸਫਲਤਾਪੂਰਬਕ ਪ੍ਰਦਰਸ਼ਨ ਲਈ ਹਰੇਕ ਪੜਾਅ ਵਿੱਚ ਕਈ ਮਾਪਦੰਡਾਂ ਦਾ ਪਾਲਣ ਕੀਤਾ ਜਾਂਦਾ ਹੈ-

• **ਯੋਜਨਾ** :

-ਇਹ ਸੁਨਿਸ਼ਚਿਤ ਕਰੋ ਕਿ ਇਹ ਪਾਠ ਇਸ ਵਿਧੀ ਲਈ ਅਨੁਕੂਲ ਹੈ।

-ਪ੍ਰਦਰਸ਼ਨ ਲਈ ਜ਼ਰੂਰੀ ਉਪਕਰਨਾਂ, ਔਜ਼ਾਰ ਅਤੇ ਸਮੱਗਰੀਆਂ ਨੂੰ ਇਕੱਠਾ ਕਰਨਾ

-ਕਲਾਸ ਵਿੱਚ ਪ੍ਰਦਰਸ਼ਨ ਤੋਂ ਪਹਿਲਾਂ ਪ੍ਰਯੋਗ ਨੂੰ ਕਰਕੇ ਦੇਖਣਾ ਚਾਹੀਦਾ ਹੈ। ਇਸ ਨਾਲ ਵਿਸ਼ਵਾਸ ਨਾਲ ਤੁਸੀਂ ਪ੍ਰਦਰਸ਼ਨ ਕਰ ਸਕਦੇ ਹੋ।

- ਪ੍ਰਦਰਸ਼ਨ ਦੌਰਾਨ ਅਤੇ ਉਸ ਤੋਂ ਬਾਅਦ ਉਪਯੋਗ ਆਉਣ ਵਾਲੇ ਵਿਆਖਿਆਤਮਕ ਨੋਟ ਅਤੇ ਪ੍ਰਸ਼ਨ ਤਿਆਰ ਕਰ ਲੈਣੇ ਚਾਹੀਦੇ ਹਨ।

• **ਜਾਣ ਪਛਾਣ**:

–ਵਿਦਿਆਰਥੀਆਂ ਨੂੰ ਪ੍ਰਯੋਗ ਨੂੰ ਧਿਆਨਪੂਰਬਕ ਪ੍ਰੇਖਣ ਕਰਨ ਲਈ ਰੁਚੀ ਉਤਪੰਨ ਕਰਨ ਲਈ ਅਤੇ ਪ੍ਰਦਰਸ਼ਨ ਤੋਂ ਬਾਅਦ ਨਵੀਆਂ ਧਾਰਨਾਵਾਂ ਨੂੰ ਸਵੀਕਾਰ ਕਰਨ ਲਈ ਪ੍ਰੇਰਿਤ ਕਰੋ।

–ਪਾਠ ਦੀ ਇੱਕ ਸਮੱਸਿਆ ਜਾਂ ਮੁੱਦੇ ਦੇ ਰੂਪ ਵਿੱਚ ਜਾਣ ਪਛਾਣ ਕਰਾਓ ਤਾਂ ਕਿ ਵਿਦਿਆਰਥੀ ਪਾਠ ਦੇ ਮਹੱਤਵ ਨੂੰ ਸਮਝ ਸਕਣ।

• **ਪ੍ਰਦਰਸ਼ਨ:**

–ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ ਦੀ ਜਗਿਆਸਾ ਨੂੰ ਬਣਾਏ ਰੱਖੋ।

–ਇਹ ਸੁਨਿਸ਼ਚਿਤ ਕਰੋ ਕਿ ਵਿਦਿਆਰਥੀ ਪ੍ਰਦਰਸ਼ਨ ਦਾ ਪਾਲਣ ਕਰਨ ਦੇ ਯੋਗ ਹਨ।

–ਵਿਦਿਆਰਥੀਆਂ ਦੇ ਜੀਵਨ ਅਨੁਭਵ ਨਾਲ ਪ੍ਰਦਰਸ਼ਨ ਨੂੰ ਜੋੜੋ।

–ਉਪਕਰਨਾਂ ਨੂੰ ਠੀਕ ਪ੍ਰਕਾਰ ਨਾਲ ਉਪਯੋਗ ਵਿੱਚ ਲਿਆਓ ਅਤੇ ਪ੍ਰਦਰਸ਼ਨ ਲਈ ਵਿਵਸਥਿਤ ਰੂਪ ਨਾਲ ਉਨ੍ਹਾਂ ਦੇ ਨਿਸ਼ਚਿਤ ਸਥਾਨ ’ਤੇ ਰੱਖੋ।

• **ਬਲੈਕ ਬੋਰਡ ਦੀ ਵਰਤੋਂ:**

–ਵਿਦਿਆਰਥੀਆਂ ਨੂੰ ਪ੍ਰਦਰਸ਼ਨ ਦੇ ਮਹੱਤਵ ਨੂੰ ਸਪੱਸ਼ਟ ਰੂਪ ਨਾਲ ਸਮਝਾਉਣ ਲਈ ਬਲੈਕ ਬੋਰਡ ’ਤੇ ਪ੍ਰਦਰਸ਼ਨ ਦੇ ਉਦੇਸ਼ਾਂ ਨੂੰ ਸਪੱਸ਼ਟ ਲਿਖੋ।

–ਪ੍ਰਸੰਗਿਕ ਚਿੱਤਰ ਬਣਾ ਕੇ ਮੁੱਖ ਧਾਰਨਾਵਾਂ ਨੂੰ ਅਤੇ ਪ੍ਰਦਰਸ਼ਨ ਦੇ ਸਿੱਟੇ ਨੂੰ ਤੁਰੰਤ ਹੀ ਬਲੈਕ ਬੋਰਡ ’ਤੇ ਲਿਖੋ।

–ਵਿਦਿਆਰਥੀਆਂ ਨੂੰ ਮੁੱਖ ਬਿੰਦੂਆਂ ਨੂੰ ਲਿਖਣ, ਬਣਾਉਣ ਅਤੇ ਸਿੱਟੇ ਨੂੰ ਆਪਣੀ ਕਾਪੀ ਵਿੱਚ ਲਿਖਣ ਲਈ ਕਹੋ।

–ਵਿਦਿਆਰਥੀ ਜਦੋਂ ਆਪਣੀਆਂ ਕਾਪੀਆਂ ਵਿੱਚ ਲਿਖ ਰਹੇ ਹੋਣ, ਉਸ ਸਮੇਂ ਉਨ੍ਹਾਂ ਦੀਆਂ ਕਾਪੀਆਂ ਦੀ ਜਾਂਚ ਕਰੋ।

ਉਪਰੋਕਤ ਲਿਖਤ ਬਿੰਦੂਆਂ ਤੋਂ ਇਲਾਵਾ ਤੁਹਾਨੂੰ ਨਿਮਨਲਿਖਤ ਪਹਿਲੂਆਂ ’ਤੇ ਧਿਆਨ ਦੇਣ ਦੀ ਲੋੜ ਹੈ:

• ਵਿਦਿਆਰਥੀਆਂ ਨੂੰ ਪ੍ਰਦਰਸ਼ਨ ਦੇ ਉਦੇਸ਼ ਨੂੰ ਦੱਸੋ, ਪਰ ਪ੍ਰਦਰਸ਼ਨ ਦੇ ਸਿੱਟੇ ਜਾਂ ਅਨੁਮਾਨ ਦੇ ਬਾਰੇ ਵਿੱਚ ਪਹਿਲਾਂ ਨਾ ਦੱਸੋ।

• ਪ੍ਰਯੋਗ ਕਰਨ ਲਈ ਜ਼ਰੂਰੀ ਤਿਆਰੀ ਕਰਨ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਲਓ। ਤੁਸੀਂ ਅਤੇ ਵਿਦਿਆਰਥੀ ਸਰਗਰਮ ਰੂਪ ਨਾਲ ਪ੍ਰਯੋਗਿਕ ਕਾਰਜ ਵਿੱਚ ਭਾਗ ਲਓਗੇ ਤਾਂ ਇਸ ਨਾਲ ਪ੍ਰਦਰਸ਼ਨ ਦੀ ਗੁਣਵੱਤਾ ਬਿਹਤਰ ਹੁੰਦੀ ਹੈ।

• ਉਪਕਰਨਾਂ ਨੂੰ ਸਾਵਧਾਨੀਪੂਰਬਕ ਉਪਯੋਗ ਕਰਨ ਦਾ ਅਭਿਆਸ ਕਰ ਲਓ ਅਤੇ ਇੱਕ ਨਿਸ਼ਚਿਤ ਕ੍ਰਮ ਵਿੱਚ ਉਪਕਰਨਾਂ ਨੂੰ ਰੱਖੋ ਤਾਂ ਕਿ ਵਿਦਿਆਰਥੀ ਉਸ ਨੂੰ ਸਪੱਸ਼ਟ ਰੂਪ ਨਾਲ ਦੇਣ ਸਕਣ।

• ਜਾਂਚ ਕਰੋ ਕਿ ਪ੍ਰਦਰਸ਼ਨ ਸਾਰੇ ਵਿਦਿਆਰਥੀਆਂ ਨੂੰ ਸਪੱਸ਼ਟ ਰੂਪ ਨਾਲ ਦਿਖਾਈ ਦੇ ਰਿਹਾ ਹੈ।

• ਸੁਨਿਸ਼ਚਿਤ ਕਰੋ ਕਿ ਪ੍ਰਦਰਸ਼ਨ ਸਰਲ ਅਤੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ 'ਤੇ ਅਨੁਰੂਪ ਹੋਵੇ।

• ਪ੍ਰਦਰਸ਼ਨ ਨੂੰ ਵਾਸਤਵਿਕ ਅਤੇ ਦਿਲਚਸਪ ਬਣਾਉਣ ਲਈ ਹੋਰ ਅਧਿਆਪਨ ਸਮੱਗਰੀ ਦਾ ਉਪਯੋਗ ਕਰੋ।

• ਵਿਦਿਆਰਥੀਆਂ ਦੀ ਰੁਚੀ ਬਣਾਏ ਰੱਖਣ ਲਈ ਉਨ੍ਹਾਂ ਤੋਂ ਚਿੰਤਨਸ਼ੀਲ ਪ੍ਰਸ਼ਨ ਪੁੱਛੋ।

ਸੋਚੋ ਅਤੇ ਨਿਮਨਲਿਖਤ ਦਾ ਉੱਤਰ ਦਿਓ:

**ਈ.1 ਕਿਨ੍ਹਾਂ ਸਥਿਤੀਆਂ ਵਿੱਚ ਪ੍ਰਦਰਸ਼ਨ ਵਿਧੀ ਢੁਕਵੀਂ ਹੈ?**

**ਪ੍ਰਦਰਸ਼ਨ ਵਿਧੀ ਦੀ ਉਪਯੋਗਿਤਾ:**

ਪ੍ਰਦਰਸ਼ਨ ਵਿਧੀ, ਅਧਿਆਪਨ ਵਿਧੀ ਦੀ ਇੱਕ ਪਸੰਦੀਦਾ ਵਿਧੀ ਹੈ ਕਿਉਂਕਿ ਇਸ ਦੇ ਕਈ ਲਾਭ ਹਨ।

• ਇਹ ਮਹਿੰਗੀ ਨਹੀਂ ਹੈ ਕਿਉਂਕਿ ਅਧਿਆਪਕ ਇਸ ਦਾ ਪ੍ਰਦਰਸ਼ਨ ਕਰਦਾ ਹੈ ਅਤੇ ਇਹ ਸਮਾਂ ਬਚਾਉਂਦੀ ਹੈ।

• ਅਧਿਆਪਕ ਪ੍ਰਦਰਸ਼ਨ ਦੌਰਾਨ ਧਾਰਨਾਵਾਂ ਨੂੰ ਸਮਝਦਾ ਹੈ ਜਿਸ ਨਾਲ ਵਿਦਿਆਰਥੀ ਪਾਠ ਦੀਆਂ ਧਾਰਨਾਵਾਂ ਨੂੰ ਸਪੱਸ਼ਟ ਰੂਪ ਨਾਲ ਸਮਝ ਸਕੇ।

• ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ ਦੇ ਸ਼ੱਕ ਦਾ ਸਮਾਧਾਨ ਅਧਿਆਪਕ ਵੱਲੋਂ ਉਸੀ ਸਮੇਂ ਅਤੇ ਜਗ੍ਹਾ 'ਤੇ ਕੀਤਾ ਜਾਂਦਾ ਹੈ।

• ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ ਨੂੰ ਨਿਮਨਲਿਖਤ ਅਵਸਰ ਪ੍ਰਾਪਤ ਹੁੰਦੇ ਹਨ:

–ਪ੍ਰੇਖਣ

–ਨੋਟ ਬਣਾਉਣ ਵਿੱਚ

–ਪ੍ਰਸ਼ਨ ਕਰਨਾ

–ਚਿੱਤਰ ਬਣਾਉਣ ਵਿੱਚ

–ਪ੍ਰਯੋਗ ਵਿੱਚ ਸਹਿਭਾਗਤਾ

• ਇਹ ਵਿਦਿਆਰਥੀਆਂ ਵਿੱਚ ਧਿਆਨ ਬਣਾ ਕੇ ਰੱਖਣ ਨੂੰ ਪ੍ਰੋਤਸਾਹਨ ਦਿੰਦਾ ਹੈ। ਧਿਆਨ ਭੰਗ ਘੱਟ ਹੁੰਦਾ ਹੈ ਅਤੇ ਉਪਯੋਗੀ ਸਿਖਲਾਈ ਲਈ ਰਸਤਾ ਬਣਾਉਂਦਾ ਹੈ।

• ਇਹ ਸਿਖਲਾਈ ਲਈ ਪ੍ਰੇਰਿਤ ਕਰਦਾ ਹੈ ਅਤੇ ਵਿਦਿਆਰਥੀਆਂ ਦੀ ਰੁਚੀ ਬਣਾਈ ਰੱਖਣ ਦਾ ਉਪਰਾਲਾ ਕਰਦਾ ਹੈ।

**ਗਤੀਵਿਧੀ** 3:

ੳ. ਪ੍ਰਾਇਮਰੀ ਪੱਧਰ 'ਤੇ ਕਿਸੇ ਵੀ ਕਲਾਸ ਦੀ ਵਿਗਿਆਨ ਪਾਠ ਪੁਸਤਕ ਨੂੰ ਪੜ੍ਹਕੇ ਉਨ੍ਹਾਂ ਧਾਰਨਾਵਾਂ ਦੀ ਸੂਚੀ ਬਣਾਓ ਜਿਸ ਨੂੰ ਵਿਆਖਿਆ–ਸਹਿ–ਪ੍ਰਦਰਸ਼ਨ ਵਿਧੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹਾਇਆ ਜਾ ਸਕੇ।

ਅ. ਸੂਚੀ ਵਿੱਚੋਂ ਇੱਕ ਜਾਂ ਕੁਝ ਧਾਰਨਾਵਾਂ ਲੈ ਕੇ ਅਤੇ ਉਨ੍ਹਾਂ ਧਾਰਨਾਵਾਂ ਨੂੰ ਇਸ ਵਿਧੀ ਰਾਹੀਂ ਕਿਸ ਪ੍ਰਕਾਰ ਪੜ੍ਹਾਓਗੇ ? ਵਰਣਨ ਕਰੋ।

### 3.3.3 ਆਗਮਨਾਤਮਕ ਅਤੇ ਨਿਗਮਨਾਤਮਕ ਵਿਧੀ

ਆਪਾਂ ਸਾਰਿਆਂ ਨੇ ਆਪਣੇ ਸਕੂਲ ਵਿੱਚ ਗਣਿਤ ਦੇ ਕੁਝ ਬੁਨਿਆਦੀ ਫਾਰਮੂਲਿਆਂ ਦੇ ਬਾਰੇ ਵਿੱਚ ਸੁਣਿਆ ਹੈ। ਕੀ ਤੁਹਾਨੂੰ ਉਸ ਵਿੱਚੋਂ ਕੁਝ ਫਾਰਮੂਲੇ ਯਾਦ ਹਨ ? ਹੇਠ ਦਿੱਤੇ ਗਏ ਫਾਰਮੂਲਿਆਂ ਨੂੰ ਦੇਖੋ ਅਤੇ ਇਸ ਸੂਚੀ ਵਿੱਚ ਯਾਦ ਕਰਦੇ ਕੁਝ ਹੋਰ ਫਾਰਮੂਲੇ ਜੋੜੋ।

- ਆਯਤ ਦਾ ਘੇਰਾ ਪਤਾ ਕਰਨ ਲਈ ਫਾਰਮੂਲਾ ਹੈ 2 (a+b) ਹੈ ਜਿੱਥੇ a ਅਤੇ b ਕ੍ਰਮਵਾਰः ਆਯਤ ਦੀ ਲੰਬਾਈ ਅਤੇ ਚੌੜਾਈ ਹੈ।
- ਇੱਕ ਤ੍ਰਿਭੁਜ ਦੇ ਕੋਣਾਂ ਦੇ ਮਾਪਾਂ ਦਾ ਜੋੜ ਹਮੇਸ਼ਾ ਦੋ ਸਮਕੋਣਾਂ ਦੇ ਬਰਾਬਰ ਹੁੰਦਾ ਹੈ।
- V=s/t ਜਿੱਥੇ V= ਗਤੀ, s=ਚੱਲੀ ਗਈ ਦੂਰੀ, t= ਚੱਲੀ ਗਈ ਦੂਰੀ ਪੂਰੀ ਕਰਨ ਵਿੱਚ ਲੱਗਿਆ ਸਮਾਂ।

——————————————————————————————————
————————————————————

————————————————————————————

————————————————————————————

ਇੱਕ ਅਧਿਆਪਕ ਦੇ ਰੂਪ ਵਿੱਚ ਤੁਸੀਂ ਜਾਂ ਤੁਹਾਡੇ ਸਹਿਯੋਗੀ ਪ੍ਰਾਇਮਰੀ ਕਲਾਸਾਂ ਵਿੱਚ ਇਨ੍ਹਾਂ ਫਾਰਮੂਲਿਆਂ ਨੂੰ ਪੜ੍ਹਾ ਰਹੇ ਹੋਣਗੇ। ਇਨ੍ਹਾਂ ਫਾਰਮੂਲਿਆਂ ਨੂੰ ਕਿਸ ਤਰ੍ਹਾਂ ਪੜ੍ਹਾਉਂਦੇ ਹਨ ? ਆਪਣੇ ਉਨ੍ਹਾਂ ਸਹਿਯੋਗੀਆਂ ਜੋ ਗਣਿਤ ਪੜ੍ਹਾਉਂਦੇ ਹਨ, ਉਨ੍ਹਾਂ ਤੋਂ ਜਾਣਨ ਦੀ ਕੋਸ਼ਿਸ਼ ਕਰੋ ਕਿ ਉਹ ਇਨ੍ਹਾਂ ਫਾਰਮੂਲਿਆਂ ਨੂੰ ਕਿਸ ਤਰ੍ਹਾਂ ਪੜ੍ਹਾਉਂਦੇ ਹਨ।

ਇਨ੍ਹਾਂ ਫਾਰਮੂਲਿਆਂ/ਨਿਯਮਾਂ ਨੂੰ ਪੜ੍ਹਾਉਣ ਦੀਆਂ ਕੁਝ ਵਿਧੀਆਂ ਹਨ। ਆਓ ਉਨ੍ਹਾਂ ਵਿਧੀਆਂ ਦੀ ਚਰਚਾ ਉਦਾਹਰਨਾਂ ਦੇ ਨਾਲ ਕਰੀਏ-

ਸਥਿਤੀ 6:

ਮਨੋਜ ਛੇਵੀਂ ਜਮਾਤ ਵਿੱਚ ਗਣਿਤ ਪੜ੍ਹਾਉਂਦੇ ਹਨ। ਇੱਕ ਦਿਨ ਉਨ੍ਹਾਂ ਨੇ ਜਿਓਮੈਟਰੀਕਲ ਧਾਰਨਾ "ਜੇਕਰ ਇੱਕ ਤ੍ਰਿਭੁਜ ਦੀਆਂ ਦੋ ਭੁਜਾਵਾਂ ਬਰਾਬਰ ਹਨ ਤਾਂ ਉਨ੍ਹਾਂ ਦੇ ਵਿਪਰੀਤ ਕੋਣ ਵੀ ਬਰਾਬਰ ਹੁੰਦੇ ਹਨ" ਪੜ੍ਹਾਇਆ। ਇਸ ਲਈ ਉਨ੍ਹਾਂ ਨੇ ਹਰੇਕ ਵਿਦਿਆਰਥੀ ਨੂੰ ਤਿੰਨ ਸਮਰੂਪ ਤ੍ਰਿਭੁਜ ABC ਆਪਣੀਆਂ ਕਾਪੀਆਂ 'ਤੇ ਇਸ ਤਰ੍ਹਾਂ ਰੇਖਾਂਕਿਤ ਕਰਨ ਲਈ ਕਿਹਾ ਕਿ AB=AC ਹੋਵੇ। ਪਹਿਲੇ ਤ੍ਰਿਭੁਜ ਲਈ AB=AC=6 ਸੈਂਟੀਮੀਟਰ, ਦੂਜੇ ਤ੍ਰਿਭੁਜ ਲਈ AB= AC=8 ਸੈਂਟੀਮੀਟਰ ਅਤੇ AB=AC=10 ਸੈਂਟੀਮੀਟਰ। ਇਸ ਤੋਂ ਬਾਅਦ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਰੇਕ ਤ੍ਰਿਭੁਜ ਦੇ ਬਰਾਬਰ ਭੁਜਾਵਾਂ ਦੇ ਵਿਪਰੀਤ ਕੋਣਾਂ ਨੂੰ ਮਾਪ ਕੇ ਨਿਮਨ ਸਾਰਣੀ ਵਿੱਚ ਉਨ੍ਹਾਂ ਮਾਪਾਂ ਨੂੰ ਲਿਖਣ ਨੂੰ ਕਿਹਾ।

| ਤ੍ਰਿਭੁਜ ਦਾ ਨਾਂ | ਕੋਣ A | ਕੋਣ C | ਟਿੱਪਣੀ |
|---|---|---|---|
| ਪਹਿਲਾ ਤ੍ਰਿਭੁਜ *ABC* | | | |
| ਦੂਜਾ ਤ੍ਰਿਭੁਜ *A'B'C'* | | | |
| ਤੀਜਾ ਤ੍ਰਿਭੁਜ *A"b"c"* | | | |

ਕੋਣ ਮਾਪਣ 'ਤੇ ਵਿਦਿਆਰਥੀਆਂ ਨੇ ਦੇਖਿਆ ਕਿ ਹਰੇਕ ਤ੍ਰਿਭੁਜ ਦੇ ਬਰਾਬਰ ਭੁਜਾਵਾਂ ਦੇ ਵਿਪਰੀਤ ਕੋਣ ਵੀ ਬਰਾਬਰ ਹੈ। ਇਸ ਨਾਲ ਉਨ੍ਹਾਂ ਨੇ ਇਹ ਸਿੱਟਾ ਕੱਢਿਆ ਕਿ ਇੱਕ ਤ੍ਰਿਭੁਜ ਦੇ ਬਰਾਬਰ ਭੁਜਾਵਾਂ ਦੇ ਵਿਪਰੀਤ ਕੌਣਾਂ ਦੀ ਮਾਪ ਵੀ ਬਰਾਬਰ ਹੁੰਦੀ ਹੈ।

ਮਨੋਜ ਨੇ ਗਣਿਤੀ ਧਾਰਨਾ ਪੜ੍ਹਨ ਲਈ ਜਿਸ ਸਿਖਲਾਈ ਵਿਧੀ ਦਾ ਉਪਯੋਗ ਕੀਤਾ ਉਸ ਨੂੰ ਆਗਮਨਾਤਮਕ ਵਿਧੀ ਜਾਂ ਆਗਮਨ ਵਿਧੀ ਕਹਿੰਦੇ ਹਨ। ਇਸ ਵਿਧੀ ਵਿੱਚ ਇੱਕ ਵਿਸ਼ੇਸ਼ ਘਟਨਾ ਨਾਲ ਬਰਾਬਰ ਸਿੱਟੇ 'ਤੇ ਪਹੁੰਚਦੇ ਹਾਂ। ਇੱਕ ਫਾਰਮੂਲੇ ਜਾਂ ਬਰਾਬਰ ਸਿੱਟੇ 'ਤੇ ਇੱਕ ਠੋਸ ਪ੍ਰਕਿਰਿਆ ਦੇ ਜ਼ਰੀਏ ਨਾਲ ਜਿਸ ਵਿੱਚ ਕਈ ਠੋਸ ਕੇਸਾਂ ਵਿੱਚ ਬਰਾਬਰ ਤੱਤਾਂ ਅਤੇ ਸਮਾਨਤਾ ਦੀਆਂ ਸ਼ਰਤਾਂ ਨੂੰ ਪਛਾਣਕੇ ਪਹੁੰਚਦੇ ਹਾਂ। ਉਪਰੋਕਤ ਉਦਾਹਰਨ ਵਿੱਚ ਸਮਾਨ ਤੱਤ ਇੱਕ ਤ੍ਰਿਭੁਜ ਦੇ ਵਿਪਰੀਤ ਕੋਣਾਂ ਦੀ ਮਾਪ ਹੈ ਅਤੇ ਸਮਾਨ ਸ਼ਰਤ ਹੈ ਕਿ ਤ੍ਰਿਭੁਜ ਇੱਕ ਸਮਰੂਪ ਤ੍ਰਿਭੁਜ ਹੈ ਅਤੇ ਸਬੰਧਿਤ ਕੋਣ ਦੋ ਸਮਾਨ ਭੁਜਾਵਾਂ ਦੇ ਵਿਪਰੀਤ ਕੋਣ ਹੈ।

ਆਓ ਇੱਕ ਹੋਰ ਸਥਿਤੀ 'ਤੇ ਵਿਚਾਰ ਕਰਦੇ ਹਾਂ।

**ਸਥਿਤੀ** 7:

ਜਿਸ ਧਾਰਨਾ ਨੂੰ ਮਨੋਜ ਪੜ੍ਹਾ ਰਹੇ ਸਨ ਉਸੀ ਨੂੰ ਮੀਨਾ ਵੀ ਪੜ੍ਹਾ ਰਹੀ ਸੀ। ਸਭ ਤੋਂ ਪਹਿਲਾਂ ਉਨ੍ਹਾਂ ਨੇ ਗਣਿਤੀ ਸਬੰਧ ਦਾ ਵਰਣਨ ਕੀਤਾ-

"ਜੇਕਰ ਇੱਕ ਤ੍ਰਿਭੁਜ ਦੀਆਂ ਦੋ ਭੁਜਾਵਾਂ ਹਨ ਤਾਂ ਉਨ੍ਹਾਂ ਦੇ ਵਿਪਰੀਤ ਕੋਣ ਵੀ ਬਰਾਬਰ ਹੁੰਦੇ ਹਨ।" ਇਸ ਤੋਂ ਬਾਅਦ ਕੁਝ ਉਦਾਹਰਨਾਂ ਦੇ ਜ਼ਰੀਏ ਨਾਲ ਵਿਪਰੀਤ ਕੋਣਾਂ ਦੀ ਮਾਪ ਅਤੇ ਉਨ੍ਹਾਂ ਦੇ ਸਾਹਮਣੇ ਬਰਾਬਰ ਭੁਜਾਵਾਂ ਦੇ ਵਿਚਕਾਰ ਸਬੰਧਾਂ ਨੂੰ ਸਮਝਾਇਆ। ਜਦੋਂ ਵਿਦਿਆਰਥੀਆਂ ਨੇ ਸਬੰਧ ਦੇ ਬਾਰੇ ਵਿੱਚ ਜਾਣਕਾਰੀ ਪ੍ਰਾਪਤ ਕਰ ਲਈ ਤਾਂ ਉਨ੍ਹਾਂ ਨੇ ਸਮਝਾਏ ਗਏ ਸਬੰਧ ਦੀ ਵਰਤੋਂ ਕਰਕੇ ਨਿਮਨਲਿਖਤ ਪ੍ਰਸ਼ਨਾਂ ਨੂੰ ਹੱਲ ਕਰਨ ਲਈ ਕਿਹਾ।

1. ਜੇਕਰ ਇੱਕ ਤ੍ਰਿਭੁਜ ABC ਵਿੱਚ, AB=AC ਅਤੇ <A= 70ਡਿਗਰੀ ਤਾਂ <B ਅਤੇ <C ਦਾ ਮਾਪ ਪਤਾ ਕਰੋ।
2. ਤ੍ਰਿਭੁਜ PQR ਵਿੱਚ PQ=PR ਅਤੇ LQ= 65 ਡਿਗਰੀ ਤਾਂ <P ਅਤੇ <R ਪਤਾ ਕਰੋ।

ਵਿਦਿਆਰਥੀਆਂ ਨੇ ਫਾਰਮੂਲੇ ਦਾ ਉਪਯੋਗ ਕਰਕੇ ਪ੍ਰਸ਼ਨਾਂ ਨੂੰ ਹੱਲ ਕੀਤਾ।

ਮੀਨਾ ਨੇ ਜਿਸ ਵਿਧੀ ਨਾਲ ਧਾਰਨਾ ਨੂੰ ਸਿਖਾਇਆ ਉਸ ਨੂੰ ਨਿਗਮਨਾਤਮਕ ਵਿਧੀ ਜਾਂ ਨਿਗਮਨ ਦੀ ਵਿਧੀ ਕਹਿੰਦੇ ਹਨ।

ਇਸ ਵਿਧੀ ਵਿੱਚ ਅਧਿਆਪਕਾ ਨੇ ਸਥਾਪਿਤ ਫਾਰਮੂਲੇ, ਨਿਯਮ ਜਾਂ ਸਮਾਨੀਕਰਨ ਦਾ ਉਪਯੋਗ ਕਰਕੇ ਸੱਮਿਸਆ ਸਮਾਧਾਨ ਕੀਤਾ ਹੈ। ਵਿਦਿਆਰਥੀ ਆਮ ਤੋਂ ਵਿਸ਼ੇਸ਼, ਮੂਰਤ ਤੋਂ ਅਮੂਰਤ ਦੀ ਤਰਫ਼ ਵਧਦੇ ਹਨ। ਦੂਜੇ ਸ਼ਬਦਾਂ ਵਿੱਚ ਸਥਾਪਿਤ ਫਾਰਮੂਲੇ ਦੇ ਪ੍ਰਯੋਗ ਰਾਹੀਂ ਤੱਥਾਂ ਦਾ ਨਿਗਮਨ ਜਾਂ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਪ੍ਰਕਾਰ ਵਿਦਿਆਰਥੀਆਂ ਨੇ ਫਾਰਮੂਲੇ ਨੂੰ ਸਥਾਪਿਤ ਤੱਥਾਂ ਦੇ ਰੂਪ ਵਿੱਚ ਸਵੀਕਾਰ ਕੀਤਾ।

**ਗਤੀਵਿਧੀ** 4:

ਪ੍ਰਾਰੰਭਿਕ ਗਣਿਤ ਪਾਠ ਪੁਸਤਕਾਂ ਵਿੱਚੋਂ ਕੋਈ ਇੱਕ ਧਾਰਨਾ ਚੁਣੋ ਅਤੇ ਕਿਸ ਪ੍ਰਕਾਰ ਆਗਮਨਾਤਮਕ ਨਿਗਮਨਾਤਮਕ ਵਿਧੀ ਨਾਲ ਇਸ ਨੂੰ ਪੜ੍ਹਾਇਆ ਜਾ ਸਕਦਾ ਹੈ? ਵਰਣਨ ਕਰੋ।

**ਅੱਗੇ ਵਧਣ ਤੋਂ ਪਹਿਲਾਂ ਨਿਮਨਲਿਖਤ ਦਾ ਉੱਤਰ ਦਿਓ।**

**ਈ.2 ਆਗਮਨਾਤਮਕ ਅਤੇ ਨਿਗਮਨਾਤਮਕ ਅਧਿਆਪਕ ਵਿਧੀ ਦੇ ਵਿਚਕਾਰ ਕੀ ਅੰਤਰ ਹੈ?**

**ਈ. 3 ਆਗਮਨਾਤਮਕ ਅਤੇ ਨਿਗਮਨਾਤਮਕ ਵਿਧੀ ਦੇ ਬਾਰੇ ਵਿੱਚ ਹੇਠ ਕੁਝ ਕਥਨ ਦਿੱਤੇ ਹਨ। ਕਥਨਾਂ ਨੂੰ ਧਿਆਨਪੂਰਬਕ ਪੜ੍ਹ ਕੇ ਆਗਮਨਾਤਮਕ ਵਿਧੀ ਲਈ I ਅਤੇ ਨਿਗਮਨਾਤਮਕ ਵਿਧੀ ਲਈ D ਸਬੰਧਿਤ ਕਥਨ ਦੇ ਸਾਹਮਣੇ ਲਿਖੋ।**

(ੳ) ਇਹ ਫਾਰਮੂਲਾ/ਨਿਯਮ/ਧਾਰਨਾ ਤੋਂ ਸ਼ੁਰੂ ਹੁੰਦਾ ਹੈ ਅਤੇ ਸੱਮਿਸਆ ਦੇ ਹੱਲ 'ਤੇ ਸਮਾਪਤ ਹੁੰਦਾ ਹੈ।

(ਅ) ਇਹ ਉਦਾਹਰਨ ਨਾਲ ਸ਼ੁਰੂ ਹੁੰਦਾ ਹੈ ਅਤੇ ਫਾਰਮੂਲਾ/ਨਿਯਮਾਂ/ਧਾਰਨਾਵਾਂ 'ਤੇ ਸਮਾਪਤ ਹੁੰਦਾ ਹੈ।

(ੲ) ਇਹ ਵਿਸ਼ੇਸ਼ ਸਥਿਤੀ ਅਤੇ ਵਿਚਾਰ ਦਾ ਵਾਸਤਵਿਕ ਪ੍ਰੇਖਣ ਕਰਨ ਲਈ ਉਤਸ਼ਾਹਿਤ ਕਰਦਾ ਹੈ।

(ਸ) ਇਹ ਵਿਧੀ ਪ੍ਰਾਇਮਰੀ ਸਿੱਖਿਆ ਦੀਆਂ ਛੋਟੀਆਂ ਕਲਾਸਾਂ ਲਈ ਢੁਕਵੀਂ ਹੈ।

(ਹ) ਇਹ ਵਿਧੀ ਸਮੱਸਿਆ ਸਮਾਧਾਨ ਵਿੱਚ ਪ੍ਰਯੋਗ ਯੋਗ ਹੈ।

(ਕ) ਇਸ ਵਿੱਚ ਜ਼ਿਆਦਾ ਸਮਾਂ ਖਰਚ ਹੁੰਦਾ ਹੈ।

ਉਪਰੋਕਤ ਚਰਚਾ ਨਾਲ ਅਸੀਂ ਸਿੱਟਾ ਕੱਢ ਸਕਦੇ ਹਾਂ ਕਿ ਆਗਮਨ ਵਿਧੀ ਵਿਦਿਆਰਥੀਆਂ ਨੂੰ ਮੂਰਤ ਤੱਤਾਂ/ਵਸਤੂਆਂ ਜਾਂ ਕਥਨਾਂ ਵਿੱਚ ਸਬੰਧਾਂ ਨੂੰ ਪ੍ਰੇਖਣ ਦੇ ਆਧਾਰ 'ਤੇ ਸਮਾਨੀਕਰਨ ਕਰਨ ਤੋਂ ਬਾਅਦ ਸਿੱਟਾ ਕੱਢਣ ਲਈ ਤਿਆਰ ਕਰਦਾ ਹੈ। ਆਗਮਨ ਦੇ ਜ਼ਰੀਏ ਨਾਲ ਕੱਢਿਆ ਗਿਆ ਸਿੱਟਾ ਸਹੀ ਜਾਂ ਵੈਧ ਹੈ ਇਸ ਨੂੰ ਆਗਮਨ ਨੂੰ ਪੁਨਰ ਉਪਯੋਗ ਕਰਕੇ ਸਥਾਪਿਤ ਨਹੀਂ ਕੀਤਾ ਜਾ ਸਕਦਾ। ਇਸ ਦੀ ਜਾਂਚ ਕੇਵਲ ਨਿਗਮਨ ਵਿਧੀ ਰਾਹੀਂ ਕੀਤੀ ਜਾ ਸਕਦੀ ਹੈ। ਆਗਮਨ ਦੇ ਜ਼ਰੀਏ ਤੁਸੀਂ ਆਪਣੇ ਵਿਦਿਆਰਥੀਆਂ ਦੀ ਸਬੰਧਾਂ ਜਾਂ ਨਵੀਆਂ ਧਾਰਨਾਵਾਂ ਦੀ ਖੋਜ ਕਰਨ ਵਿੱਚ ਸਹਾਇਤਾ ਕਰਦੇ ਹੋ ਅਤੇ ਨਿਗਮਨ ਜ਼ਰੀਏ ਤੁਸੀਂ ਉਨ੍ਹਾਂ ਦੀ ਸਹਾਇਤਾ ਖੋਜੇ ਗਏ ਸਬੰਧਾਂ ਜਾਂ ਧਾਰਨਾਵਾਂ ਦੀ ਨਿਰੰਤਰ ਜਾਂਚ ਕਰਨ ਵਿੱਚ ਕਰਦੇ ਹੋ। ਇਸ ਪ੍ਰਕਾਰ ਪ੍ਰਭਾਵਸ਼ਾਲੀ ਸਿਖਲਾਈ ਲਈ ਦੋਨੋਂ ਵਿਧੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ ਕਿਉਂਕਿ ਇੱਕ ਤੋਂ ਬਿਨਾਂ ਦੂਜਾ ਸੰਪੂਰਨ ਨਹੀਂ ਹੈ।

### 3.4. ਵਿਦਿਆਰਥੀ ਕੇਂਦਰਿਤ ਵਿਧੀਆਂ

ਕੀ ਤੁਸੀਂ ਕਦੇ ਮਨੋਰੰਜਨ ਪੂਰਨ ਸਿਖਲਾਈ ਜਾਂ ਗਤੀਵਿਧੀਆਂ 'ਤੇ ਆਧਾਰਿਤ ਕਿਸੇ ਅਧਿਆਪਕ ਸਿਖਲਾਈ ਵਿੱਚ ਭਾਗ ਲਿਆ ਹੈ ? ਜੇਕਰ ਹਾਂ ਤਾਂ ਕੀ ਤੁਹਾਨੂੰ ਯਾਦ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਵਿੱਚ ਕਿਸ 'ਤੇ ਧਿਆਨ ਜ਼ਿਆਦਾ ਦਿੱਤਾ ਗਿਆ ? ਇਨ੍ਹਾਂ ਸਿਖਲਾਈ ਪ੍ਰੋਗਰਾਮਾਂ ਵਿੱਚ ਬਾਲ ਕੇਂਦਰਿਤ ਅਧਿਆਪਨ ਸਿਖਲਾਈ ਪ੍ਰਕਿਰਿਆ 'ਤੇ ਜ਼ੋਰ ਦਿੱਤਾ ਜਾਂਦਾ ਹੈ ਜੋ ਕਿ ਇੱਕ ਵਿਅਕਤੀ ਵਿੱਚ ਹੁਨਰ ਅਤੇ ਯੋਗਤਾਵਾਂ ਵਿਕਸਤ ਕਰਨ ਲਈ ਟੀਚਾਗਤ ਹੁੰਦਾ ਹੈ ਜਾਂ ਵਿਦਿਆਰਥੀ ਵਿੱਚ ਸਵੈ ਸਿਖਲਾਈ ਅਤੇ ਸਮੱਸਿਆ ਸਮਾਧਾਨ 'ਤੇ ਕੇਂਦਰਿਤ ਹੁੰਦਾ ਹੈ। ਇਨ੍ਹਾਂ ਵਿਧੀਆਂ ਵਿੱਚ ਵਿਦਿਆਰਥੀ ਆਪਣੇ ਦੈਨਿਕ ਜੀਵਨ ਦੀਆਂ ਅਸਲੀ ਸਮੱਸਿਆਵਾਂ ਨੂੰ ਹੱਲ ਕਰਕੇ ਸਿੱਖਦੇ ਹਨ। ਇਸ ਨਾਲ ਅਧਿਆਪਕ ਦੀ ਭੂਮਿਕਾ ਅਜਿਹੀ ਸਥਿਤੀ ਦੀ ਸਿਰਜਣਾ ਕਰਨਾ ਹੈ ਜਿਸ ਵਿੱਚ ਇੱਕ ਸਮੱਸਿਆ ਦਾ ਵਿਕਾਸ ਹੋਵੇ ਅਤੇ ਵਿਦਿਆਰਥੀਆਂ ਦੇ ਮੁੱਦਿਆਂ ਦੀ ਪਛਾਣ ਕਰਨ ਵਿੱਚ ਸਹਾਇਤਾ ਕਰਦਾ ਹੋਵੇ, ਪ੍ਰਯੋਗਿਕ ਸਮਾਧਾਨ ਲੱਭਦੇ ਹੋਣ, ਸਮਾਧਾਨਾਂ ਦਾ ਉਪਯੋਗ ਕਰਨਾ ਅਤੇ ਸਮੱਸਿਆ ਦਾ ਸਭ ਤੋਂ ਉੱਤਮ ਸੰਭਾਵਿਤ ਹੱਲ ਕੱਢਦੇ ਹੋਣ। ਖੇਡ ਵਿਧੀ, ਪ੍ਰਾਜੈਕਟ, ਸਮੱਸਿਆ ਸਮਾਧਾਨ ਅਤੇ ਖੋਜ ਵਿਧੀ ਵਿਦਿਆਰਥੀ ਕੇਂਦਰਿਤ ਵਿਧੀਆਂ ਦੇ ਕੁਝ ਉਦਾਹਰਨ ਹਨ। ਆਓ ਇਨ੍ਹਾਂ ਹਰੇਕ ਵਿਧੀਆਂ ਦੀ ਵਿਸਥਾਰਤ ਚਰਚਾ ਕਰੀਏ।

#### 3.4.1 ਖੇਡ ਵਿਧੀ

ਅਸੀਂ ਸਾਰੇ ਚਾਹੇ ਕਿਸੇ ਵੀ ਉਮਰ ਦੇ ਹੋਈਏ ਖੇਡਣ ਦਾ ਆਨੰਦ ਲੈਂਦੇ ਹਾਂ, ਪਰ ਇੱਕ ਬੱਚੇ ਦਾ ਕਾਰਜ ਜਗਤ ਖੇਡ ਨਾਲ ਭਰਿਆ ਹੁੰਦਾ ਹੈ। ਸਾਰੇ ਬੱਚੇ ਖੇਡਣਾ ਪਸੰਦ ਕਰਦੇ ਹਨ, ਖੇਡ ਬੱਚਿਆਂ ਦਾ ਮੁੱਢਲਾ ਸੁਭਾਅ ਹੈ। ਇਹ ਉਨ੍ਹਾਂ ਦੀਆਂ ਲੋੜਾਂ ਦੀ ਪ੍ਰਕਿਰਤੀ ਦਾ ਪ੍ਰਗਟਾਵਾ ਹੈ। ਇਹ ਇੱਕ ਬੱਚੇ ਦੇ ਸਰੀਰਿਕ, ਬੌਧਿਕ, ਸਮਾਜਿਕ ਅਤੇ ਭਾਵਨਾਤਮਕ ਬੁੱਧੀ ਦਾ ਵਿਕਾਸ ਕਰਦਾ ਹੈ, ਪਰ ਖੇਡ ਅਤੇ ਕਾਰਜ ਦੇ ਵਿਚਕਾਰ ਕੀ ਅੰਤਰ ਹੈ ? ਖੇਡ ਅਤੇ ਕਾਰਜ ਭਿੰਨ ਹਨ, ਇੱਕ ਵਿਅਕਤੀ ਲਈ ਜੋ ਕਾਰਜ ਉਹ ਦੂਜੇ ਵਿਅਕਤੀ ਲਈ ਖੇਡ ਹੋ ਸਕਦਾ ਹੈ। ਮਾਲੀ ਲਈ ਬਗੀਚੇ ਦੀ

ਦੇਖਭਾਲ ਕਰਨ ਦਾ ਕਾਰਜ ਉਸ ਨੇ ਜੀਵਕਾ ਦਾ ਸਰੋਤ ਹੈ, ਜਦੋਂ ਕਿ ਉਹੀ ਕਾਰਜ ਇੱਕ ਨੌਜਵਾਨ ਵਿਦਿਆਰਥੀ ਦਾ ਸ਼ੌਕ ਬਣ ਜਾਂਦਾ ਹੈ ਜਦੋਂ ਉਹ ਆਪਣੀਆਂ ਬੌਧਿਕ ਇੱਛਾਵਾਂ ਦੀ ਸੰਤੁਸ਼ਟੀ ਲਈ ਇਹ ਕਾਰਜ ਕਰਦਾ ਹੈ। ਹੇਠ ਕਾਰਜ ਅਤੇ ਖੇਡ ਦੇ ਵਿਚਕਾਰ ਅੰਤਰ ਸਪੱਸ਼ਟ ਕੀਤਾ ਗਿਆ ਹੈ।

| ਕਾਰਜ | ਖੇਡ |
|---|---|
| ਇਸ ਨੂੰ ਕਠਿਨ ਸਮਝਿਆ ਜਾਂਦਾ ਹੈ। | ਇਹ ਆਨੰਦਾਇਕ ਹੈ। |
| ਇਸ ਨੂੰ ਦੂਜਿਆਂ ’ਤੇ ਥੋਪਿਆ ਜਾਂਦਾ ਹੈ। | ਸਵੈਇੱਛੁਕ ਰੂਪ ਨਾਲ ਸਵੀਕਾਰ ਸਹਿਭਾਗਤਾ ਨਾਲ ਕਰਦੇ ਹਨ। |
| ਸਰੀਰਿਕ ਕਾਰਜ ਥਕਾਵਟ ਪੈਦਾ ਕਰਦਾ ਹੈ। | ਸਰੀਰਿਕ ਕਾਰਜ ਆਨੰਦਾਇਕ ਅਨੁਭਵ ਪ੍ਰਦਾਨ ਕਰਦਾ ਹੈ। |
| ਕਾਰਜ ਵਿੱਚ ਜ਼ਿਆਦਾ ਧਿਆਨ ਕੇਂਦਰਿਤ ਕਰਨ ਨਾਲ ਥਕਾਵਟ ਹੁੰਦੀ ਹੈ। | ਜ਼ਿਆਦਾ ਧਿਆਨ ਮਗਨ ਪਰ ਬਿਨਾਂ ਥਕਾਵਟ ਦੇ। |
| ਇਹ ਨਿਯੰਤਰਿਤ ਹੁੰਦਾ ਹੈ। | ਆਜ਼ਾਦ ਜ਼ਿਆਦਾ ਹੁੰਦਾ ਹੈ। |

ਤੁਹਾਡੇ ਲਈ ਇੱਥੇ ਦੋ ਗਤੀਵਿਧੀਆਂ ਹਨ:

**ਗਤੀਵਿਧੀ –5**ਆਪਣੇ ਬਚਪਨ ਵਿੱਚ ਜੋ ਖੇਡ ਤੁਸੀਂ ਖੇਡਿਆ ਸੀ, ਉਸ ਦਾ ਨਾਂ ਲਿਖੋ ਅਤੇ ਉਸ ਖੇਡ ਦੇ ਨਿਯਮਾਂ ਦੀ ਸੂਚੀ ਬਣਾਓ। ਉਸ ਖੇਡ ਨੂੰ ਖੇਡਣ ਦੀ ਪ੍ਰਕਿਰਿਆ ਨੂੰ ਚਰਨਬੱਧ ਰੂਪ ਨਾਲ ਵਰਣਨ ਕਰੋ। ਉਸ ਖੇਡ ਤੋਂ ਤੁਸੀਂ ਕੀ ਸਿੱਖਿਆ ਵਰਣਨ ਕਰੋ।

**ਗਤੀਵਿਧੀ -6**

ਵਿਭਿੰਨ ਵਿਸ਼ਿਆਂ ਦੀਆਂ ਉਨ੍ਹਾਂ ਧਾਰਨਾਵਾਂ ਦੀ ਸੂਚੀ ਬਣਾਓ ਜਿਸ ਨੂੰ ਬੱਚੇ ਖੇਡ ਵਿਧੀ ਦੇ ਜ਼ਰੀਏ ਸਿੱਖ ਸਕਦੇ ਹਨ। ਇਸ ਦੇ ਬਾਰੇ ਵਿੱਚ ਅਧਿਐਨ ਕੇਂਦਰ ਵਿੱਚ ਆਪਣੇ ਸਹਿਪਾਠੀਆਂ ਨਾਲ ਚਰਚਾ ਕਰੋ ਅਤੇ ਕੁਝ ਹੋਰ ਬਿੰਦੂ ਇਸ ਸੂਚੀ ਵਿੱਚ ਜੋੜੋ

| ਗਣਿਤ ਵਿੱਚ ਧਾਰਨਾ | ਭਾਸ਼ਾ ਵਿੱਚ ਧਾਰਨਾ | ਵਾਤਾਵਰਣ ਅਧਿਐਨ ਵਿੱਚ ਧਾਰਨਾ |
|---|---|---|
| | | |
| | | |
| | | |

ਤੁਸੀਂ ਕਿਸੇ ਵੀ ਜਾਣੂ ਖੇਡ ਦਾ ਵਿਸ਼ਲੇਸ਼ਣ ਕਰੋ ਅਤੇ ਵਿਅਕਤੀਗਤ ਰੂਪ ਨਾਲ ਜਾਂ ਸਮੂਹ ਵਿੱਚ ਹੋਰ ਅਧਿਆਪਕਾਂ ਨਾਲ ਵਿਚਾਰ ਕਰੋ ਕਿ ਖੇਡ ਵਿੱਚ ਪਾਠਕ੍ਰਮ ਦੀਆਂ ਧਾਰਨਾਵਾਂ ਨੂੰ ਇਸ ਪ੍ਰਕਾਰ ਜੋੜੋ ਤਾਂ ਕਿ ਵਿਦਿਆਰਥੀ ਖੇਡ ਦਾ ਆਨੰਦ ਲੈਂਦੇ ਹੋਏ ਧਾਰਨਾਵਾਂ ਨੂੰ ਵੀ ਸਿੱਖ ਸਕਣ। ਇਸ ਪ੍ਰਕਾਰ ਨਾਲ ਅਧਿਆਪਨ ਦੇ ਤਰੀਕੇ ਨੂੰ ਖੇਡ ਵਿਧੀ ਕਹਿੰਦੇ ਹਨ।

ਇੱਕ ਖੇਡ ਵਿੱਚ ਕੀ ਤੱਤ ਹੁੰਦੇ ਹਨ ਜਿਸ ਕਾਰਨ ਬੱਚੇ ਕਈ ਧਾਰਨਾਵਾਂ ਨੂੰ ਆਸਾਨੀ ਨਾਲ ਤੁਹਾਡੀ ਗੈਰ ਮੌਜੂਦਗੀ ਵਿੱਚ ਸਿੱਖਦੇ ਹਨ ? ਵਿਚਾਰ ਕਰਕੇ ਉਨ੍ਹਾਂ ਤੱਤਾਂ ਦੀ ਸੂਚੀ ਬਣਾਓ।


——————————————————————

——————————————————————

——————————————————————

——————————————————————

ਚਿੱਤਰ 3.2 ਵਿੱਚ ਦਿੱਤੇ ਗਏ ਤੱਤਾਂ ਦੇ ਨਾਲ ਤੁਸੀਂ ਆਪਣੀ ਸੂਚੀ ਦੀ ਤੁਲਨਾ ਕਰੋ




ਚਿੱਤਰ 3.2 ਖੇਡ ਦੇ ਤੱਤ

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਖੇਡ ਵਿਧੀ ਦਾ ਨਿਮਨਲਿਖਤ ਲਾਭ ਹੈ:

• ਖੇਡ ਖੇਡਣਾ ਬੱਚਿਆਂ ਦਾ ਕੁਦਰਤੀ ਸੁਭਾਅ ਹੈ। ਉਹ ਨਾ ਕੇਵਲ ਖੇਡਾਂ ਵਿੱਚ ਖੁਦ ਸਫੁਰਤੀ ਨਾਲ ਭਾਗ ਲੈਂਦੇ ਹਨ ਬਲਕਿ ਜੇਕਰ ਉਨ੍ਹਾਂ ਨੂੰ ਆਜ਼ਾਦੀ ਦਿੱਤੀ ਜਾਵੇ ਤਾਂ ਉਹ ਪ੍ਰਭਾਵਸ਼ਾਲੀ ਢੰਗ ਨਾਲ ਖੇਡਾਂ ਦਾ ਆਯੋਜਨ ਕਰ ਸਕਦੇ ਹਨ।

• ਬੱਚੇ ਨਵੀਆਂ ਖੇਡਾਂ ਦੀ ਸਿਰਜਣਾ ਕਰ ਸਕਦੇ ਹਨ, ਉਹ ਖੇਡ ਨੂੰ ਖੇਡਣ ਲਈ ਨਿਯਮ ਬਣਾਉਂਦੇ ਹਨ ਅਤੇ ਖੁਦ ਨਿਰਮਤ ਅਨੁਸ਼ਾਸਨ ਦਾ ਸਖ਼ਤੀ ਨਾਲ ਪਾਲਣ ਕਰਦੇ ਹਨ।

• ਇਹ ਬੱਚਿਆਂ ਵਿੱਚ ਰਚਨਾਤਮਕ ਹੁਨਰਾਂ ਨੂੰ ਪੋਸ਼ਿਤ ਕਰਨ ਵਿੱਚ ਸਹਾਇਤਾ ਕਰਦਾ ਹੈ ਨਾਲ ਹੀ ਨਾਲ ਕਈ ਜੀਵਨ ਹੁਨਰਾਂ ਜਿਵੇਂ ਸਮੱਸਿਆ ਦਾ ਸਮਾਧਾਨ, ਅਗਵਾਈ ਸਮਰੱਥਾ, ਤਰਕਪੂਰਨ ਢੰਗ ਨਾਲ ਸੋਚਣਾ, ਸਵੈ ਪ੍ਰਗਟਾਵਾ, ਸੰਚਾਰ, ਕੌਸ਼ਲ, ਸਹਿਕਾਰੀ ਸਿਖਲਾਈ, ਸਮੂਹ ਵਿੱਚ ਰਹਿਣਾ ਆਦਿ ਦਾ ਵਿਕਾਸ ਕਰਦਾ ਹੈ।

• ਸਿਖਲਾਈ ਸੁਭਾਵਿਕ, ਆਨੰਦਦਾਇਕ ਅਤੇ ਊਰਜਾਵਾਨ ਅਨੁਭਵਕਾਰੀ ਹੁੰਦੀ ਹੈ।

• ਇਹ ਬੱਚਿਆਂ ਨੂੰ ਉਨ੍ਹਾਂ ਦੀਆਂ ਸਰੀਰਿਕ, ਭਾਵਨਾਤਮਕ ਅਤੇ ਬੌਧਿਕ ਲੋੜਾਂ ਨੂੰ ਪੂਰਾ ਕਰਨ ਲਈ ਅਵਸਰ ਉਪਲੱਬਧ ਕਰਾਉਂਦੀ ਹੈ।

• ਇਹ ਵਿਦਿਆਰਥੀ ਅਧਿਆਪਕ ਅਤੇ ਵਿਦਿਆਰਥੀ ਵਿਦਿਆਰਥੀ ਸਬੰਧਾਂ ਨੂੰ ਮਜ਼ਬੂਤ ਬਣਾਉਂਦੀ ਹੈ।

**ਖੇਡ ਵਿਧੀ ਦੇ ਸਿਧਾਂਤ:**

ਖੇਡ ਵਿਧੀ ਨਿਮਨਲਿਖਤ ਸਿਧਾਂਤਾਂ 'ਤੇ ਆਧਾਰਿਤ ਹੈ–

• **ਜਨਮਜਾਤੀ ਸ਼ਕਤੀਆਂ ਨੂੰ ਪ੍ਰਗਟ ਕਰਨ ਦਾ ਸਿਧਾਂਤ:** ਇਹ ਇੱਕ ਸਥਾਪਿਤ ਤੱਥ ਹੈ ਕਿ ਇੱਕ ਬੱਚਾ ਕੁਝ ਅੰਦਰੂਨੀ ਸ਼ਕਤੀਆਂ ਨਾਲ ਜਨਮ ਲੈਂਦਾ ਹੈ ਅਤੇ ਜਿਵੇਂ ਬੱਚਾ ਵੱਡਾ ਹੁੰਦਾ ਹੈ ਉਵੇਂ ਹੀ ਉਹ ਸ਼ਕਤੀਆਂ ਦਾ ਪ੍ਰਗਟਾਵਾ ਕਰਨਾ ਸ਼ੁਰੂ ਕਰਦਾ ਹੈ, ਜੇਕਰ ਉਸ ਨੂੰ ਸ਼ਕਤੀਆਂ ਨੂੰ ਪ੍ਰਗਟ ਕਰਨ ਲਈ ਅਨੁਕੂਲ ਸਥਿਤੀਆਂ ਉਪਲੱਬਧ ਕਰਾਈਆਂ ਜਾਣ। ਜੇਕਰ ਬੱਚੇ ਦੇ ਉੱਪਰ ਪ੍ਰਤੀਕੂਲ ਸਥਿਤੀਆਂ ਨੂੰ ਥੋਪਿਆ ਜਾਂਦਾ ਹੈ ਤਾਂ ਅਜਿਹੀਆਂ ਸ਼ਕਤੀਆਂ ਦੇ ਵਿਕਾਸ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ ਜਾਂ ਜ਼ਿਆਦਾਤਰ ਸਥਿਤੀਆਂ ਵਿੱਚ ਸ਼ਾਇਦ ਸ਼ਕਤੀਆਂ ਦਾ ਵਿਕਾਸ ਬਿਲਕੁਲ ਹੀ ਨਹੀਂ ਹੁੰਦਾ ਹੈ। ਖੇਡ ਵਿਧੀ ਦਾ ਟੀਚਾ ਹੈ ਇੱਕ ਬੱਚੇ ਦੀਆਂ ਜਨਮਜਾਤੀ ਸ਼ਕਤੀਆਂ ਨੂੰ ਪਛਾਣਨਾ, ਪੋਸ਼ਿਤ ਕਰਨਾ ਅਤੇ ਉਸ ਨੂੰ ਪ੍ਰਗਟ ਕਰਨ ਦਾ ਅਵਸਰ ਪ੍ਰਦਾਨ ਕਰਨਾ।

• **ਕੁਦਰਤੀ ਸੁਭਾਅ ਦਾ ਸਿਧਾਂਤ:** ਹਰੇਕ ਵਿਅਕਤੀ ਆਪਣੇ ਕੁਦਰਤੀ ਸੁਭਾਅ ਰਾਹੀਂ ਨਿਰਦੇਸ਼ਿਤ ਹੁੰਦਾ ਹੈ। ਖੇਡ ਹਰੇਕ ਬੱਚੇ ਦਾ ਸੁਭਾਵਿਕ ਸੁਭਾਅ ਹੈ। ਬੱਚੇ ਨੂੰ ਖੇਡ ਰਾਹੀਂ ਸਿਖਾਈ ਗਈ ਕੋਈ ਵੀ ਚੀਜ਼ ਸੁਭਾਵਿਕ ਲੱਗਦੀ ਹੈ ਅਤੇ ਉਹ ਉਸ ਨੂੰ ਜਲਦੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਗ੍ਰਹਿਣ ਕਰ ਲੈਂਦਾ ਹੈ। ਖੇਡ ਵਿਧੀ ਇਸ ਲਈ ਕੁਦਰਤੀ ਸੁਭਾਅ ਨੂੰ ਪਛਾਣਦੀ ਹੈ ਅਤੇ ਵਿਸ਼ੇਸ਼ ਕਰਕੇ ਬੱਚਿਆਂ ਨੂੰ ਨਵੇਂ ਅਨੁਭਵ ਪ੍ਰਾਪਤ ਕਰਨ ਲਈ ਵਰਤੀ ਜਾਂਦੀ ਹੈ।

• **ਸੰਪੂਰਨ ਆਜ਼ਾਦੀ ਦਾ ਨਿਯਮ:** ਜੇਕਰ ਇੱਕ ਬੱਚੇ ਨੂੰ ਉਸ ਦੇ ਕਾਰਜ ਕਰਨ ਵਿੱਚ ਸੰਪੂਰਨ ਆਜ਼ਾਦੀ ਦਿੱਤੀ ਜਾਵੇ ਤਾਂ ਉਹ ਆਪਣੀਆਂ ਸ਼ਕਤੀਆਂ ਦਾ ਪ੍ਰਗਟਾਵਾ ਕਰਦਾ ਹੈ ਅਤੇ ਜ਼ਿਆਦਾ ਨਵੇਂ ਅਨੁਭਵ ਘੱਟ ਸਮੇਂ ਵਿੱਚ ਪ੍ਰਾਪਤ ਕਰਦਾ ਹੈ। ਬੱਚੇ ਦੇ ਉੱਪਰ ਕਿਸੇ ਵੀ ਪ੍ਰਕਾਰ ਦਾ ਪ੍ਰਤਿਬੰਧ ਲਗਾਉਣ ਨਾਲ ਉਸਦਾ ਸੁਭਾਵਿਕ ਵਾਧਾ ਰੁਕ ਜਾਂਦਾ ਹੈ। ਬੱਚਿਆਂ ਨੂੰ ਸੰਪੂਰਨ ਆਜ਼ਾਦੀ ਪ੍ਰਦਾਨ ਕਰਨਾ ਖੇਡ ਵਿਧੀ ਦਾ ਮੁੱਖ ਸਿੱਧਾਂਤ ਹੈ।

• **ਗਤੀਵਿਧੀ ਦਾ ਸਿਧਾਂਤ:** ਸਿੱਖਿਆ ਅਤੇ ਮਨੋਵਿਗਿਆਨ ਵਿੱਚ ਕੀਤੇ ਗਏ ਖੋਜ ਕਾਰਜਾਂ ਨੇ ਇਹ ਤੱਥ ਸਥਾਪਿਤ ਕੀਤਾ ਹੈ ਕਿ ਇੱਕ ਬੱਚਾ ਬਿਹਤਰ ਢੰਗ ਨਾਲ ਸਿੱਖਦਾ ਹੈ ਜੇਕਰ ਉਹ ਸਰਗਰਮ ਰੂਪ ਨਾਲ ਕਿਸੇ ਕਾਰਜ ਵਿੱਚ ਭਾਗ ਲੈਂਦਾ ਹੈ। ਬਿਨਾਂ ਕਿਸੇ ਗਤੀਵਿਧੀ ਦੇ ਸੁਣਨਾ ਰੱਟ ਕੇ ਸਿੱਖਣ ਦੀ ਪ੍ਰਵਿਰਤੀ ਨੂੰ ਵਧਾਉਂਦਾ ਹੈ। ਖੇਡ ਰਾਹੀਂ ਬੱਚਾ ਖੁਦ ਸਫੂਰਤੀ ਨਾਲ ਸਰਗਰਮ ਹੋ ਜਾਂਦਾ ਹੈ।

• **ਇੱਛਾਪੂਰਤੀ ਦਾ ਸਿਧਾਂਤ:** ਹਰੇਕ ਬੱਚਾ ਆਪਣੀਆਂ ਅੰਦਰੂਨੀ ਇੱਛਾਵਾਂ ਅਤੇ ਪ੍ਰਵਿਰਤੀਆਂ ਨਾਲ ਚਾਲੂ ਹੁੰਦਾ ਹੈ ਜਿਸ ਨੂੰ ਉਹ ਸ਼ਾਇਦ ਖੁਦ ਵਰਣਨ ਕਰਨ ਯੋਗ ਨਹੀਂ ਹੁੰਦਾ ਹੈ। ਜਦੋਂ ਉਹ ਢੁਕਵੀਂ ਆਜ਼ਾਦੀ ਅਤੇ ਲਚਕਤਾ ਪ੍ਰਾਪਤ ਕਰਦਾ ਹੈ ਤਾਂ ਉਹ ਆਪਣੀਆਂ ਇੱਛਾਵਾਂ ਅਤੇ ਇਰਾਦਿਆਂ ਨੂੰ ਪੂਰਾ ਕਰਨ ਲਈ ਅਸੀਮਿਤ ਅਵਸਰ ਪ੍ਰਾਪਤ ਕਰਦਾ ਹੈ। ਇਸ ਦੇ ਉਲਟ ਜੇਕਰ ਬੱਚਿਆਂ 'ਤੇ ਸਿਖਲਾਈ ਉਦੇਸ਼ ਦੇ ਸੰਦਰਭ ਵਿੱਚ ਕੋਈ ਬਾਹਰੀ ਬੰਧਨ ਲਗਾਇਆ ਜਾਂਦਾ ਹੈ ਤਾਂ ਉਨ੍ਹਾਂ ਦੇ ਸੁਭਾਵਿਕ ਵਾਧੇ ਵਿੱਚ ਰੁਕਾਵਟ ਉਤਪੰਨ ਹੋ ਸਕਦੀ ਹੈ। ਖੇਡ ਵਿਧੀ ਇਸ ਪ੍ਰਕਾਰ ਦੇ ਬਾਹਰੀ ਪ੍ਰਤਿਬੰਧਾਂ ਤੋਂ ਰਹਿਤ ਆਜ਼ਾਦੀ ਉਪਲੱਬਧ ਕਰਾਉਂਦੀ ਹੈ।

• **ਆਨੰਦ ਦਾ ਸਿਧਾਂਤ:** ਕੋਈ ਵੀ ਚੀਜ਼ ਜੋ ਆਨੰਦ ਪ੍ਰਦਾਨ ਕਰਦੀ ਹੈ, ਉਸ ਨੂੰ ਆਸਾਨੀ ਨਾਲ ਸਿੱਖਿਆ ਜਾਂਦਾ ਹੈ। ਬੱਚਿਆਂ ਦੀਆਂ ਸਾਰੀਆਂ ਕਿਰਿਆਵਾਂ ਆਨੰਦ ਅਤੇ ਪੀੜਾ ਦੇ ਸਿਧਾਂਤ ਰਾਹੀਂ ਸੰਚਾਲਿਤ ਹੁੰਦੀਆਂ ਹਨ। ਇਸ ਦਾ ਅਰਥ ਹੈ ਕਿ ਬੱਚਾ ਆਨੰਦਦਾਇਕ ਕਾਰਜਾਂ ਨੂੰ ਕਰਨਾ ਪਸੰਦ ਕਰਦਾ ਹੈ ਅਤੇ ਪੀੜਾਦਾਇਕ ਕਾਰਜਾਂ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਖੇਡ

ਵਿਧੀ ਨਾਲ ਬੱਚੇ ਆਨੰਦਪੂਰਬਕ ਆਸਾਨੀ ਨਾਲ ਸਿੱਖਦੇ ਹਨ ਅਤੇ ਉਹ ਲੰਬੇ ਸਮੇਂ ਤੱਕ ਬੱਚਿਆਂ ਨੂੰ ਯਾਦ ਰਹਿੰਦਾ ਹੈ।

• **ਸਿਰਜਣਾਤਮਕਤਾ ਦਾ ਸਿਧਾਂਤ:** ਬੱਚਾ ਖੇਡ ਖੇਡਣਾ ਪਸੰਦ ਕਰਦਾ ਹੈ, ਪਰ ਉਹ ਇੱਕ ਹੀ ਪ੍ਰਕਾਰ ਦੇ ਖੇਡ ਨਾਲ ਜਲਦੀ ਹੀ ਉੱਬ ਜਾਂਦਾ ਹੈ ਅਤੇ ਨਵੇਂ ਵਿਕਲਪਿਕ ਖੇਡ ਤਲਾਸ਼ਦਾ ਹੈ। ਬਦਲਾਅ ਦੀ ਇੱਛਾ ਉਨ੍ਹਾਂ ਨੂੰ ਆਪਣੀ ਖੇਡ ਵਿੱਚ ਨਵੀਨਤਾ ਲਿਆਉਣ ਲਈ ਪ੍ਰੇਰਿਤ ਕਰਦੀ ਹੈ। ਇਸ ਪ੍ਰਕਾਰ ਇੱਕ ਬੱਚੇ ਦੀਆਂ ਸਿਰਜਣਾਤਮਕ ਸ਼ਕਤੀਆਂ ਦਾ ਸ਼ੁਰੂਆਤੀ ਵਿਕਾਸ ਖੇਡ ਰਾਹੀਂ ਹੁੰਦਾ ਹੈ ਅਤੇ ਖੇਡ ਵਿਧੀ ਕਲਪਨਾਸ਼ੀਲਤਾ ਪੂਰਬਕ ਬੱਚਿਆਂ ਵਿੱਚ ਸਿਰਜਣਾਤਮਕ ਯੋਗਤਾ ਦਾ ਵਿਕਾਸ ਕਰਦੀ ਹੈ।

• **ਜ਼ਿੰਮੇਦਾਰੀ ਦਾ ਸਿਧਾਂਤ:** ਖੇਡ ਬੱਚਿਆਂ ਵਿੱਚ ਜ਼ਿੰਮੇਦਾਰੀ ਦੇ ਅਹਿਸਾਸ ਨੂੰ ਵਧਾਉਂਦੀ ਹੈ। ਖੇਡ ਦੇ ਦੌਰਾਨ ਬੱਚੇ ਇਹ ਅਹਿਸਾਸ ਕਰਦੇ ਹਨ, ਚਾਹੇ ਉਹ ਵਿਅਕਤੀਗਤ ਰੂਪ ਨਾਲ ਜਾਂ ਸਮੂਹ ਵਿੱਚ ਖੇਡ ਰਹੇ ਹੋਣ ਕਿ ਬਿਨਾਂ ਕਿਸੇ ਨਿਯਮ ਜਾਂ ਅਨੁਸ਼ਾਸਨ ਦੇ ਖੇਡਣਾ ਸੰਤੁਸ਼ਟੀਜਨਕ ਨਹੀਂ ਹੈ। ਇਸ ਲਈ ਬੱਚੇ ਨਿਯਮ ਬਣਾਉਣ ਲਈ ਦੂਜਿਆਂ ਦੀ ਸਹਾਇਤਾ ਲੈਂਦੇ ਹਨ ਜਾਂ ਸਮੂਹ ਵਿੱਚ ਖੁਦ ਵਿਕਾਸ ਕਰਦੇ ਹਨ ਅਤੇ ਖੇਡ ਦੇ ਨਿਯਮਾਂ ਦਾ ਪਾਲਣ ਕਰਨ ਦੀ ਜ਼ਿੰਮੇਵਾਰੀ ਲੈਂਦੇ ਹਨ। ਇਸ ਪ੍ਰਕਾਰ ਬੱਚੇ ਖੇਡ ਵਿਧੀ ਨਾਲ ਜ਼ਿਆਦਾ ਜ਼ਿੰਮੇਵਾਰ ਹੋਣਾ ਸਿੱਖਦੇ ਹਨ, ਜਦੋਂ ਕਿ ਪ੍ਰਤੱਖ ਨਿਰਦੇਸ਼ਨ ਦੇ ਜ਼ਰੀਏ ਉਹ ਆਗਿਆ ਪਾਲਣ ਕਰਨ ਨਾਲ ਜ਼ਿੰਮੇਵਾਰ ਨਹੀਂ ਬਣਦੇ ਹਨ।

ਇਸ ਲਈ ਜੇਕਰ ਤੁਸੀਂ ਇਸ ਵਿਧੀ ਨੂੰ ਕਲਾਸ ਵਿੱਚ ਉਪਯੋਗ ਕਰਨ ਜਾ ਰਹੇ ਹੋ ਤਾਂ ਤੁਹਾਨੂੰ ਆਪਣੀ ਕਲਾਸ ਦੇ ਹਰੇਕ ਬੱਚੇ ਦੀਆਂ ਲੋੜਾਂ ਦੀ ਪੂਰਤੀ ਕਰਨ ਦੀ ਯੋਜਨਾ ਸਭ ਤੋਂ ਪਹਿਲਾਂ ਬਣਾਉਣੀ ਪਏਗੀ ਅਤੇ ਉਸੀ ਦੇ ਅਨੁਸਾਰ ਤੁਹਾਨੂੰ ਕਲਾਸ ਵਿੱਚ ਕਾਰਜ ਕਰਨਾ ਪਏਗਾ।

ਹੇਠ ਦੋ ਕਲਾਸਾਂ ਦੀਆਂ ਸਥਿਤੀਆਂ ਦਿੱਤੀਆਂ ਗਈਆਂ ਹਨ, ਇਸ 'ਤੇ ਵਿਚਾਰ ਕਰੋ।

**ਸਥਿਤੀ–8**

ਸ਼ਰਮਿਸ਼ਠਾ ਇੱਕ ਵਿਗਿਆਨ ਅਧਿਆਪਕਾ ਹੈ, ਉਹ ਤੀਜੀ ਜਮਾਤ ਵਿੱਜ ਸਜੀਵ ਅਤੇ ਨਿਰਜੀਵ ਵਸਤੂਆਂ ਦੀ ਧਾਰਨਾ ਨੂੰ ਸਮਝਾ ਰਹੀ ਸੀ। ਉਹ ਪਾਠ ਨੂੰ ਨਿਮਨਲਿਖਤ ਚਰਨਾ ਵਿੱਚ ਵੰਡ ਕੇ ਕ੍ਰਮ ਨਾਲ ਬੱਚਿਆਂ ਨੂੰ ਸਮਝਾ ਰਹੀ ਸੀ।

–ਉਨ੍ਹਾਂ ਨੇ ਵਿਦਿਆਰਥੀਆਂ ਨੂੰ ਛੋਟੇ ਸਮੂਹਾਂ ਵਿੱਚ ਵੰਡਿਆ, ਹਰੇਕ ਸਮੂਹ ਵਿੱਚ 4 ਤੋਂ 6 ਤੱਕ ਬੱਚੇ ਸਨ ਅਤੇ ਉਨ੍ਹਾਂ ਨੂੰ ਗੋਲਾਕਾਰ ਰੂਪ ਵਿੱਚ ਬੈਠਣ ਨੂੰ ਕਿਹਾ।

–ਉਨ੍ਹਾਂ ਨੇ ਹਰੇਕ ਸਮੂਹ ਨੂੰ ਸਜੀਵ ਅਤੇ ਨਿਰਜੀਵ ਵਸਤੂਆਂ ਦਾ ਚਿੱਤਰ ਦਿੱਤਾ (ਟੀਐੱਲਐੱਮ)। ਹਰੇਕ ਸਮੂਹ ਦੇ ਬੱਚੇ ਨੇ ਚਿੱਤਰ ਕਾਰਡ ਦਾ ਧਿਆਨਪੂਰਬਕ ਪ੍ਰੇਖਣ ਕੀਤਾ।

–ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਅਜਿਹੇ ਸਜੀਵ ਨੂੰ ਖੋਜੋ ਜੋ ਖੁਦ ਇੱਕ ਥਾਂ ਤੋਂ ਦੂਜੀ ਥਾਂ ਜਾ ਸਕਦੇ ਹਨ। ਹਰੇਕ ਸਮੂਹ ਦੇ ਬੱਚੇ ਜਿੰਨਾ ਸਜੀਵ ਖੋਜ ਸਕਦੇ ਸਨ, ਉਹ ਉਸ ਨੂੰ ਇਕੱਤਰ ਕਰਕੇ ਅਧਿਆਪਕਾ ਨੂੰ ਸੌਂਪ ਦਿੰਦੇ ਹਨ।

–ਉਨ੍ਹਾਂ ਨੇ ਵਿਦਿਆਰਥੀਆਂ ਦੀ ਸਹਾਇਤਾ ਨਾਲ ਇਕੱਤਰ ਚਿੱਤਰ ਕਾਰਡ ਵਿੱਚੋਂ ਸਜੀਵ ਕਾਰਡ ਨੂੰ ਪਛਾਣਿਆ ਅਤੇ ਉਸੀ ਦੇ ਅਨੁਸਾਰ ਹਰੇਕ ਸਮੂਹ ਨੂੰ ਸਹੀ ਉੱਤਰ 'ਤੇ ਅੰਕ ਪ੍ਰਦਾਨ ਕੀਤਾ ਅਤੇ ਹਰੇਕ ਸਹੀ ਉੱਤਰ ਲਈ ਇੱਕ ਅੰਕ। ਹਰੇਕ ਸਮੂਹ ਵੱਲੋਂ ਲਏ ਕੁੱਲ ਅੰਕਾਂ ਨੂੰ ਬਲੈਕ ਬੋਰਡ 'ਤੇ ਸਮੂਹ ਦੇ ਨਾਂ ਦੇ ਵਿਪਰੀਤ ਲਿਖ ਦਿੱਤਾ।

–ਉਨ੍ਹਾਂ ਨੇ ਹਰੇਕ ਸਮੂਹ ਨੂੰ ਉਸ ਦੇ ਕਾਰਡ ਨੂੰ ਵਾਪਸ ਕੀਤਾ ਅਤੇ ਖੇਡ ਨੂੰ ਇਸੀ ਪ੍ਰਕਾਰ ਜਾਰੀ ਰੱਖਣ ਨੂੰ ਕਿਹਾ। ਉਨ੍ਹਾਂ ਨੇ ਖੇਡ ਦੇ ਦੌਰਾਨ ਨਿਰਦੇਸ਼ ਦਿੱਤਾ ਕਿ ਸਜੀਵਾਂ ਦੀਆਂ ਹੋਰ ਵਿਸ਼ੇਸ਼ਤਾਵਾਂ ਨੂੰ ਪਛਾਣੋ। ਖੇਡ, ਸਜੀਵਾਂ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਪਛਾਨਣ ਤੱਕ ਜਾਰੀ ਰਹਿੰਦਾ ਹੈ।


–ਅੰਤ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਨਾਲ ਸਜੀਵਾਂ ਅਤੇ ਨਿਰਜੀਵਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਮਜ਼ਬੂਤ ਕਰਦੀ ਹੈ।

**ਸਥਿਤੀ** -9

ਸਰੋਜ,,,,,,,, ਛੇਵੀਂ ਕਲਾਸ ਦੇ ਵਿਦਿਆਰਥੀਆਂ ਵਿੱਚ ਨਕਸ਼ੇ ਦਾ ਅਧਿਐਨ ਕਰਨ ਦੇ ਕੌਸ਼ਲ ਦਾ ਵਿਕਾਸ ਕਰਨ ਦੀ ਕੋਸ਼ਿਸ਼ ਕਰਦੀ ਹੈ।

–ਉਨ੍ਹਾਂ ਨੇ ਇਸ ਲਈ ਵਿਦਿਆਰਥੀਆਂ ਨੂੰ 6–8 ਸਮੂਹ ਵਿੱਚ ਵੰਡਿਆ। ਹਰੇਕ ਸਮੂਹ ਨੂੰ ਅੱਧੇ ਸਰਕਲ ਜਿਵੇਂ ਕਿ ਹੇਠ ਚਿੱਤਰ ਵਿੱਚ ਦਿੱਤਾ ਗਿਆ ਹੈ, ਵਿੱਚ ਬੈਠਣ ਨੂੰ ਕਿਹਾ।

ਜੀਆਰ 1 ਜੀਆਰ 2 ਜੀਆਰ 3 ਜੀਆਰ 4 ਜੀਆਰ 5 ਜੀਆਰ 6



ਬੈਠਣ ਦੀ ਵਿਵਸਥਾ

**ਸਥਿਤੀ** -9ਸਰੋਜ,,,,,,,, ਛੇਵੀਂ ਕਲਾਸ ਦੇ ਵਿਦਿਆਰਥੀਆਂ ਵਿੱਚ ਨਕਸ਼ੇ ਦਾ ਅਧਿਐਨ ਕਰਨ ਦੇ ਕੌਸ਼ਲ ਦਾ ਵਿਕਾਸ ਕਰਨ ਦੀ ਕੋਸ਼ਿਸ਼ ਕਰਦੀ ਹੈ।–ਉਨ੍ਹਾਂ ਨੇ ਇਸ ਲਈ ਵਿਦਿਆਰਥੀਆਂ ਨੂੰ 6–8 ਸਮੂਹ ਵਿੱਚ ਵੰਡਿਆ। ਹਰੇਕ ਸਮੂਹ ਨੂੰ ਅੱਧੇ ਸਰਕਲ ਜਿਵੇਂ ਕਿ ਹੇਠ ਚਿੱਤਰ ਵਿੱਚ ਦਿੱਤਾ ਗਿਆ ਹੈ, ਵਿੱਚ ਬੈਠਣ ਨੂੰ ਕਿਹਾ।ਜੀਆਰ 1 ਜੀਆਰ 2 ਜੀਆਰ 3 ਜੀਆਰ 4 ਜੀਆਰ 5 ਜੀਆਰ 6 ਬੈਠਣ ਦੀ ਵਿਵਸਥਾ–ਹਰੇਕ ਸਮੂਹ ਨੂੰ ਉਸ ਨੇ ਐਟਲਸ ਅਤੇ ਕੁਝ ਫਲੈਸ਼ ਕਾਰਡ ਦਿੱਤੇ ਜਿਸ ’ਤੇ ਭਾਰਤ ਦੀਆਂ ਕੁਝ ਥਾਵਾਂ ਦੇ ਨਾਂ ਲਿਖੇ ਹੋਏ ਸਨ।–ਉਨ੍ਹਾਂ ਨੇ ਨਿਮਨਲਿਖਤ ਨਿਰਦੇਸ਼ ਦਿੱਤੇ:–ਇੱਕ ਸਮੂਹ ਆਪਣੇ ਸਾਹਮਣੇ ਬੈਠੇ ਸਮੂਹ ਨੂੰ ਇੱਕ ਫਲੈਸ਼ ਕਾਰਡ ਦਿਖਾਏਗਾ ਅਤੇ ਦੂਜਾ ਸਮੂਹ ਇੱਕ ਨਿਸ਼ਚਤ ਸਮੇਂ ਦੇ ਅੰਦਰ ਉਸ ਸਥਾਨ ਨੂੰ ਐਟਲਸ ਵਿੱਚ ਲੱਭੇਗਾ।–ਇਸੀ ਪ੍ਰਕਾਰ ਦੂਜਾ ਸਮੂਹ ਪਹਿਲੇ ਸਮੂਹ ਨੂੰ ਫਲੈਸ਼ ਕਾਰਡ ਦਿਖਾਏਗਾ ਅਤੇ ਪਹਿਲਾ ਸਮੂਹ ਉਸ ਨੂੰ ਐਟਲਸ ਵਿੱਚ ਲੱਭੇਗਾ। ਇਸੀ ਪ੍ਰਕਾਰ ਖੇਡ ਜਾਰੀ ਰਹੇਗਾ।–ਹਰੇਕ ਸਹੀ ਉੱਤਰ ’ਤੇ ਉਹ ਸਮੂਹ ਨੂੰ ਇੱਕ ਅੰਕ ਪ੍ਰਦਾਨ ਕਰਦਾ ਹੈ ਅਤੇ ਅੰਤ ਵਿੱਚ ਹਰੇਕ ਸਮੂਹ ਦੇ ਕੁੱਲ ਅੰਕਾਂ ਦੀ ਗਣਨਾ ਕੀਤੀ ਗਈ ਅਤੇ ਜੇਤੂ ਸਮੂਹ ਨੂੰ ਵਧਾਈ ਦਿੱਤੀ ਗਈ।

ਹੁਣ ਦੋਨੋਂ ਸਥਿਤੀਆਂ ’ਤੇ ਵਿਚਾਰ ਕਰੋ ਅਤੇ ਨਿਮਨਲਿਖਤ ਗਤੀਵਿਧੀ ਨੂੰ ਕਰੋ।

**ਗਤੀਵਿਧੀ -7**

1) ਕਿਸੇ ਵੀ ਕਲਾਸ ਵਿੱਚ ਗਣਿਤ ਪਾਠਕ੍ਰਮ ਤੋਂ ਇੱਕ ਧਾਰਨਾ ਲੈ ਕੇ ਦੱਸੋ ਕਿ ਤੁਸੀਂ ਖੇਡ ਵਿਧੀ ਨਾਲ ਉਸ ਧਾਰਨਾ ਨੂੰ ਕਿਵੇਂ ਸਿੱਖੋਗੇ। ਆਪਣੇ ਅਧਿਐਨ ਕੇਂਦਰ ਵਿੱਚ ਟਿਊਟਰ/ਸਹਿਕਰਮੀ ਨਾਲ ਚਰਚਾ ਕਰੋ ਅਤੇ ਉਨ੍ਹਾਂ ਦੇ ਸੁਧਾਰ ਲਈ ਵਿਚਾਰ ਜਾਣੋ।

ਖੇਡ ਵਿਧੀ ਦੇ ਉਪਯੋਗ ਵਿੱਚ ਅਧਿਆਪਕ ਦੀ ਕੀ ਭੂਮਿਕਾ ਹੈ, ਸੂਚੀ ਬਣਾਓ।

ਆਪਣੀ ਸੂਚੀ ਦੀ ਤੁਲਨਾ ਨਿਮਨਲਿਖਤ ਸੂਚੀ ਨਾਲ ਕਰੋ।

**ਖੇਡ ਵਿਧੀ ਵਿੱਚ ਅਧਿਆਪਕ ਦੀ ਭੂਮਿਕਾ:**

ਅਧਿਆਪਕ

- ਵਿਦਿਆਰਥੀਆਂ ਦੇ ਸੁਝਾਅ ਅਨੁਸਾਰ ਖੇਡ ਦੀ ਸ਼ੁਰੂਆਤ ਕਰਨ ਵਿੱਚ ਉਨ੍ਹਾਂ ਦੀ ਸਹਾਇਤਾ ਕਰਦੇ ਹਨ ਜਾਂ ਵਿਦਿਆਰਥੀਆਂ ਦੇ ਸਹਿਯੋਗ ਨਾਲ ਨਵੇਂ ਖੇਡ ਦਾ ਵਿਕਾਸ ਕਰਦੇ ਹਨ।
- ਬੱਚਿਆਂ ਦੀ ਸਿਖਲਾਈ ਨੂੰ ਆਨੰਦਦਾਇਕ ਅਨੁਭਵ ਬਣਾਉਣ ਲਈ ਸਿਖਲਾਈ ਵਾਤਾਵਰਣ ਤਿਆਰ ਕਰਦੇ ਹਨ।
- ਸਿਖਲਾਈ ਗਤੀਵਿਧੀਆਂ ਨੂੰ ਡਿਜ਼ਾਇਨ ਕਰਨ ਤੋਂ ਬਾਅਦ ਉੱਚਿਤ ਅਧਿਆਪਨ ਸਿਖਲਾਈ ਸਮੱਗਰੀਆਂ ਨੂੰ ਤਿਆਰ ਕਰਦੇ ਹਨ।
- ਸਿਖਲਾਈ ਗਤੀਵਿਧੀਆਂ ਨੂੰ ਸਰਲ ਧਾਰਨਾ ਨਾਲ ਕਠਿਨ ਧਾਰਨਾ ਦੇ ਕ੍ਰਮ ਵਿੱਚ ਵਿਵਸਥਿਤ ਕਰਦੇ ਹਨ।
- ਸਿਖਲਾਈ ਪ੍ਰਕਿਰਿਆ ਦੌਰਾਨ ਵਿਦਿਆਰਥੀਆਂ ਲਈ ਮਾਰਗ ਦਰਸ਼ਕ ਅਗਵਾਈ ਕਰਤਾ ਅਤੇ ਨਿਗਰਾਨ ਦਾ ਕਾਰਜ ਕਰਦੇ ਹਨ।
- ਖੇਡ ਵਿਧੀ ਰਾਹੀਂ ਵਿਦਿਆਰਥੀਆਂ ਦਾ ਮੁਲਾਂਕਣ ਕਰਦੇ ਹਨ। ਮੁਲਾਂਕਣ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ।

ਧਿਆਨ ਦਿਓ ਮੌਨਟੈਸਰੀ, ਕਿੰਡਰਗਾਰਟਨ ਅਧਿਆਪਨ ਵਿਧੀ ਨੂੰ ਖੇਡ ਵਿਧੀ ਦੇ ਆਧਾਰ 'ਤੇ ਵਿਕਸਤ ਕੀਤਾ ਗਿਆ ਸੀ। ਹਾਲਾਂਕਿ ਇਸ ਵਿਧੀ ਦੀਆਂ ਕੁਝ ਸੀਮਾਵਾਂ ਹਨ ਜੋ ਨਿਮਨ ਪ੍ਰਕਾਰ ਹਨ।

**ਖੇਡ ਵਿਧੀਆਂ ਦੀਆਂ ਸੀਮਾਵਾਂ:**

- ਇਸ ਵਿਧੀ ਨੂੰ ਪ੍ਰੀ ਪ੍ਰਾਇਮਰੀ ਅਤੇ ਪ੍ਰਾਇਮਰੀ ਪੱਧਰ ਲਈ ਉੱਚਿਤ ਸਮਝਿਆ ਜਾਂਦਾ ਹੈ।
- ਸਾਰੇ ਵਿਸ਼ਿਆਂ ਦੇ ਵਿਸ਼ਾ ਵਸਤੂ ਅਤੇ ਧਾਰਨਾਵਾਂ ਨੂੰ ਇਸ ਵਿਧੀ ਰਾਹੀਂ ਜਾਣੂ ਨਹੀਂ ਕਰਾਇਆ ਜਾ ਸਕਦਾ।
- ਕਦੇ ਕਦੇ ਕੁਝ ਬੱਚੇ ਸਿਰਫ਼ ਖੇਡ ਖੇਡਣ ਵਿੱਚ ਰੁਚੀ ਰੱਖਦੇ ਹਨ ਅਤੇ ਖੇਡ ਵਿਧੀ ਨਾਲ ਸਿੱਖਣ ਵਿੱਚ ਰੁਚੀ ਨਹੀਂ ਰੱਖਦੇ।

ਆਪਣੀ ਪ੍ਰਗਤੀ ਦੀ ਜਾਂਚ ਲਈ ਨਿਮਨਲਿਖਤ ਉੱਤਰ ਦਿਓ;

**ਈ.4 ਖੇਡ ਵਿਧੀ ਦਾ ਕਿਹੜਾ ਸਿਧਾਂਤ ਸਵੈ ਅਨੁਸ਼ਾਸਨ ਦੇ ਪੋਸ਼ਣ ਵਿੱਚ ਸਹਾਇਤਾ ਕਰਦਾ ਹੈ ?**

**ਈ.5 ਸਕੂਲ ਸਿੱਖਿਆ ਦੇ ਸ਼ੁਰੂਆਤੀ ਪੱਧਰ ਵਿੱਚ ਖੇਡ ਵਿਧੀ ਨੂੰ ਕਿਉਂ ਢੁਕਵਾਂ ਸਮਝਿਆ ਜਾਂਦਾ ਹੈ ?**

### 3.4.2 ਪ੍ਰਾਜੈਕਟ ਵਿਧੀ

ਕੀ ਤੁਸੀਂ ਆਪਣੇ ਸਕੂਲ ਵਿੱਚ ਕਦੇ ਪ੍ਰਾਜੈਕਟ ਕਾਰਜ ਕੀਤਾ ਹੈ ? ਤੁਸੀਂ ਇਸ ਨੂੰ ਕਿਵੇਂ ਕੀਤਾ ਸੀ ? ਇੱਕ ਅਧਿਆਪਕ ਦੇ ਰੂਪ ਵਿੱਚ ਕੀ ਤੁਸੀਂ ਵੀ ਆਪਣੇ ਵਿਦਿਆਰਥੀਆਂ ਨੂੰ ਪ੍ਰਾਜੈਕਟ ਕਾਰਜ ਦਿੰਦੇ ਹੋ ? ਵਿਦਿਆਰਥੀ ਉਸ ਨੂੰ ਕਿਸ ਪ੍ਰਕਾਰ ਪੂਰਾ ਕਰਦੇ ਹਨ ?

**ਕੀ ਤੁਸੀਂ ਜਾਣਦੇ ਹੋ ਪ੍ਰਾਜੈਕਟ ਕੀ ਹੈ ?**

ਜੌਹਨ ਅਫੌਰਡ ਸਟੀਵਨਸਨ ਅਨੁਸਾਰ "ਇੱਕ ਪ੍ਰਾਜੈਕਟ ਇੱਕ ਸਮੱਸਿਆਤਮਕ ਕਾਰਜ ਹੈ ਜਿਸ ਨੂੰ ਉਸ ਦੀਆਂ ਅਸਲੀ ਸਥਿਤੀਆਂ ਵਿੱਚ ਪੂਰਾ ਕੀਤਾ ਜਾਂਦਾ ਹੈ।" ਬਾਫੌਰਡ ਇਸ ਨੂੰ ਕੁਝ ਇਸ ਤਰ੍ਹਾਂ ਨਾਲ ਪਰਿਭਾਸ਼ਿਤ ਕਰਦੇ ਹਨ "ਇੱਕ ਪ੍ਰਾਜੈਕਟ ਅਸਲੀ ਜੀਵਨ ਦਾ ਇੱਕ ਟੁਕੜਾ ਹੁੰਦਾ ਹੈ ਜਿਸ ਨੂੰ ਸਕੂਲ ਵਿੱਚ ਲਿਆ ਜਾਂਦਾ ਹੈ।" ਜਦੋਂ ਕਿ ਡਾ. ਵਿਲੀਅਮ ਹੈੱਡ ਕਿਲਪਾਤਰਿਕ ਇਸ ਨੂੰ ਪਰਿਭਾਸ਼ਿਤ ਕਰਦੇ ਹਨ-ਇੱਕ ਪ੍ਰਾਜੈਕਟ ਉਦੇਸ਼ ਪੂਰਕ ਗਤੀਵਿਧੀ ਹੈ ਜਿਸ ਨੂੰ ਇੱਕ ਸਮਾਜਿਕ ਵਾਤਾਵਰਣ ਵਿੱਚ ਪੂਰੇ ਦਿਲ ਨਾਲ ਪੂਰਾ ਕੀਤਾ ਜਾਂਦਾ ਹੈ, ਦੂਜੇ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ-

ਇੱਕ ਪ੍ਰਾਜੈਕਟ ਇੱਕ ਸਿੱਖਿਆ ਵਿਧੀ ਹੈ ਜਿੱਥੇ ਵਿਦਿਆਰਥੀ ਵਿਅਕਤੀਗਤ ਰੂਪ ਨਾਲ ਜਾਂ ਛੋਟੇ ਸਮੂਹ ਵਿੱਚ ਅਸਲੀ ਜੀਵਨ ਦੀ ਸਮੱਸਿਆ ਦਾ ਵਿਕਾਸ ਅਤੇ ਵਿਸ਼ਲੇਸ਼ਣ ਕਰਦੇ ਹਨ ਜਾਂ ਅੱਜ ਦੇ ਸਮੇਂ ਵਿੱਚ ਕਿਸੇ ਵਿਸ਼ੇ ਨੂੰ ਵਰਤਮਾਨ ਸਮਾਂ ਸੀਮਾ ਦੇ ਅੰਦਰ ਸਮਝਣ ਅਤੇ ਸਿੱਟਾ ਕੱਢਣ ਦੀ ਕੋਸ਼ਿਸ਼ ਕਰਦੇ ਹਨ। ਕਾਰਜ ਦੀ ਸਪੱਸ਼ਟ ਰੂਪ ਨਾਲ ਵੰਡ ਕਰਕੇ ਵਿਅਕਤੀਗਤ ਰੂਪ ਨਾਲ ਕਾਰਜ ਕਰਦੇ ਹਨ।

ਇਨ੍ਹਾਂ ਪਰਿਭਾਸ਼ਾਵਾਂ ਨਾਲ ਤੁਸੀਂ ਪ੍ਰੇਖਣ ਕਰ ਸਕਦੇ ਹੋ ਕਿ-

- ਇੱਕ ਪ੍ਰਾਜੈਕਟ ਇੱਕ ਕਾਰਜ ਹੈ ਜਾਂ ਇੱਕ ਗਤੀਵਿਧੀ ਹੈ।
- ਇਸ ਦਾ ਕੋਈ ਉਦੇਸ਼ ਹੁੰਦਾ ਹੈ।
- ਇਸ ਦਾ ਆਯੋਜਨ ਸਮਾਜਿਕ ਅਤੇ ਵਾਸਤਵਿਕ ਸਥਿਤੀਆਂ ਵਿੱਚ ਕੀਤਾ ਜਾਂਦਾ ਹੈ।

**ਪ੍ਰਾਜੈਕਟ ਵਿਧੀ ਦੀਆਂ ਵਿਸ਼ੇਸ਼ਤਾਵਾਂ-**

ਪ੍ਰਾਜੈਕਟ ਵਿਧੀ ਦੀਆਂ ਨਿਮਨਲਿਖਤ ਵਿਸ਼ੇਸ਼ਤਾਵਾਂ ਹਨ:

**ਸਮੱਸਿਆਤਮਕ**: ਹਰੇਕ ਪ੍ਰਾਜੈਕਟ ਕਿਸੇ ਵਿਦਿਆਰਥੀ-ਵਿਦਿਆਰਥੀਆਂ ਵੱਲੋਂ ਮਹਿਸੂਸ ਇੱਕ ਸਮੱਸਿਆ ਦਾ ਸਮਾਧਾਨ ਪ੍ਰਾਪਤ ਕਰਨ ਦਾ ਟੀਚਾ ਰੱਖਦਾ ਹੈ। ਸਮੱਸਿਆ ਦੇ ਬਾਰੇ ਵਿੱਚ ਜਾਗਰੂਕ ਹੋਣਾ ਪ੍ਰਾਜੈਕਟ ਨਿਰਮਾਣ ਨੂੰ ਸ਼ੁਰੂ ਕਰਦਾ ਹੈ।

**ਉਦੇਸ਼**: ਕਿਸੇ ਪ੍ਰਾਜੈਕਟ ਦੀ ਸਫਲਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਵਿਦਿਆਰਥੀਆਂ ਵਿੱਚ ਇਸ ਦੇ ਉਦੇਸ਼ ਨੂੰ ਕਿੰਨਾ ਸਮਝਿਆ ਗਿਆ। ਵਿਦਿਆਰਥੀਆਂ ਵੱਲੋਂ ਪ੍ਰਾਜੈਕਟ ਕਾਰਜ ਨੂੰ ਪੂਰਾ ਕਰਨ ਦਾ ਉਦੇਸ਼ ਉਨ੍ਹਾਂ ਦੇ ਅਸਲ ਜੀਵਨ ਦੀਆਂ ਸਥਿਤੀਆਂ ਨਾਲ ਅੰਦਰੂਨੀ ਰੂਪ ਨਾਲ ਜੁੜੇ ਹੁੰਦੇ ਹਨ ਅਤੇ ਉਨ੍ਹਾਂ ਦੇ ਮਨ ਦੀਆਂ ਕੁਝ ਅੰਦਰੂਨੀ ਇੱਛਾਵਾਂ ਨੂੰ ਪੂਰਾ ਕਰਦੇ ਹਨ।

**ਗਤੀਵਿਧੀ**: ਉਦੇਸ਼ ਨੂੰ ਪਰਿਭਾਸ਼ਿਤ ਕਰਨ ਤੋਂ ਬਾਅਦ ਹੁਣ ਤੁਹਾਡਾ ਕਰਤੱਵ ਹੈ ਕਿ ਤੁਸੀਂ ਸਿਖਲਾਈ ਵਾਤਾਵਰਣ ਦੀ ਰਚਨਾ ਕਰੋ। ਵਿਦਿਆਰਥੀ ਸਵੈ ਯੋਜਨਾ ਬਣਾ ਕੇ, ਸਮੂਹਿਕ ਚਰਚਾ ਰਾਹੀਂ ਅਤੇ ਸਮੂਹਿਕ ਗਤੀਵਿਧੀ ਰਾਹੀਂ ਸਿੱਖਣਾ ਸ਼ੁਰੂ ਕਰਦੇ ਹਨ।

**ਵਾਸਤਵਿਕਤਾ**: ਪ੍ਰਭਾਵਸ਼ਾਲੀ ਸਿਖਲਾਈ ਲਈ ਵਾਸਤਵਿਕ ਜੀਵਨ ਦੀਆਂ ਗਤੀਵਿਧੀਆਂ ਦੀ ਰਚਨਾ ਕਰਨੀ ਜ਼ਰੂਰੀ ਹੈ।

**ਆਜ਼ਾਦੀ**: ਪ੍ਰਾਜੈਕਟ ਵਿਧੀ ਵਿੱਚ ਸਿਖਲਾਈ ਸੁਭਾਵਿਕ ਰੂਪ ਨਾਲ ਹੁੰਦੀ ਹੈ। ਇਸ ਲਈ ਵਿਦਿਆਰਥੀ ਆਜ਼ਾਦੀ ਨਾਲ ਗਤੀਵਿਧੀ ਵਿੱਚ ਭਾਗ ਲੈਂਦਾ ਹੈ।

**ਉਪਯੋਗਤਾ**: ਪ੍ਰਾਪਤ ਗਿਆਨ ਵਿਦਿਆਰਥੀਆਂ ਦੇ ਵਰਤਮਾਨ ਜੀਵਨ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲਾ ਹੋਣਾ ਚਾਹੀਦਾ ਹੈ।

**ਏਕੀਕਰਨ**: ਕਿਉਂਕਿ ਪ੍ਰਾਜੈਕਟ ਅਸਲ ਜੀਵਨ ਦੀਆਂ ਸਮੱਸਿਆਵਾਂ 'ਤੇ ਆਧਾਰਿਤ ਹੁੰਦਾ ਹੈ। ਪ੍ਰਾਜੈਕਟ ਨੂੰ ਪੂਰਾ ਕਰਨ ਲਈ ਅਸਲ ਅਨੁਭਵ ਚਾਹੀਦੇ ਹਨ ਅਤੇ ਕੋਈ ਵੀ ਅਸਲ ਅਨੁਭਵ ਕੇਵਲ ਇੱਕ ਹੀ ਵਿਸ਼ੇ ਦੇ ਗਿਆਨ ਨੂੰ ਸ਼ਾਮਲ ਨਹੀਂ ਕਰਦਾ ਹੈ, ਇਸ ਲਈ ਇੱਕ ਤੋਂ ਜ਼ਿਆਦਾ ਵਿਸ਼ਿਆਂ ਦੇ ਗਿਆਨ ਨੂੰ ਜੋੜ ਕੇ ਕਿਸੇ ਪ੍ਰਾਜੈਕਟ ਨੂੰ ਸਫਲਤਾ ਪੂਰਬਕ ਪੂਰਾ ਕੀਤਾ ਜਾ ਸਕਦਾ ਹੈ। ਵਿਭਿੰਨ ਵਿਸ਼ਿਆਂ ਦੇ ਬਾਰੇ ਵਿੱਚ ਕਲਾਸ ਵਿੱਚ ਹਾਸਲ ਗਿਆਨ ਨੂੰ ਮਿਲਾ ਕੇ ਉਪਯੋਗ ਕਰਨਾ ਪ੍ਰਾਜੈਕਟ ਕਾਰਜ ਦੀ ਬੁਨਿਆਦੀ ਲੋੜ ਹੈ।

**ਲੋਕਤੰਤਰੀ ਕਦਰਾਂ ਕੀਮਤਾਂ**: ਪ੍ਰਾਜੈਕਟ ਵਿੱਚ ਕਾਰਜ ਕਰਦੇ ਸਮੇਂ ਸਮੂਹ ਵਿੱਚ ਕਾਰਜ ਕਰਨ ਵਾਲੇ ਵਿਦਿਆਰਥੀਆਂ ਨੂੰ ਇੱਕ ਦੂਜੇ ਦੀ ਸਹਾਇਤਾ ਕਰਨੀ ਚਾਹੀਦੀ ਹੈ, ਆਦਰ ਕਰਨਾ ਚਾਹੀਦਾ ਹੈ, ਵਿਚਾਰਾਂ ਨੂੰ ਆਪਸ ਵਿੱਚ ਵੰਡਣਾ ਚਾਹੀਦਾ ਹੈ ਅਤੇ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਇਸ ਪ੍ਰਕਾਰ ਨਾਲ ਵਿਸ਼ੇਸ਼ਤਾਵਾਂ ਦਾ ਪੋਸ਼ਣ ਕਰਨ ਨਾਲ ਵਿਦਿਆਰਥੀਆਂ ਵਿੱਚ ਲੋਕਤੰਤਰੀ ਕਦਰਾਂ ਕੀਮਤਾਂ ਦਾ ਵਿਕਾਸ ਹੁੰਦਾ ਹੈ। ਕਿਲਪਾਤਰਿਕ ਅਨੁਸਾਰ ਇੱਕ ਲੋਕਤੰਤਰ ਵਿੱਚ ਇਹ ਸਭ ਤੋਂ ਉੱਤਮ ਵਿਧੀ ਹੈ।

ਹੁਣ ਹੇਠ ਲਿਖੀ ਸਥਿਤੀ ਨੂੰ ਧਿਆਨ ਨਾਲ ਪੜ੍ਹੋ:

**ਸਥਿਤੀ**–10

ਇੱਕ ਕਲਾਸ ਵਿੱਚ ਵਿਦਿਆਰਥੀ ਅਤੇ ਉਨ੍ਹਾਂ ਦੇ ਅਧਿਆਪਕ ਸੰਤੋਸ਼ ਕਈ ਪ੍ਰਕਾਰ ਨਾਲ ਅਧਿਆਪਨ ਸਿਖਲਾਈ ਸਮੱਗਰੀ ਦਾ ਨਿਰਮਾਣ ਅਤੇ ਉਪਯੋਗ ਕਰਨ ਦਾ ਆਨੰਦ ਲੈਂਦੇ ਹਨ। ਕੁਝ ਮਹੀਨਿਆਂ ਬਾਅਦ ਉਹ ਟੀਐੱਲਐੱਮ ਨੂੰ ਇਕੱਤਰ ਕਰਨ ਵਿੱਚ ਚੋਣ ਕਰਨ ਵਿੱਚ ਆਪਣੇ ਆਪ ਨੂੰ ਅਵਿਵਸਥਿਤ ਪਾਉਂਦੇ ਹਨ। ਇਸ ਨਾਲ ਉਨ੍ਹਾਂ ਦੇ ਟੀਐੱਲਐੱਮ ਨਿਰਮਾਣ ਦੀ ਪ੍ਰਕਿਰਿਆ ਵੀ ਹੌਲੀ ਪੈ ਜਾਂਦੀ ਹੈ। ਉਹ ਕੁਝ ਕਰਨ ਦਾ ਫੈਸਲਾ ਲੈਂਦੇ ਹਨ ਅਤੇ ਕਲਾਸ ਵਿੱਚ ਟੀਐੱਲਐੱਮ ਕੋਨਾ ਬਣਾਉਣ ਦੀ ਯੋਜਨਾ ਬਣਾਉਂਦੇ ਹਨ। ਇਸ ਲਈ ਸੰਤੋਸ਼ ਬੱਚਿਆਂ ਨੂੰ ਇੱਕ ਸਕੂਲ ਵਿੱਚ ਲੈ ਜਾਂਦੇ ਹਨ ਜਿੱਥੇ ਹਰੇਕ ਕਲਾਸ ਵਿੱਚ ਟੀਐੱਲਐੱਮ ਤਿਆਰ ਕਰਕੇ ਟੀਐੱਲਐੱਮ ਕੋਨਾ ਵਿੱਚ ਰੱਖੇ ਜਾਂਦੇ ਸਨ। ਵਿਦਿਆਰਥੀਆਂ ਨੇ ਉੱਥੋਂ ਦੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਟੀਐੱਲਐੱਮ ਨਿਰਮਾਣ ਦੀ ਪ੍ਰਕਿਰਿਆ, ਇਕੱਤਰ ਕਰਨ ਦੀ ਪ੍ਰਕਿਰਿਆ ਅਤੇ ਉਨ੍ਹਾਂ ਦੇ ਉਪਯੋਗ ਕਰਨ ਦੀ ਪ੍ਰਕਿਰਿਆ ਦਾ ਪ੍ਰੇਖਣ ਕੀਤਾ। ਉਹ ਇਸ ਗੱਲਬਾਤ ਅਤੇ ਪ੍ਰੇਖਣ ਤੋਂ ਖੁਸ਼ ਸਨ ਅਤੇ ਆਪਣੇ ਸਕੂਲ ਵਿੱਚ ਵੀ ਇਸੀ ਪ੍ਰਕਾਰ ਨਾਲ ਟੀਐੱਲਐੱਮ ਕੋਨਾ ਬਣਾਉਣ ਦੀ ਲੋੜ ਮਹਿਸੂਸ ਕੀਤੀ। ਉੱਥੋਂ ਆਉਣ ਤੋਂ ਬਾਅਦ ਸੰਤੋਸ਼ ਨੇ ਵਿਦਿਆਰਥੀਆਂ ਨਾਲ ਬੈਠ ਕੇ ਕਲਾਸ ਵਿੱਚ ਟੀਐੱਲਐੱਮ ਕੋਨਾ ਤਿਆਰ ਕਰਨ ਦੇ ਬਾਰੇ ਵਿੱਚ ਗੱਲਬਾਤ ਕੀਤੀ। ਗੱਲਬਾਤ ਦੌਰਾਨ ਨਿਮਨਲਿਖਤ ਪ੍ਰਸ਼ਨ ਉੱਭਰ ਕੇ ਸਾਹਮਣੇ ਆਏ:

- ਕਲਾਸ ਵਿੱਚ ਕਿਹੜਾ ਸਥਾਨ ਟੀਐੱਲਐੱਮ ਕੋਨਾ ਤਿਆਰ ਕਰਨ ਲਈ ਢੁਕਵਾਂ ਹੈ ?
- ਵਿਭਿੰਨ ਵਿਸ਼ਿਆਂ ਲਈ ਕਿਸ ਪ੍ਰਕਾਰ ਦੇ ਟੀਐੱਲਐੱਮ ਤਿਆਰ ਕੀਤੇ ਜਾ ਸਕਦੇ ਹਨ ?
- ਕਿਸ ਪ੍ਰਕਾਰ ਦੇ ਟੀਐੱਲਐੱਮ ਇਕੱਤਰ ਕੀਤੇ ਜਾਣ ?
- ਟੀਐੱਲਐੱਮ ਤਿਆਰ ਕਰਨ ਲਈ ਕਿਸ ਪ੍ਰਕਾਰ ਦੀ ਸਮੱਗਰੀ ਦੀ ਲੋੜ ਪਏਗੀ ?
- ਇਸ ਪ੍ਰਕਾਰ ਦੀ ਤਿਆਰੀ ਲਈ ਕਿੰਨੇ ਰੁਪਇਆਂ ਦੀ ਲੋੜ ਹੋਏਗੀ ?
- ਇਸ ਕਾਰਜ ਲਈ ਰਾਸ਼ੀ ਦਾ ਕੀ ਸਰੋਤ ਹੈ ?
- ਪ੍ਰਾਜੈਕਟ ਨੂੰ ਪੂਰਾ ਕਰਨ ਲਈ ਕਿੰਨਾ ਸਮਾਂ ਚਾਹੀਦਾ ਹੈ ?

ਲੰਬੀ ਗੱਲਬਾਤ ਤੋਂ ਬਾਅਦ ਉਨ੍ਹਾਂ ਨੇ ਆਪਣੀ ਸੰਤੁਸ਼ਟੀ ਅਨੁਸਾਰ ਇੱਕ ਯੋਜਨਾ ਦਾ ਵਿਕਾਸ ਕੀਤਾ। ਇਸ ਤੋਂ ਬਾਅਦ ਉਨ੍ਹਾਂ ਖੁਦ ਨੂੰ ਅਲੱਗ ਅਲੱਗ ਸਮੂਹਾਂ ਵਿੱਚ ਵੰਡਿਆ, ਹਰੇਕ ਸਮੂਹ ਨੂੰ ਅਲੱਗ ਅਲੱਗ ਕਾਰਜ ਸੌਂਪਿਆਂ ਗਿਆ ਅਤੇ ਵਿਭਿੰਨ ਸਮੱਗਰੀ ਵੀ ਦਿੱਤੀ। ਵਿਦਿਆਰਥੀ ਹੁਣ ਆਪਣੇ ਕਾਰਜਾਂ ਵਿੱਚ ਜੁਟ ਜਾਂਦੇ ਹਨ। ਵਿਭਿੰਨ ਪ੍ਰਕਾਰ ਦੇ ਟੀਐੱਲਐੱਮ ਜਿਵੇਂ ਫਲੈਸ਼ਬੋਰਡ, ਨੰਬਰ ਕਾਰਡ, ਵਿਭਿੰਨ ਰੰਗਾਂ ਦੇ ਕਲੇ ਮਾਡਲ, ਵਿਭਿੰਨ ਬੀਜ, ਵਿਭਿੰਨ ਪ੍ਰਕਾਰ ਦੀ ਮਿੱਟੀ ਦੇ ਨਮੂਨੇ ਇਕੱਠੇ ਕੀਤੇ ਅਤੇ ਤਿਆਰ ਕਰਨ ਤੋਂ ਬਾਅਦ ਉਹ ਟੀਐੱਲਐੱਮ ਕਲਾਸ ਦੇ ਇੱਕ ਕੋਨੇ ਵਿੱਚ ਰੱਖੇ ਰੈਕ 'ਤੇ ਵਿਵਸਥਿਤ ਕ੍ਰਮ ਵਿੱਚ ਰੱਖਦੇ ਹਨ ਜਿਸ ਨਾਲ ਉਸ ਨੂੰ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕੇ। ਅੰਤ ਵਿੱਚ ਸੰਤੋਸ਼ ਅਤੇ ਉਸ ਦੇ ਵਿਦਿਆਰਥੀ ਬੈਠ ਕੇ ਨਿਮਨਲਿਖਤ ਪ੍ਰਸ਼ਨਾਂ ਦੇ ਆਧਾਰ 'ਤੇ ਆਪਣੇ ਕਾਰਜ ਦਾ ਮੁਲਾਂਕਣ ਕਰਦੇ ਹਨ।

ਕੀ ਵਿਭਿੰਨ ਵਿਸ਼ਿਆਂ ਦੇ ਵਿਭਿਨ ਵਿਸ਼ਾ ਵਸਤੂ ਨੂੰ ਪੜ੍ਹਾਉਣ ਲਈ ਇਹ ਟੀਐੱਲਐੱਮ ਢੁਕਵੇਂ ਹਨ ?

ਕੀ ਇਹ ਉਪਯੋਗੀ ਅਤੇ ਟਿਕਾਊ ਹਨ ?

ਕੀ ਇੱਕ ਟੀਐੱਲਐੱਮ ਨੂੰ ਵਿਭਿੰਨ ਵਿਸ਼ੇ ਪੜ੍ਹਾਉਣ ਵਿੱਚ ਅਤੇ ਵਿਭਿੰਨ ਧਾਰਨਾਵਾਂ ਨੂੰ ਸਮਝਾਉਣ ਲਈ ਵਰਤਿਆ ਜਾ ਸਕਦਾ ਹੈ ?

ਕੀ ਇਸ ਨੂੰ ਵਿਦਿਆਰਥੀਆਂ ਵੱਲੋਂ ਆਸਾਨੀ ਨਾਲ ਉਪਯੋਗ ਕੀਤਾ ਜਾ ਸਕਦਾ ਹੈ ?

ਇਸ ਤੋਂ ਬਾਅਦ ਵਿਦਿਆਰਥੀਆਂ ਨੇ ਆਪਣੇ ਪ੍ਰਾਜੈਕਟ ਦੀ ਯੋਜਨਾ, ਗੱਲਬਾਤ, ਨਿਭਾਈਆਂ ਗਈਆਂ ਜ਼ਿੰਮੇਵਾਰੀਆਂ ਅਤੇ ਮੁਲਾਂਕਣ ਨੂੰ ਧਿਆਨ ਵਿੱਚ ਰੱਖਕੇ ਇੱਕ ਰਿਪੋਰਟ ਤਿਆਰ ਕੀਤੀ। ਹਰੇਕ ਟੀਐੱਲਐੱਮ ਦਾ ਉਪਯੋਗ ਅਲੱਗ ਅਲੱਗ ਪਾਠਾਂ ਨੂੰ ਪੜ੍ਹਾਉਣ ਵਿੱਚ ਕਿਸ ਪ੍ਰਕਾਰ ਕਰਨਾ ਹੈ, ਇਸਦੇ ਤਰੀਕੇ ਵੀ ਲਿਖਤ ਰੂਪ ਵਿੱਚ ਭਵਿੱਖ ਦੇ ਸੰਦਰਭ ਲਈ ਤਿਆਰ ਕੀਤੇ ਗਏ।

ਉਪਰੋਕਤ ਉਦਾਹਰਨ ਤੋਂ ਤੁਸੀਂ ਇੱਕ ਪ੍ਰਾਜੈਕਟ ਦੇ ਆਯੋਜਨ ਦੇ ਪੜਾਵਾਂ ਦਾ ਨਿਗਮਨ ਕਰ ਸਕਦੇ ਹੋ। ਪੜਾਅ ਹਨ:

1. ਇੱਕ ਸਥਿਤੀ ਉਪਲੱਬਧ ਕਰਾਉਣਾ
2. ਸਮੱਸਿਆ ਦੀ ਚੋਣ ਕਰਨਾ
3. ਪ੍ਰਾਜੈਕਟ ਦੀ ਯੋਜਨਾ ਬਣਾਉਣੀ
4. ਲਾਗੂ ਕਰਨਾ
5. ਮੁਲਾਂਕਣ ਕਰਨਾ

**ਪ੍ਰਾਜੈਕਟ ਦੇ ਕੁਝ ਉਦਾਹਰਨ:**

• ਵਿਭਿੰਨ ਪ੍ਰਸ਼ਾਸਕੀ ਸੰਸਥਾਵਾਂ ਦਾ ਦੌਰਾ ਕਰਕੇ ਵਿਦਿਆਰਥੀ ਉਨ੍ਹਾਂ ਦੇ ਕਾਰਜਾਂ ਦੇ ਬਾਰੇ ਵਿੱਚ ਰਿਪੋਰਟ ਤਿਆਰ ਕਰ ਸਕਦੇ ਹਨ ਜਿਵੇਂ ਪੋਸਟ ਆਫਿਸ, ਹਸਪਤਾਲ, ਬੈਂਕ, ਪੁਲਿਸ ਸਟੇਸ਼ਨ ਆਦਿ।

• ਉਹ ਆਪਣੇ ਸਥਾਨਕ ਲੋਕਾਂ ਦੇ ਕਿੱਤਿਆਂ ਦੇ ਬਾਰੇ ਵਿੱਚ ਰਿਪੋਰਟ ਤਿਆਰ ਕਰ ਸਕਦੇ ਹਨ।

• ਆਪਣੇ ਸਥਾਨਕ ਲੋਕਾਂ ਦੇ ਖਾਣ ਪੀਣ ਦੀਆਂ ਆਦਤਾਂ ਦੇ ਬਾਰੇ ਵਿੱਚ ਰਿਪੋਰਟ ਤਿਆਰ ਕਰ ਸਕਦੇ ਹਨ।

**ਗਤੀਵਿਧੀ 8:**ਕੋਈ ਵੀ ਇੱਕ ਪ੍ਰਾਜੈਕਟ ਦੀ ਚੋਣ ਕਰੋ ਅਤੇ ਦੱਸੋ ਕਿ ਇਸ ਪ੍ਰਾਜੈਕਟ ਦਾ ਆਯੋਜਨ ਕਰਨ ਲਈ ਤੁਸੀਂ ਵਿਦਿਆਰਥੀਆਂ ਨੂੰ ਕਿਸ ਪ੍ਰਕਾਰ ਵਿਵਸਥਿਤ ਕਰੋਗੇ।

**ਪ੍ਰਾਜੈਕਟ ਵਿਧੀ ਦੇ ਲਾਭ**

• ਪ੍ਰਾਜੈਕਟ ਵਿਧੀ ਸਰਗਰਮ ਸਿਖਲਾਈ ਦੇ ਸਿਧਾਂਤ 'ਤੇ ਆਧਾਰਿਤ ਹੈ। ਇਸ ਵਿੱਚ ਵਿਦਿਆਰਥੀ ਸੰਪੂਰਨ ਰੂਪ ਨਾਲ ਜੁੜ ਜਾਂਦੇ ਹਨ ਜਿਸ ਨਾਲ ਉਨ੍ਹਾਂ ਦਾ ਗਿਆਨ, ਸਮਝ ਅਤੇ ਹੁਨਰ ਵਧਦਾ ਹੈ ਜਿਸ ਦਾ ਉਪਯੋਗ ਉਹ ਵਾਸਤਵਿਕ ਜੀਵਨ ਦੀਆਂ ਸਥਿਤੀਆਂ ਵਿੱਚ ਉਪਯੋਗ ਕਰ ਸਕਦੇ ਹਨ ਅਤੇ ਉਨ੍ਹਾਂ ਦੇ ਸਮੁੱਚੇ ਵਿਅਕਤੀਤਵ ਵਿਕਾਸ ਵਿੱਚ ਸਹਾਇਕ ਹੁੰਦੇ ਹਨ।

• ਕਿਉਂਕਿ ਸਾਰੀਆਂ ਗਤੀਵਿਧੀਆਂ ਅਸਲ ਜੀਵਨ ਦੇ ਅਨੁਭਵ ਨਾਲ ਸਬੰਧਿਤ ਹਨ। ਇਸ ਲਈ ਪ੍ਰਾਜੈਕਟ ਦੀ ਹਰੇਕ ਗਤੀਵਿਧੀ ਵਿਦਿਆਰਥੀਆਂ ਲਈ ਅਰਥਪੂਰਨ ਹੁੰਦੀ ਹੈ। ਇਸ ਲਈ ਅਰਥਪੂਰਨ ਸਿਖਲਾਈ ਪ੍ਰਾਜੈਕਟ ਵਿਧੀ ਨਾਲ ਖੁਦ ਜੁੜੀ ਰਹਿੰਦੀ ਹੈ।

• ਪ੍ਰਾਜੈਕਟ ਦੇ ਆਯੋਜਨ ਵਿੱਚ ਬੱਚਿਆਂ ਨੂੰ ਸੰਪੂਰਨ ਆਜ਼ਾਦੀ ਹੁੰਦੀ ਹੈ, ਇਸ ਨਾਲ ਉਨ੍ਹਾਂ ਦਾ ਆਤਮਵਿਸ਼ਵਾਸ ਵਧਦਾ ਹੈ ਅਤੇ ਵਿਦਿਆਰਥੀ ਦੇ ਵਿੱਚ ਜ਼ਿੰਮੇਵਾਰੀ ਦੇ ਭਾਵ ਦਾ ਵਿਕਾਸ ਹੁੰਦਾ ਹੈ।

• ਵਿਦਿਆਰਥੀ ਉਨ੍ਹਾਂ ਕਾਰਜਾਂ ਤੋਂ ਜਾਣੂ ਹੁੰਦੇ ਹਨ ਜਿਸ ਨੂੰ ਸ਼ਾਇਦ ਉਹ ਭਵਿੱਖ ਵਿੱਚ ਕਰਨ। ਇਸ ਪ੍ਰਕਾਰ ਪ੍ਰਾਜੈਕਟ ਵਿਧੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਜੀਵਨ ਲਈ ਤਿਆਰ ਕਰਦੀ ਹੈ।

• ਵਿਦਿਆਰਥੀ ਕਈ ਪ੍ਰਕਾਰ ਦੇ ਸਮਾਜਿਕ ਗੁਣਾਂ ਨੂੰ ਪ੍ਰਾਜੈਕਟ ਰਾਹੀਂ ਅਪਣਾਉਂਦੇ ਹਨ ਜਿਵੇਂ ਸਹਿਯੋਗ, ਸਮੂਹ ਵਿੱਚ ਕਾਰਜ ਕਰਨਾ, ਸਮੂਹ ਬੰਧਨ ਅਤੇ ਤਿਆਗ ਦੀ ਭਾਵਨਾ ਆਦਿ।

• ਪ੍ਰਾਜੈਕਟ ਗਤੀਵਿਧੀਆਂ ਲਈ ਰੁਚੀ ਅਤੇ ਪ੍ਰੇਰਣਾ ਖੁਦ ਉਤਪੰਨ ਹੁੰਦੀ ਹੈ ਅਤੇ ਕੋਈ ਬਾਹਰੀ ਬਲ ਜਾਂ ਪ੍ਰੇਰਣਾ ਦੀ ਲੋੜ ਨਹੀਂ ਪੈਂਦੀ ਹੈ।

• ਪ੍ਰਾਜੈਕਟ ਦੇ ਪੂਰਾ ਹੋਣ 'ਤੇ ਪ੍ਰਾਜੈਕਟ ਵਿਅਕਤੀਗਤ ਰੂਪ ਨਾਲ ਵਿਦਿਆਰਥੀ ਨੂੰ ਉਪਲੱਬਧੀ ਦਾ ਅਹਿਸਾਸ ਦਿਵਾਉਂਦਾ ਹੈ। ਇਸ ਨਾਲ ਵਿਦਿਆਰਥੀ ਅੱਗੇ ਸਿੱਖਣ ਲਈ ਉਤਸ਼ਾਹਿਤ ਹੁੰਦੇ ਹਨ।

**ਈ.6 ਪ੍ਰਾਜੈਕਟ ਵਿਧੀ ਦੀਆਂ ਕੋਈ ਤਿੰਨ ਸੀਮਾਵਾਂ ਦਾ ਵਰਣਨ ਕਰੋ।**

### 3.4.3 ਸਮੱਸਿਆ ਸਮਾਧਾਨ ਵਿਧੀ

ਅਸੀਂ ਆਪਣੇ ਦੈਨਿਕ ਜੀਵਨ ਵਿੱਚ ਕਈ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਾਂ। ਤੁਹਾਨੂੰ ਕਦੋਂ ਮਹਿਸੂਸ ਹੁੰਦਾ ਹੈ ਕਿ ਕੋਈ ਸਥਿਤੀ ਸਮੱਸਿਆਤਮਕ ਬਣ ਗਈ ਹੈ। ਇਸ ਪ੍ਰਕਾਰ ਨਾਲ ਸਮੱਸਿਆ ਦਾ ਸਮਾਧਾਨ ਤੁਸੀਂ ਕਿਵੇਂ ਕਰਦੇ ਹੋ ?

**ਗਤੀਵਿਧੀ 9**

ਹਾਲ ਹੀ ਵਿੱਚ ਤੁਹਾਨੂੰ ਜਿਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਉਨ੍ਹਾਂ ਦੀ ਸੂਚੀ ਬਣਾਓ। ਉਨ੍ਹਾਂ ਵਿੱਚੋਂ ਕਿਸੇ ਇੱਕ ਸਮੱਸਿਆ ਦਾ ਸਮਾਧਾਨ ਤੁਸੀਂ ਕਿਸ ਪ੍ਰਕਾਰ ਨਾਲ ਕੀਤਾ ? ਸਮਾਧਾਨ ਦੇ ਪੜਾਵਾਂ ਨੂੰ ਕ੍ਰਮ ਨਾਲ ਲਿਖੋ।

ਆਓ ਹੇਠ ਦਿੱਤੀ ਗਈ ਇੱਕ ਆਮ ਸਮੱਸਿਆ ਤੋਂ ਸ਼ੁਰੂ ਕਰਦੇ ਹਾਂ;

ਮੰਨ ਲਓ ਸਮੇਂ 'ਤੇ ਸਕੂਲ ਪਹੁੰਚਣ ਲਈ ਤੁਸੀਂ ਬੱਸ ਰਾਹੀਂ ਯਾਤਰਾ ਕਰਦੇ ਹੋ। ਤੁਹਾਡੇ ਘਰ ਤੋਂ ਤੁਹਾਡਾ ਸਕੂਲ 30 ਕਿਲੋਮੀਟਰ ਦੂਰ ਹੈ। ਤੁਸੀਂ ਰੋਜ਼ਾਨਾ ਉਸੀ ਬੱਸ ਰਾਹੀਂ ਸਕੂਲ ਜਾਂਦੇ ਹੋ। ਇੱਕ ਦਿਨ ਸਕੂਲ ਜਾਂਦੇ ਸਮੇਂ ਬੱਸ ਰਸਤੇ ਵਿੱਚ ਖਰਾਬ ਹੋ ਗਈ, ਤੁਸੀਂ ਇੱਕ ਹੀ ਸਥਾਨ 'ਤੇ ਫਸ ਜਾਂਦੇ ਹੋ, ਪਰ ਤੁਹਾਨੂੰ ਸਮੇਂ 'ਤੇ ਸਕੂਲ ਪਹੁੰਚਣਾ ਹੈ, ਤੁਸੀਂ ਕੀ ਕਰੋਗੇ ?

ਇਸ ਕੇਸ ਵਿੱਚ ਕੀ ਸਮੱਸਿਆ ਹੈ ?

ਤੁਹਾਨੂੰ ਸਮੇਂ 'ਤੇ ਸਕੂਲ ਪਹੁੰਚਣਾ ਹੈ। ਤੁਸੀਂ ਫਸ ਗਏ ਹੋ ਅਤੇ ਇਸ ਸਮੇਂ ਤੁਸੀਂ ਇਹ ਨਹੀਂ ਜਾਣਦੇ ਹੋ ਕਿ ਸਮੇਂ ਤੋਂ ਸਕੂਲ ਕਿਵੇਂ ਪਹੁੰਚਿਆ ਜਾਵੇ।

ਇਸ ਨੂੰ ਹੱਲ ਕਰਨ ਦਾ ਤਰੀਕਾ ?

ਸਕੂਲ ਪਹੁੰਚਣ ਲਈ ਸੰਭਾਵਿਤ ਤਰੀਕਿਆਂ ਦੀ ਸੂਚੀ ਬਣਾਓਗੇ। (1) ਤੁਸੀਂ ਪੈਦਲ ਸਕੂਲ ਜਾ ਸਕਦੇ ਹੋ, (2) ਤੁਸੀਂ ਅਗਲੀ ਬੱਸ ਦਾ ਇੰਤਜ਼ਾਰ ਕਰ ਸਕਦੇ ਹੋ। (3) ਤੁਸੀਂ ਇੱਕ ਵਿਅਕਤੀ ਤੋਂ ਉਸ ਦੇ ਵਾਹਨ ਵਿੱਚ ਲਿਫਟ ਮੰਗ ਸਕਦੇ ਹੋ, (4) ਤੁਸੀਂ ਨਜ਼ਦੀਕ ਦੀ ਦੁਕਾਨ ਤੋਂ ਸਾਇਕਲ ਕਿਰਾਏ 'ਤੇ ਲੈ ਸਕਦੇ ਹੋ ਅਤੇ ਸਕੂਲ ਪਹੁੰਚ ਸਕਦੇ ਹੋ ਆਦਿ।

ਇਨ੍ਹਾਂ ਵਿੱਚੋਂ ਕਿਸ ਤਰੀਕੇ ਦੀ ਚੋਣ ਕਰੋਗੇ ?

ਹਰੇਕ ਵਿਕਲਪ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਤੁਹਾਨੂੰ ਸਕੂਲ ਪਹੁੰਚਣ ਲਈ ਇੱਕ ਵਾਹਨ ਦੀ ਚੋਣ ਕਰਨੀ ਹੈ ਤਾਂ ਕਿ ਤੁਸੀਂ ਸਮੇਂ 'ਤੇ ਸਕੂਲ ਪਹੁੰਚ ਜਾਓ।

ਆਓ ਉਨ੍ਹਾਂ ਪ੍ਰਸ਼ਨਾਂ ਦਾ ਉੱਤਰ ਦੇਣ ਦੀ ਕੋਸ਼ਿਸ਼ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਸ਼ੁਰੂ ਵਿੱਚ ਉਠਾਇਆ ਸੀ। ਤੁਸੀਂ ਕਦੋਂ ਆਪਣੇ ਆਪ ਨੂੰ ਸਮੱਸਿਆਤਮਕ ਸਥਿਤੀ ਵਿੱਚ ਮਹਿਸੂਸ ਕਰਦੇ ਹੋ ? ਉੱਤਰ ਇਸ ਪ੍ਰਕਾਰ ਹੋ ਸਕਦਾ ਹੈ, ਤੁਸੀਂ ਸਮੱਸਿਆਤਮਕ ਸਥਿਤੀ ਵਿੱਚ ਹੋ ਜਦੋਂ ਤੁਸੀਂ ਜਾਣਦੇ ਹੋ ਤੁਹਾਨੂੰ ਕੀ ਕਰਨਾ ਹੈ, ਪਰ ਇਹ ਨਹੀਂ ਜਾਣਦੇ ਕਿ ਕਿਸ ਪ੍ਰਕਾਰ ਕਰਨਾ ਹੈ ?

ਦੂਜੇ ਸ਼ਬਦਾਂ ਵਿੱਚ ਅਸੀਂ ਆਪਣੇ ਟੀਚੇ ਜਾਂ ਉਦੇਸ਼ ਪ੍ਰਤੀ ਸੁਨਿਸ਼ਚਤ ਹਾਂ, ਪਰ ਇਸ ਨੂੰ ਪ੍ਰਾਪਤ ਕਰਨ ਦੇ ਤਰੀਕਿਆਂ ਦੇ ਬਾਰੇ ਵਿੱਚ ਸੁਨਿਸ਼ਚਤ ਨਹੀਂ ਹਾਂ। ਸਿਖਲਾਈ ਦੇ ਸੰਦਰਭ ਵਿੱਚ ਇਸ ਲਈ ਸਮੱਸਿਆ ਸਮਾਧਾਨ ਦਾ ਅਰਥ ਸਿਖਲਾਈ ਉਦੇਸ਼ ਨੂੰ ਪ੍ਰਾਪਤ ਕਰਨ ਲਈ ਸਭ ਤੋਂ ਢੁਕਵਾਂ ਤਰੀਕਾ ਲੱਭਣਾ ਹੈ।

ਬੱਚੇ ਵੀ ਆਪਣੇ ਦੈਨਿਕ ਜੀਵਨ ਦੀਆਂ ਕਈ ਸਮੱਸਿਆਵਾਂ ਦਾ ਸਮਾਧਾਨ ਉਸੀ ਤਰੀਕੇ ਨਾਲ ਕਰਦੇ ਹਨ ਜਿਵੇਂ ਅਸੀਂ ਕਰਦੇ ਹਾਂ। ਉਹ ਸਮੱਸਿਆ ਦਾ ਸਮਾਧਾਨ ਕਰਕੇ ਸਿੱਖ ਸਕਦੇ ਹਨ।

ਆਓ ਇੱਕ ਕਲਾਸ ਸਥਿਤੀ ਦੇ ਉਦਾਹਰਨ 'ਤੇ ਧਿਆਨ ਦਈਏ।

**ਸਥਿਤੀ 11**

ਸੌਮਿਆ ਛੇਵੀਂ ਜਮਾਤ ਵਿੱਚ 'ਪੌਦੇ ਦੇ ਵਿਭਿੰਨ ਭਾਗ' ਪੜ੍ਹਾ ਰਹੀ ਹੈ। ਸਭ ਤੋਂ ਪਹਿਲਾਂ ਉਨ੍ਹਾਂ ਨੇ ਕਲਾਸ ਨੂੰ ਛੋਟੇ ਸਮੂਹਾਂ ਵਿੱਚ ਵੰਡਿਆ, ਹਰੇਕ ਸਮੂਹ ਨੂੰ ਅਦਰਕ ਦਾ ਟੁਕੜਾ ਦਿੱਤਾ ਅਤੇ ਪੂਰੀ ਕਲਾਸ ਲਈ ਇੱਕ ਸਮੱਸਿਆ ਰੱਖੀ ਜਿਸ ਨੂੰ ਬੱਚਿਆਂ ਨੇ ਹੱਲ ਕਰਨਾ ਸੀ।

ਪ੍ਰਸ਼ਨ– ਪੌਦੇ ਦਾ ਕਿਹੜਾ ਭਾਗ ਅਦਰਕ ਹੈ ?

ਵਿਦਿਆਰਥੀਆਂ ਨੇ ਸਮੱਸਿਆ ਨੂੰ ਸਮਝਿਆ ਕਿ ਅਦਰਕ ਪੌਦੇ ਦਾ ਇੱਕ ਭਾਗ ਹੈ ਅਤੇ ਉਨ੍ਹਾਂ ਨੂੰ ਉਸ ਭਾਗ ਨੂੰ ਲੱਭਣਾ ਹੈ। ਉਨ੍ਹਾਂ ਦੇ ਦਿਮਾਗ ਵਿੱਚ ਅਦਰਕ ਦੇ ਬਾਰੇ ਵਿੱਚ ਇਸ ਪ੍ਰਕਾਰ ਦੇ ਵਿਚਾਰ ਆਏ–

- ਇਸ ਦਾ ਰੰਗ ਭੂਰਾ ਹੈ।
- ਇਹ ਜ਼ਮੀਨ ਦੇ ਅੰਦਰ ਉੱਗਦਾ ਹੈ।
- ਅਸੀਂ ਅਦਰਕ ਨੂੰ ਭੋਜਨ ਦੇ ਰੂਪ ਵਿੱਚ ਲੈਂਦੇ ਹਾਂ।
- ਅਦਰਕ ਦੇ ਟੁਕੜੇ ਨਾਲ ਨਵੇਂ ਅਦਰਕ ਦਾ ਪੌਦਾ ਉਗਾਇਆ ਜਾਂਦਾ ਹੈ।

ਵਿਦਿਆਰਥੀਆਂ ਨੇ ਇਸ ਸੂਚਨਾ ਨੂੰ ਕਈ ਸਰੋਤਾਂ ਤੋਂ ਇਕੱਤਰ ਕੀਤਾ ਹੋਏਗਾ। (ਕਿਤਾਬ, ਦੂਜਿਆਂ ਤੋਂ ਪ੍ਰਸ਼ਨ ਪੁੱਛ ਕੇ) ਇਸ ਸੂਚਨਾ ਨਾਲ ਉਨ੍ਹਾਂ ਨੇ ਇਹ ਅਨੁਮਾਨ ਲਗਾਇਆ ਹੋਏਗਾ ਕਿ

ਅਦਰਕ ਹੋ ਸਕਦਾ ਹੈ–

- ਇੱਕ ਜੜ੍ਹ
- ਇੱਕ ਫਲ
- ਇੱਕ ਤਣਾ

ਇਸ ਤੋਂ ਬਾਅਦ ਵਿਦਿਆਰਥੀਆਂ ਨੇ ਜੜ੍ਹ, ਫਲ ਅਤੇ ਤਣੇ ਦੀਆਂ ਵਿਸ਼ੇਸ਼ਤਾਵਾਂ ਦੇ ਬਾਰੇ ਵਿੱਚ ਸੂਚਨਾ ਇਕੱਠੀ ਕੀਤੀ ਅਤੇ ਅਦਰਕ ਨਾਲ ਤੁਲਨਾ ਕੀਤੀ ਅਤੇ ਦੇਖਿਆ ਕਿ ਅਦਰਕ ਦੀਆਂ ਉਹੀ ਵਿਸ਼ੇਸ਼ਤਾਵਾਂ ਹਨ ਜੋ ਇੱਕ ਤਣੇ ਦੀ ਹੈ। (ਨੋਡ ਅਤੇ ਇੰਟਰਨੋਡ ਦੀ ਮੌਜੂਦਗੀ, ਪੱਤੇ ਇਨ੍ਹਾਂ ਦੇ ਨੋਡ ਤੋਂ ਪੈਦਾ ਹੁੰਦੇ ਹਨ)। ਇਸ ਲਈ ਵਿਦਿਆਰਥੀਆਂ ਨੇ ਇਹ ਸਿੱਟਾ ਕੱਢਿਆ ਕਿ ਅਦਰਕ ਪੌਦੇ ਦਾ ਇੱਕ ਤਣਾ ਹੈ ਅਤੇ ਇਹ ਭੂਮੀ ਦੇ ਅੰਦਰ ਉੱਗਦਾ ਹੈ। ਉਹ ਇਸੀ ਤਰ੍ਹਾਂ ਦੇ ਹੋਰ ਉਦਾਹਰਨ ਦੇਣ ਵਿੱਚ ਯੋਗ ਹੋ ਗਏ ਸਨ ਜਿਵੇਂ ਪਿਆਜ਼, ਆਲੂ ਆਦਿ ਵੀ ਜ਼ਮੀਨ ਦੇ ਅੰਦਰ ਉੱਗਦੇ ਹਨ


ਸਮੱਸਿਆ ਸਮਾਧਾਨ ਵਿਧੀ ਦੇ ਪੜਾਅ

ਉਪਰੋਕਤ ਸਥਿਤੀ ਨਾਲ ਤੁਹਾਨੂੰ ਸਮੱਸਿਆ ਸਮਾਧਾਨ ਵਿਧੀ ਦੇ ਪੜਾਵਾਂ ਦੇ ਬਾਰੇ ਵਿੱਚ ਕੁਝ ਵਿਚਾਰ ਜ਼ਰੂਰ ਆਇਆ ਹੋਏਗਾ। ਹਾਲਾਂਕਿ ਸਮੱਸਿਆ ਸਮਾਧਾਨ ਦੇ ਕਈ ਮਾਡਲ ਹਨ। ਇਸੀ ਪ੍ਰਕਾਰ ਦਾ ਇੱਕ ਮਾਡਲ ਹੈ 'ਆਈਡਲ ਮਾਡਲ ਆਫ ਬਰਾਂਸਫੋਰਡ' (ਬਰਾਂਸਫੋਰਡ ਐਂਡ ਸੈਟਿਨ, 1984) (**IDEAL model** of Bransford (Bransford & Stein, 1984) ਜਿਸ ਰਾਹੀਂ ਸਮੱਸਿਆ ਸਮਾਧਾਨ ਕੀਤਾ ਜਾਂਦਾ ਹੈ ਇਸ ਦੇ ਨਿਮਨ ਪੜਾਅ ਹਨ–

1) ਸਮੱਸਿਆ ਨੂੰ ਪਛਾਣਨਾ
2) ਸੋਚ ਵਿਚਾਰ ਕਰਕੇ ਸਮੱਸਿਆ ਨੂੰ ਪਰਿਭਾਸ਼ਿਤ ਕਰਨਾ ਅਤੇ ਪ੍ਰਸੰਗਿਕ ਸੂਚਨਾ ਨੂੰ ਛਾਂਟਣਾ।
3) ਵਿਭਿੰਨ ਵਿਕਲਪਿਕ ਸਮਾਧਾਨਾਂ ਨੂੰ ਲੱਭਣਾ, ਵਿਚਾਰ ਮੰਥਨ ਕਰਨਾ ਅਤੇ ਵਿਭਿੰਨ ਵਿਚਾਰਾਂ ਦੀ ਜਾਂਚ ਕਰਨਾ।
4) ਰਣਨੀਤੀਆਂ ਦਾ ਕਾਰਜ ਕਰਨਾ।
5) ਪਿਛੋਕੜ ਦਾ ਮੁਲਾਂਕਣ ਕਰੋ ਅਤੇ ਆਪਣੀਆਂ ਗਤੀਵਿਧੀਆਂ ਦੇ ਪ੍ਰਭਾਵ ਦਾ ਮੁਲਾਂਕਣ ਕਰੋ।

ਇਸ ਪ੍ਰਕਾਰ ਦੇ ਮਾਡਲ ਨੂੰ ਇਸ ਧਾਰਨਾ 'ਤੇ ਵਿਕਸਤ ਕੀਤਾ ਜਾਂਦਾ ਹੈ ਕਿ ਅਮੂਰਤ ਸਮੱਸਿਆ ਸਮਾਧਾਨ ਕੌਸ਼ਲਾਂ ਨੂੰ ਸਿੱਖ ਕੇ ਇਨ੍ਹਾਂ ਕੌਸ਼ਲਾਂ ਨੂੰ ਕਿਸੇ ਵੀ ਸਥਿਤੀ ਵਿੱਚ ਲਿਆ ਜਾ ਸਕਦਾ ਹੈ (ਕਿਸੇ ਧਾਰਨਾ ਨੂੰ ਸਿੱਖਣਾ)। ਇਹ ਧਾਰਨਾ ਵਿਦਿਆਰਥੀਆਂ ਦੇ ਪੂਰਵ ਅਨੁਭਵ 'ਤੇ ਵਿਚਾਰ ਨਹੀਂ ਕਰਦੀ ਹੈ, ਪਰ 1980 ਤੋਂ ਸਮੱਸਿਆ ਸਮਾਧਾਨ 'ਤੇ ਸੋਧਕਰਤਾਵਾਂ ਦਾ ਝੁਕਾਅ ਪ੍ਰਸੰਗ ਆਧਾਰਿਤ ਸਮੱਸਿਆਵਾਂ ਦੀ ਤਰਫ਼ ਹੈ। ਇਸ ਦਾ ਅਰਥ ਹੈ ਕਿ ਵਿਸ਼ਾ ਵਸਤੂ ਦਾ ਅਧਿਐਨ ਕਰਦੇ ਸਮੇਂ ਜਿਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਵਿਦਿਆਰਥੀ ਕਰਦੇ ਹਨ ਉਹ ਖੁਦ ਇੱਕ ਪ੍ਰਸੰਗ ਜਾਂ ਇੱਕ ਸਥਿਤੀ 'ਤੇ ਆਧਾਰਿਤ ਹੁੰਦੇ ਹਨ। ਸਮੱਸਿਆ ਦੀ ਪ੍ਰਕਿਰਤੀ ਅਲੱਗ ਅਲੱਗ ਪ੍ਰਸੰਗ ਵਿੱਚ ਅਲੱਗ ਅਲੱਗ ਹੋ ਸਕਦੀ ਹੈ। 1983 ਵਿੱਚ ਮੇਅਰ ਨੇ ਸਮੱਸਿਆ ਸਮਾਧਾਨ ਨੂੰ ਪਰਿਭਾਸ਼ਿਤ ਇੱਕ ਬਹੁਪੜਾਵੀ ਪ੍ਰਕਿਰਿਆ ਦੇ ਰੂਪ ਵਿੱਚ ਕੀਤਾ ਹੈ ਜਿੱਥੇ ਸਮਾਧਾਨ ਕਰਤਾ ਨੂੰ ਆਪਣੇ ਪਹਿਲਾਂ ਦੇ ਅਨੁਭਵਾਂ ਅਤੇ ਵਰਤਮਾਨ ਸਮੱਸਿਆ ਦੇ ਵਿਚਕਾਰ ਸਬੰਧਾਂ ਨੂੰ ਲੱਭਣਾ ਜ਼ਰੂਰੀ ਹੈ ਅਤੇ ਫਿਰ ਉਸ ਤੋਂ ਬਾਅਦ ਸਮਾਧਾਨ ਪ੍ਰਾਪਤ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ।

ਬਾਰ ਬਾਰ ਉਪਯੋਗ ਕੀਤੇ ਜਾਣ ਵਾਲੇ ਸਮੱਸਿਆ ਸਮਾਧਾਨ ਦਾ ਮਾਡਲ ਨਿਮਨਲਿਖਤ ਚਿੱਤਰ ਵਿੱਚ ਦਿਖਾਇਆ ਗਿਆ ਹੈ।




ਚਿੱਤਰ 3.3 ਸਮੱਸਿਆ ਸਮਾਧਾਨ ਪ੍ਰਕਿਰਿਆ ਦਾ ਮਾਡਲ

(ਸਰੋਤ: ਗਿਕ, 1986)

ਇਹ ਮਾਡਲ ਸਮੱਸਿਆ ਸਮਾਧਾਨ ਦੀਆਂ ਤਿੰਨ ਬੌਧਿਕ ਗਤੀਵਿਧੀਆਂ ਦੇ ਬੁਨਿਆਦੀ ਕ੍ਰਮ ਦੀ ਪਛਾਣ ਕਰਦਾ ਹੈ।

• ਸਮੱਸਿਆ ਦਾ ਪ੍ਰਸਤੂਤੀਕਰਨ (1) ਢੁਕਵੇਂ ਪ੍ਰਸੰਗਿਕ ਗਿਆਨ ਨੂੰ ਯਾਦ ਕਰਦਾ (ਪਹਿਲਾ ਗਿਆਨ) ਅਤੇ (2) ਟੀਚੇ ਦੀ ਪਛਾਣ ਅਤੇ ਸਮੱਸਿਆ ਲਈ ਪ੍ਰਸੰਗਿਕ ਸ਼ੁਰੂਆਤੀ ਸਥਿਤੀ ਨੂੰ ਪਛਾਣਨਾ।

• ਸਮਾਧਾਨ ਲੱਭਣਾ ਇਸ ਟੀਚੇ ਨੂੰ ਸੋਧਣਾ (ਵਿਕਲਪਿਕ ਹਲ/ਧਾਰਨਾ) ਅਤੇ ਟੀਚੇ ਤੱਕ ਪਹੁੰਚਣ ਲਈ ਕਿਰਿਆਵਾਂ ਦੀ ਯੋਜਨਾ ਦਾ ਵਿਕਾਸ ਕਰਨਾ ਸ਼ਾਮਲ ਹੈ।

• ਸਮਾਧਾਨ ਨੂੰ ਲਾਗੂ ਕਰਨਾ ਵਿੱਚ (1) ਯੋਜਨਾ ਕਿਰਿਆ ਨੂੰ ਲਾਗੂ ਕਰਨਾ ਅਤੇ (2) ਨਤੀਜਿਆਂ ਦਾ ਮੁਲਾਂਕਣ ਕਰਨਾ ਸ਼ਾਮਲ ਹੈ।

ਕਲਾਸ ਅਧਿਆਪਕ ਦੇ ਰੂਪ ਵਿੱਚ ਸਮੱਸਿਆ ਸਮਾਧਾਨ ਵਿਧੀ ਦਾ ਪਾਲਣ ਕਰਦੇ ਸਮੇਂ ਤੁਹਾਨੂੰ ਨਿਮਨਲਿਖਤ ਪੜਾਵਾਂ ’ਤੇ ਵਿਚਾਰ ਕਰਨਾ ਚਾਹੀਦਾ ਹੈ:

• ਸਮੱਸਿਆ ਪਛਾਣਨਾ ਜਾਂ ਅਨੁਮਾਨ ਲਗਾਉਣਾ

• ਵਿਭਿੰਨ ਸਰੋਤਾਂ ਨਾਲ ਸੂਚਨਾ ਉਪਯੋਗ ਕਰਕੇ ਸਮੱਸਿਆ ਨੂੰ ਸਪੱਸ਼ਟ ਰੂਪ ਨਾਲ ਸਮਝਣਾ ਅਤੇ ਇਸ ਦੀ ਜੜ੍ਹ ਤੱਕ ਪਹੁੰਚਣਾ।

• ਵਿਕਲਪਿਕ ਹੱਲ ਉਤਪੰਨ ਕਰਨਾ

• ਵਿਕਲਪਾਂ ਦੇ ਲਾਭ ਅਤੇ ਹਾਨੀ ਪੱਖਾਂ ਦਾ ਮੁਲਾਂਕਣ ਕਰਨਾ, ਨਾਲ ਹੀ ਖਤਰਿਆਂ ਅਤੇ ਲਾਭਾਂ ਅਤੇ ਲਘੂ ਅਤੇ ਲੰਬੇ ਨਤੀਜਿਆਂ ਦਾ ਮੁਲਾਂਕਣ ਕਰਨਾ।

• ਇੱਕ ਅਜਿਹੇ ਵਿਕਲਪ ਦੀ ਚੋਣ ਕਰਨੀ ਜੋ ਕਿ ਟੀਚਾ, ਪ੍ਰਸੰਗ ਅਤੇ ਉਪਲੱਬਧ ਸਰੋਤਾਂ ਲਈ ਸਭ ਤੋਂ ਜ਼ਿਆਦਾ ਢੁਕਵਾਂ ਹੋਵੇ।

• ਸਮਾਧਾਨ ਜਾਂ ਫੈਸਲੇ ਦੇ ਪ੍ਰਭਾਵੀਕਰਨ ਦਾ ਮੁਲਾਂਕਣ ਕਰਨ ਲਈ ਮਾਪਦੰਡ ਸਥਾਪਿਤ ਕਰਨਾ।

**ਗਤੀਵਿਧੀ** 10ਜੋ ਵਿਸ਼ਾ ਤੁਸੀਂ ਪੜ੍ਹ ਰਹੇ ਹੋ ਉਸ ਵਿੱਚੋਂ ਇੱਕ ਵਿਸ਼ਾ ਵਸਤੂ ਦੀ ਚੋਣ ਕਰੋ ਅਤੇ ਸਮੱਸਿਆ ਸਮਾਧਾਨ ਵਿਧੀ ਦਾ ਪਾਲਣ ਕਰਕੇ ਯੋਜਨਾ ਦਾ ਵਿਕਾਸ ਕਰੋ।

ਸਮੱਸਿਆ ਸਮਾਧਾਨ ਵਿਧੀ ਵਿੱਚ ਚਿੰਤਾਨਾਤਮਕ ਸੋਧ, ਚਿੰਤਨਸ਼ੀਲ ਸੋਚ ਵਿਚਾਰ ਅਤੇ ਵਿਸ਼ੇਸ਼ ਯੋਗਤਾਵਾਂ, ਹੁਨਰਾਂ ਅਤੇ ਦ੍ਰਿਸ਼ਟੀਕੋਣ ਦੇ ਉਪਲੱਬਧ ਦਾ ਨਤੀਜਾ ਸ਼ਾਮਲ ਹੈ। ਤੁਹਾਨੂੰ ਅਜਿਹੀਆਂ ਸਥਿਤੀਆਂ ਜਾਂ ਗਤੀਵਿਧੀਆਂ ਉਪਲੱਬਧ ਕਰਾਉਣੀਆਂ ਚਾਹੀਦੀਆਂ ਹਨ ਜਿਸ ਨਾਲ ਸਮੱਸਿਆ ਉਤਪੰਨ ਹੋਵੇ। ਇਸ ਵਿੱਚ ਸਮੱਸਿਆ ਦਾ ਵਿਸ਼ਲੇਸ਼ਣ ਕਰਨ ਲਈ ਇੱਕ ਨਿਸ਼ਚਤ ਪ੍ਰਕਿਰਿਆ, ਆਗਮਨਾਤਮਕ ਰੂਪ ਨਾਲ ਇਸ ਦਾ ਹੱਲ ਲੱਭਣਾ ਅਤੇ ਅੰਤ ਵਿੱਚ ਨਿਗਮਨਾਤਮਕ ਸਿਖਲਾਈ ਰਾਹੀਂ ਸਮਾਨੀਕਰਨ ਦੀ ਸੰਪੂਰਨਤਾ ਨਾਲ ਜਾਂਚ ਕਰਨਾ ਸ਼ਾਮਲ ਹੈ। ਜਿਵੇਂ ਕਿ ਇਸ ਵਿੱਚ ਚਿੰਤਨਸ਼ੀਲ ਸੋਚ ਅਤੇ ਤਰਕ ਸ਼ਾਮਲ ਹੈ ਇਸ ਲਈ ਇਸ ਦਾ ਉਪਯੋਗ ਛੋਟੀਆਂ ਜਮਾਤਾਂ ਲਈ ਨਹੀਂ ਕੀਤਾ ਜਾ ਸਕਦਾ।

### 3.4.4 **ਖੋਜ ਵਿਧੀ**

ਇਸ ਵਿਧੀ ਨੂੰ 'ਹਿਊਰੀਸਟਿਕ ਵਿਧੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। 'ਹਿਊਰੀਸਟਿਕ' ਸ਼ਬਦ ਗਰੀਕ ਸ਼ਬਦ 'ਹਿਊਰੀਸਿਕਾ' ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ 'ਪਤਾ ਲਗਾਉਣਾ'। ਇਸ ਨੂੰ ਖੋਜਬੀਨ ਵਿਧੀ ਵੀ ਕਹਿੰਦੇ ਹਨ। ਪ੍ਰੋ. ਹੈਨਰੀ ਐਡਵਰਡ ਅਰਮਸਟਰੌਂਗ ਦੇ ਅਨੁਸਾਰ ਜਿਨ੍ਹਾਂ ਨੇ ਵਿਗਿਆਨ ਪੜ੍ਹਾਉਣ ਲਈ ਇਸ ਵਿਧੀ ਤੋਂ ਜਾਣੂ ਕਰਾਇਆ "ਹਿਊਰੀਸਟਿਕ ਵਿਧੀ' ਸਿੱਖਿਆ ਦੀ ਇੱਕ ਵਿਧੀ ਹੈ। ਜਿਸ ਵਿੱਚ ਜਿੰਨਾ ਸੰਭਵ ਹੋ ਸਕੇ ਬੱਚਿਆਂ ਨੂੰ ਖੋਜਕਰਤਾ ਦੀ ਮਨੋਵਿਰਤੀ 'ਤੇ ਪੱਧਰ 'ਤੇ ਲਿਆਉਣਾ ਹੈ। ਇਹ ਇੱਕ ਅਜਿਹੀ ਵਿਧੀ ਹੈ ਜਿਸ ਵਿੱਚ ਬੱਚੇ ਖੁਦ ਵਸਤੂਆਂ ਦੀ ਖੋਜ ਕਰਦੇ ਹਨ। ਉਨ੍ਹਾਂ ਨੂੰ ਖੋਜਕਰਤਾ ਜਾਂ ਅਵਿਸ਼ਕਾਰ ਦੇ ਸਥਾਨ 'ਤੇ ਰੱਖਿਆ ਜਾਂਦਾ ਹੈ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਵਿਦਿਆਰਥੀਆਂ ਨੂੰ ਸਮੱਸਿਆ ਦਾ ਸਮਾਧਾਨ ਲੱਭਣ ਲਈ ਕਹੋ, ਉਨ੍ਹਾਂ ਨੂੰ ਵਿਆਖਿਆ ਨਾ ਦਿਓ। ਵਿਦਿਆਰਥੀਆਂ ਨੂੰ ਸਮੱਸਿਆ ਉਪਲੱਬਧ ਕਰਾਈ ਜਾਂਦੀ ਹੈ। ਵਿਦਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਨਿਰਦੇਸ਼ਨ ਦੇ ਅਨੁਸਾਰ ਪ੍ਰੇਖਣ ਅਤੇ ਪ੍ਰਯੋਗ ਕਰੋ। ਸਿੱਟਾ ਵਿਦਿਆਰਥੀਆਂ ਵੱਲੋਂ ਕੱਢਿਆ ਜਾਂਦਾ ਹੈ ਅਤੇ ਇਸ ਪ੍ਰਕਾਰ ਚਿੰਤਨਸ਼ੀਲ ਕੌਸ਼ਲ ਦੀ ਜਾਣ ਪਛਾਣ ਖੁਦ ਦੇ ਪ੍ਰੇਖਣ ਅਤੇ ਪ੍ਰਯੋਗ ਰਾਹੀਂ ਹੋ ਜਾਂਦੀ ਹੈ।

**ਖੋਜ ਵਿਧੀ ਦੇ ਪੜਾਅ ਨਿਮਨਲਿਖਤ ਹਨ–**

1. ਸਮੱਸਿਆ ਦੀ ਪਛਾਣ ਕਰਨੀ
2. ਪ੍ਰੇਖਣ ਅਤੇ ਪ੍ਰਯੋਗ ਕਰਨਾ
3. ਸਮੱਸਿਆ ਸਮਾਧਾਨ
4. ਮੁਲਾਂਕਣ

ਇਸ ਵਿਧੀ ਦਾ ਪਾਲਣ ਕਰਕੇ ਇੱਕ ਕਲਾਸ ਦੇ ਸੰਚਾਲਨ 'ਤੇ ਆਓ ਵਿਚਾਰ ਕਰਦੇ ਹਾਂ–

**ਸਥਿਤੀ** 12:

ਮੀਨਾਕਸ਼ੀ ਨੂੰ ਚੌਥੀ ਕਲਾਸ ਵਿੱਚ ਵਾਤਾਵਰਣ ਅਧਿਐਨ ਵਿਸ਼ੇ ਤਹਿਤ 'ਪਦਾਰਥ ਦੀ ਅਵਸਥਾ ਵਿੱਚ ਤਬਦੀਲੀ' ਪੜ੍ਹਾਉਣਾ ਸੀ। ਪਾਠ ਦਾ ਉਦੇਸ਼ ਸੀ ਵਿਦਿਆਰਥੀ ਸਿੱਖਣਗੇ ਕਿ ਪਦਾਰਥ ਨੂੰ ਗਰਮ ਕਰਨ 'ਤੇ ਦ੍ਰਵ ਅਵਸਥਾ ਵਿੱਚ ਤਬਦੀਲ ਹੁੰਦਾ ਜਾਂਦਾ ਹੈ ਫਿਰ ਗੈਸੀ ਅਵਸਥਾ ਵਿੱਚ ਤਬਦੀਲ ਹੋ ਜਾਂਦਾ ਹੈ।' ਉਹ ਨਿਮਨ ਪ੍ਰਕਾਰ ਨਾਲ ਅੱਗੇ ਵਧਦੀ ਹੈ।

• **ਪਾਠ ਦੀ ਤਿਆਰੀ**: ਉਸ ਨੇ ਲਾਖ, ਮੋਮਬੱਤੀ, ਚੀਨੀ, ਲੂਣ, ਐਲੂਮੀਨੀਅਮ ਪਲੇਟ, ਪਾਣੀ, ਮਿੱਟੀ ਦਾ ਤੇਲ, ਪੈਟਰੋਲ, ਅਗਰਬੱਤੀ, ਕਪੂਰ, ਲੱਕੜੀ ਦਾ ਟੁਕੜਾ ਅਤੇ ਮੱਖਣ ਇਕੱਠਾ ਕੀਤਾ। ਉਸ ਨੇ ਹਰੇਕ ਵਿਦਿਆਰਥੀ ਨੂੰ ਕਿਹਾ ਕਿ ਉਨ੍ਹਾਂ ਵਿੱਚੋਂ ਕੋਈ ਇੱਕ ਵਸਤੂ ਚੁਣੋ, ਉਸ ਦੀ ਵਰਤਮਾਨ ਅਵਸਥਾ ਅਤੇ ਉਸ ਦਾ ਨਾਂ ਨੋਟ ਕਰਨ ਲਈ ਕਿਹਾ।

• **ਸਮੱਸਿਆ ਦੀ ਪਛਾਣ ਕਰਨਾ**: ਉਸ ਨੇ ਵਿਦਿਆਰਥੀਆਂ ਤੋਂ ਪੁੱਛਿਆ ਕਿ ਕੀ ਤੁਸੀਂ ਜੋ ਵਸਤੂ ਚੁਣੀ, ਉਸ ਦੀ ਅਵਸਥਾ ਵਿੱਚ ਤਬਦੀਲੀ ਹੋਏਗੀ ਜਾਂ ਨਹੀਂ ?

• **ਵਿਦਿਆਰਥੀਆਂ ਦੀ ਗਤੀਵਿਧੀ**: (ਪ੍ਰਯੋਗ ਅਤੇ ਪ੍ਰੇਖਣ)–ਮੇਜ਼ ਦੇ ਉੱਪਰ ਮੋਮਬੱਤੀ ਜਲਾ ਕੇ ਜ਼ਰੂਰੀ ਉਪਕਰਨ ਦੀ ਮਦਦ ਨਾਲ ਪਦਾਰਥ ਨੂੰ ਗਰਮ ਕੀਤਾ ਗਿਆ ਅਤੇ ਤਬਦੀਲੀ ਦੀ ਅਵਸਥਾ ਦਾ ਪ੍ਰੇਖਣ ਕਰਕੇ ਨਤੀਜੇ ਨੂੰ ਲਿਖਿਆ। ਉਦਾਹਰਨ ਲਈ।

• ਰੀਮਾ ਨੇ ਲਾਖ ਨੂੰ ਗਰਮ ਕੀਤਾ ਅਤੇ ਉਸ ਨੇ ਪ੍ਰੇਖਣ ਕੀਤਾ ਕਿ ਠੋਸ ਲਾਖ, ਦ੍ਰਵ ਲਾਖ ਵਿੱਚ ਤਬਦੀਲ ਹੋ ਗਈ ਜਦੋਂ ਮੋਮਬੱਤੀ ਦੀ ਲੋਅ ਨਾਲ ਇਸ ਨੂੰ ਹਟਾਇਆ ਗਿਆ ਤਾਂ ਦ੍ਰਵ ਲਾਖ ਦੁਬਾਰਾ ਠੋਸ ਲਾਖ ਵਿੱਚ ਤਬਦੀਲ ਹੋ ਗਈ।

• ਸੰਤੋਸ਼ ਨੇ ਐਲੂਮੀਨੀਅਮ ਪਲੇਟ 'ਤੇ ਪਾਣੀ ਦੀਆਂ ਬੂੰਦਾਂ ਪਾ ਕੇ ਮੋਮਬੱਤੀ ਦੀ ਲੋਅ 'ਤੇ ਗਰਮ ਕੀਤਾ, ਉਸ ਨੇ ਪ੍ਰੇਖਣ ਕੀਤਾ ਕਿ ਪਲੇਟ ਦਾ ਪਾਣੀ ਗੈਸੀ ਅਵਸਥਾ ਵਿੱਚ ਬਦਲ ਜਾਂਦਾ ਹੈ।

• ਰਾਮ ਨੇ ਅਗਰਬੱਤੀ ਜਲਾਈ ਤਾਂ ਉਸ ਨੇ ਪ੍ਰੇਖਣ ਕੀਤਾ ਕਿ ਇਹ ਸਿੱਧਾ ਗੈਸੀ ਅਵਸਥਾ ਵਿੱਚ ਬਦਲ ਜਾਂਦਾ ਹੈ।ਸਿੱਟਾ ਕੱਢਣਾ (ਸਮੱਸਿਆ ਸਮਾਧਾਨ) : ਮੀਨਾਕਸ਼ੀ ਨੇ ਹਰੇਕ ਵਿਦਿਆਰਥੀ ਨੂੰ ਕਿਹਾ ਕਿ ਉਹ ਆਪਣੇ ਲਿਖੇ ਹੋਏ ਨਤੀਜੇ/ਪ੍ਰੇਖਣ ਜੋ ਆਪਣੇ ਪਦਾਰਥ ਨੂੰ ਗਰਮ ਕਰਨ 'ਤੇ ਤਬਦੀਲ ਹੋਈ ਅਵਸਥਾ ਦੇ ਬਾਰੇ ਵਿੱਚ ਲਿਖਿਆ ਸੀ। ਉਸ ਨੂੰ ਬਲੈਕਬੋਰਡ 'ਤੇ ਇੱਕ ਟੇਬਲ ਖਿੱਚ ਕੇ, ਜਿਸ ਨੂੰ ਹੇਠ ਦਿਖਾਇਆ ਗਿਆ ਹੈ ਅਤੇ ਉਸ ਵਿੱਚ ਹਰੇਕ ਵਿਦਿਆਰਥੀ ਦੇ ਪ੍ਰੇਖਣ ਨੂੰ ਦਰਸਾਇਆ ਗਿਆ ਹੈ।

| ਕ੍ਰਮ | ਪਦਾਰਥ ਦਾ ਨਾਂ | ਗਰਮ ਕਰਨ ਤੋਂ ਪਹਿਲਾਂ ਪਦਾਰਥ ਦੀ ਅਵਸਥਾ | ਗਰਮ ਕਰਨ ਤੋਂ ਬਾਅਦ ਪਦਾਰਥ ਦੀ ਅਵਸਥਾ | ਅਵਸਥਾ ਵਿੱਚ ਤਬਦੀਲੀ |
|---|---|---|---|---|
| | | | | |
| | | | | |
| | | | | |
| | | | | |

ਇਸ ਦੇ ਬਾਅਦ ਉਸ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਟੇਬਲ ਵਿੱਚ ਸਥਿਤੀਆਂ ਦਾ ਪ੍ਰੇਖਣ ਕਰਕੇ ਪਦਾਰਥ ਦੀ ਅਵਸਥਾ ਵਿੱਚ ਹੋਈ ਤਬਦੀਲੀ ਦੇ ਬਾਰੇ ਵਿੱਚ ਸਿੱਟਾ ਕੱਢਕੇ ਲਿਖਣ ਲਈ ਕਿਹਾ।

**ਮੁਲਾਂਕਣ**: ਮੀਨਾਕਸ਼ੀ ਨੇ ਪੇਪਰ ਦੇ ਟੁਕੜੇ 'ਤੇ ਵਿਭਿੰਨ ਸਮੱਗਰੀਆਂ ਦਾ ਨਾਂ ਲਿਖਿਆ, ਉਸ ਨੇ ਪੇਪਰ ਸ਼ੀਟ ਨੂੰ ਮੋੜ ਕੇ ਟੇਬਲ ਦੇ ਉੱਪਰ ਰੱਖ ਦਿੱਤਾ। ਹਰੇਕ ਵਿਦਿਆਰਥੀ ਨੂੰ ਬੁਲਾ ਕੇ ਇੱਕ ਪੇਪਰ ਸ਼ੀਟ ਚੁੱਕਣ ਲਈ ਕਿਹਾ ਅਤੇ ਉਸ ਵਿੱਚ ਲਿਖੇ ਪਦਾਰਥ ਦੇ ਨਾਂ ਨੂੰ ਜ਼ੋਰ ਨਾਲ ਪੜ੍ਹਨ ਲਈ ਕਿਹਾ ਅਤੇ ਉਸ ਵਿੱਚ ਵਰਤਮਾਨ ਅਵਸਥਾ ਅਤੇ ਗਰਮ ਕਰਨ ਤੋਂ ਬਾਅਦ ਪਦਾਰਥ ਦੀ ਅਵਸਥਾ ਵਿੱਚ ਪਰਿਵਰਤਨ ਦੇ ਬਾਰੇ ਵਿੱਚ ਦੱਸਣ ਲਈ ਕਿਹਾ।

ਉਪਰੋਕਤ ਸਥਿਤੀ ਵਿੱਚ ਖੋਜ ਵਿਧੀ ਦੀਆਂ ਵਿਸ਼ੇਸ਼ਤਾਵਾਂ ਨੂੰ ਪਛਾਣ ਸਕਦੇ ਹਾਂ।

**ਖੋਜ ਵਿਧੀ ਦੀਆਂ ਵਿਸ਼ੇਸ਼ਤਾਵਾਂ–**

• ਇੱਕ ਸਪੱਸ਼ਟ ਰੂਪ ਨਾਲ ਪਰਿਭਾਸ਼ਿਤ ਉਦੇਸ਼ ਨੂੰ ਕਲਾਸ ਵਿੱਚ ਪੇਸ਼ ਕਰੋ ਅਤੇ ਹਰੇਕ ਬੱਚੇ ਨੂੰ ਖੁਦ ਲਈ ਕੁਝ ਪ੍ਰਾਪਤ ਕਰਨ ਲਈ ਜ਼ਿੰਮੇਵਾਰ ਬਣਾਓ।

• ਹਰੇਕ ਬੱਚਾ ਵਿਭਿੰਨ ਸਰੋਤਾਂ ਨਾਲ ਸਮੱਸਿਆ ਦੇ ਬਾਰੇ ਵਿੱਚ ਸੂਚਨਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਸਮੱਸਿਆ ਦੇ ਬਾਰੇ ਵਿੱਚ ਆਪਣੇ ਸਹਿਪਾਠੀਆਂ ਅਤੇ ਅਧਿਆਪਕ ਨਾਲ ਗੱਲਬਾਤ ਕਰਨ ਲਈ ਆਜ਼ਾਦ ਹੈ।

• ਵਿਦਿਆਰਥੀ ਆਪਣੇ ਅਧਿਆਪਕ ਤੋਂ ਮਾਰਗ ਦਰਸ਼ਨ ਪ੍ਰਾਪਤ ਕਰ ਸਕਦਾ ਹੈ।

• ਵਿਦਿਆਰਥੀ ਦੀ ਲੋੜ ਅਨੁਸਾਰ ਸਹਾਇਤਾ ਉਪਲੱਬਧ ਕਰਾਉਣੀ ਚਾਹੀਦੀ ਹੈ। ਹਾਲਾਂਕਿ ਅਧਿਆਪਕ ਨੂੰ ਚਾਹੀਦਾ ਹੈ ਕਿ ਆਗਮਨਾਤਮਕ ਵਿਧੀ ਰਾਹੀਂ ਬੱਚਿਆਂ ਤੋਂ ਸਮੱਸਿਆਵਾਂ ਦਾ ਸਮਾਧਾਨ ਕੱਢਣ ਦੀ ਕੋਸ਼ਿਸ਼ ਕਰੋ।

• ਜਿੰਨੇ ਜ਼ਿਆਦਾ ਤੋਂ ਜ਼ਿਆਦਾ ਪ੍ਰਸ਼ਨ ਬੱਚਿਆਂ ਦੀ ਤਰਫ਼ ਤੋਂ ਉਠਦੇ ਹਨ ਅਤੇ ਕਦੇ ਅਧਿਆਪਕ ਵੀ ਬੱਚਿਆਂ ਤੋਂ ਉਨ੍ਹਾਂ ਦੀ ਪ੍ਰੇਰਨਾ ਲਈ ਪ੍ਰਸ਼ਨ ਪੁੱਛੇ ਤਾਂ ਕਿ ਉਹ ਸਮੱਸਿਆ ਦੇ ਬਾਰੇ ਵਿੱਚ ਜ਼ਿਆਦਾ ਜਾਣਕਾਰੀ ਇਕੱਠੀ ਕਰਨ।

ਇਸ ਪ੍ਰਕਾਰ ਪ੍ਰੇਖਣ, ਪ੍ਰਯੋਗਿਕ, ਚਿੰਤਨ ਦੀ ਸਮਰੱਥਾ ਵਿਦਿਆਰਥੀਆਂ ਵਿੱਚ ਵਿਕਸਤ ਕੀਤੀ ਜਾਂਦੀ ਹੈ। ਉਹ ਅੰਕੜੇ ਇਕੱਠੇ ਕਰਨੇ ਸਿੱਖਦੇ ਹਨ, ਅੰਕੜਿਆਂ ਦੀ ਵਿਆਖਿਆ ਕਰਨੀ, ਪ੍ਰਯੋਗਿਕ ਹੱਲ ਤਿਆਰ ਕਰਨਾ ਅਤੇ ਇੱਛੁਕ ਸਿੱਟੇ ਤੱਕ ਪਹੁੰਚਣਾ ਸਿੱਖਣੇ ਹਨ। ਇਸ ਵਿਧੀ ਦਾ ਉਪਯੋਗ ਉੱਥੇ ਕੀਤਾ ਜਾ ਸਕਦਾ ਹੈ ਜਿੱਥੇ ਬੱਚਿਆਂ ਨੂੰ ਇੱਕ ਕਾਰਨ ਨੂੰ ਲੱਭਣਾ ਹੁੰਦਾ ਹੈ।

**ਈ.7 ਖੋਜ ਵਿਧੀ ਦੇ ਚਾਰ ਲਾਭਾਂ ਦਾ ਵਰਣਨ ਕਰੋ।**

ਹਾਲਾਂਕਿ ਤੁਹਾਨੂੰ ਕਲਾਸ ਸੰਚਾਲਨ ਵਿੱਚ ਖੋਜ ਵਿਧੀ ਦੀ ਵਰਤੋਂ ਕਰਦੇ ਸਮੇਂ ਕਈ ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਵੇਂ ਕਿ:

• ਸਾਰੇ ਵਿਦਿਆਰਥੀ ਅਧਿਆਪਨ ਸਿਖਲਾਈ ਸਥਿਤੀ ਵਿੱਚ ਸ਼ਾਇਦ ਭਾਗ ਨਾ ਲੈਣ।

• ਦਿੱਤੀ ਗਈ ਸਮੱਸਿਆ ਨਾਲ ਸਬੰਧਿਤ ਪ੍ਰਸ਼ਨ ਕੁਝ ਹੀ ਬੱਚੇ ਪੁੱਛਦੇ ਹਨ।

• ਕਦੇ ਕਦੇ ਵਿਦਿਆਰਥੀ ਪ੍ਰਸ਼ਨ ਕਰਨਾ ਬੰਦ ਕਰ ਦਿੰਦੇ ਹਨ।

• ਕਦੇ ਕਦੇ ਵਿਦਿਆਰਥੀਆਂ ਨੂੰ ਕੁਝ ਉਪਕਰਨਾਂ/ਔਜ਼ਾਰਾਂ ਦੀ ਲੋੜ, ਪ੍ਰਯੋਗ ਕਰਨ ਲਈ ਪੈਂਦੀ ਹੈ।

• ਕਦੇ ਕਦੇ ਸਮੱਸਿਆ ਨਾਲ ਸਬੰਧਿਤ ਧਾਰਨਾ ਵਿਦਿਆਰਥੀ ਨਹੀਂ ਬਣਾਉਂਦੇ ਹਨ।

**ਈ.8 ਖੋਜ ਵਿਧੀ ਦੇ ਬਾਰੇ ਵਿੱਚ ਕੁਝ ਕਥਨ ਹੇਠ ਦਿੱਤੇ ਗਏ ਹਨ। ਸਹੀ ਕਥਨ ’ਤੇ (T) ਅਤੇ ਗਲਤ ਕਥਨ ’ਤੇ (F) ਲਿਖੋ, ਆਪਣੇ ਉੱਤਰ ਦੀ ਚੋਣ ਲਈ ਕਾਰਨ ਦੱਸੋ।**

1. ਖੋਜ ਵਿਧੀ ਵਿੱਚ ਪ੍ਰੇਖਣ ਅਤੇ ਚਿੰਤਨ ਸ਼ਕਤੀ ’ਤੇ ਜ਼ੋਰ ਦਿੱਤਾ ਜਾਂਦਾ ਹੈ।
2. ਇਹ ਵਿਧੀ ਛੋਟੀ ਕਲਾਸ ਦੇ ਬੱਚਿਆਂ ਲਈ ਢੁਕਵੀਂ ਹੈ।
3. ਅਧਿਆਪਕ ਸਹਿ ਵਿਦਿਆਰਥੀ ਦੇ ਰੂਪ ਵਿੱਚ ਕਾਰਜ ਕਰਦਾ ਹੈ।

4. ਗ੍ਰਹਿ ਕਾਰਜ ਦੀ ਜ਼ਰੂਰਤ ਨਹੀਂ ਪੈਂਦੀ ਹੈ।

5. ਇਸ ਵਿਧੀ ਵਿੱਚ ਵਿਦਿਆਰਥੀ ਗੈਰ ਰਸਮੀ ਰੂਪ ਨਾਲ ਸਿੱਖਦੇ ਹਨ।

6. ਸਿਖਲਾਈ ਸਥਾਈ ਹੁੰਦੀ ਹੈ।

7. ਸਵੈ ਗਤੀਵਿਧੀ ਅਤੇ ਸਵੈ ਨਿਰਭਰਤਾ ਦੀ ਆਦਤ ਦਾ ਪੋਸ਼ਣ ਹੁੰਦਾ ਹੈ।

### 3.5. ਸਿੱਟਾ

• ਵਿਧੀਆਂ ਪੜ੍ਹਾਉਣ ਦਾ ਤਰੀਕਾ ਹੈ। ਬੱਚਿਆਂ ਦੀ ਪ੍ਰਭਾਵਸ਼ਾਲੀ ਸਿਖਲਾਈ ਅਧਿਆਪਕ ਵੱਲੋਂ ਅਪਣਾਈ ਗਈ ਵਿਧੀ ’ਤੇ ਆਧਾਰਿਤ ਹੁੰਦੀ ਹੈ।

• ਅਧਿਆਪਨ ਅਤੇ ਸਿਖਲਾਈ ਦੀਆਂ ਵਿਧੀਆਂ ਦੋ ਪ੍ਰਕਾਰ ਦੀਆਂ ਹੋ ਸਕਦੀਆਂ ਹਨ- ਨਿਰਦੇਸ਼ਾਤਮਕ ਅਤੇ ਵਿਦਿਆਰਥੀ ਕੇਂਦਰਿਤ ਵਿਧੀਆਂ।

• ਨਿਰਦੇਸ਼ਾਤਮਕ ਵਿਧੀ ਅਧਿਆਪਕ ਨਿਰਦੇਸ਼ਿਤ ਹੁੰਦੀ ਹੈ ਜਦੋਂ ਕਿ ਵਿਦਿਆਰਥੀ ਕੇਂਦਰਿਤ ਵਿਧੀ ਵਿਦਿਆਰਥੀ ਕੇਂਦਰਿਤ ਹੁੰਦੀ ਹੈ।

• ਵਿਆਖਿਆ, ਪ੍ਰਦਰਸ਼ਨ ਅਤੇ ਆਗਮਨ ਨਿਗਮਨ ਨਿਰਦੇਸ਼ਾਤਮਕ ਵਿਧੀ ਦੇ ਕੁਝ ਉਦਾਹਰਨ ਹਨ।

• ਵਿਆਖਿਆ ਵਿਧੀ ਵਿੱਚ ਅਧਿਆਪਕ ਤੱਥਾਂ, ਸੂਚਨਾ, ਧਾਰਨਾ ਨਿਯਮ ਆਦਿ ਦੀ ਵਿਆਖਿਆ ਆਪਣੀ ਗਤੀ ਨਾਲ ਕਰਦਾ ਹੈ। ਇਸ ਵਿੱਚ ਇਹ ਗਰੰਟੀ ਨਹੀਂ ਹੁੰਦੀ ਹੈ ਕਿ ਵਿਦਿਆਰਥੀ ਸੁਚੇਤ ਹੈ ਜਾਂ ਨਹੀਂ। ਅਧਿਆਪਕ ਜੋ ਕੁਝ ਕਹਿ ਰਿਹਾ ਹੈ, ਉਸ ਨੂੰ ਉਹ ਸੁਣ ਰਹੇ  ਜਾਂ ਸਮਝ ਰਹੇ ਹਨ ਜਾਂ ਨਹੀਂ।

• ਆਗਮਨਾਤਮਕ ਵਿਧੀ ਵਿਸ਼ੇਸ਼ ਤੋਂ ਆਮ ਦੀ ਤਰਫ਼ ਹੁੰਦੀ ਹੈ, ਮੂਰਤ ਤੋਂ ਅਮੂਰਤ ਦੀ ਤਰਫ਼ ਹੁੰਦੀ ਹੈ, ਜਦੋਂਕਿ ਨਿਗਮਨਾਤਮਕ ਵਿਧੀ ਆਮ ਤੋਂ ਵਿਸ਼ੇਸ਼, ਅਮੂਰਤ ਤੋਂ ਮੂਰਤ ਦੀ ਤਰਫ਼ ਹੁੰਦੀ ਹੈ।

• ਪ੍ਰਦਰਸ਼ਨ ਵਿਧੀ ਵਿੱਚ ਅਧਿਆਪਕ ਪ੍ਰਯੋਗ ਦਾ ਪ੍ਰਦਰਸ਼ਨ ਜਾਂ ਚਾਰਟ, ਮਾਡਲ ਆਦਿ ਦਾ ਪ੍ਰਦਰਸ਼ਨ ਕਲਾਸ ਵਿੱਚ ਕਰਦਾ ਹੈ, ਨਾਲ ਹੀ ਵਿਆਖਿਆ ਵੀ ਕਰਦਾ ਹੈ।

• ਖੇਡ ਰਾਹੀਂ ਵਿਦਿਆਰਥੀ ਕਈ ਧਾਰਨਾਵਾਂ ਨੂੰ ਸਿੱਖਦਾ ਹੈ। ਅਧਿਆਪਕ ਧਾਰਨਾ ਨੂੰ ਖੇਡ ਵਿੱਚ ਇਸ ਪ੍ਰਕਾਰ ਜੋੜਦਾ ਹੈ ਕਿ ਬੱਚੇ ਗੈਰ ਰਸਮੀ ਰੂਪ ਨਾਲ ਧਾਰਨਾ ਨੂੰ ਸਿੱਖਦੇ ਹਨ ਅਤੇ ਉਹ ਸਥਾਈ ਸਿਖਲਾਈ ਬਣ ਜਾਂਦੀ ਹੈ।

• ਪ੍ਰਾਜੈਕਟ ਵਿਧੀ ਵਿੱਚ ਅਧਿਆਪਕ ਬੱਚਿਆਂ ਨੂੰ ਇੱਕ ਸਥਿਤੀ ਉਪਲੱਬਧ ਕਰਾਉਂਦਾ ਹੈ। ਉਸ ਸਥਿਤੀ ਨਾਲ ਉਹ ਸਵੈ ਯੋਜਨਾ ਬਣਾਉਂਦੇ ਹਨ, ਲਾਗੂ ਕਰਦੇ ਹਨ ਅਤੇ ਪ੍ਰਾਜੈਕਟ ਦਾ ਮੁਲਾਂਕਣ ਕਰਦੇ ਹਨ। ਅੰਤ ਵਿੱਚ ਇੱਕ ਰਿਪੋਰਟ ਤਿਆਰ ਕਰਦੇ ਹਨ।

• ਸਮੱਸਿਆ ਸਮਾਧਾਨ ਵਿੱਚ ਅਧਿਆਪਕ ਇੱਕ ਪ੍ਰਸ਼ਨ ਪੁੱਛਦਾ ਹੈ ਜਿਸ ਨੂੰ ਬੱਚਿਆਂ ਨੂੰ ਹੱਲ ਕਰਨਾ ਹੁੰਦਾ ਹੈ। ਉਹ ਸਮੱਸਿਆ ਦਾ ਸਮਾਧਾਨ ਅੰਕੜੇ ਇਕੱਠੇ ਕਰਕੇ, ਧਾਰਨਾਵਾਂ ਦਾ ਨਿਰਮਾਣ ਕਰਕੇ, ਉਨ੍ਹਾਂ ਦੀ ਜਾਂਚ ਕਰਕੇ ਅਤੇ ਸਿੱਟਾ ਕੱਢਕੇ ਕਰਦੇ ਹਨ। ਕਿਉਂਕਿ ਇਸ ਵਿਧੀ ਵਿੱਚ ਚਿੰਤਨਸ਼ੀਲ ਸੋਚ ਅਤੇ ਤਰਕ ਮੌਜੂਦ ਹੋਣ ਕਾਰਨ ਇਹ ਉੱਚ ਪ੍ਰਾਇਮਰੀ ਪੱਧਰ ਦੇ ਵਿਦਿਆਰਥੀਆਂ ਲਈ ਢੁਕਵੀਂ ਹੈ।

• ਖੋਜ ਵਿਧੀ ਉੱਥੇ ਉਪਯੋਗ ਕੀਤੀ ਜਾਂਦੀ ਹੈ ਜਿੱਥੇ ਵਿਦਿਆਰਥੀ ਵਿਗਿਆਨਕ ਕਾਰਨਾਂ ਦਾ ਪਤਾ ਲਗਾਉਂਦੇ ਹਨ। ਅਧਿਆਪਕ ਇੱਕ ਸਮੱਸਿਆ ਵਿਦਿਆਰਥੀਆਂ ਨੂੰ ਦਿੰਦਾ ਹੈ ਅਤੇ ਵਿਦਿਆਰਥੀ ਕਾਰਨ ਦਾ ਪਤਾ ਅੰਕੜੇ ਇਕੱਤਰ ਕਰਦੇ ਹਨ। ਇਹ ਅੰਕੜੇ ਪ੍ਰਸ਼ਨ ਪੁੱਛ ਕੇ ਜਾਂ ਸੰਦਰਭ ਸਮੱਗਰੀ ਨੂੰ ਪੜ੍ਹ ਕੇ ਇਕੱਠੇ ਕੀਤੇ ਜਾਂਦੇ ਹਨ। ਇਸ ਤੋਂ ਬਾਅਦ ਅੰਕੜਿਆਂ ਦੀ ਵਿਆਖਿਆ ਕਰਦੇ ਹਨ, ਅਸਥਾਈ ਧਾਰਨਾਵਾਂ ਨੂੰ ਤਿਆਰ ਕਰਨਾ ਅਤੇ ਸਿੱਟੇ 'ਤੇ ਪਹੁੰਚਦੇ ਹਨ।

• ਇੱਕ ਸੰਕਲਪ ਨੂੰ ਕਈ ਪ੍ਰਕਾਰ ਦੀਆਂ ਵਿਧੀਆਂ ਦਾ ਵਿਅਕਤੀਗਤ ਰੂਪ ਨਾਲ ਪਾਲਣ ਕਰਕੇ ਪੜ੍ਹਾਇਆ ਜਾ ਸਕਦਾ ਹੈ।

### 3.6 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

**ਈ.1 ਜਦੋਂ ਵਿਅਕਤੀਗਤ ਪ੍ਰਯੋਗ ਲਈ ਅਢੁਕਵੀਂ ਸਮੱਗਰੀ ਹੁੰਦੀ ਹੈ, ਪ੍ਰਯੋਗ ਨੂੰ ਸੰਭਾਲਣਾ ਖਤਰਨਾਕ ਹੈ, ਪ੍ਰਯੋਗ ਵਿੱਚ ਜ਼ਿਆਦਾ ਸਮਾਂ ਖਰਚ ਹੁੰਦਾ ਹੈ।**

| | |
|---|---|
| • ਇਹ ਵਿਸ਼ੇਸ਼ ਤੌਰ 'ਤੇ ਮੂਰਤ ਤੋਂ ਅਮੂਰਤ ਦੀ ਤਰਫ਼ ਜਾਂਦੀ ਹੈ। | • ਇਹ ਆਮ ਤੌਰ 'ਤੇ ਵਿਸ਼ੇਸ਼ ਅਮੂਰਤ ਤੋਂ ਮੂਰਤ ਦੀ ਤਰਫ਼ ਜਾਂਦੀ ਹੈ। |
| • ਇਹ ਬੱਚਿਆਂ ਦੀ ਰੁਚੀ ਅਤੇ ਧਾਰਨਾਵਾਂ ਦਾ ਧਿਆਨ ਰੱਖਦੀ ਹੈ। ਇਹ ਵਿਕਾਸਾਤਮਕ ਪ੍ਰਕਿਰਿਆ ਹੈ। | • ਇਸ ਵਿੱਚ ਬੱਚੇ ਨੂੰ ਸਿਧਾਂਤ, ਨਿਯਮ ਅਤੇ ਤੱਥਾਂ ਦੇ ਬਾਰੇ ਵਿੱਚ ਸੂਚਨਾ ਉਪਲੱਬਧ ਕਰਾਈ ਜਾਂਦੀ ਹੈ। |
| • ਇਹ ਖੋਜ ਲਈ ਪ੍ਰੋਤਸਾਹਿਤ ਕਰਦੀ ਹੈ, ਸੋਚਣ ਦੀ ਸ਼ਕਤੀ ਦਾ ਵਿਕਾਸ ਕਰਦੀ ਹੈ। | • ਇਹ ਅਸਲ ਜੀਵਨ ਦੇ ਪ੍ਰੇਖਣ ਅਤੇ ਪਹਿਲਾਂ ਪ੍ਰਾਪਤ ਗਿਆਨ ਦੇ ਵਿਚਕਾਰ ਸਬੰਧ ਸਥਾਪਿਤ ਕਰਦੀ ਹੈ। |

ਤੁਸੀਂ ਹੋਰ ਅੰਤਰ ਪਾਠ ਪੁਸਤਕ ਪੜ੍ਹਕੇ ਲਿਖ ਸਕਦੇ ਹੋ।

ਈ.3 (ੳ) ਡੀ (ਅ) ਆਈ (ਸ) ਆਈ (ਹ) ਆਈ (ਕ) ਡੀ (ਖ) ਆਈ

ਈ.4 ਜ਼ਿੰਮੇਵਾਰੀ ਦਾ ਸਿਧਾਂਤ

ਈ.5 ਖੇਡ ਬੱਚਿਆਂ ਦੀ ਸੁਭਾਵਿਕ ਪ੍ਰਵਿਰਤੀ ਹੈ, ਛੋਟੇ ਬੱਚਿਆਂ ਨੂੰ ਖੇਡ ਆਨੰਦ ਪਹੁੰਚਾਉਂਦਾ ਹੈ।

ਈ.6 (1) ਪਾਠਕ੍ਰਮ ਦੇ ਸਾਰੇ ਖੇਤਰਾਂ ਵਿੱਚ ਇਸ ਦੀ ਵਰਤੋਂ ਹਮੇਸ਼ਾ ਸੰਭਵ ਨਹੀਂ ਹੁੰਦੀ ਹੈ।

(2) ਇੱਕ ਔਸਤ ਅਧਿਆਪਕ ਲਈ ਇੱਕ ਪ੍ਰਾਜੈਕਟ ਦੀ ਯੋਜਨਾ ਬਣਾਉਣੀ ਮੁਸ਼ਕਿਲ ਕਾਰਜ ਹੈ ਅਤੇ ਇਸ ਵਿੱਚ ਸਾਰੇ ਵਿਦਿਆਰਥੀਆਂ ਦੀ ਸਹਿਭਾਗਤਾ ਸੁਨਿਸ਼ਚਤ ਕਰਨਾ ਮੁਸ਼ਕਿਲ ਕਾਰਜ ਹੈ।

(1) ਪ੍ਰਾਜੈਕਟ ਵਿਧੀ ਰਾਹੀਂ ਪ੍ਰਾਪਤ ਅਨੁਭਵ/ਗਿਆਨ ਦੇ ਤਾਲਮੇਲ ਦੀ ਘਾਟ ਹੁੰਦੀ ਹੈ।

**ਈ.7 ਨਿਮਨ ਵਿੱਚੋਂ ਕੋਈ ਚਾਰ**

-ਇਹ ਵਿਦਿਆਰਥੀਆਂ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਅਤੇ ਆਲੋਚਨਾਤਮਕ ਦ੍ਰਿਸ਼ਟੀਕੋਣ ਦਾ ਵਿਕਾਸ ਕਰਦਾ ਹੈ।

-ਇਹ ਧੀਰਜ ਨਾਲ ਜਾਂਚ ਕਰਨ, ਸੂਖਮਤਾ ਨਾਲ ਪ੍ਰੇਖਣ ਕਰਨ, ਸਵੱਛ ਰੂਪ ਨਾਲ ਸਪੱਸ਼ਟ ਰੂਪ ਨਾਲ ਅਤੇ ਜ਼ਿੰਮੇਵਾਰੀ ਨਾਲ ਪ੍ਰਯੋਗ ਕਰਨ ਦੀ ਕਲਾ ਦਾ ਪੋਸ਼ਣ ਕਰਦਾ ਹੈ।

-ਇਹ ਖੁਦ ਕੋਸ਼ਿਸ਼, ਆਤਮ ਵਿਸ਼ਵਾਸ, ਆਤਮ ਨਿਰਭਰ ਅਤੇ ਆਤਮ ਨਿਰਧਾਰਨ ਦਾ ਵਿਕਾਸ ਕਰਦਾ ਹੈ।

-ਇਹ ਵਿਧੀ ਜੀਵਨ ਲਈ ਤਿਆਰ ਕਰਨ ਲਈ ਢੁਕਵੀਂ ਸਿਖਲਾਈ ਉਪਲੱਬਧ ਕਰਾਉਂਦੀ ਹੈ।

-ਕਿਉਂਕਿ ਵਿਦਿਆਰਥੀ ਖੁਦ ਦੀ ਮਿਹਨਤ ਰਾਹੀਂ ਤੱਥਾਂ ਨੂੰ ਸਿੱਖਦਾ ਹੈ, ਸਿਖਲਾਈ ਜ਼ਿਆਦਾ ਪ੍ਰਭਾਵਕਾਰੀ ਅਤੇ ਸਥਾਈ ਬਣ ਜਾਂਦੀ ਹੈ।

**3.7 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ**


1. Modern science teaching by R.C. Sharma , Dhanpat Rai & Sons New Delhi.

2. Teaching of Science – M.S. Yadav, Anmol Pulbications New Delhi.

3. Teaching of mathematics –Chitrangada Singh, R.P. Rohatgi, Dominant Publishers

and Distributors, New Delhi.

4. In-service Teacher Education Package Vol – 1 for Primary School Teachers,

NCERT.

5. Mayer, R. (1983). Thinking, Problem Solving, Cognition. W.H. Freeman and

Company, New York.

## 3.8 ਇਕਾਈ ਅੰਤ ਅਭਿਆਸ

1. ਵਿਧੀ ਦਾ ਨਾਂ ਦੱਸੋ।

(ੳ) ਵਿਦਿਆਰਥੀ ਪ੍ਰਸ਼ਨ ਪੁੱਛ ਕੇ ਇੱਕ ਕਾਰਨ ਦਾ ਪਤਾ ਲਗਾਉਂਦੇ ਹਨ।

(ਅ) ਵਿਦਿਆਰਥੀ ਇਸ ਵਿੱਚ ਕੁਦਰਤੀ ਵਾਤਾਵਰਣ ਵਿੱਚ ਇੱਕ ਯੋਜਨਾਪੂਰਨ ਕਾਰਜ ਕਰਦੇ ਹਨ।

(ੲ) ਇਸ ਵਿੱਚ ਵਿਦਿਆਰਥੀ ਉਦਾਹਰਨ ਨਾਲ ਸਮਾਨੀਕਰਨ ਦੀ ਤਰਫ਼ ਵਧਦੇ ਹਨ।

(ਸ) ਇਸ ਵਿੱਚ ਅਧਿਆਪਕ ਪ੍ਰਯੋਗ ਕਰਦੇ ਹਨ ਅਤੇ ਨਾਲ ਹੀ ਇਸ ਦੀ ਵਿਆਖਿਆ ਵੀ ਕਰਦੇ ਹਨ।

(ਹ) ਇਸ ਵਿੱਚ ਅਧਿਆਪਕ ਆਪਣੀ ਗਤੀ ਨਾਲ ਤੱਥਾਂ, ਘਟਨਾਵਾਂ ਦੀ ਵਿਆਖਿਆ ਕਰਦੇ ਹਨ।

2. ਨਿਰਦੇਸ਼ਾਤਮਕ ਅਤੇ ਵਿਦਿਆਰਥੀ ਕੇਂਦਰਿਤ ਵਿਧੀ ਵਿੱਚ ਅਧਿਆਪਕ ਅਤੇ ਵਿਦਿਆਰਥੀਆਂ ਦੀ ਭੂਮਿਕਾ ਦਾ ਵਰਣਨ ਕਰੋ।

3. ਮੰਨ ਲਓ ਤੁਹਾਡੀ ਵਿਆਖਿਆ ਵਿਧੀ ਨਾਲ ਇੱਕ ਵਿਸ਼ਾ ਪੜ੍ਹਾਉਣਾ ਹੈ, ਤੁਸੀਂ ਆਪਣੇ ਆਪ ਨੂੰ ਕਿਸ ਪ੍ਰਕਾਰ ਨਾਲ ਤਿਆਰ ਕਰੋਗੇ ਤਾਂ ਕਿ ਅਧਿਆਪਨ ਜ਼ਿਆਦਾ ਦਿਲਚਸਪ ਅਤੇ ਪ੍ਰਭਾਵਸ਼ਾਲੀ ਬਣੇ।

4. ਪ੍ਰਾਜੈਕਟ ਵਿਧੀ ਦੀਆਂ ਸੀਮਾਵਾਂ ਅਤੇ ਲਾਭਾਂ ਨੂੰ ਲਿਖੋ।

**ਇਕਾਈ 4-ਸਿਖਲਾਰਥੀ ਅਤੇ ਸਿਖਲਾਈ ਕੇਂਦਰਿਤ ਦ੍ਰਿਸ਼ਟੀਕੋਣ**

**ਸੰਰਚਨਾ**


4.0 ਜਾਣ ਪਛਾਣ

4.1 ਸਿਖਲਾਈ ਉਦੇਸ਼

4.2 ਸਿਖਲਾਈ ਦ੍ਰਿਸ਼ਟੀਕੋਣ

4.2.1 ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ

4.2.2 ਸਿਖਲਾਈ ਕੇਂਦਰਿਤ ਦ੍ਰਿਸ਼ਟੀਕੋਣ

4.2.3 ਸਹਿਕਾਰੀ ਦ੍ਰਿਸ਼ਟੀਕੋਣ

4.2.4 ਸਹਿਯੋਗਾਤਮਕ ਦ੍ਰਿਸ਼ਟੀਕੋਣ

4.3 ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ

4.3.1 ਸਿਖਲਾਈ ਗਤੀਵਿਧੀ ਅਤੇ ਉਸਦੇ ਤੱਤ

4.3.2 ਸਿਖਲਾਈ ਗਤੀਵਿਧੀਆਂ ਦਾ ਕਲਾਸ ਪ੍ਰਬੰਧਨ

4.3.3 ਸਿਖਲਾਈ ਗਤੀਵਿਧੀਆਂ ਦੇ ਲਾਭ

4.3.4 ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ ਨਾਲ ਸਬੰਧਿਤ ਮੁੱਦੇ ਅਤੇ ਵਿਚਾਰ

4.4 ਸਿੱਟਾ

4.5 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

4.6 ਸੰਦਰਭ ਗ੍ਰੰਥ/ ਕੁਝ ਉਪਯੋਗੀ ਪੁਸਤਕਾਂ

4.7 ਅੰਤ ਇਕਾਈ ਅਭਿਆਸ

### 4.0 ਜਾਣ ਪਛਾਣ

ਪਹਿਲਾਂ ਦੋ ਇਕਾਈਆਂ ਵਿੱਚ ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆਵਾਂ ਦੀਆਂ ਵਿਭਿੰਨ ਵਿਧੀਆਂ ਅਤੇ ਦ੍ਰਿਸ਼ਟੀਕੋਣਾਂ ਦੀ ਚਰਚਾ ਕੀਤੀ ਗਈ ਹੈ। ਤੁਸੀਂ ਦੇਖਿਆ ਹੋਏਗਾ ਕਿ ਸਾਰੇ ਕਲਾਸ ਰੂਮ ਆਦਾਨ ਪ੍ਰਦਾਨ ਵਿੱਚ ਅਧਿਆਪਨ ਦੀ ਬਜਾਏ ਸਿਖਲਾਈ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਅਧਿਆਪਕ ਦੇ ਰੂਪ ਵਿੱਚ ਤੁਹਾਨੂੰ ਬੱਚੇ ਦੀ ਸਿਖਲਾਈ ਨੂੰ ਸੁਚਾਰੂ ਬਣਾਉਣਾ ਹੈ। ਦੂਜੇ ਸ਼ਬਦਾਂ ਵਿੱਚ ਅਧਿਆਪਕ ਦੇ ਰੂਪ ਵਿੱਚ ਤੁਹਾਨੂੰ ਸਾਰੇ ਉਪਰਾਲਿਆਂ ਦਾ ਕੇਂਦਰ ਬਿੰਦੂ ਸਿਖਿਆਰਥੀ ਅਤੇ ਉਸਦੀ ਸਿਖਲਾਈ ਹੈ।

ਸਿਖਿਆਰਥੀ 'ਤੇ ਧਿਆਨ ਕੇਂਦਰਿਤ ਕਰਨ ਲਈ ਇਹ ਇਕਾਈ ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣਾਂ ਜਿਵੇਂ ਸਹਿਕਾਰੀ ਅਤੇ ਸਹਿਯੋਗੀ ਸਿਖਲਾਈ ਦ੍ਰਿਸ਼ਟੀਕੋਣ ਜੋ ਕਿ ਅਧਿਆਪਨ ਸਿਖਲਾਈ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਅਤੇ ਵਿਦਿਆਰਥੀ ਨੂੰ ਸਿੱਖਣ ਲਈ ਸਰਗਰਮ ਭਾਗੀਦਾਰੀ ਲਈ ਬਿਹਤਰ ਅਵਸਰ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ, ਜਿਸ ਨਾਲ ਤੁਸੀਂ ਸ਼ਾਇਦ ਪਹਿਲਾਂ ਤੋਂ ਹੀ ਜਾਣੂ ਹੋ, ਦੇ ਵਿਸ਼ੇ 'ਤੇ ਚਰਚਾ ਕੀਤੀ ਜਾਏਗੀ। ਇਹ ਤੁਸੀਂ ਸਿਖਲਾਈ ਗਤੀਵਿਧੀ ਦੀ ਪ੍ਰਕਿਰਤੀ ਅਤੇ ਇਸ ਦੇ ਤੱਤਾਂ ਅਤੇ ਗੁਣਾਂ ਦੇ ਬਾਰੇ ਵਿੱਚ ਗਿਆਨ ਨੂੰ ਖੁਸ਼ਹਾਲ ਕਰੇਗਾ ਅਤੇ ਇਸ ਦੇ ਨਾਲ ਨਾਲ ਤੁਹਾਡੀ ਕਲਾਸ ਵਿੱਚ ਗਤੀਵਿਧੀ ਆਧਾਰਿਤ ਵਿਧੀਆਂ ਨੂੰ ਅਭਿਆਸ ਕਰਨ ਦੇ ਨਿਯਮਾਂ ਨੂੰ ਵੀ ਮਜ਼ਬੂਤੀ ਪ੍ਰਦਾਨ ਕਰੇਗਾ।

ਇਸ ਇਕਾਈ ਨੂੰ ਪੂਰਾ ਕਰਨ ਲਈ ਤੁਹਾਨੂੰ ਲਗਪਗ 20 ਘੰਟੇ ਦੇ ਅਧਿਆਪਨ ਸਮੇਂ ਦੀ ਲੋੜ ਹੈ।

### 4.1 ਸਿਖਲਾਈ ਉਦੇਸ਼

ਇਸ ਇਕਾਈ ਨੂੰ ਪੂਰਾ ਕਰਨ ਤੋਂ ਬਾਅਦ ਤੁਸੀਂ ਯੋਗ ਹੋਵੋਗੇ:

- ਵਿਦਿਆਰਥੀ ਅਤੇ ਸਿਖਲਾਈ ਕੇਂਦਰਿਤ ਦ੍ਰਿਸ਼ਟੀਕੋਣਾਂ ਦੇ ਵਿਚਕਾਰ ਅੰਤਰ ਕਰਨ ਵਿੱਚ
- ਸਹਿਕਾਰੀ ਅਤੇ ਸਹਿਭਾਗੀ ਵਿਧੀਆਂ ਦਾ ਉਪਯੋਗ ਅਤੇ ਵਰਣਨ ਕਰਨ ਵਿੱਚ
- ਸਿਖਲਾਈ ਗਤੀਵਿਧੀਆਂ ਦੇ ਤੱਤਾਂ ਨੂੰ ਪਛਾਣਨ ਵਿੱਚ
- ਕਲਾਸ ਰੂਮ ਵਿੱਚ ਉਪਯੋਗ ਲਈ ਸਿਖਲਾਈ ਗਤੀਵਿਧੀਆਂ ਦਾ ਨਿਯੋਜਨ ਕਰਨ ਵਿੱਚ
- ਕਲਾਸ ਰੂਮ ਸਥਿਤੀਆਂ ਵਿੱਚ ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ ਦਾ ਆਯੋਜਨ ਕਰਨ ਵਿੱਚ

### 4.2 ਸਿਖਲਾਈ ਦ੍ਰਿਸ਼ਟੀਕੋਣ

**ਸਥਿਤੀ** 1–ਜਦੋਂ ਬਿਨਾਇਆ ਕਲਾਸ ਵਿੱਚ ਅਧਿਆਪਨ ਕਾਰਜ ਕਰਦੇ ਸਮੇਂ ਕੁਝ ਵਰਣਨ ਕਰਦੇ ਹਨ, ਵਿਭਿੰਨ ਧਾਰਨਾਵਾਂ ਅਤੇ ਵਿਚਾਰਾਂ ਦੀ ਵਿਆਖਿਆ ਕਰਦੇ ਹਨ ਤਾਂ ਕੁਝ ਚੋਣਵੇਂ ਵਿਦਿਆਰਥੀਆਂ ਤੋਂ ਹੀ ਪ੍ਰਸ਼ਨ ਪੁੱਛਦੇ ਹਨ। ਉਨ੍ਹਾਂ ਦੀ ਪੂਰੀ ਕੋਸ਼ਿਸ਼ ਸਿਰਫ਼ ਪਾਠਕ੍ਰਮ ਨੂੰ ਸਮੇਂ 'ਤੇ ਖਤਮ ਕਰਨ 'ਤੇ ਕੇਂਦਰਿਤ ਹੁੰਦੀ ਹੈ। ਇਸ ਲਈ ਉਨ੍ਹਾਂ ਕੋਲ ਵਿਦਿਆਰਥੀਆਂ ਦੀਆਂ ਲੋੜਾਂ ਅਤੇ ਰੁਚੀਆਂ ਦਾ ਧਿਆਨ ਰੱਖਣ ਲਈ ਬਹੁਤ ਹੀ ਘੱਟ ਸਮਾਂ ਹੁੰਦਾ ਹੈ। ਉਹ ਕੇਵਲ ਆਪਣੇ ਅਧਿਆਪਨ ਦੇ ਬਾਰੇ ਵਿੱਚ ਚਿੰਤਾ ਕਰਦੇ ਹਨ।ਵਿਦਿਆਰਥੀ ਕੇਵਲ ਅਕਿਰਿਆਸ਼ੀਲ ਹੋ ਕੇ ਅਧਿਆਪਕ ਨੂੰ ਸੁਣ ਰਹੇ ਹੁੰਦੇ ਹਨ ਅਤੇ ਕਦੇ ਕਦੇ ਕੋਈ ਇੱਕ ਵਿਦਿਆਰਥੀ ਕੋਈ ਪ੍ਰਸ਼ਨ ਪੁੱਛ ਲੈਂਦਾ ਹੈ। ਬਿਨਾਇਆ ਕਲਾਸ ਵਿੱਚ ਅਨੁਸ਼ਾਸਨ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਕਿ ਉਹ

ਰੁਕਾਵਟ ਰਹਿਤ ਵਾਤਾਵਰਣ ਵਿੱਚ ਆਪਣਾ ਅਧਿਆਪਨ ਕਾਰਜ ਜਾਰੀ ਰੱਖ ਸਕਣ। ਸਮੇਂ ਦੀ ਘਾਟ ਕਾਰਨ ਉਹ ਕਲਾਸ ਰੂਮ ਨੂੰ ਵਿਦਿਆਰਥੀਆਂ ਲਈ ਦਿਲਚਸਪ ਬਣਾਉਣ ਲਈ ਸੀਮਿਤ ਕੋਸ਼ਿਸ਼ ਕਰਦੇ ਹਨ। ਪਾਠ ਅਧਿਆਪਨ ਤੋਂ ਬਾਅਦ ਉਹ ਵਿਦਿਆਰਥੀਆਂ ਦੀ ਸਿਖਲਾਈ ਦਾ ਮੁਲਾਂਕਣ ਕਰਨ ਲਈ ਦੋ ਤਿੰਨ ਪ੍ਰਸ਼ਨ ਪੁੱਛਦਾ ਹੈ।

ਆਓ ਨਿਮਨ ਸਥਿਤੀ 'ਤੇ ਵਿਚਾਰ ਕਰੀਏ-

ਇਸ ਤਰ੍ਹਾਂ ਦੀ ਅਧਿਆਪਕ ਕੇਂਦਰਿਤ ਕਲਾਸ ਸਥਿਤੀ ਵਿੱਚ ਵਿਦਿਆਰਥੀ ਕਲਾਸ ਰੂਮ ਵਿੱਚ ਅਧਿਆਪਕ ਵੱਲੋਂ ਕੀਤੇ ਜਾ ਰਹੇ ਕਾਰਜ ਵਿੱਚ ਘੱਟ ਰੁਚੀ ਰੱਖਦੇ ਹਨ।

**ਈ.1 ਅਧਿਆਪਕ ਕੇਂਦਰਿਤ ਕਲਾਸ ਵਿੱਚ ਕੋਈ ਤਿੰਨ ਵਿਸ਼ੇਸ਼ਤਾਵਾਂ ਦੱਸੋ।**

ਆਓ ਇੱਕ ਹੋਰ ਸਥਿਤੀ ਦਾ ਵਿਸ਼ਲੇਸ਼ਣ ਕਰਦੇ ਹਾਂ-

**ਸਥਿਤੀ** 2- ਸਮਿਤਾ ਐਲੀਮੈਂਟਰੀ ਪੱਧਰ ਦੀ ਕਲਾਸ ਵਿੱਚ ਵਿਗਿਆਨ ਵਿਸ਼ਾ ਪੜ੍ਹਾ ਰਹੀ ਹੈ। ਉਹ-

-ਪਾਠ ਪੁਸਤਕ ਨਹੀਂ ਪੜ੍ਹ ਰਹੀ ਹੈ।

-ਸੰਪੂਰਨ ਕਲਾਸ ਨੂੰ 5-6 ਦੇ ਸਮੂਹ ਵਿੱਚ ਵੰਡਦੀ ਹੈ।

-ਵਿਦਿਆਰਥੀਆਂ ਨੂੰ ਇੱਕ ਪੌਦਾ ਲਿਆਉਣ ਨੂੰ ਕਹਿੰਦੀ ਹੈ ਅਤੇ ਹਰੇਕ ਸਮੂਹ ਨੂੰ ਇਸ ਦਾ ਪ੍ਰੇਖਣ ਕਰਨ ਲਈ ਕਹਿੰਦੀ ਹੈ।

-ਉਨ੍ਹਾਂ ਨੂੰ ਸਮੂਹ ਵਿੱਚ ਪੌਦੇ ਦੇ ਬਾਰੇ ਵਿੱਚ ਵਿਸਥਾਰਤ ਚਰਚਾ ਕਰਨ ਲਈ ਉਤਸ਼ਾਹਿਤ ਕਰਦੀ ਹੈ।

-ਸਮੂਹਿਕ ਚਰਚਾ ਨੂੰ ਪ੍ਰੋਤਸਾਹਨ ਦਿੰਦੀ ਹੈ ਅਤੇ ਹਰੇਕ ਵਿਦਿਆਰਥੀ ਦੀ ਸ਼ਮੂਲੀਅਤ ਨੂੰ ਸੁਨਿਸ਼ਚਤ ਕਰਦੀ ਹੈ।

-ਹਰੇਕ ਵਿਦਿਆਰਥੀ ਨੂੰ ਉਸਦੇ ਅਨੁਭਵ ਦਾ ਉਪਯੋਗ ਕਰਨ ਅਤੇ ਖੋਜ ਸਮਰੱਥਾ ਦਾ ਉਪਯੋਗ ਕਰਨ ਲਈ ਅਸਵਰ ਉਪਲੱਬਧ ਕਰਾਉਂਦੀ ਹੈ।

-ਹਰੇਕ ਵਿਦਿਆਰਥੀ ਨੂੰ ਉਸ ਦੀ ਕਾਪੀ 'ਤੇ ਪੌਦੇ ਦਾ ਚਿੱਤਰ ਬਣਾ ਕੇ ਉਸ ਦਾ ਨਾਂ ਲਿਖਣ ਲਈ ਕਹਿੰਦੀ ਹੈ।

-ਹਰੇਕ ਵਿਦਿਆਰਥੀ ਨੂੰ ਆਪਣੇ ਕਾਰਜ ਨੂੰ ਇੱਕ ਦੂਜੇ ਨਾਲ ਵੰਡਣ ਲਈ ਕਹਿੰਦੀ ਹੈ ਅਤੇ ਸਮੂਹਿਕ ਚਰਚਾ ਨੂੰ ਪ੍ਰੋਤਸਾਹਨ ਦਿੰਦੀ ਹੈ।

ਇਸ ਸਥਿਤੀ ਵਿੱਚ ਸਮਿਤਾ ਇੱਕ ਪਰੰਪਰਾਗਤ ਅਧਿਆਪਕ ਨਾ ਹੋ ਕੇ ਇੱਕ ਸਹਿਜ ਸੁਚਾਰੂ ਪ੍ਰਦਰਸ਼ਕ ਦੇ ਰੂਪ ਵਿੱਚ ਵਿਦਿਆਰਥੀਆਂ ਦੇ ਸਾਹਮਣੇ ਵਿਭਿੰਨ ਭੂਮਿਕਾਵਾਂ ਦਾ ਪ੍ਰਦਰਸ਼ਨ ਕਰਦੀ ਹੈ।

**ਈ.2 ਹੇਠ ਕੁਝ ਕਥਨ ਦਿੱਤੇ ਹੋਏ ਹਨ, ਉਨ੍ਹਾਂ ਵਿੱਚੋਂ ਜਿਨ੍ਹਾਂ ਵਿੱਚ ਵਿਦਿਆਰਥੀਆਂ ਦੀ ਲੋੜ ਨੂੰ ਜ਼ਿਆਦਾ ਮਹੱਤਵ ਦਿੱਤਾ ਹੈ, ਉਸ ਨੂੰ ( ?) ਦੀ ਨਿਸ਼ਾਨੀ ਲਗਾਓ।**

(ੳ) ਅਧਿਆਪਕ ਸ਼ਬਦਕੋਸ਼ ਦਾ ਉਪਯੋਗ ਕਰਕੇ ਵਿਦਿਆਰਥੀਆਂ ਨੂੰ ਮੁਸ਼ਕਿਲ ਸ਼ਬਦਾਂ ਦਾ ਅਰਥ ਸਮਝਾਉਂਦਾ ਹੈ।

(ਅ) ਵਿਦਿਆਰਥੀ ਆਪਣੇ ਸ਼ੱਕਾਂ ਦਾ ਸਮਾਧਾਨ ਅਧਿਆਪਕ ਤੋਂ ਪ੍ਰਸ਼ਨ ਪੁੱਛ ਕੇ ਕਰਦੇ ਹਨ।

(ੲ) ਅਧਿਆਪਕ ਹਰੇਕ ਵਿਦਿਆਰਥੀ ਨੂੰ ਸਾਹਮਣੇ ਬੁਲਾਉਂਦਾ ਹੈ ਅਤੇ ਦੀਵਾਰ 'ਤੇ ਟੰਗੇ ਹੋਏ ਨਕਸ਼ੇ 'ਤੇ ਵਿਭਿੰਨ ਸਥਾਨਾਂ ਨੂੰ ਦਿਖਾਉਂਦਾ ਹੈ।

(ਸ) ਅਧਿਆਪਕ ਪ੍ਰਯੋਗਸ਼ਾਲਾ ਵਿੱਚ ਇੱਕ ਪ੍ਰਯੋਗ ਕਰਦਾ ਹੈ ਅਤੇ ਵਿਦਿਆਰਥੀਆਂ ਨੂੰ ਦੇਖਣ ਲਈ ਕਹਿੰਦਾ ਹੈ।

(ਹ) ਵਿਦਿਆਰਥੀਆਂ ਨੂੰ ਕਲਾਸ ਤੋਂ ਕੁਝ ਸਮੇਂ ਲਈ ਬਾਹਰ ਜਾ ਕੇ ਪ੍ਰਕਿਰਤੀ ਦੇਖਣ ਲਈ ਕਹਿੰਦਾ ਹੈ ਅਤੇ ਆਪਣੀ ਭਾਸ਼ਾ ਵਿੱਚ ਕੋਈ ਤਿੰਨ ਦੇਖੀਆਂ ਚੀਜ਼ਾਂ ਦਾ ਵਰਣਨ ਕਰਨ ਲਈ ਕਹਿੰਦ ਹੈ।

### 4.2.1 ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ

ਵਿਦਿਆਰਥੀ, ਵਿਦਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਦੀਆਂ ਸਾਰੀਆਂ ਗਤੀਵਿਧੀਆਂ ਦਾ ਕੇਂਦਰ ਹੁੰਦਾ ਹੈ। ਅਧਿਆਪਕ ਸਿਖਲਾਈ ਪ੍ਰਕਿਰਿਆ ਨੂੰ ਸਹਿਜ ਅਤੇ ਸੁਚਾਰੂ ਬਣਾਉਣ ਦਾ ਕਾਰਜ ਕਰਦਾ ਹੈ ਅਤੇ ਸਿਖਲਾਈ ਪਰਸਥਿਤੀਆਂ ਦਾ ਆਯੋਜਕ ਹੁੰਦਾ ਹੈ ਜੋ ਵਿਦਿਆਰਥੀਆਂ ਵਿੱਚ ਸੁਤੰਤਰ ਚਿੰਤਨ ਅਤੇ ਜਗਿਆਸਾ ਨੂੰ ਜਾਗ੍ਰਿਤ ਕਰਦਾ ਹੈ, ਸਮੱਸਿਆ ਸਮਾਧਾਨ ਹੁਨਰ ਦਾ ਵਿਕਾਸ ਕਰਦਾ ਹੈ, ਪ੍ਰਾਜੈਕਟ ਦੀ ਰੂਪਰੇਖਾ ਅਤੇ ਲਾਗੂਕਰਨ ਨੂੰ ਪ੍ਰੋਤਸਾਹਨ ਦਿੰਦਾ ਹੈ ਅਤੇ ਸਵੈ ਸਿਖਲਾਈ ਦਾ ਵਿਕਾਸ ਕਰਦੇ ਹੋਏ ਤੱਥਾਂ ਦਾ ਪ੍ਰੇਖਣ ਕਰਕੇ ਗਿਆਨ ਪ੍ਰਾਪਤ ਕਰਨਾ ਅਤੇ ਰਚਨਾਤਮਕ ਚਿੰਤਨ ਅਤੇ ਗਤੀਵਿਧੀਆਂ ਰਾਹੀਂ ਗਿਆਨ ਪ੍ਰਾਪਤ ਕਰਨ ਲਈ ਪ੍ਰੋਤਸਾਹਿਤ ਕਰਦਾ ਹੈ। (ਐਲੀਮੈਂਟਰ ਅਤੇ ਸੈਕੰਡਰੀ ਸਿੱਖਿਆ ਲਈ ਰਾਸ਼ਟਰੀ ਪਾਠਕ੍ਰਮ-ਇੱਕ ਰੂਪਰੇਖਾ, 1987 ਪੇਜ਼-6) ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਇੱਕ ਵਿਦਿਆਰਥੀ ਆਪਣੇ ਨਾਲ ਆਪਣਾ ਪਹਿਲਾ ਅਨੁਭਵ ਅਤੇ ਗਿਆਨ ਲੈ ਕੇ ਸਕੂਲ ਵਿੱਚ ਆਉਂਦਾ ਹੈ ਜੋ ਕਿ ਕਲਾਸ ਦੀ ਸਿਖਲਾਈ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦਾ ਹੈ। ਵਿਦਿਆਰਥੀ ਕੇਂਦਰਿਤ ਸਿਖਲਾਈ ਵਿੱਚ ਵਿਦਿਆਰਥੀ ਦੇ ਵਿਕਾਸਾਤਮਕ ਪੱਧਰਾਂ, ਪਰਿਪੱਕਤਾ, ਸਿਖਲਾਈ ਰਣਨੀਤੀਆਂ, ਪੂਰਵ ਗਿਆਨ ਅਤੇ ਅਨੁਭਵ, ਰੁਚੀਆਂ, ਸਮਾਜਿਕ ਸੰਦਰਭ ਅਤੇ ਸੰਸਕ੍ਰਿਤੀ 'ਤੇ ਧਿਆਨ ਦਿੱਤਾ ਜਾਂਦਾ ਹੈ। ਇੱਕ ਅਧਿਆਪਕ ਦੇ ਰੂਪ ਵਿੱਚ ਵਿਦਿਆਰਥੀ ਕੇਂਦਰਿਤ ਦ੍ਰਿਸ਼ਟੀਕੋਣਾਂ ਨੂੰ ਲਾਗੂ ਕਰਨ ਲਈ ਤੁਹਾਨੂੰ ਵਿਦਿਆਰਥੀਆਂ ਨੂੰ ਅਤੇ ਉਨ੍ਹਾਂ ਤੇ ਸਿਖਲਾਈ ਤਰੀਕਿਆਂ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਇਹ

ਲੋੜ ਹੈ ਕਿ ਤੁਸੀਂ ਆਪਣੀ ਕਲਾਸ ਦੇ ਹਰੇਕ ਵਿਦਿਆਰਥੀ ਦੀਆਂ ਵਿਸ਼ੇਸ਼ਤਾਵਾਂ ਦੇ ਬਾਰੇ ਵਿੱਚ ਵਿਸਥਾਰਤ ਰੂਪ ਨਾਲ ਜਾਣਕਾਰੀ ਰੱਖੋ।

**ਸਿਖਿਆਰਥੀ ਨੂੰ ਸਮਝਣਾ:** ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣਾਂ ਨੂੰ ਅਪਣਾਉਣ ਲਈ ਤੁਹਾਨੂੰ ਕਲਾਸ ਦੇ ਵਿਦਿਆਰਥੀ ਦੇ ਵਿਭਿੰਨ ਪਹਿਲੂਆਂ ਨੂੰ ਸਮਝਣਾ ਜ਼ਰੂਰੀ ਹੈ ਜਿਵੇਂ ਕਿ -

(ੳ) ਸਿਹਤ ਅਤੇ ਸਰੀਰਿਕ ਵਿਕਾਸ (ਅ) ਮਾਨਸਿਕ ਯੋਗਤਾਵਾਂ

(ੲ) ਵਿਅਕਤੀਤਵ (ਸ) ਸਿਖਲਾਈ ਦੇ ਤਰੀਕੇ

(ਹ) ਪ੍ਰੇਰਣਾ (ਕ) ਘਰ ਅਤੇ ਸੰਸਕ੍ਰਿਤਕ ਪਿਛੋਕੜ

**(ੳ) ਸਿਹਤ ਅਤੇ ਸਰੀਰਿਕ ਵਿਕਾਸ:** ਵਿਦਿਆਰਥੀ ਦੀ ਸਿੱਖਣ ਵਿੱਚ ਯੋਗਤਾ ਉਸ ਦੀ ਸਿਹਤ ਅਤੇ ਸਰੀਰਿਕ ਵਿਕਾਸ ਦੇ ਪੱਧਰ 'ਤੇ ਨਿਰਭਰ ਕਰਦੀ ਹੈ। ਸਿਖਲਾਈ ਅਨੁਭਵਾਂ ਦੀ ਚੋਣ ਕਰਦੇ ਸਮੇਂ ਵਿਦਿਆਰਥੀਆਂ ਦੇ ਵਿਕਾਸ ਦੀਆਂ ਵਿਭਿੰਨ ਗਤੀਆਂ ਦਾ ਧਿਆਨ ਰੱਖਣਾ ਤੁਹਾਡੇ ਲਈ ਜ਼ਰੂਰੀ ਹੈ। ਨਿਯਮਤ ਰੂਪ ਨਾਲ ਵਿਦਿਆਰਥੀਆਂ ਦੀ ਸਿਹਤ ਜਾਂਚ ਕਰਾਉਣ ਨਾਲ ਉਨ੍ਹਾਂ ਦੀ ਸਿਹਤ ਅਤੇ ਸਰੀਰਿਕ ਵਿਕਾਸ ਦੇ ਬਾਰੇ ਵਿੱਚ ਤੁਹਾਨੂੰ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ।

**(ਅ) ਮਾਨਸਿਕ ਯੋਗਤਾਵਾਂ:** ਵਿਦਿਆਰਥੀਆਂ ਦੀਆਂ ਵਿਸ਼ੇਸ਼ ਮਾਨਸਿਕ ਯੋਗਤਾਵਾਂ ਨੂੰ ਜਾਣ ਕੇ ਤੁਸੀਂ ਉਨ੍ਹਾਂ ਦੀਆਂ ਵਿਸ਼ੇਸ਼ ਜ਼ਰੂਰਤਾਂ ਨੂੰ ਪੂਰਾ ਕਰ ਸਕਦੇ ਹੋ। ਆਮ ਤੌਰ 'ਤੇ ਇੱਕ ਵਿਅਕਤੀ ਦੀ ਬੁੱਧੀਮਾਨੀ ਨੂੰ ਉਸ ਦੀ ਮਾਨਸਿਕ ਯੋਗਤਾ ਸਮਝਿਆ ਜਾਂਦਾ ਹੈ। ਗਾਰਡਨਰ (1985) ਵੱਲੋਂ ਪੇਸ਼ ਸੱਤ ਪ੍ਰਕਾਰ ਦੇ ਬੁੱਧੀਮਾਨੀ ਨੂੰ ਧਿਆਨ ਵਿੱਚ ਰੱਖ ਕੇ ਇੱਕ ਵਿਅਕਤੀ ਦੀਆਂ ਮਾਨਸਿਕ ਯੋਗਤਾਵਾਂ ਦਾ ਚਿਤਰਣ ਕੀਤਾ ਜਾ ਸਕਦਾ ਹੈ। ਇਹ ਇਸ ਪ੍ਰਕਾਰ ਹਨ–

• **ਭਾਸ਼ਾ**–ਇੱਕ ਵਿਅਕਤੀ ਨੂੰ ਸੰਚਾਰ ਦੇ ਯੋਗ ਬਣਾਉਂਦੀ ਹੈ ਅਤੇ ਆਪਣੇ ਆਸ ਪਾਸ ਦੀ ਦੁਨੀਆ ਨੂੰ ਭਾਸ਼ਾ ਦੇ ਜ਼ਰੀਏ ਸੁਨਿਸ਼ਚਿਤ ਕਰਦੀ ਹੈ।

• **ਗਣਿਤੀ ਤਰਕ**–ਵਿਅਕਤੀ ਨੂੰ ਅਮਰੂਤ ਗਣਿਤ ਸੰਬਧਾਂ ਦਾ ਉਪਯੋਗ ਕਰਨ ਦੇ ਯੋਗ ਬਣਾਉਂਦਾ ਹੈ।

• **ਦ੍ਰਿਸ਼ ਸਥਾਨਕ**–ਵਿਅਕਤੀ ਨੂੰ ਦੇਖਣ, ਤਬਦੀਲ ਕਰਨ ਅਤੇ ਸਥਾਨਕ ਸੂਚਨਾਵਾਂ ਦਾ ਉਪਯੋਗ ਕਰਨ ਦੇ ਯੋਗ ਬਣਾਉਂਦਾ ਹੈ।

• **ਸਰੀਰਿਕ ਗਤੀਸ਼ੀਲਤਾ**: ਵਿਅਕਤੀ ਨੂੰ ਉੱਚ ਪੱਧਰੀ ਸਰੀਰਿਕ ਗਤੀਵਿਧੀ, ਨਿਯੰਤਰਣ ਅਤੇ ਪ੍ਰਗਟਾਵੇ ਦੀ ਵਰਤੋਂ ਕਰਨ ਦੇ ਯੋਗ ਬਣਾਉਂਦੀ ਹੈ।

• **ਸੰਗੀਤਮਈ**: ਵਿਅਕਤੀ ਨੂੰ ਧਵਨੀ ਨਿਰਮਾਣ, ਸੰਚਾਰ ਅਤੇ ਅਰਥ ਸਮਝਣ ਦੇ ਯੋਗ ਬਣਾਉਂਦਾ ਹੈ।

• **ਅੰਤਰ ਵਿਅਕਤੀਗਤ**: ਵਿਅਕਤੀ ਨੂੰ ਦੂਜਿਆਂ ਦੇ ਭਾਵ, ਇੱਛਾ ਨੂੰ ਪਛਾਣਨ ਅਤੇ ਉਨ੍ਹਾਂ ਵਿੱਚ ਅੰਤਰ ਜਾਣਨ ਵਿੱਚ ਸਹਾਇਤਾ ਕਰਦਾ ਹੈ।

ਗਾਰਡਨਰ ਦੀਆਂ ਵਿਸ਼ੇਸ਼ ਮਾਨਸਿਕ ਯੋਗਤਾਵਾਂ ਦੇ ਵਿਸ਼ਲੇਸ਼ਣ ਤੋਂ ਇਹ ਪ੍ਰਸਤਾਵਿਤ ਹੈ ਕਿ ਸਿਖਿਆਰਥੀ ਦੀਆਂ ਵਿਭਿੰਨ ਪ੍ਰਕਾਰ ਦੀਆਂ ਮਾਨਸਿਕ ਯੋਗਤਾਵਾਂ ਅਤੇ ਸ਼ਕਤੀਆਂ ਹੁੰਦੀਆਂ ਹਨ। ਅਤੇ ਉਨ੍ਹਾਂ ਅਨੁਸਾਰ ਇਨ੍ਹਾਂ ਨੂੰ ਵਿਕਸਤ ਕਰਨ ਲਈ ਤੁਹਾਨੂੰ ਵਿਭਿੰਨ ਪ੍ਰਕਾਰ ਦੀਆਂ ਸਿਖਲਾਈ ਕਿਰਿਆਵਾਂ ਦੀ ਚੋਣ ਕਰਨੀ ਹੋਏਗੀ। ਤੁਸੀਂ ਵਿਦਿਆਰਥੀਆਂ ਦੇ ਸਿੱਖਣ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰ ਸਕਦੇ ਹੋ ਅਤੇ ਉਨ੍ਹਾਂ ਦੀਆਂ ਬੌਧਿਕ ਸਮਰੱਥਾਵਾਂ ਵਿੱਚ ਵਾਧਾ ਕਰ ਸਕਦੇ ਹੋ। ਨਿਮਨ ਸਥਿਤੀ 'ਤੇ ਵਿਚਾਰ ਕਰੋ–

**ਸਥਿਤੀ** 3–ਜਦੋਂ ਗੁੱਟੀ ਦੋ ਸਾਲ ਦਾ ਸੀ ਤਾਂ ਉਹ ਆਪਣੇ ਸਾਰੇ ਪਤੰਗਾਂ ਨੂੰ ਚਿੜੀ ਕਹਿੰਦੀ ਸੀ। ਪਤੰਗ ਦੇ ਬਾਰੇ ਵਿੱਚ ਉਸ ਦੀ ਸੰਪੂਰਨ ਸਮਝ ਅਤੇ ਧਾਰਨਾ ਮੁੱਖ ਉਸ ਦੇ ਪੂਰਵ ਗਿਆਨ 'ਇੱਕ ਛੋਟੀ ਵਸਤੂ ਜੋ ਹਵਾ ਵਿੱਚ ਉੱਡਦੀ ਹੈ।' ਰਾਹੀਂ ਪ੍ਰਭਾਵਿਤ ਸੀ। ਬਾਅਦ ਵਿੱਚ ਉਸ ਨੇ ਹੌਲੀ ਹੌਲੀ ਇਹ ਦੇਖਿਆ ਕਿ ਪਤੰਗ ਦਾ ਆਕਾਰ ਚਿੜੀ ਦੇ ਆਕਾਰ ਨਾਲ ਜ਼ਿਆਦਾ ਮਿਲਦਾ ਹੈ, ਇੱਕ ਪਤੰਗ ਦੀ ਬਜਾਏ ਅਲੱਗ ਢੰਗ ਨਾਲ ਉੱਡਦੀ ਹੈ, ਜਦੋਂ ਪਤੰਗ ਉੱਡਦੀ ਹੈ ਤਾਂ ਸਨਸਨਾਹਟ ਦੀ ਆਵਾਜ਼ ਸੁਣਾਈ ਦਿੰਦੀ ਹੈ ਅਤੇ ਇੱਕ ਰੱਸੀ ਜੋ ਇਸ ਨਾਲ ਬੰਨ੍ਹੀ ਹੁੰਦੀ ਹੈ, ਸ਼ਾਇਦ ਇਸ ਨੂੰ ਕੰਟਰੋਲ ਕਰਦੀ ਹੈ, ਉਸ ਦੀ ਸਮਝ ਅਤੇ ਧਾਰਨਾ ਜਿਸ ਵਿੱਚ ਸਿਰਫ਼ 'ਛੋਟੀ ਚੀਜ਼ ਜੋ ਉੱਡਦੀ ਹੈ' ਦੀ ਹੀ ਵਿਸ਼ੇਸ਼ਤਾ ਨਾਲ ਹੁਣ ਉਸ ਵਿੱਚ ਨਵੀਆਂ ਵਿਸ਼ੇਸ਼ਤਾਵਾਂ ਹੋਰ ਜੁੜ ਗਈਆਂ ਹਨ ਜਿਸ ਕਾਰਨ ਹੁਣ ਉਹ ਚਿੜੀ ਅਤੇ ਪਤੰਗ ਵਿੱਚ ਅੰਤਰ ਮਹਿਸੂਸ ਕਰਨ ਲੱਗੀ ਹੈ। ਇਸ ਤਬਦੀਲੀ ਨਾਲ ਉਸ ਦੇ 'ਛੋਟੀ ਉੱਡਣ ਵਾਲੀ ਚੀਜ਼' ਦੀ ਧਾਰਨਾ ਅਤੇ ਸਮਝ ਵਿੱਚ ਹੁਣ ਦੋ ਵਸਤੂਆਂ ਚਿੜੀ ਅਤੇ ਪਤੰਗ ਸ਼ਾਮਲ ਹੈ। ਸੰਖੇਪ ਵਿੱਚ ਉਹ ਆਪਣੀ ਪੂਰਵ ਦੀ ਧਾਰਨਾ ਅਤੇ ਸਮਝ ਵਿੱਚ ਨਵੀਆਂ ਧਾਰਨਾਵਾਂ ਜੋੜ ਕੇ ਉਸ ਨੂੰ ਤਬਦੀਲ ਕਰਦੀ ਹੈ।

ਗੁੱਟੀ ਹੁਣ ਅੱਠ ਸਾਲ ਦੀ ਹੋ ਚੁੱਕੀ ਹੈ ਅਤੇ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਉਸ ਦੀ ਛੋਟੀ ਉੱਡਣ ਵਾਲੀ ਚੀਜ਼ ਦੀ ਸਮਝ ਵਿੱਚ ਕਿੰਨੀ ਪੇਚਦਗੀ ਉਤਪੰਨ ਹੋ ਗਈ ਹੈ। ਹੁਣ ਉਹ ਕਈ ਪ੍ਰਕਾਰ ਦੇ ਹਵਾਈ ਜਹਾਜ਼ਾਂ, ਪੈਰਾਸ਼ੂਟ, ਰਾਕੇਟ, ਉਪਗ੍ਰਹਿਾਂ, ਚਮਗਿੱਦੜਾਂ ਦੇ ਬਾਰੇ ਵਿੱਚ ਜਾਣਦੀ ਹੈ। ਉਹ ਇਹ ਵੀ ਜਾਣਦੀ ਹੈ ਕਿ ਅਜਿਹੀ ਵੀ ਚਿੜੀ ਹੁੰਦੀ ਹੈ ਜੋ ਉੱਡਦੀ ਨਹੀਂ ਹੈ।

**ਗਤੀਵਿਧੀ 1**

ਉਪਰੋਕਤ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਝ ਅਤੇ ਧਾਰਨਾ ਦੇ ਸਾਰੇ ਪਹਿਲੂਆਂ ਦਾ ਚਿਤਰਣ ਕਰਨ ਦੀ ਕੋਸ਼ਿਸ਼ ਕਰੋ। ਤੁਹਾਨੂੰ ਬਹੁਤ ਵੱਡਾ ਚਾਰਟ ਪੇਪਰ ਅਤੇ ਕਲਰ ਪੈਨਸਿਲਾਂ ਦੀ ਲੋੜ ਪਏਗੀ।

(ੲ) ਵਿਅਕਤੀਤਵ–ਸਿਖਿਆਰਥੀ ਦੇ ਵਿਅਕਤੀਤਵ ਨੂੰ ਸਮਝਣ ਨਾਲ ਤੁਹਾਨੂੰ ਵਿਅਕਤੀਗਤ ਵਿਭਿੰਨਤਾ ਨੂੰ ਪਛਾਣਨ ਵਿੱਚ ਸਹਾਇਤਾ ਮਿਲੇਗੀ ਅਤੇ ਸਿਖਿਆਰਥੀ ਦੇ ਵਿਅਕਤੀਤਵ ਅਤੇ ਸਿਖਲਾਈ ਤਰੀਕੇ ਦੇ ਅਨੁਰੂਪ ਉਸ ਲਈ ਸਿਖਲਾਈ ਰਣਨੀਤੀਆਂ ਦੀ ਚੋਣ ਕਰਨ ਵਿੱਚ ਸਹਾਇਤਾ ਮਿਲੇਗੀ।

(ਸ) ਸਿਖਲਾਈ ਤਰੀਕਾ–ਕਿਸੇ ਵੀ ਵਿਅਕਤੀ ਦੀ ਸਿੱਖਣ ਦੀ ਇੱਕ ਵਿਸ਼ੇਸ਼ ਸ਼ੈਲੀ ਹੁੰਦੀ ਹੈ। ਸਿਖਿਆਰਥੀ ਦੇ ਸਿੱਖਣ ਦੇ ਤਰੀਕੇ ਵਿੱਚ ਕਈ ਪ੍ਰਕਾਰ ਦੀਆਂ ਤਬਦੀਲੀਆਂ ਵੀ ਹੋ ਸਕਦੀਆਂ ਹਨ। ਇਹ ਤਬਦੀਲੀਆਂ ਸਿਖਿਆਰਥੀ ਦੇ ਉੱਪਰ ਨਿਰਭਰ ਕਰਦੀਆਂ ਹਨ। ਸਿਖਲਾਈ ਤਰੀਕੇ ਦੇ ਕਈ ਰੂਪ ਹਨ ਇਨ੍ਹਾਂ ਵਿੱਚ ਇੱਕ ਮਹੱਤਵਪੂਰਨ ਰੂਪ ਡੇਵਿਡ ਕੋਲਬ ਦਾ ਹੈ ਜੋ ਕਿ ਪ੍ਰਯੋਗੀ ਸਿਖਲਾਈ 'ਤੇ ਆਧਾਰਿਤ ਹੈ।

ਡੇਵਿਡ ਕੋਲਬ ਦੇ ਸਿਖਲਾਈ ਮਾਡਲ ਅਨੁਸਾਰ ਚਾਰ ਪ੍ਰਕਾਰ ਦੇ ਸਿਖਲਾਈ ਤਰੀਕੇ ਹਨ ਜੋ ਕਿ ਅਨੁਭਵ ਗ੍ਰਹਿਣ ਦੇ ਦੋ ਦ੍ਰਿਸ਼ਟੀਕੋਣਾਂ 'ਤੇ ਆਧਾਰਿਤ ਹਨ। ਇਹ ਹੈ ਮੂਰਤ ਅਨੁਭਵ ਅਤੇ ਅਮੂਰਤ ਧਾਰਨਾ। ਇਸ ਤੋਂ ਇਲਾਵਾ ਤਬਦੀਲੀ ਅਨੁਭਵ 'ਤੇ ਆਧਾਰਿਤ ਦੋ ਦ੍ਰਿਸ਼ਟੀਕੋਣ ਹਨ ਚਿੰਤਨਸ਼ੀਲ ਪ੍ਰੇਖਣ ਅਤੇ ਸਰਗਰਮ ਪ੍ਰਯੋਗ। ਇਹ ਚਾਰ ਸਿਖਲਾਈ ਤਰੀਕੇ ਇਸ ਪ੍ਰਕਾਰ ਹਨ–

–ਵੱਖ ਕਰਨਾ (ਦੇਖਣਾ ਅਤੇ ਮਹਿਸੂਸ ਕਰਨਾ ਸੀਈ/ਆਰਓ)– ਵਿਭਿੰਨ ਪ੍ਰਕਾਰ ਦੇ ਸਿਖਲਾਈ ਤਰੀਕਿਆਂ ਨਾਲ ਸਿੱਖਣ ਵਾਲੇ ਸਿਖਿਆਰਥੀ ਸੰਵੇਦਨਸ਼ੀਲ ਹੁੰਦੇ ਹਨ ਅਤੇ ਚੀਜ਼ਾਂ ਨੂੰ ਕਈ ਪਹਿਲੂਆਂ ਨਾਲ ਦੇਖਣ ਦੇ ਯੋਗ ਹੁੰਦੇ ਹਨ। ਇਹ ਕਰਨ ਦੀ ਉਮੀਦ ਰੱਖਣਾ ਜ਼ਿਆਦਾ ਪਸੰਦ ਕਰਦੇ ਹਨ ਅਤੇ ਸੂਚਨਾ ਇਕੱਤਰ ਕਰਦੇ ਹਨ ਅਤੇ ਕਲਪਨਾ ਸ਼ਕਤੀ ਦਾ ਉਪਯੋਗ ਕਰਕੇ ਸਮੱਸਿਆ ਸਮਾਧਾਨ ਕਰਦੇ ਹਨ। ਇਹ ਸਿਖਿਆਰਥੀ ਸਮੂਹ ਵਿੱਚ ਕਾਰਜ ਕਰਨ ਦੀ ਚੋਣ ਕਰਦੇ ਹਨ, ਇਹ ਖੁੱਲ੍ਹੇ ਦਿਮਾਗ ਨਾਲ ਗੱਲ ਸੁਣਦੇ ਹਨ ਅਤੇ ਵਿਅਕਤੀਗਤ ਪ੍ਰਤੀਕਿਰਿਆ ਪ੍ਰਾਪਤ ਕਰਦੇ ਹਨ।

**–ਆਤਮਸਾਤ ਕਰਨਾ (ਦੇਖਣਾ ਅਤੇ ਸੋਚਣਾ ਏਸੀ/ਆਰਓ)**– ਜੋ ਸਿਖਿਆਰਥੀ ਆਤਮਸਾਤ ਕਰਨ ਦੇ ਤਰੀਕੇ ਨਾਲ ਸਿੱਖਦੇ ਹਨ ਉਹ ਵਿਅਕਤੀਆਂ 'ਤੇ ਜ਼ਿਆਦਾ ਧਿਆਨ ਨਹੀਂ ਦਿੰਦੇ ਹਨ ਅਤੇ ਵਿਚਾਰਾਂ ਅਤੇ ਅਮੂਰਤ ਧਾਰਨਾਵਾਂ ਵਿੱਚ ਜ਼ਿਆਦਾ ਰੁਚੀ ਰੱਖਦੇ ਹਨ। ਉਹ ਵਿਵਹਾਰਕ ਮੁੱਲਾਂ 'ਤੇ ਆਧਾਰਿਤ ਦ੍ਰਿਸ਼ਟੀਕੋਣਾਂ ਦੀ ਬਜਾਏ ਤਰਕਸੰਗਤ ਸਿਧਾਂਤਾਂ ਦੀ ਤਰਫ਼ ਜ਼ਿਆਦਾ ਆਕਰਸ਼ਿਤ ਹੁੰਦੇ ਹਨ। ਉਹ ਪੜ੍ਹਨਾ, ਵਿਆਖਿਆ, ਖੋਜ, ਵਿਸ਼ਲੇਸ਼ਣ ਮਾਡਲ ਨੂੰ ਜ਼ਿਆਦਾ ਪਸੰਦ ਕਰਦੇ ਹਨ ਅਤੇ ਉਨ੍ਹਾਂ ਕੋਲ ਗੰਭੀਰ ਵਿਚਾਰ ਲਈ ਸਮਾਂ ਹੁੰਦਾ ਹੈ।

**-ਮਿਲਾਉਣਾ (ਕਰਨਾ ਅਤੇ ਸੋਚਨਾ ਏਸੀ/ਏਈ)**-ਉਹ ਸਿਖਿਆਰਥੀ ਜੋ ਮਿਲਾਉਣ ਦੇ ਸਿਖਲਾਈ ਤਰੀਕੇ ਨਾਲ ਸਿੱਖਦੇ ਹਨ ਉਹ ਸਮੱਸਿਆ ਸਮਾਧਾਨ ਕਰ ਸਕਦੇ ਹਨ ਅਤੇ ਆਪਣੇ ਹਾਸਲ ਗਿਆਨ ਦਾ ਉਪਯੋਗ ਉਹ ਵਿਵਹਾਰਕ ਮੁੱਦਿਆਂ ਦਾ ਹੱਲ ਕੱਢਣ ਵਿੱਚ ਕਰਦੇ ਹਨ। ਉਹ ਤਕਨੀਕੀ ਕਾਰਜਾਂ ਵਿੱਚ ਰੁਚੀ ਰੱਖਦੇ ਹਨ ਅਤੇ ਵਿਅਕਤੀਆਂ ਅਤੇ ਅੰਤਰਵਿਅਕਤੀਗਤ ਪਹਿਲੂਆਂ 'ਤੇ ਘੱਟ ਧਿਆਨ ਦਿੰਦੇ ਹਨ। ਉਹ ਨਵੇਂ ਵਿਚਾਰਾਂ ਦੇ ਨਾਲ ਪ੍ਰਯੋਗ ਕਰਦੇ ਹਨ ਅਤੇ ਵਿਵਹਾਰਕ ਪ੍ਰਯੋਗਾਂ ਨਾਲ ਕਾਰਜ ਕਰਦੇ ਹਨ।

**-ਅਨੁਕੂਲੀਕਰਨ (ਕਰਨਾ ਅਤੇ ਮਹਿਸੂਸ ਕਰਨਾ ਸੀਈ/ਏਈ)**- ਅਨੁਕੂਲ ਸਿਖਲਾਈ ਤਰੀਕੇ ਨਾਲ ਸਿੱਖਣ ਵਾਲੇ ਸਿਖਿਆਰਥੀ ਤਰਕ ਦੀ ਬਜਾਏ ਸਵੈ ਅਨੁਭਵ 'ਤੇ ਨਿਰਭਰ ਕਰਦੇ ਹਨ। ਇਹ ਦੂਜਿਆਂ ਦੇ ਵਿਸ਼ਲੇਸ਼ਣ ਦੀ ਵਰਤੋਂ ਕਰਦੇ ਹਨ ਅਤੇ ਵਿਵਹਾਰਕ, ਪ੍ਰਯੋਗੀਕਰਨ ਸਿਖਲਾਈ ਨੂੰ ਪਸੰਦ ਕਰਦੇ ਹਨ। ਉਹ ਨਵੀਂ ਚੁਣੌਤੀ ਦੀ ਤਰਫ਼ ਆਕਰਸ਼ਿਤ ਹੁੰਦੇ ਹਨ ਅਤੇ ਆਪਣੀ ਯੋਜਨਾ ਨੂੰ ਲਾਗੂ ਕਰਦੇ ਹਨ। ਇਹ ਕਾਰਜ ਪੂਰਾ ਕਰਨ ਲਈ ਸਮੂਹ ਵਿੱਚ ਕਾਰਜ ਕਰਦੇ ਹਨ। ਉਹ ਟੀਚਾ ਨਿਰਧਾਰਤ ਕਰਕੇ ਸਰਗਰਮ ਰੂਪ ਨਾਲ ਵਿਭਿੰਨ ਤਰੀਕਿਆਂ ਦੀ ਵਰਤੋਂ ਕਰਦੇ ਹੋਏ ਟੀਚੇ ਦੀ ਪ੍ਰਾਪਤੀ ਲਈ ਕੋਸ਼ਿਸ਼ ਕਰਦੇ ਹਨ।

ਸਿਖਲਾਈ ਤਰੀਕੇ, ਸਿਖਲਾਈ ਸਥਿਤੀ, ਅਨੁਭਖ ਅਤੇ ਪ੍ਰੇਰਣਾ ਰਾਹੀਂ ਪ੍ਰਭਾਵਿਤ ਹੁੰਦੇ ਹਨ ਅਤੇ ਇਨ੍ਹਾਂ ਨੂੰ ਸਿਖਿਆਰਥੀ ਦੇ ਵਿਅਕਤੀਤਵ ਜਾਂ ਬੌਧਿਕ ਵਿਵਹਾਰ ਦੇ ਵਿਚਕਾਰ ਇੱਕ ਸਬੰਧ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ।

**ਈ. 3 ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਵਿੱਚ ਸਿਖਿਆਰਥੀ ਨੂੰ ਸਮਝਣਾ ਕਿਉਂ ਮਹੱਤਵਪੂਰਨ ਸਮਝਿਆ ਜਾਂਦਾ ਹੈ, ਕੋਈ ਦੋ ਉਦਾਹਰਨਾਂ ਦਿਓ।**

**ਈ. 4 ਵੱਖ ਕਰਨਾ ਅਤੇ ਮਿਲਾਉਣਾ ਸਿਖਲਾਈ ਤਰੀਕੇ ਦੇ ਵਿਚਕਾਰ ਦੋ ਅੰਤਰਾਂ ਦਾ ਵਰਣਨ ਕਰੋ।**

(ਹ) ਪ੍ਰੇਰਣਾ: ਕੀ ਵਿਦਿਆਰਥੀ ਨੂੰ ਉਪਲੱਬਧ ਕਰਾਈ ਗਈ ਸਿਖਲਾਈ ਅਨੁਭਵ ਅਤੇ ਉਸ ਦੇ ਵਿਅਕਤੀਤਵ ਅਤੇ ਸਿਖਲਾਈ ਤਰੀਕੇ ਦੇ ਵਿਚਕਾਰ ਸਮਾਨਤਾ ਹੈ ਜਾਂ ਨਹੀਂ ? ਪ੍ਰੇਰਣਾ ਇਸ ਨਾਲ ਸਬੰਧਿਤ ਹੈ। ਜੇਕਰ ਸਿਖਿਆਰਥੀ ਨੂੰ ਉਸ ਦੇ ਵਰਤਮਾਨ ਕੌਸ਼ਲ, ਗਿਆਨ ਅਤੇ ਸਮਝ ਨੂੰ ਚੁਣੌਤੀ ਦੇਣ ਵਾਲਾ ਸਿਖਲਾਈ ਕਾਰਜ ਦਿੱਤਾ ਜਾਵੇ ਤਾਂ ਸਿਖਿਆਰਥੀ ਅਜਿਹੇ ਕਾਰਜ ਨੂੰ ਕਰਨ ਲਈ ਪ੍ਰੇਰਿਤ ਹੁੰਦਾ ਹੈ, ਪਰ ਜੇਕਰ ਚੁਣੌਤੀ ਦਾ ਪੱਧਰ ਉਸ ਦੇ ਗਿਆਨ ਕੌਸ਼ਲ ਅਤੇ ਸਮਝ ਤੋਂ ਘੱਟ ਜਾਂ ਜ਼ਿਆਦਾ ਹੁੰਦਾ ਹੈ ਤਾਂ ਉਹ ਇਸ ਪ੍ਰਕਾਰ ਦੇ ਕਾਰਜ ਵਿੱਚ ਜ਼ਿਆਦਾ ਰੁਚੀ ਨਹੀਂ ਲੈਂਦਾ ਹੈ। ਇਸ ਲਈ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਹਰੇਕ ਸਿਖਿਆਰਥੀ ਦੀਆਂ ਸਮਰੱਥਾਵਾਂ, ਰੁਚੀਆਂ ਨੂੰ ਸਮਝੇ ਅਤੇ ਨਾਲ ਨਾਲ ਉਨ੍ਹਾਂ ਨੂੰ ਆਪਣੇ ਵਿਸ਼ੇ ਦੇ ਬਾਰੇ ਵਿੱਚ ਡੂੰਘਾ ਗਿਆਨ ਅਤੇ ਕੌਸ਼ਲ ਹੋਣਾ ਬੇਹੱਦ ਜ਼ਰੂਰੀ ਹੈ ਤਾਂ ਕਿ ਸਿਖਿਆਰਥੀ ਨੂੰ ਪ੍ਰਭਾਵਸ਼ਾਲੀ ਸਿਖਲਾਈ ਅਨੁਭਵ ਉਪਲੱਬਧ ਕਰਵਾ ਕੇ ਪ੍ਰੇਰਿਤ ਕੀਤਾ ਜਾ ਸਕੇ।

(ਕ) **ਘਰ ਅਤੇ ਸੰਸਕ੍ਰਿਤਕ ਪਿਛੋਕੜ**: ਸਕੂਲ, ਘਰ, ਸਾਥੀ ਅਤੇ ਸਮਾਜਿਕ ਆਲਾ ਦੁਆਲਾ ਬੱਚੇ ਦੀ ਸਿੱਖਿਆ ਨੂੰ ਪ੍ਰਭਾਵਿਤ ਕਰਦਾ ਹੈ। ਸਿਖਲਾਈ ਨੂੰ ਸੰਸਕ੍ਰਿਤਕ ਪਿਛੋਕੜ, ਭਾਸ਼ਾ ਦਾ ਮਾਧਿਅਮ ਅਤੇ ਸਿਖਲਾਈ ਦੀ ਪ੍ਰਕਿਰਤੀ ਪ੍ਰਭਾਵਿਤ ਕਰਦੀ ਹੈ।

**ਸੰਸਕ੍ਰਿਤਕ ਅਨੁਭਵ**: ਸਿਖਿਆਰਥੀ ਦੇ ਪੂਰਵ ਗਿਆਨ ਨੂੰ ਸਿਖਿਆਰਥੀ ਦੇ ਸਮਾਜਿਕ ਆਲੇ ਦੁਆਲੇ ਦੀ ਸੰਸਕ੍ਰਿਤੀ, ਗਿਆਨ, ਕਦਰਾਂ ਕੀਮਤਾਂ ਅਤੇ ਵਿਚਾਰ ਗੰਭੀਰ ਰੂਪ ਨਾਲ ਪ੍ਰਭਾਵਿਤ ਕਰਦੇ ਹਨ। ਇਹ ਨਵੀਆਂ ਧਾਰਨਾਵਾਂ ਨੂੰ ਸਮਝਣ ਲਈ ਰੂਪ ਰੇਖਾ ਦਾ ਕਾਰਜ ਕਰਦੇ ਹਨ ਅਤੇ ਉਸ ਲਈ ਨਵੀਆਂ ਸਿਖਲਾਈਆਂ ਨੂੰ ਪ੍ਰਭਾਵਿਤ ਕਰਦੇ ਹਨ।

**ਭਾਸ਼ਾ**: ਸੋਚਣ ਅਤੇ ਸਿੱਖਣ ਦਾ ਜ਼ਰੀਆ ਭਾਸ਼ਾ ਹੈ। ਭਾਸ਼ਾ ਸੰਸਕ੍ਰਿਤਕ ਉਪਕਰਨ ਨੂੰ ਸ਼ਾਮਲ ਕਰਦਾ ਹੈ ਜਿਸ ਰਾਹੀਂ ਨਵੇਂ ਅਨੁਭਵਾਂ ਦੀ ਵਿਆਖਿਆ ਅਤੇ ਵਿਚੋਲਗੀ ਕਰਦੀ ਹੈ ਜਦੋਂ ਸਿਖਿਆਰਥੀ ਸਮਾਜ ਅਤੇ ਸਮੁਦਾਏ ਨਾਲ ਕਿਰਿਆ ਕਰਦਾ ਹੈ। ਭਾਸ਼ਾ ਅਤੇ ਸੰਸਕ੍ਰਿਤਕ ਉਪਕਰਨ ਦੇ ਰੂਪ ਵਿੱਚ ਨਵੀਨ ਸਿਖਲਾਈ ਨੂੰ ਪ੍ਰਭਾਵਿਤ ਕਰਦਾ ਹੈ।

**ਸਿਖਲਾਈ ਵਿਵਹਾਰ**: ਸਿਖਲਾਈ ਵਿਵਹਾਰ ਵਾਤਾਵਰਣ, ਵਿਸ਼ੇਸ਼ ਬਾਲਗਾਂ ਅਤੇ ਸਾਥੀਆਂ ਨਾਲ ਗੱਲਬਾਤ ਦੇ ਅਨੁਭਵਾਂ ਨਾਲ ਪ੍ਰਾਪਤ ਅਤੇ ਪ੍ਰਭਾਵਿਤ ਹੁੰਦਾ ਹੈ। ਇਹ ਦੇਖਿਆ ਗਿਆ ਹੈ ਕਿ ਜਦੋਂ ਬੱਚਾ ਕਿਸੇ ਗਤੀਵਿਧੀ ਦੇ ਉਦੇਸ਼ ਨੂੰ ਸਮਝਦਾ ਹੈ ਤਾਂ ਉਹ ਉਸ ਵਿੱਚ ਸਰਗਰਮ ਰੂਪ ਨਾਲ ਭਾਗ ਲੈਂਦਾ ਹੈ ਅਤੇ ਗਤੀਵਿਧੀ ਦੇ ਨਿਯਮਾਂ ਅਤੇ ਤਰਕਾਂ ਨੂੰ ਸਮਝਣਾ ਸ਼ੁਰੂ ਕਰ ਦਿੰਦਾ ਹੈ। ਇਸ ਨਾਲ ਉਸ ਗਤੀਵਿਧੀ ਵਿੱਚ ਮੌਜੂਦ ਧਾਰਨਾ ਨੂੰ ਸਿੱਖਣ ਵਿੱਚ ਸਹਾਇਤਾ ਮਿਲਦੀ ਹੈ। ਉਦਾਹਰਨ ਲਈ ਸ਼ਕੀਲ ਲਈ ਲਾਭ ਅਤੇ ਹਾਨੀ ਅਤੇ ਅਖ਼ਬਾਰ ਦੀ ਕੀਮਤ ਪਤਾ ਕਰਨਾ ਸਿਰਫ਼ ਪਾਠਕ੍ਰਮ ਦੀ ਸਿਖਲਾਈ ਲਈ ਨਹੀਂ ਹੈ, ਪਰ ਉਹ ਅਖ਼ਬਾਰ ਏਜੰਟ ਤੋਂ ਅਖ਼ਬਾਰ ਖਰੀਦਕੇ ਜ਼ਿਆਦਾ ਤੋਂ ਜ਼ਿਆਦਾ ਅਖ਼ਬਾਰ ਵੇਚਣ ਦੀ ਕੋਸ਼ਿਸ਼ ਕਰਦਾ ਹੈ ਕਿਉਂਕਿ ਉਸ ਦੇ ਪਰਿਵਾਰ ਨੂੰ ਪੈਸਿਆਂ ਦੀ ਲੋੜ ਹੈ। ਇਸ ਤੋਂ ਉਲਟ ਪੰਜਵੀਂ ਕਲਾਸ ਵਿੱਚ ਪੜ੍ਹਨ ਵਾਲੀ 12 ਸਾਲ ਦੀ ਨੀਤੂ ਨੂੰ ਜਦੋਂ ਉਸ ਦੀ ਅਧਿਆਪਕਾ ਨੇ ਇੱਕ ਪ੍ਰਸ਼ਨ- ਇੱਕ ਦੁਕਾਨਦਾਰ 10 ਪੈਨਸਿਲਾਂ 1 ਰੁਪਏ 50 ਪੈਸੇ ਪ੍ਰਤੀ ਪੈਨਸਿਲ ਦੇ ਹਿਸਾਬ ਨਾਲ ਖਰੀਦਦਾ ਹੈ ਅਤੇ ਜੇਕਰ ਉਹ 2 ਰੁਪਏ ਪ੍ਰਤੀ ਪੈਨਸਿਲ ਦੇ ਹਿਸਾਬ ਨਾਲ ਉਸ ਨੂੰ ਵੇਚਦਾ ਹੈ ਤਾਂ ਦੱਸੋ ਉਸਨੂੰ ਕੁੱਲ ਕਿੰਨਾ ਲਾਭ ਹੋਏਗਾ ? ਕਾਫ਼ੀ ਦੇਰ ਸੋਚਣ ਤੋਂ ਬਾਅਦ ਨੀਤੂ ਨੇ ਪੁੱਛਿਆ ਕੀ ਵਿੱਚ ਇਸ ਨੂੰ ਜੋੜਾਂ ਜਾਂ ਗੁਣਾਂ ਕਰਾਂ ? ਜੇਕਰ ਤੁਸੀਂ ਦੱਸੋਗੇ ਤਾਂ ਮੈਂ ਪ੍ਰਸ਼ਨ ਹੱਲ ਕਰ ਸਕਦੀ ਹਾਂ।

ਇਹ ਸਪੱਸ਼ਟ ਹੈ ਕਿ ਸ਼ਕੀਲ ਅਤੇ ਨੀਤੂ ਦੀਆਂ ਸੰਸਕ੍ਰਿਤਕ ਸਥਿਤੀਆਂ ਅਲੱਗ ਹਨ ਅਤੇ ਉਹ ਉਨ੍ਹਾਂ ਦੋਨਾਂ ਦੇ ਸਿਖਲਾਈ ਵਿਵਹਾਰ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਬੱਚਿਆਂ ਦੇ ਵਿਵਹਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਵਾਤਾਵਰਣ ਪ੍ਰਤੀ ਸੰਵੇਦਨਸ਼ੀਲ ਹਨ ਅਤੇ ਉਹ ਆਪਣੇ ਆਲੇ ਦੁਆਲੇ ਵਿੱਚ ਬਾਲਗਾਂ ਅਤੇ ਸਾਥੀਆਂ ਨਾਲ ਨਿਰੰਤਰ ਗੱਲਬਾਤ ਕਰਦੇ ਹਨ ਅਤੇ ਉਨ੍ਹਾਂ ਰਾਹੀਂ ਬੱਚਿਆਂ ਦੇ ਵਿਵਹਾਰ ਦਾ ਨਿਰਮਾਣ ਹੁੰਦਾ ਹੈ ਜਾਂ ਉਨ੍ਹਾਂ ਦੇ ਵਿਵਹਾਰ ਨੂੰ ਮਜ਼ਬੂਤ ਜਾਂ ਕਮਜ਼ੋਰ ਕਰਦੇ ਹਨ। ਪਰਿਵਾਰ ਦਾ ਭਾਵਨਾਤਮਕ ਪੂੰਜੀ ਸਿਖਲਾਈ ਨੂੰ ਪ੍ਰਭਾਵਿਤ ਕਰਨ ਵਾਲਾ ਪ੍ਰਮੁੱਖ ਕਾਰਕ ਹੈ। ਪਰਿਵਾਰਕ ਪਿਛੋਕੜ ਵਿੱਚ ਕਾਫ਼ੀ ਭਿੰਨਤਾਵਾਂ ਹੁੰਦੀਆਂ ਹਨ ਜੋ ਕਿ ਬੱਚਿਆਂ ਦੀ ਸਿਖਲਾਈ ਨੂੰ ਪ੍ਰਭਾਵਿਤ ਕਰਦੀਆਂ ਹਨ।

**ਸਹਿਪਾਠੀ**- ਸਿਖਲਾਈ ਅਨੁਭਵ ਨੂੰ ਡਿਜ਼ਾਇਨ ਕਰਦੇ ਸਮੇਂ ਬੱਚੇ ਦੇ ਉੱਪਰ ਉਸ ਦੇ ਸਹਿਪਾਠੀਆਂ ਦੇ ਪ੍ਰਭਾਵ ਦਾ ਵੀ ਧਿਆਨ ਰੱਖਣਾ ਬੇਹੱਦ ਜ਼ਰੂਰੀ ਹੈ। ਸਹਿਪਾਠੀਆਂ ਦੀ ਸਮੂਹਿਕ ਸੰਸਕ੍ਰਿਤੀ ਇੱਕ ਸਿਖਿਆਰਥੀ ਨੂੰ ਸਕੂਲੀ ਜੀਵਨ ਨੂੰ ਅਪਣਾਉਣ ਵਿੱਚ ਸਹਾਇਤਾ ਕਰਦੀ ਹੈ, ਉਹ ਆਪਣੇ ਸਮੂਹ ਵਿੱਚ ਸਿੱਖਦੇ ਹਨ, ਸੋਚਦੇ ਹਨ। ਸੈਕੰਡਰੀ ਸਕੂਲ ਦੇ ਸਾਰੇ

ਪੱਧਰ ਦੇ ਲੜਕੇ ਅਤੇ ਲੜਕੀਆਂ ਆਪਣਾ ਅਲੱਗ ਸਮਾਜਿਕ ਸਮੂਹ ਬਣਾਉਣ ਲਈ ਉਤਸੁਕ ਹੁੰਦੇ ਹਨ।

ਸਕੂਲ ਦੇ ਅੰਦਰ ਜਾਂ ਇੱਕ ਕਲਾਸ ਦੇ ਬੱਚੇ ਉੱਪ ਸਮੂਹ ਭਾਸ਼ਾ, ਖੇਤਰ, ਧਰਮ, ਜਾਤੀ, ਸਮਾਜਿਕ ਪੱਧਰ ਅਤੇ ਸਿੱਖਿਆ ਉਪਲੱਬਧੀਆਂ ਦੇ ਆਧਾਰ 'ਤੇ ਬਣਾਉਂਦੇ ਹਨ। ਇਸ ਪ੍ਰਕਾਰ ਦੇ ਸਹਿਪਾਠੀ ਸਮੂਹ ਇੱਕ ਵਿਦਿਆਰਥੀ ਦੇ ਆਤਮ ਸਨਮਾਨ ਅਤੇ ਉਪਲੱਬਧੀਆਂ ਨੂੰ ਪ੍ਰਭਾਵਿਤ ਕਰਦੇ ਹਨ। ਕੁਝ ਸਹਿਪਾਠੀ ਸਮੂਹ ਸਕੂਲ ਵਿੱਚ ਅਧਿਆਪਕ ਦੇ ਸਾਕਾਰਾਤਮਕ ਅਧਿਆਪਨ ਸਿਖਲਾਈ ਦ੍ਰਿਸ਼ਟੀਕੋਣ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ ਜਦੋਂਕਿ ਕੁਝ ਸਮੂਹ ਵਿਕਲਪਿਕ ਕਦਰਾਂ ਕੀਮਤਾਂ ਤੋਂ ਸਿੱਖਦੇ ਹਨ ਅਤੇ ਅਜਿਹੇ ਵਿਦਿਆਰਥੀ ਸਮੂਹ ਸਕੂਲ ਤੋਂ ਜ਼ਿਆਦਾ ਉਮੀਦ ਨਹੀਂ ਰੱਖਦੇ ਹਨ। ਇਹ ਵਿਦਿਆਰਥੀ ਸਿਖਲਾਈ ਸਮੱਗਰੀ ਤੋਂ ਸਿੱਖਣ ਦੀ ਕੋਸ਼ਿਸ਼ ਕਰਦੇ ਹਨ, ਪਰ ਇਹ ਸ਼ਾਇਦ ਅਧਿਆਪਕ ਵੱਲੋਂ ਨਿਰਧਾਰਤ ਟੀਚੇ ਪ੍ਰਕਾਰ ਦੇ ਨਹੀਂ ਹੁੰਦੇ ਹਨ।

**ਸਕੂਲ:** ਹਰੇਕ ਸਕੂਲ ਦੀ ਆਪਣੀ ਇੱਕ ਵਿਸ਼ੇਸ਼ ਸੰਸਕ੍ਰਿਤੀ ਹੁੰਦੀ ਹੈ, ਪਰ ਸੂਖਮ ਪ੍ਰੇਖਣ ਕਰਨ 'ਤੇ ਦੇਖਿਆ ਜਾਂਦਾ ਹੈ ਕਿ ਸਕੂਲ ਵਿੱਚ ਕਈ ਉੱਪ ਸੰਸਕ੍ਰਿਤੀਆਂ ਹਨ। ਸਕੂਲ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਇਹ ਸੰਸਕ੍ਰਿਤਕ ਸਮੂਹ, ਖੇਤਰ, ਭਾਸ਼ਾ, ਧਰਮ, ਜਾਤ ਅਤੇ ਸਮਾਜਿਕ ਪੱਧਰ 'ਤੇ ਆਧਾਰਿਤ ਹੋ ਸਕਦੇ ਹਨ ਅਤੇ ਇਹ ਕਲਾਸ ਰੂਮ ਗਤੀਵਿਧੀ ਅਤੇ ਸਿਖਿਆਰਥੀ ਦੀ ਸਿਖਲਾਈ ਉਪਲੱਬਧੀ ਨੂੰ ਪ੍ਰਭਾਵਿਤ ਕਰਦੇ ਹਨ।

**ਈ.5 ਕੋਲਬ ਦੇ ਸਿਖਲਾਈ ਤਰੀਕੇ ਦੇ ਮਾਡਲ ਦੇ ਦੋ ਪਹਿਲੂ ਕਿਹੜੇ ਹਨ ?**

**ਈ.6 ਨਵੇਂ ਅਨੁਭਵ ਹਾਸਲ ਕਰਨ ਵਿੱਚ ਸਹਿਪਾਠੀ ਸਮੂਹ ਦੇ ਮਹੱਤਵ ਦਾ ਵਰਣਨ ਕਰੋ।**

**ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਵਿੱਚ ਅਧਿਆਪਕ ਦੀ ਭੂਮਿਕਾ:**

ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਵਿੱਚ ਅਸੀਂ ਨਿਮਨਲਿਖਤ ਬਿੰਦੂਆਂ 'ਤੇ ਵਿਚਾਰ ਕਰਦੇ ਹਾਂ।

• ਵਿਦਿਆਰਥੀਆਂ ਦੇ ਸਿਖਲਾਈ ਤਰੀਕੇ ਅਲੱਗ ਅਲੱਗ ਹੁੰਦੇ ਹਨ (ਹਦਾਇਤਾਂ ਨੂੰ ਪੂਰਾ ਕਰਨਾ ਹੋਣਾ ਚਾਹੀਦਾ ਹੈ)।

• ਸਕੂਲ ਵਿੱਚ ਬੱਚਿਆਂ ਅੰਦਰ ਮੌਜੂਦ ਜਗਿਆਸਾ ਅਤੇ ਨਿਰੰਤਰ ਸਵੈ ਖੋਜ ਕਰਨ ਦੇ ਵਿਵਹਾਰ ਨੂੰ ਸਿੱਖਣ ਦਾ ਆਧਾਰ ਬਣਾਉਣਾ ਚਾਹੀਦਾ ਹੈ। ਇਹ ਅਰਥ ਹੈ ਕਿ ਬੱਚੇ ਦੀ ਰੁਚੀ ਅਨੁਸਾਰ ਜਿੰਨੀ ਗਹਿਰਾਈ ਨਾਲ ਅਤੇ ਜਿੰਨੇ ਸਮੇਂ ਤੱਕ ਉਹ ਆਪਣੇ ਕਾਰਜ ਨੂੰ ਸੰਤੁਸ਼ਟੀਜਨਕ ਪਾਉਂਦਾ ਹੈ ਉਦੋਂ ਤੱਕ ਉਸ ਨੂੰ ਅਜਿਹੇ ਅਵਸਰ ਸਕੂਲ ਵਿੱਚ ਉਪਲੱਬਧ ਕਰਾਉਣੇ ਚਾਹੀਦੇ ਹਨ।

• ਇੱਕ ਬੱਚਾ ਪਹਿਲਾਂ ਮਨਮੌਜੀ ਢੰਗ ਨਾਲ ਸਿੱਖਦਾ ਹੈ। (ਅਤੇ ਨਿਰਦੇਸ਼ ਵਿੱਚ ਅਜਿਹੀਆਂ ਪ੍ਰਸਥਿਤੀਆਂ ਨੂੰ ਸਥਾਨ ਦੇਣਾ ਚਾਹੀਦਾ ਹੈ।)

• ਬੱਚੇ ਆਪਣੇ ਸਿਖਲਾਈ ਖੇਤਰ ਵਿੱਚ ਬੌਧਿਕ ਢੰਗ ਨਾਲ ਫੈਸਲੇ ਲੈਣ ਦੀ ਸਮਰੱਥਾ ਰੱਖਦੇ ਹਨ।

• ਸਕੂਲ ਦਾ ਕਾਰਜ ਹੈ ਕਿ ਉਹ ਸਿਖਿਆਰਥੀ ਨੂੰ ਸਿੱਖਣ ਵਿੱਚ ਇਸ ਪ੍ਰਕਾਰ ਸਹਾਇਤਾ ਕਰੇ ਕਿ ਉਹ ਜੀਵਨਭਰ ਸਿਖਿਆਰਥੀ ਬਣਿਆ ਰਹੇ।

• ਖੁੱਲ੍ਹੇ ਦਿਲ-ਦਿਮਾਗ ਨਾਲ, ਵਿਸ਼ਵਾਸ ਨਾਲ ਅਤੇ ਪਰਸਪਰ ਸਨਮਾਨ ਦੀ ਭਾਵਨਾ ਸਿਖਲਾਈ ਨੂੰ ਮਜ਼ਬੂਤ ਕਰਦੀ ਹੈ ਅਤੇ ਸਕੂਲ ਵਿੱਚ ਸਵੀਕਾਰਤਾ ਦਾ ਭਾਵ ਅਤੇ ਸਾਕਾਰਾਤਮਕ ਭਾਵਨਾ ਦਾ ਵਾਤਾਵਰਣ ਉਪਲੱਬਧ ਕਰਾਉਣਾ ਚਾਹੀਦਾ ਹੈ। ਇਸ ਲਈ ਇੱਕ ਅਧਿਆਪਕ ਦੇ ਰੂਪ ਵਿੱਚ ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਵਿੱਚ ਨਿਮਨਲਿਖਤ ਤਿੰਨ ਮਹੱਤਵਪੂਰਨ ਭੂਮਿਕਾਵਾਂ ਤੁਹਾਨੂੰ ਨਿਭਾਉਣੀਆਂ ਹਨ।

**ਸਿਖਿਆਰਥੀ ਦਾ ਨਿਰੀਖਕ ਅਤੇ ਨਿਦਾਨਕ**-ਸਿਖਿਆਰਥੀ ਦੇ ਵਿਵਹਾਰ ਅਤੇ ਗਤੀਵਿਧੀਆਂ ਨੂੰ ਕਲਾਸ ਦੇ ਅੰਦਰ ਜਾਂ ਬਾਹਰ ਤੁਹਾਨੂੰ ਲਗਾਤਾਰ ਨਿਰੀਖਣ ਕਰਨਾ ਹੈ ਤਾਂ ਕਿ ਉਸ ਦੇ ਸਿਖਲਾਈ ਵਿਵਹਾਰ, ਸਿਖਲਾਈ ਜ਼ਰੂਰਤਾਂ, ਮਜ਼ਬੂਤੀਆਂ ਅਤੇ ਕਮਜ਼ੋਰੀਆਂ ਦਾ ਅਨੁਮਾਨ ਅਤੇ ਪਛਾਣ ਕੀਤੀ ਜਾ ਸਕੇ। ਇਹ ਤੁਹਾਨੂੰ ਸਿਖਿਆਰਥੀ ਲਈ ਉਚਿਤ ਸਿਖਲਾਈ ਵਾਤਾਵਰਣ ਤਿਆਰ ਕਰਨ ਅਤੇ ਸਿਖਲਾਈ ਗਤੀਵਿਧੀ ਦੀ ਸੰਰਚਨਾ ਕਰਨ ਵਿੱਚ ਸਹਾਇਤਾ ਕਰੇਗਾ।

**ਸਿਖਲਾਈ ਲਈ ਵਾਤਾਵਰਣ ਉਪਲੱਬਧ ਕਰਾਉਣ ਵਾਲਾ**-ਇੱਕ ਵਾਰ ਜਦੋਂ ਤੁਸੀਂ ਸਿਖਿਆਰਥੀਆਂ ਦੀਆਂ ਸਿਖਲਾਈ ਜ਼ਰੂਰਤਾਂ ਨੂੰ ਪਛਾਣ ਲੈਂਦੇ ਹੋ ਤਾਂ ਤੁਹਾਡਾ ਮੁੱਖ ਕਾਰਜ ਹੁੰਦਾ ਹੈ ਇੱਕ ਅਜਿਹਾ ਸਿਖਲਾਈ ਵਾਤਾਵਰਣ ਤਿਆਰ ਕਰਨਾ ਜਿਸ ਵਿੱਚ ਹਰੇਕ ਸਿਖਿਆਰਥੀ ਨੂੰ ਸਿੱਖਣ ਲਈ ਅਤੇ ਆਪਣੀਆਂ ਸਿਖਲਾਈ ਲੋੜਾਂ ਨੂੰ ਪੂਰਾ ਕਰਨ ਲਈ ਸੰਪੂਰਨ ਅਵਸਰ ਮਿਲਣ।

**ਸਿਖਲਾਈ ਦੀ ਸੁਵਿਧਾ**-ਸਿਖਿਆਰਥੀ ਜਦੋਂ ਸਿਖਲਾਈ ਗਤੀਵਿਧੀ ਨਾਲ ਜੁੜਿਆ ਰਹਿੰਦਾ ਹੈ ਤਾਂ ਤੁਸੀਂ ਸੁਚੇਤ ਹੋ ਕੇ ਉਸ ਦੀ ਸਹਾਇਤਾ ਕਰੋ। ਪ੍ਰਤੱਖ ਅਧਿਆਪਨ ਨਾਲ ਉਹ ਜ਼ਿਆਦਾ ਚੁਣੌਤੀਪੂਰਨ ਹੁੰਦਾ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਹਰੇਕ ਸਿਖਿਆਰਥੀ ਦਾ ਸਿੱਖਣ ਦਾ ਤਰੀਕਾ ਅਤੇ ਸਿਖਲਾਈ ਵਿਵਹਾਰ ਅਲੱਗ ਹੁੰਦਾ ਹੈ। ਇਸ ਲਈ ਉਨ੍ਹਾਂ ਦੇ ਸਿਖਲਾਈ ਸਮੇਂ ਵਿੱਚ ਉਚਿਤ ਸਥਿਤੀ ਵਿੱਚ ਸਾਨੂੰ ਉਨ੍ਹਾਂ ਨੂੰ ਉਚਿਤ ਸਹਾਇਤਾ ਉਪਲੱਬਧ ਕਰਾਉਣੀ ਹੈ। ਇਸ ਤੋਂ ਇਲਾਵਾ ਜਦੋਂ ਵੀ ਤੁਸੀਂ ਸਿਖਿਆਰਥੀ ਨੂੰ ਅਕਿਰਿਆਸ਼ੀਲ ਦੇਖਦੇ ਹੋ ਤਾਂ ਉਸ ਨੂੰ ਸਿਖਲਾਈ ਗਤੀਵਿਧੀ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰੋ।

**ਈ. 7 ਸਿਖਿਆਰਥੀ ਕੇਂਦਰਿਤ ਕਲਾਸ ਵਿੱਚ ਅਧਿਆਪਕ ਦੀਆਂ ਤਿੰਨ ਭੂਮਿਕਾਵਾਂ ਦਾ ਵਰਣਨ ਕਰੋ।**

### 4.2.2 ਸਿਖਲਾਈ ਕੇਂਦਰਿਤ ਦ੍ਰਿਸ਼ਟੀਕੋਣ

ਸਿਖਲਾਈ ਕੇਂਦਰਿਤ ਸਿੱਖਿਆ ਵਿੱਚ ਸਿਖਲਾਈ ਪ੍ਰਕਿਰਿਆ 'ਤੇ ਧਿਆਨ ਦਿੱਤਾ ਜਾਂਦਾ ਹੈ। ਵਿਦਿਆਰਥੀਆਂ ਲਈ ਸਿਖਲਾਈ ਪ੍ਰਮੁੱਖ ਸਥਾਨ ਰੱਖਦੀ ਹੈ, ਸਿਖਲਾਈ ਕੇਂਦਰਿਤ ਸਿੱਖਿਆ ਵਿੱਚ ਸਿੱਖਿਆ ਨਾਲ ਜੁੜੇ ਸਾਰੇ ਵਿਅਕਤੀਆਂ ਜਿਵੇਂ ਅਧਿਆਪਕ ਵੀ ਵਿਦਿਆਰਥੀਆਂ ਦੇ ਨਾਲ ਨਾਲ ਸਿਖਿਆਰਥੀ ਹੁੰਦੀ ਹੈ। ਪ੍ਰਮੁੱਖ ਰੂਪ ਨਾਲ ਸਿਖਿਆਰਥੀ ਕੇਂਦਰਿਤ ਹੁੰਦਾ ਹੈ, ਪਰ ਕਲਾਸ ਸਥਿਤੀ ਵਿੱਚ ਅਧਿਆਪਕ ਸਿਖਲਾਈ ਪ੍ਰਕਿਰਿਆ ਵਿੱਚ ਸ਼ਾਮਲ ਹੁੰਦਾ ਹੈ। ਖੋਜ ਤੋਂ ਪਤਾ ਲੱਗਿਆ ਹੈ ਕਿ ਸਿਖਲਾਈ ਕੇਂਦਰਿਤ ਸਿੱਖਿਆ ਵਿਦਿਆਰਥੀਆਂ ਨੂੰ ਕੌਸ਼ਲ ਕੁਸ਼ਲਤਾ ਹਾਸਲ ਕਰਨ ਵਿੱਚ ਸਹਾਇਤਾ ਕਰਦੀ ਹੈ ਅਤੇ ਜੀਵਨ ਭਰ ਸਿਖਿਆਰਥੀ ਬਣਾਉਂਦੀ ਹੈ।

ਉਦਾਹਰਨ ਲਈ ਜਦੋਂ ਤੁਸੀਂ ਆਪਣੇ ਵਿਦਿਆਰਥੀਆਂ ਨੂੰ ਸਿੱਖਿਆ ਦੌਰੇ 'ਤੇ ਕਿਸੇ ਕਾਰਖਾਨਾ ਜਾਂ ਬੰਨ੍ਹ ਦਿਖਾਉਣ ਲਈ ਲੈ ਕੇ ਜਾਂਦੇ ਹੋ ਤਾਂ ਕੇਵਲ ਵਿਦਿਆਰਥੀ ਹੀ ਨਹੀਂ ਸਿੱਖਦੇ ਬਲਕਿ ਤੁਸੀਂ ਵੀ ਬਹੁਤ ਸਾਰੀਆਂ ਨਵੀਆਂ ਗੱਲਾਂ ਨੂੰ ਉੱਥੋਂ ਦੇ ਤਕਨੀਕੀ ਮਾਹਿਰਾਂ, ਕਰਮਚਾਰੀਆਂ ਨਾਲ ਗੱਲਬਾਤ ਕਰਕੇ ਕਾਰਖਾਨੇ ਦੇ ਸੰਚਾਲਨ, ਨਿਰਮਾਣ, ਉਪਯੋਗਿਤਾ ਆਦਿ ਦੇ ਬਾਰੇ ਵਿੱਚ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਕਰਦੇ ਹੋ। ਇਨ੍ਹਾਂ ਇਕੱਤਰ ਜਾਣਕਾਰੀਆਂ ਨੂੰ ਵਿਦਿਆਰਥੀਆਂ ਨਾਲ ਗੱਲਬਾਤ ਕਰਕੇ ਤੁਸੀਂ ਉਨ੍ਹਾਂ ਦੀ ਸਿਖਲਾਈ ਸਮਰੱਥਾ ਨੂੰ ਹੋਰ ਜ਼ਿਆਦਾ ਮਜ਼ਬੂਤ ਬਣਾ ਸਕਦੇ ਹੋ।

ਸਿਖਲਾਈ ਕੇਂਦਰਿਤ ਸਿੱਖਿਆ ਵਿੱਚ ਵਿਦਿਆਰਥੀ ਨੂੰ ਸਿੱਖਿਆ ਦਾ ਕੇਂਦਰ ਬਿੰਦੂ ਮੰਨਿਆ ਜਾਂਦਾ ਹੈ। ਇਹ ਵਿਦਿਆਰਥੀ ਦੇ ਉਸ ਸਿੱਖਿਆ ਸੰਦਰਭ ਜਿੱਥੋਂ ਵਿਦਿਆਰਥੀ ਆਉਂਦਾ ਹੈ, ਨੂੰ ਸਮਝਣ ਦੀ ਪ੍ਰਕਿਰਿਆ ਤੋਂ ਸ਼ੁਰੂ ਹੁੰਦਾ ਹੈ ਅਤੇ ਅਧਿਆਪਕ ਵੱਲੋਂ ਸਮਝਾਉਣ ਦੀ ਪ੍ਰਕਿਰਿਆ ਵਿਦਿਆਰਥੀ ਦੇ ਸਿਖਲਾਈ ਉਦੇਸ਼ਾਂ ਦੀ ਪ੍ਰਾਪਤੀ ਦਾ ਮੁਲਾਂਕਣ ਕਰਦੇ ਸਮੇਂ ਵੀ ਚੱਲਦਾ ਰਹਿੰਦਾ ਹੈ। ਵਿਦਿਆਰਥੀਆਂ ਨੂੰ ਸਿੱਖਣ ਲਈ ਬੁਨਿਆਦੀ ਕੌਸ਼ਲ ਪ੍ਰਾਪਤ ਕਰਨ ਲਈ ਸਹਾਇਤਾ ਕਰਕੇ ਅਸੀਂ ਵਿਦਿਆਰਥੀਆਂ ਨੂੰ ਜੀਵਨ ਭਰ ਗਿਆਨ ਹਾਸਲ ਕਰਨ ਲਈ ਪ੍ਰੇਰਿਤ ਕਰ ਸਕਦੇ ਹਾਂ। ਇਸ ਲਈ ਅਸਲ ਵਿੱਚ ਸਿਖਲਾਈ ਦੀ ਜ਼ਿੰਮੇਵਾਰੀ ਵਿਦਿਆਰਥੀ ਦੇ ਉੱਪਰ ਹੁੰਦੀ ਹੈ ਅਤੇ ਅਧਿਆਪਕ ਵਿਦਿਆਰਥੀ ਦੀ ਸਿੱਖਿਆ ਨੂੰ ਸਹਿਜ, ਸੁਚਾਰੂ ਬਣਾਉਣ ਦੀ ਜ਼ਿੰਮੇਵਾਰੀ ਲੈਂਦਾ ਹੈ। ਇਹ ਸਿਖਲਾਈ ਵਿਅਕਤੀਵਾਦੀ ਲਚਕੀਲੀ ਕੁਸ਼ਲਤਾ ਆਧਾਰਿਤ ਵਿਭਿੰਨ ਪ੍ਰਕਾਰ ਦੀਆਂ ਵਿਧੀਆਂ ਦਾ ਉਪਯੋਗ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਹਮੇਸ਼ਾ ਕਿਸੇ ਸਥਾਨ ਜਾਂ ਸਮੇਂ ਨਾਲ ਬੰਨ੍ਹਿਆਂ ਨਹੀਂ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਦ੍ਰਿਸ਼ਟੀਕੋਣ ਵਿਦਿਆਰਥੀ ਆਧਾਰਿਤ ਅਧਿਆਪਨ ਸਿਖਲਾਈ ਵਾਤਾਵਰਣ ਨੂੰ ਪ੍ਰੋਤਸਾਹਿਤ ਕਰਦਾ ਹੈ ਜਿਸ ਵਿੱਚ ਇੱਕ ਦੂਜੇ ਦੇ ਸਹਿਯੋਗ ਨਾਲ ਅਤੇ ਵਿਸ਼ਾ ਵਸਤੂ ਦੀ ਖੋਜਬੀਣ ਨਾਲ ਗਿਆਨ ਦੀ ਸਾਰਥਿਕਤਾ ਨੂੰ ਜਾਣਿਆ ਜਾਂਦਾ ਹੈ। ਅਧਿਆਪਕ ਵਿਦਿਆਰਥੀ ਦੀ ਉਤਪਾਦਕਤਾ ਗਿਆਨ ਪ੍ਰਾਪਤ ਦੀ ਸਮਰੱਥਾ, ਕੁਸ਼ਲਾਂ ਦੀ ਨਿਰੰਤਰ ਉੱਚਤਾ ਬਣਾਈ ਰੱਖਣ ਦੀ ਕੋਸ਼ਿਸ਼ ਕਰਦਾ ਹੈ ਅਤੇ ਉਸ ਦੀਆਂ ਵਿਅਕਤੀਗਤ ਅਤੇ ਵਿਵਸਾਇਕ ਸਮਰੱਥਾਵਾਂ ਨੂੰ ਵਿਕਸਤ ਕਰਨ ਲਈ ਵੀ ਕੋਸ਼ਿਸ਼ ਕਰਦਾ ਹੈ। ਅਧਿਆਪਕ ਇਸ ਲਈ ਵਿਭਿੰਨ ਪ੍ਰਕਾਰ ਦੀਆਂ ਨਿਰਦੇਸ਼ਾਤਮਕ ਵਿਧੀ ਉਪਕਰਨਾਂ ਦੀ ਵਰਤੋਂ ਕਰ ਸਕਦਾ ਹੈ ਅਤੇ ਲਚਕੀਲੇ ਸਮੇਂ ਅਤੇ ਸਥਾਨ ਦੀ ਵਿਵਸਥਾ ਵੀ ਕਰ ਸਕਦਾ ਹੈ।

ਸਿਖਿਆਰਥੀ ਆਪਣੀ ਚੋਣ ਲਈ ਮੁੱਖ ਰੂਪ ਨਾਲ ਜ਼ਿੰਮੇਵਾਰ ਹੁੰਦਾ ਹੈ ਅਤੇ ਉਸ ਕੋਲ ਆਪਣੀ ਸਿਖਲਾਈ 'ਤੇ ਨਿਯੰਤਰਨ ਰੱਖਣ ਲਈ ਅਵਸਰ ਉਪਲੱਬਧ ਹੁੰਦਾ ਹੈ। ਇਸ ਦੇ ਪਰਿਣਾਮਸਵਰੂਪ ਬੱਚੇ ਦੇ ਸਿਖਲਾਈ ਨਾਲ ਸਬੰਧਿਤ ਸਾਰੇ ਹਿੱਤਧਾਰਕਾਂ ਦੇ ਵਿਚਕਾਰ ਇੱਕ ਸਹਿਯੋਗਾਤਮਕ ਸਾਂਝੇਦਾਰੀ ਹੁੰਦੀ ਹੈ।

ਸਿਖਲਾਈ ਕੇਂਦਰਿਤ ਸਿੱਖਿਆ ਅਭਿਆਸਾਂ ਦੇ ਕੁਝ ਉਦਾਹਰਨ ਨਿਮਨ ਪ੍ਰਕਾਰ ਨਾਲ ਹਨ–

- ਕਲਾਸ ਦੇ ਅੰਦਰ ਅਤੇ ਬਾਹਰ ਸਹਿਯੋਗਾਤਮਕ ਸਮੂਹਿਕ ਸਿਖਲਾਈ
- ਵਿਅਕਤੀਗਤ ਤੌਰ 'ਤੇ ਖੋਜ ਅਤੇ ਪੁੱਛਗਿੱਛ
- ਵਿਦਿਆਰਥੀ ਅਤੇ ਅਧਿਆਪਕ ਦੋਨਾਂ ਰਾਹੀਂ ਖੋਜ ਅਤੇ ਪੁੱਛਗਿੱਛ
- ਸਮੱਸਿਆ ਆਧਾਰਿਤ ਖੋਜਬੀਣ ਸਿਖਲਾਈ
- ਸਮਕਾਲੀ ਗੱਲਬਾਤ ਦੂਰਗਾਮੀ ਸਿਖਲਾਈ

• ਖੁਦ ਰਾਹੀਂ ਪ੍ਰਯੋਗਾਤਮਕ ਸਿਖਲਾਈ ਗਤੀਵਿਧੀ

• ਸਿਖਲਾਈ ਸਥਾਨਾਂ ਦਾ ਅਨੁਭਵ

• ਪ੍ਰਸੰਗਿਕ ਕਾਰਜਾਂ ਦਾ ਸਵੈ ਨਿਰਧਾਰਤ ਪ੍ਰਦਰਸ਼ਨ

**ਸਿਖਲਾਈ ਕੇਂਦਰਿਤ ਸਿੱਖਿਆ ਦੀਆਂ ਵਿਸ਼ੇਸ਼ਤਾਵਾਂ**

ਮੁੱਖ ਵਿਸ਼ੇਸ਼ਤਾਵਾਂ ਨਿਮਨਲਿਖਤ ਹਨ-

• ਵਿਦਿਆਰਥੀ ਸੂਚਨਾ ਸੰਗ੍ਰਹਿ ਅਤੇ ਸੰਸ਼ਲੇਸ਼ਿਤ ਕਰਕੇ ਗਿਆਨ ਸੰਰਚਨਾ ਕਰਦੇ ਹਨ ਅਤੇ ਉਸ ਨੂੰ ਆਮ ਕੁਸ਼ਲਾਂ ਜਿਵੇਂ ਖੋਜ, ਸੰਚਾਰ, ਗੰਭੀਰ ਚਿੰਤਨ, ਸਮੱਸਿਆ ਸਮਾਧਾਨ ਆਦਿ ਨਾਲ ਜੋੜਦੇ ਹਨ।

• ਪ੍ਰਭਾਵਸ਼ਾਲੀ ਢੰਗ ਨਾਲ ਗਿਆਨ ਦੇ ਸੰਚਾਰ ਦਾ ਉਪਯੋਗ ਕਰਦੇ ਹੋਏ ਉੱਭਰਦੇ ਅਤੇ ਚਿਰਸਥਾਈ ਮੁੱਦਿਆਂ ਅਤੇ ਅਸਲ ਜੀਵਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ।

• ਅਧਿਆਪਕ ਦੀ ਭੂਮਿਕਾ ਮਾਰਗਦਰਸ਼ੀ ਅਤੇ ਸਿਖਲਾਈ ਨੂੰ ਸਹਿਜ ਬਣਾਉਣਾ ਹੈ।

• ਅਧਿਆਪਕ ਅਤੇ ਵਿਦਿਆਰਥੀ ਮਿਲ ਕੇ ਸਿਖਲਾਈ ਦਾ ਮੁਲਾਂਕਣ ਕਰਦੇ ਹਨ।

• ਅਧਿਆਪਨ ਅਤੇ ਮੁਲਾਂਕਣ ਇੱਕ ਦੂਜੇ ਨਾਲ ਜੁੜੇ ਹੋਏ ਹਨ।

• ਮੁਲਾਂਕਣ ਦਾ ਉਪਯੋਗ ਸਿਖਲਾਈ ਨੂੰ ਵਧਾਉਣ ਅਤੇ ਨਿਦਾਨ ਕਰਨ ਲਈ ਕੀਤਾ ਜਾਂਦਾ ਹੈ।

• ਗਲਤੀਆਂ ਤੋਂ ਸਿੱਖਣ ਅਤੇ ਬਿਹਤਰ ਪ੍ਰਸ਼ਨ ਉਤਪੰਨ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ।

• ਇਛੁੱਕ ਸਿਖਲਾਈ ਦਾ ਮੁਲਾਂਕਣ ਪ੍ਰਤੱਖ ਰੂਪ ਨਾਲ ਪੇਪਰ ਪੈਨਸਿਲ, ਪ੍ਰਾਜੈਕਟ, ਪ੍ਰਦਰਸ਼ਨ ਪੋਰਟਫੋਲਿਓ ਆਦਿ ਰਾਹੀਂ ਕੀਤਾ ਜਾਂਦਾ ਹੈ।

• ਅੰਤਰਵਿਸ਼ਾ ਜਾਂਚ ਨਾਲ ਦ੍ਰਿਸ਼ਟੀਕੋਣ ਨਾਲ ਅਨੁਕੂਲ ਹੈ।

• ਸੰਸਕ੍ਰਿਤੀ ਸਹਿਕਾਰੀ ਅਤੇ ਸਹਿਯੋਗਾਤਮਕ ਹੁੰਦੀ ਹੈ।

• ਅਧਿਆਪਕ ਅਤੇ ਵਿਦਿਆਰਥੀ ਨਾਲ ਨਾਲ ਸਿੱਖਦੇ ਹਨ।

ਵੇਮਰ (2002) ਅਨੁਸਾਰ ਸਿਖਲਾਈ ਕੇਂਦਰਿਤ ਸਿੱਖਿਆ ਪ੍ਰਾਪਤੀ ਲਈ 5 ਅਭਿਆਸਾਂ ਵਿੱਚ ਤਬਦੀਲੀ ਕਰਨ ਦੀ ਲੋੜ ਹੈ–

(1) **ਵਿਸ਼ਾ ਵਸਤੂ ਦਾ ਕਾਰਜ**: ਗਿਆਨ ਦਾ ਆਧਾਰ ਨਿਰਮਾਣ ਕਰਨ ਤੋਂ ਇਲਾਵਾ ਵਿਸ਼ਾ ਵਸਤੂ ਵਿਦਿਆਰਥੀਆਂ ਨੂੰ ਹੇਠ ਲਿਖੇ ਪਹਿਲੂਆਂ 'ਤੇ ਵੀ ਸਹਿਯੋਗ ਕਰਦਾ ਹੈ।

ਵਿਸ਼ਾ ਵਿਸ਼ੇਸ਼ ਦੇ ਬਾਰੇ ਵਿੱਚ ਸੋਚਣ ਅਤੇ ਖੋਜ ਦਾ ਅਭਿਆਸ ਕਰਾਉਣ ਵਿੱਚ।

ਅਸਲੀ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ।

ਵਿਸ਼ਾ ਵਸਤੂ ਦੇ ਕਾਰਜ ਨੂੰ ਸਮਝਣ ਵਿੱਚ ਅਤੇ ਇਸ ਵਿਸ਼ਾ ਵਸਤੂ ਨੂੰ ਕਿਉਂ ਸਿੱਖਿਆ।

ਵਿਸ਼ਾ ਵਸਤੂ ਲਈ ਸਿਖਲਾਈ ਵਿਧੀਆਂ ਬਣਾਉਣ ਵਿੱਚ।

ਵਿਸ਼ਾ ਵਸਤੂ ਦੇ ਵਿਸ਼ੇਸ਼ ਮੁੱਲਾਂ ਨੂੰ ਸਮਝਣ ਵਿੱਚ।

ਵਿਸ਼ਾ ਵਸਤੂ ਰਾਹੀਂ ਸਿੱਖਣ ਦੇ ਤਰੀਕੇ ਵਿਕਸਤ ਕਰਨ ਵਿੱਚ ਅਤੇ ਉਸ ਦੇ ਅਰਥ ਤਲਾਸ਼ਣ ਵਿੱਚ।

(2) **ਅਧਿਆਪਕ ਦੀ ਭੂਮਿਕਾ**–ਅਧਿਆਪਕ ਇੱਕ ਅਜਿਹੇ ਵਾਤਾਵਰਣ ਦੀ ਸਿਰਜਣਾ ਕਰਦਾ ਹੈ ਜੋ ਕਿ

ਵਿਦਿਆਰਥੀਆਂ ਦਾ ਸਿਖਲਾਈ ਨਿਰਮਾਣ ਕਰਦਾ ਹੈ।

ਵਿਭਿੰਨ ਪ੍ਰਕਾਰ ਦੇ ਸਿਖਲਾਈ ਤਰੀਕਿਆਂ ਵਿੱਚ ਤਾਲਮੇਲ ਸਥਾਪਿਤ ਕਰਦਾ ਹੈ।

ਵਿਦਿਆਰਥੀਆਂ ਨੂੰ ਸਿੱਖਣ ਲਈ ਜ਼ਿੰਮੇਵਾਰੀ ਸਵੀਕਾਰ ਕਰਨ ਲਈ ਪ੍ਰੇਰਿਤ ਕਰਦਾ ਹੈ।

ਸਿਖਲਾਈ ਉਦੇਸ਼ ਸਿਖਲਾਈ ਵਿਧੀਆਂ ਅਤੇ ਮੁਲਾਂਕਣ ਦਾ ਨਿਰੰਤਰ ਇਕਸਾਰ ਆਯੋਜਨ ਕਰਦਾ ਹੈ।

ਵਿਦਿਆਰਥੀਆਂ ਦੇ ਸਿਖਲਾਈ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਕਈ ਪ੍ਰਕਾਰ ਦੀਆਂ ਸਿਖਲਾਈ ਤਕਨੀਕਾਂ ਦਾ ਉਪਯੋਗ ਕਰਦਾ ਹੈ।

ਅਜਿਹੀਆਂ ਗਤੀਵਿਧੀਆਂ ਦਾ ਡਿਜ਼ਾਇਨ ਤਿਆਰ ਕਰਦਾ ਹੈ ਜਿਸ ਵਿੱਚ ਵਿਦਿਆਰਥੀ ਅਤੇ ਅਧਿਆਪਕ ਦੋਨੋਂ ਸਰਗਰਮ ਰੂਪ ਨਾਲ ਭਾਗ ਲੈਂਦੇ ਹਨ।

ਵਿਦਿਆਰਥੀਆਂ ਨੂੰ ਮਲਕੀ ਲਈ ਪ੍ਰੇਰਿਤ ਅਤੇ ਪ੍ਰੋਤਸਾਹਿਤ ਕਰਦਾ ਹੈ।

(3) **ਸਿਖਲਾਈ ਦੀ ਜ਼ਿੰਮੇਵਾਰੀ**–ਹਾਲਾਂਕਿ ਸਿਖਲਾਈ ਦੀ ਜ਼ਿੰਮੇਵਾਰੀ ਅਧਿਆਪਕ ਅਤੇ ਵਿਦਿਆਰਥੀ ਦੋਨਾਂ ਦੀ ਹੁੰਦੀ ਹੈ, ਪਰ ਵਿਦਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਿਖਲਾਈ ਅਤੇ ਮੁਲਾਂਕਣ ਦੀ ਜ਼ਿੰਮੇਵਾਰੀ ਸਵੀਕਾਰ ਕਰਨ ਅਤੇ ਇਸ ਦੇ ਫਲਸਰੂਪ ਵਿਦਿਆਰਥੀ–

ਅੱਗੇ ਦੀ ਸਿਖਲਾਈ ਲਈ ਸਿਖਲਾਈ ਕੁਸ਼ਲਾਂ ਦਾ ਵਿਕਾਸ ਕਰਦਾ ਹੈ।

ਸਵੈ ਨਿਰਦੇਸ਼ਿਤ ਜੀਵਨ ਭਰ ਸਿਖਿਆਰਥੀ ਬਣਦਾ ਹੈ।

ਆਪਣੀ ਸਿਖਲਾਈ ਦਾ ਸਵੈ ਮੁਲਾਂਕਣ ਕਰਦਾ ਹੈ ਅਤੇ ਕਰ ਸਕਦਾ ਹੈ।

–ਸਾਖਰਤਾ ਸੂਚਨਾ ਕੁਸ਼ਲਾਂ ਵਿੱਚ ਮਾਹਿਰ ਬਣਦਾ ਹੈ।

(4) **ਮੁਲਾਂਕਣ ਪ੍ਰਕਿਰਿਆ ਅਤੇ ਉਦੇਸ਼**: ਸਿਖਲਾਈ ਕੇਂਦਰਿਤ ਸਿੱਖਿਆ ਵਿੱਚ ਮੁਲਾਂਕਣ ਜ਼ਿਆਦਾ ਸੰਪੂਰਨ ਅਤੇ ਸਿਖਲਾਈ ਨਾਲ ਜੁੜਿਆ ਹੁੰਦਾ ਹੈ। ਇਸ ਵਿੱਚ ਸ਼ਾਮਲ ਹੈ–

ਏਕੀਕ੍ਰਿਤ ਮੁਲਾਂਕਣ

ਸਰੰਚਨਾਤਮਕ ਫੀਡਬੈਕ ਨਾਲ ਰਚਨਾਤਮਕ ਮੁਲਾਂਕਣ

ਸਹਿਪਾਠੀ ਅਤੇ ਖੁਦ ਰਾਹੀਂ ਮੁਲਾਂਕਣ

ਸਿੱਖਣ ਅਤੇ ਵਿਸ਼ੇਸ਼ਤਾ ਪ੍ਰਦਰਸ਼ਨ ਲਈ ਕਈ ਅਵਸਰ

ਵਿਦਿਆਰਥੀ ਆਪਣੇ ਉੱਤਰਾਂ ਨੂੰ ਸਹੀ ਠਹਿਰਾਉਣ ਲਈ ਪ੍ਰੋਤਸਾਹਿਤ ਹੁੰਦਾ ਹੈ।

ਵਿਦਿਆਰਥੀ ਅਤੇ ਅਧਿਆਪਕ ਫੀਡਬੈਕ ਲਈ ਸਮਾਂ ਨਿਰਧਾਰਤ ਕਰਨ ਵਿੱਚ ਸਹਿਮਤ ਹੁੰਦੇ ਹਨ।

ਪੂਰੇ ਸਮੇਂ ਪ੍ਰਮਾਣਿਕ ਮੁਲਾਂਕਣ ਦਾ ਉਪਯੋਗ ਕੀਤਾ ਜਾਂਦਾ ਹੈ।

(5) **ਸ਼ਕਤੀ ਸੰਤੁਲਨ**: ਅਧਿਆਪਕ ਤੋਂ ਜ਼ਿਆਦਾ ਵਿਦਿਆਰਥੀ ਆਪਣੀ ਸਿਖਲਾਈ 'ਤੇ ਨਿਯੰਤਰਣ ਰੱਖਦਾ ਹੈ। ਇਸ ਲਈ ਅਧਿਆਪਕ ਨੂੰ ਸੁਚੇਤਤਾ ਨਾਲ ਵਿਦਿਆਰਥੀ ਨੂੰ ਆਪਣੀ ਸਿਖਲਾਈ ਨੂੰ ਨਿਯੰਤਰਿਤ ਕਰਨ ਲਈ ਜ਼ਿੰਮੇਵਾਰੀ ਗ੍ਰਹਿਣ ਕਰਨ ਲਈ ਅਧਿਕਾਰ ਦੇਣ ਦੀ ਕੋਸ਼ਿਸ਼ ਕਰਨ ਦੀ ਲੋੜ ਹੈ।

ਵਿਦਿਆਰਥੀਆਂ ਨੂੰ ਵਾਧੂ ਵਿਸ਼ਾ ਵਸਤੂ ਦੀ ਖੋਜਬੀਣ ਲਈ ਪ੍ਰੋਤਸਾਹਿਤ ਕੀਤਾ ਜਾਂਦਾ ਹੈ।

ਉੱਚਿਤ ਸਮੇਂ 'ਤੇ ਵਿਕਲਪਿਕ ਦ੍ਰਿਸ਼ਟੀਕੋਣ ਪ੍ਰਗਟਾਉਣ ਲਈ ਵਿਦਿਆਰਥੀਆਂ ਨੂੰ ਪ੍ਰੋਤਸਾਹਿਤ ਕੀਤਾ ਜਾਂਦਾ ਹੈ।

ਕੰਟਰੈਕਟ ਗ੍ਰੇਡਿੰਗ ਜਾਂ ਮਾਸਟਰੀ ਗ੍ਰੇਡਿੰਗ ਦੀ ਵਰਤੋਂ ਕੀਤੀ ਜਾਂਦੀ ਹੈ।

ਮੁਲਾਂਕਣ ਮੁਕਤ ਅੰਤ ਹੁੰਦਾ ਹੈ।

ਵਿਦਿਆਰਥੀ ਸਿੱਖਣ ਦੇ ਅਵਸਰ ਦਾ ਲਾਭ ਉਠਾਉਂਦੇ ਹਨ।

**ਈ.8 ਜੇਕਰ ਕਲਾਸ ਵਿੱਚ ਸਿਖਲਾਈ ਕੇਂਦਰਿਤ ਦ੍ਰਿਸ਼ਟੀਕੋਣ ਲਾਗੂ ਕੀਤਾ ਜਾਵੇ ਤਾਂ ਵਰਤਮਾਨ ਵਿੱਚ ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਵਿੱਚ ਕਿਸ ਪ੍ਰਕਾਰ ਨਾਲ ਤਬਦੀਲੀ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ। (ਕੋਈ ਤਿੰਨ ਅਭਿਆਸ), ਦਾ ਵਰਣਨ ਕਰੋ।**

ਸਿੱਖਿਆ ਦੇ ਤਿੰਨ ਦ੍ਰਿਸ਼ਟੀਕੋਣਾਂ ਅਧਿਆਪਕ ਕੇਂਦਰਿਤ, ਸਿਖਿਆਰਥੀ ਕੇਂਦਰਿਤ ਅਤੇ ਸਿਖਲਾਈ ਕੇਂਦਰਿਤ ਸਿੱਖਿਆ ਦੇ ਮੁੱਖ ਪਹਿਲੂਆਂ ਦੇ ਵਿਚਕਾਰ ਤੁਲਨਾਤਮਕ ਚਿੱਤਰ ਨਿਮਨਲਿਖਤ ਹੈ।

ਸਾਰਣੀ 4.1 ਸਿੱਖਿਆ ਦੇ ਤਿੰਨ ਦ੍ਰਿਸ਼ਟੀਕੋਣਾਂ ਦੇ ਵਿਚਕਾਰ ਤੁਲਨਾ

| ਪਹਿਲੂ | ਅਧਿਆਪਕ ਕੇਂਦਰਿਤ | ਸਿਖਿਆਰਥੀ ਕੇਂਦਰਿਤ | ਸਿਖਲਾਈ ਕੇਂਦਰਿਤ |
|---|---|---|---|
| ਗਿਆਨ ਦੀ ਪ੍ਰਵਿਰਤੀ | ਗਿਆਨ ਸਿਖਿਆਰਥੀ ਤੋਂ ਪਹਿਲਾਂ | ਗਿਆਨ ਵਿਦਿਆਰਥੀ ਵੱਲੋਂ ਖੋਜਿਆ ਜਾਂਦਾ ਹੈ | ਗਿਆਨ ਸਿਖਿਆਰਥੀ ਰਾਹੀਂ ਰਚਿਆ ਜਾਂਦਾ ਹੈ |
| ਅਧਿਆਪਕ ਅਤੇ ਸਿਖਿਆਰਥੀ ਦੀ ਭੂਮਿਕਾ | ਅਧਿਆਪਕ ਸਰਗਰਮ ਅਤੇ ਵਿਦਿਆਰਥੀ ਅਸਰਗਰਮ ਹੁੰਦਾ ਹੈ | ਅਧਿਆਪਕ ਵਿਦਿਆਰਥੀ ਨੂੰ ਸਰਗਰਮ ਬਣਾਉਂਦਾ ਹੈ | ਵਿਦਿਆਰਥੀ ਕਾਰਜ ਕਰਦਾ ਹੈ ਅਧਿਆਪਕ ਉਤਸ਼ਾਹਿਤ ਕਰਦਾ ਹੈ |
| ਅਧਿਆਪਕ ਦੇ ਕਾਰਜ ਦੀ ਪ੍ਰਬਲਤਾ | ਨਿਰਦੇਸ਼ਤਾਮਕ, ਨਿਰਦੇਸ਼ਨ | ਸਿਖਲਾਈ ਕਾਰਜ ਡਿਜ਼ਾਇਨ ਅਤੇ ਅਧਿਆਪਨ | ਸਿਖਲਾਈ ਨੂੰ ਸੰਪੂਰਨ ਬਣਾਉਣਾ ਅਤੇ ਸਹਾਇਤਾ ਕਰਨਾ |
| ਸਥਿਤੀ | ਸਥਿਤੀ ਵਿਸ਼ੇਸ਼ ਨਹੀਂ (ਸੁਤੰਤਰ ਸਥਿਤੀ) | ਸਿਖਿਆਰਥੀ ਅਨੁਕੂਲ | ਸਿਖਲਾਈ ਸੰਦਰਭ ਅਤੇ ਸੁਭਾਵਿਕ ਸਿਖਲਾਈ |
| ਨਿਯੰਤਰਣ | ਸੰਪੂਰਨ ਰੂਪ ਨਾਲ ਅਧਿਆਪਕ ਨਿਯੰਤਰਿਤ (ਸਖ਼ਤ ਅਤੇ ਇਕਾਂਤਰਵਾਦੀ) | ਅਧਿਆਪਕ ਅਤੇ ਸਿਖਿਆਰਥੀ ਨਿਯੰਤਰਿਤ (ਅੰਸ਼ਿਕ ਅਤੇ ਲਚਕੀਲਾ) | ਸਿਖਿਆਰਥੀ ਨਿਯੰਤਰਿਤ ਪ੍ਰਭੂਤਵ (ਲਚਕੀਲਾ ਅਤੇ ਲੋਕਤੰਤਰੀ) |
| ਨਿਵੇਸ਼ (ਇੰਪੁੱਟ) | ਕੁਝ ਗਿਆਨ ਅਤੇ ਤੱਥ | ਸਮਰੱਥਾਵਾਂ ਅਤੇ ਅਨੁਭਵ | ਸਿਖਲਾਈ ਤਕਨੀਕਾਂ ਅਤੇ ਰਣਨੀਤੀਆਂ |
| ਵਿਧੀ ਅਤੇ ਦ੍ਰਿਸ਼ਟੀਕੋਣ | ਜ਼ਿਆਦਾਤਰ: ਵਿਆਖਿਆ ਅਤੇ ਪ੍ਰਦਰਸ਼ਨ, ਤਾਨਾਸ਼ਾਹੀ | ਖੇਡ ਵਿਧੀ ਅਤੇ ਆਨੰਦਮਈ ਵਿਧੀਆਂ | ਗਤੀਵਿਧੀਆਂ ਆਧਾਰਿਤ ਮਚਾਨ |
| ਪਾਠਕ੍ਰਮ | ਨਿਰਧਾਰਤ | ਵਿਕਾਸਾਤਮਕ | ਉੱਭਰਵਾਂ |
| ਮੁਲਾਂਕਣ | ਵਿਸ਼ਾ ਵਸਤੂ ਆਧਾਰਿਤ ਸੰਖੇਪ | ਗਤੀਵਿਧੀ ਆਧਾਰਿਤ ਰਚਨਾਤਮਕ | ਪ੍ਰਮਾਣਿਕ ਮੁਲਾਂਕਣ ਅਤੇ ਸਵੈ ਵਿਸ਼ਲੇਸ਼ਣ |
| ਅਨੁਸ਼ਾਸਨ | ਲੱਦਿਆ ਗਿਆ | ਸਾਂਝਾ, ਸਰਗਰਮ ਸਹਿਭਾਗਤਾ | ਸਵੈ ਨਿਯੰਤਰਿਤ |
| | | | |

### 4.2.3 ਸਹਿਕਾਰੀ ਸਿਖਲਾਈ

ਸਹਿਕਾਰੀ ਸਿਖਲਾਈ ਮਾਡਲ ਦਾ ਵਿਕਾਸ ਘੱਟ ਤੋਂ ਘੱਟ ਤਿੰਨ ਮੁੱਖ ਨਿਰਦੇਸ਼ਾਤਮਕ ਟੀਚਿਆਂ ਦੀ ਪ੍ਰਾਪਤੀ ਲਈ ਕੀਤਾ ਜਾਂਦਾ ਹੈ। ਇਹ ਟੀਚੇ ਹਨ ਸਿੱਖਿਆ ਉਪਲੱਬਧੀ, ਵਿਭਿੰਨਤਾਂ ਦੀ ਸਵੀਕਾਰਤਾ ਅਤੇ ਸਮਾਜਿਕ ਕੌਸ਼ਲ ਦਾ ਵਿਕਾਸ। ਇਹ ਇੱਕ ਵਿਸ਼ੇਸ਼ ਛੋਟਾ ਸਮੂਹ ਦ੍ਰਿਸ਼ਟੀਕੋਣ ਹੈ ਜਿਸ ਵਿੱਚ ਲੋਕਤੰਤਰੀ ਪ੍ਰਕਿਰਿਆ, ਵਿਅਕਤੀਗਤ ਜ਼ਿੰਮੇਵਾਰੀ, ਬਰਾਬਰ ਅਵਸਰ ਅਤੇ ਸਮੂਹਿਕ ਪੁਰਸਕਾਰ ਸ਼ਾਮਲ ਹਨ। ਅੱਜ ਦੀ ਕਲਾਸ ਵਿੱਚ ਕਈ ਪ੍ਰਕਾਰ ਦੀਆਂ ਸਹਿਕਾਰੀ ਸਿਖਲਾਈ ਗਤੀਵਿਧੀਆਂ ਅਤੇ ਮਾਡਲ ਉਪਯੋਗ ਕੀਤੇ ਜਾਂਦੇ ਹਨ ਜਿਵੇਂ ਵਿਦਿਆਰਥੀ ਟੀਮ ਦੀ ਉਪਲੱਬਧ ਵੰਡ, ਜਿਗਸਾ ਅਤੇ ਸਮੂਹਿਕ ਖੋਜ। ਸਾਰੇ ਸਹਿਕਾਰੀ ਸਿਖਲਾਈ ਪਾਠਾਂ ਵਿੱਚ ਨਿਮਨਲਿਖਤ ਮੁੱਖ ਵਿਸ਼ੇਸ਼ਤਾਵਾਂ ਹੁੰਦੀਆਂ ਹਨ–

• ਸਿੱਖਿਆ ਸਮੱਗਰੀਆਂ ਵਿੱਚ ਮਾਹਿਰ ਹੋਣ ਲਈ ਵਿਦਿਆਰਥੀ ਸਮੂਹ ਵਿੱਚ ਕਾਰਜ ਕਰਦੇ ਹਨ।

• ਸਮੂਹ ਉੱਚ, ਔਸਤ ਅਤੇ ਨਿਮਨ ਉਪਲੱਬਧੀ ਵਾਲੇ ਵਿਦਿਆਰਥੀਆਂ ਨੂੰ ਮਿਲਕੇ ਬਣਾਉਂਦੇ ਹਨ।

• ਜਿੱਥੋਂ ਤੱਕ ਸੰਭਵ ਹੋਵੇ ਸਮੂਹ ਵਿੱਚ ਵਿਭਿੰਨ ਜਾਤੀ, ਲਿੰਗ ਅਤੇ ਸੰਸਕ੍ਰਿਤਕ ਪਿਛੋਕੜ ਵਾਲੇ ਵਿਦਿਆਰਥੀ ਸ਼ਾਮਲ ਹੁੰਦੇ ਹਨ।

• ਪੁਰਸਕਾਰ ਨਿਯਮ ਵਿਅਗਤੀਗਤ ਆਧਾਰਿਤ ਨਾ ਹੋ ਕੇ ਸਮੂਹ ਆਧਾਰਿਤ ਹੁੰਦੇ ਹਨ। ਅਧਿਐਨਾਂ ਤੋਂ ਪਤਾ ਲੱਗਿਆ ਹੈ ਕਿ ਸਹਿਕਾਰੀ ਦ੍ਰਿਸ਼ਟੀਕੋਣ ਸਿੱਖਿਆ ਉਪਲੱਬਧੀ, ਸਹਿਯੋਗਾਤਮਕ ਵਿਵਹਾਰ, ਸੰਸਕ੍ਰਿਤਕ ਸਮਝ ਅਤੇ ਸਬੰਧ ਅਤੇ ਵਿਕਲਾਂਗ ਵਿਦਿਆਰਥੀਆਂ ਪ੍ਰਤੀ ਦ੍ਰਿਸ਼ਟੀਕੋਣ ’ਤੇ ਸਾਕਾਰਾਤਮਕ ਪ੍ਰਭਾਵ ਪੈਂਦਾ ਹੈ। ਸਹਿਕਾਰੀ ਸਿਖਲਾਈ ਦੇ ਪੰਜ ਬੁਨਿਆਦੀ ਅਤੇ ਜ਼ਰੂਰੀ ਤੱਤ ਹੁੰਦੇ ਹਨ। (ਬਰਾਊਨ ਐਂਡ ਸਿਊਫੇਟੈਲੀ ਪਾਰਕਰ, 2009)

1. ਸਾਕਾਰਾਤਮਕ ਅੰਤਰ ਨਿਰਭਰਤਾ:

ਵਿਦਿਆਰਥੀ ਸੰਪੂਰਨ ਰੂਪ ਨਾਲ ਸਰਗਰਮ ਸਹਿਭਾਗਤਾ ਕਰਨ ਅਤੇ ਸਮੂਹ ਦੇ ਅੰਦਰ ਆਪਣਾ ਯੋਗਦਾਨ ਦੇਣ।

ਸਮੂਹ ਦੇ ਹਰੇਕ ਮੈਂਬਰ ਦੀ ਇੱਕ ਕਾਰਜ ਭੂਮਿਕਾ/ਜ਼ਿੰਮੇਵਾਰੀ ਹੈ। ਇਸ ਲਈ ਉਨ੍ਹਾਂ ਨੂੰ ਇਹ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਉਹ ਆਪਣੇ ਅਤੇ ਸਮੂਹ ਦੀ ਸਿਖਲਾਈ ਪ੍ਰਤੀ ਜ਼ਿੰਮੇਵਾਰ ਹਨ।

2. **ਵਿਅਕਤੀਗਤ ਜ਼ਿੰਮੇਵਾਰੀ**

-ਹਰੇਕ ਵਿਦਿਆਰਥੀ ਅਧਿਐਨ ਕੀਤੇ ਜਾ ਰਹੇ ਵਿਸ਼ਾ ਵਸਤੂ ਦਾ ਪ੍ਰਦਰਸ਼ਨ ਕਰਨ ਵਿੱਚ ਮਾਹਿਰ ਹੁੰਦਾ ਹੈ।

-ਹਰੇਕ ਵਿਦਿਆਰਥੀ ਆਪਣੀ ਸਿਖਲਾਈ ਅਤੇ ਕਾਰਜ ਪ੍ਰਤੀ ਜਵਾਬਦੇਹ ਹੁੰਦਾ ਹੈ।

3. **ਸਮਾਜਿਕ ਹੁਨਰ**

-ਸਫ਼ਲ ਸਹਿਕਾਰੀ ਸਿਖਲਾਈ ਲਈ ਸਮਾਜਿਕ ਹੁਨਰਾਂ ਦਾ ਹੋਣਾ ਜ਼ਰੂਰੀ ਹੈ।

-ਸਮਾਜਿਕ ਹੁਨਰਾਂ ਵਿੱਚ ਸ਼ਾਮਲ ਹੈ ਪ੍ਰਭਾਵਸ਼ਾਲੀ ਸੰਵਾਦ, ਅੰਤਰ ਵਿਅਕਤੀਗਤ ਅਤੇ ਸਮੂਹਿਕ ਕੁਸ਼ਲ ਜਿਵੇਂ (1) ਅਗਵਾਈ ਸਮਰੱਥਾ (2) ਫੈਸਲਾ ਲੈਣਾ (3) ਭਰੋਸੇਯੋਗਤਾ (4) ਸੰਚਾਰ (5) ਵਿਵਾਦ ਪ੍ਰਬੰਧਨ ਸਮਰੱਥਾ

4. **ਸਮੂਹਿਕ ਪ੍ਰਕਿਰਿਆ**

ਹਰੇਕ ਸਮੂਹ ਆਪਣੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰੇ ਅਤੇ ਫੈਸਲਾ ਲਏ ਕਿ ਕਿਸ ਪ੍ਰਕਾਰ ਨਾਲ ਇਸ ਨੂੰ ਬਿਹਰਤ ਬਣਾਇਆ ਜਾ ਸਕਦਾ ਹੈ। ਵਿਦਿਆਰਥੀ ਉਪਲੱਬਧੀ ਨੂੰ ਵਿਚਾਰਨਯੋਗ ਰੂਪ ਨਾਲ ਬਿਹਤਰ ਬਣਾਉਣ ਲਈ ਦੋ ਵਿਸ਼ੇਸ਼ਤਾਵਾਂ ਦਾ ਹੋਣਾ ਜ਼ਰੂਰੀ ਹੈ।

(ੳ) ਵਿਦਿਆਰਥੀ ਸਮੂਹ ਦੇ ਟੀਚੇ ਜਾਂ ਪਛਾਣ ਲਈ ਕਾਰਜ ਕਰਦਾ ਹੈ।

(ਅ) ਸਫਲਤਾ ਹਰੇਕ ਸਿਖਿਆਰਥੀ ਦੀ ਸਿਖਲਾਈ ਦੇ ਉੱਪਰ ਨਿਰਭਰ ਹੈ।

ਸਹਿਕਾਰੀ ਸਿਖਲਾਈ ਕਾਰਜ ਅਤੇ ਪੁਰਸਕਾਰ ਸੰਰਚਨਾ ਦਾ ਡਿਜ਼ਾਇਨ ਕਰਦੇ ਸਮੇਂ ਵਿਅਕਤੀਗਤ ਜ਼ਿੰਮੇਵਾਰੀ ਅਤੇ ਜਵਾਬਦੇਹੀ ਦੀ ਪਛਾਣ ਕਰਨੀ ਚਾਹੀਦੀ ਹੈ। ਵਿਅਕਤੀ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਸ ਦੀ ਜ਼ਿੰਮੇਵਾਰੀ ਕੀ ਹੈ ਅਤੇ ਸਮੂਹ ਦੇ ਟੀਚੇ ਦੀ ਪ੍ਰਾਪਤੀ ਲਈ ਉਨ੍ਹਾਂ ਦੀ ਇੱਕ ਨਿਸ਼ਚਤ ਜ਼ਿੰਮੇਵਾਰੀ ਹੈ। ਸਮੂਹ ਦੇ ਕਾਰਜ ਲਈ ਵਿਦਿਆਰਥੀਆਂ ਦੇ ਵਿਚਕਾਰ ਆਪਸ ਵਿੱਚ ਸਾਕਾਰਾਤਮਕ ਅੰਤਰ ਨਿਰਭਰਤਾ ਹੋਣੀ ਚਾਹੀਦੀ ਹੈ ਅਤੇ ਉਸਦੀ ਸਿਖਲਾਈ ਪ੍ਰਕਿਰਿਆ ਵਿੱਚ ਇਹ ਸਪੱਸ਼ਟ ਰੂਪ ਨਾਲ ਦਿਖਾਈ ਪੈਣਾ ਚਾਹੀਦਾ ਹੈ। ਸਮੂਹ ਕਾਰਜ ਨੂੰ ਪੂਰਾ ਕਰਨ ਲਈ ਸਮੂਹ ਦੇ ਸਾਰੇ ਮੈਂਬਰਾਂ ਦੀ ਸਰਗਰਮ ਸਹਿਭਾਗਤਾ ਹੋਣੀ ਜ਼ਰੂਰੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਸਮੂਹ ਦਾ ਹਰੇਕ ਮੈਂਬਰ ਇੱਕ ਕਾਰਜ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਲਏ ਜਿਸ ਨੂੰ ਸਮੂਹ ਦੇ ਹੋਰ ਮੈਂਬਰਾਂ ਰਾਹੀਂ ਪੂਰਾ ਨਹੀਂ ਕੀਤਾ ਜਾ ਸਕਦਾ ਹੈ।

**ਸਹਿਕਾਰੀ ਸਿਖਲਾਈ ਦੇ ਉਪਯੋਗ ਲਈ ਦਿਸ਼ਾ ਨਿਰਦੇਸ਼**

-ਸਮੂਹ ਦੇ ਆਕਾਰ ਨੂੰ 3 ਤੋਂ 5 ਵਿਦਿਆਰਥੀਆਂ ਤੱਕ ਸੀਮਿਤ ਰੱਖੋ।

-ਸਮੂਹ ਵਿੱਚ ਵਿਭਿੰਨ ਸਿੱਖਿਆ ਉਪਲੱਬਧੀਆਂ, ਲਿੰਗ, ਜਾਤ ਵਾਲੇ ਵਿਦਿਆਰਥੀਆਂ ਦਾ ਮਿਸ਼ਰਣ ਹੋਣਾ ਚਾਹੀਦਾ ਹੈ।

-ਸਮੂਹ ਦੇ ਹਰੇਕ ਮੈਂਬਰ ਨੂੰ ਇੱਕ ਨਿਸ਼ਚਤ ਕਾਰਜ, ਜ਼ਿੰਮੇਵਾਰੀ ਜਾਂ ਭੂਮਿਕਾ ਸੌਂਪੀ ਜਾਣੀ ਚਾਹੀਦੀ ਹੈ ਜਿਸ ਨਾਲ ਸਮੂਹ ਦੀ ਸਫਲਤਾ ਵਿੱਚ ਉਸਦਾ ਯੋਗਦਾਨ ਹੋਵੇ।

-ਸਹਿਕਾਰੀ ਸਿਖਲਾਈ ਦਾ ਉਪਯੋਗ ਇੱਕ ਅਨੁਪੂਰਕ ਗਤੀਵਿਧੀ ਦੇ ਰੂਪ ਵਿੱਚ ਸਮੀਖਿਆ, ਸਮਰਿਧੀਕਰਨ ਅਤੇ ਅਭਿਆਸ ਲਈ ਕਰੋ ਜੋ ਕਿ ਸਮੂਹ ਦੇ ਮੈਂਬਰਾਂ ਨੂੰ ਆਪਸ ਵਿੱਚ ਸਮੱਗਰੀ ਨੂੰ ਸਮਝਣ ਲਈ ਇੱਕ ਦੂਜੇ ਦੀ ਸਹਾਇਤਾ ਕਰੇ।

-ਸਹਿਕਾਰੀ ਸਿਖਲਾਈ ਦੀ ਯੋਜਨਾ ਬਣਾਉਂਦੇ ਸਮੇਂ ਕਲਾਸ ਪ੍ਰਬੰਧਨ, ਕਾਰਜ ਸਮੱਗਰੀਆਂ ਅਤੇ ਸਮਾਂ ਪ੍ਰਬੰਧਨ ਦਾ ਧਿਆਨ ਰੱਖਣਾ ਚਾਹੀਦਾ ਹੈ।

-ਵਿਅਕਤੀਗਤ ਵਿਦਿਆਰਥੀ ਦੇ ਯੋਗਦਾਨ ਨੂੰ ਗਰੇਡ ਦਿਓ।

-ਸਮੂਹ ਦੇ ਵਿਦਿਆਰਥੀਆਂ ਨੂੰ ਇੱਕ ਸਮੂਹ ਪੁਰਸਕਾਰ ਉਪਲੱਬਧ ਕਰਾਉਣ ਲਈ ਵਿਚਾਰ ਕਰਨਾ ਚਾਹੀਦਾ ਹੈ।

-ਸਮੂਹ ਦੇ ਮੈਂਬਰਾਂ ਨੂੰ ਤਬਦੀਲ ਕਰਨਾ ਚਾਹੀਦਾ ਹੈ ਤਾਂ ਕਿ ਕੋਈ ਵਿਦਿਆਰਥੀ ਮਹਿਸੂਸ ਨਾ ਕਰੇ ਕਿ ਉਹ 'ਹੌਲੀ' ਸਮੂਹ ਦਾ ਮੈਂਬਰ ਹੈ ਅਤੇ ਸਾਰੇ ਵਿਦਿਆਰਥੀਆਂ ਨੂੰ ਇਹ ਅਵਸਰ ਮਿਲੇ ਕਿ ਉਹ ਸਕੂਲ ਸਾਲ ਵਿੱਚ ਕਲਾਸ ਦੇ ਹੋਰ ਸਾਰੇ ਵਿਦਿਆਰਥੀਆਂ ਨਾਲ ਕੰਮ ਕਰੇ।

-ਸਹਿਕਾਰੀ ਸਿਖਲਾਈ ਸਮੂਹ ਨੂੰ ਪ੍ਰਭਾਵਸ਼ਾਲੀ ਕਾਰਜ ਕਰਨ ਲਈ ਸਹਿਯੋਗਾਤਮਕ ਸਮਾਜਿਕ ਹੁਨਰਾਂ ਨੂੰ ਸਿੱਖਣਾ, ਮਾਡਲ ਬਣਾਉਣਾ ਅਤੇ ਨਿਯਮਤ ਰੂਪ ਨਾਲ ਬਲ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ।

ਸਹਿਕਾਰੀ ਸਿਖਲਾਈ ਦੇ ਵਿਭਿੰਨ ਪੜਾਵਾਂ ਵਿੱਚ ਅਧਿਆਪਕ ਦੀ ਭੂਮਿਕਾ ਦਾ ਸੰਖੇਪ ਸਾਰਣੀ 4.2 ਵਿੱਚ ਦਿਖਾਇਆ ਗਿਆ ਹੈ।

ਸਾਰਣੀ 4.2 ਸਹਿਕਾਰੀ ਸਿਖਲਾਈ ਮਾਡਲ ਵਿੱਚ ਅਧਿਆਪਕ ਦੀ ਭੂਮਿਕਾ

| ਪੜਾਅ | ਅਧਿਆਪਕ ਦੀ ਭੂਮਿਕਾ |
|---|---|
| ਪੜਾਅ 1-ਟੀਚਾ ਅਤੇ ਸਿਖਲਾਈ ਸੈੱਟ ਦੀ ਪ੍ਰਸਤੂਤੀ | ਅਧਿਆਪਕ ਪਾਠ ਦੇ ਉਦੇਸ਼ਾਂ ਨੂੰ ਸਮਝਦਾ ਹੈ ਅਤੇ ਸਿਖਲਾਈ ਸੈੱਟ ਦੀ ਸਥਾਪਨਾ ਕਰਦਾ ਹੈ। |
| ਪੜਾਅ 3-ਸਿਖਲਾਈ ਟੀਮ ਲਈ ਵਿਦਿਆਰਥੀਆਂ ਦਾ ਸੰਗਠਨ | ਅਧਿਆਪਕ ਵਿਦਿਆਰਥੀਆਂ ਨੂੰ ਦੱਸਦਾ ਹੈ ਕਿ ਸਿਖਲਾਈ ਸਮੂਹ ਕਿਵੇਂ ਬਣਾਉਣਾ ਹੈ ਅਤੇ ਪ੍ਰਭਾਵਸ਼ਾਲੀ ਰੁਪਾਂਤਰਣ ਨਾਲ ਸਹਿਯੋਗ ਦਿੰਦਾ ਹੈ। |
| ਪੜਾਅ 4-ਸਮੂਹ ਕਾਰਜ ਅਤੇ ਅਧਿਆਪਨ ਵਿੱਚ ਸਹਿਯੋਗ | ਅਧਿਆਪਕ ਸਿਖਲਾਈ ਸਮੂਹ ਨੂੰ ਉਸਦੇ ਕਾਰਜ ਸੰਚਾਰ ਵਿੱਚ ਸਹਿਯੋਗ ਦਿੰਦਾ ਹੈ। |
| ਪੜਾਅ 5- ਸਮੱਗਰੀ ਨਿਰੀਖਣ | ਅਧਿਆਪਕ ਸਿਖਲਾਈ ਸਮੱਗਰੀ ਦੇ ਗਿਆਨ ਦੀ ਸੂਚੀ ਬਣਾਉਂਦਾ ਹੈ ਜਾਂ ਸਮੂਹ ਆਪਣੇ ਕਾਰਜ ਦਾ ਨਤੀਜਾ ਪੇਸ਼ ਕਰਦੇ ਹਨ। |
| ਪੜਾਅ 6-ਪਛਾਣ ਦਿਵਾਉਣਾ | ਅਧਿਆਪਕ ਵਿਅਕਤੀਗਤ ਅਤੇ ਸਮੂਹ ਦੇ ਉਪਰਾਲੇ ਅਤੇ ਉਪਲੱਬਧੀਆਂ ਨੂੰ ਪਛਾਣ ਦਿਵਾਉਣ ਦੇ ਤਰੀਕੇ ਤਲਾਸ਼ਦੇ ਹਨ। |

ਸਹਿਕਾਰੀ ਸਿਖਲਾਈ ਦੇ ਲਾਭ ਅਤੇ ਸੀਮਾਵਾਂ:

ਸਹਿਕਾਰੀ ਸਿਖਲਾਈ 'ਤੇ ਕੀਤੇ ਗਏ ਖੋਜ ਕਾਰਜਾਂ ਵਿੱਚ ਇਸ ਦੇ ਸਾਕਾਰਾਤਮਕ ਨਤੀਜੇ ਪ੍ਰਦਰਸ਼ਿਤ ਹੋਏ ਹਨ। ਸਹਿਕਾਰੀ ਸਿਖਲਾਈ ਵਿੱਚ ਵਿਦਿਆਰਥੀਆਂ ਨੂੰ ਸਮੂਹਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਲੋੜ ਹੁੰਦੀ ਹੈ ਜਿਸ ਵਿੱਚ ਸਿਖਲਾਈ ਵਿੱਚ ਵਾਧਾ ਹੁੰਦਾ ਹੈ ਅਤੇ ਹੋਰ ਮਹੱਤਵਪੂਰਨ ਸਿਖਲਾਈ ਪਹਿਲੂ ਜੁੜ ਜਾਂਦੇ ਹਨ। ਸਾਕਾਰਾਤਮਕ ਨਤੀਜੇ ਵਿੱਚ ਸ਼ਾਮਲ ਹੈ-ਸਿੱਖਿਆ ਲਾਭ, ਬਿਹਤਰ ਅੰਤਰ ਵਿਅਕਤੀਗਤ ਸਬੰਧ ਅਤੇ ਵਿਅਕਤੀਗਤ ਅਤੇ ਸਮਾਜਿਕ ਵਿਕਾਸ ਵਿੱਚ ਵਾਧਾ। ਦ੍ਰਿਸ਼ਟੀਕੋਣ ਦੇ ਕੁਝ ਮੁੱਖ ਲਾਭ ਜੋ ਵਿਆਪਕ ਖੋਜ ਤੋਂ ਬਾਅਦ ਸਾਹਮਣੇ ਆਏ ਹਨ, ਉਹ ਇਸ ਪ੍ਰਕਾਰ ਹਨ-

-ਵਿਦਿਆਰਥੀ ਸਿੱਖਿਆ ਉਪਲੱਬਧੀ ਦਾ ਪ੍ਰਦਰਸ਼ਨ ਕਰਦੇ ਹਨ।

-ਸਹਿਕਾਰੀ ਸਿਖਲਾਈ ਵਿਧੀ ਪਹਿਲਾਂ ਸਾਰੇ ਸਮਰੱਥਾ ਪੱਧਰਾਂ 'ਤੇ ਸਮਾਨ ਰੂਪ ਨਾਲ ਪ੍ਰਭਾਵਸ਼ਾਲੀ ਹਨ।

-ਸਹਿਕਾਰੀ ਸਿਖਲਾਈ ਸਾਰੇ ਪ੍ਰਕਾਰ ਦੇ ਸਮੂਹ ਲਈ ਪ੍ਰਭਾਵਸ਼ਾਲੀ ਹੈ।

-ਜਦੋਂ ਵਿਦਿਆਰਥੀ ਨੂੰ ਇੱਕ ਦੂਜੇ ਨਾਲ ਕਾਰਜ ਕਰਨ ਦਾ ਅਵਸਰ ਦਿੱਤਾ ਜਾਂਦਾ ਹੈ ਤਾਂ ਉਹ ਇੱਕ ਦੂਜੇ ਨੂੰ ਬਿਹਤਰ ਢੰਗ ਨਾਲ ਸਮਝਦੇ ਹਨ।

-ਸਹਿਕਾਰੀ ਸਿਖਲਾਈ ਸਿਖਿਆਰਥੀ ਦੇ ਆਤਮ ਸਨਮਾਨ ਅਤੇ ਸਵੈ ਧਾਰਨਾ ਵਿੱਚ ਵਾਧਾ ਕਰਦੀ ਹੈ।

-ਸਿਖਿਆਰਥੀਆਂ ਦੇ ਵਿਚਕਾਰ, ਜਾਤੀ, ਲਿੰਗ, ਸਮਾਜਿਕ ਪੱਧਰ ਅਤੇ ਸਰੀਰਿਕ/ਮਾਨਸਿਕ ਵਿਕਲਾਂਗਤਾ ਕਾਰਨ ਜੋ ਅਸਮਾਨਤਾ ਹੁੰਦੀ ਹੈ ਉਹ ਸਾਰੀਆਂ ਰੁਕਾਵਟਾਂ ਸਹਿਕਾਰੀ ਸਿਖਲਾਈ ਵਿੱਚ ਟੁੱਟ ਜਾਂਦੀਆਂ ਹਨ ਅਤੇ ਸਾਕਾਰਾਤਮਕ ਅੰਤਰ ਕਿਰਿਆ ਅਤੇ ਮਿੱਤਰਤਾ ਦੇ ਭਾਵ ਦਾ ਜਨਮ ਹੁੰਦਾ ਹੈ।

ਹਾਲਾਂਕਿ ਸਹਿਕਾਰੀ ਸਿਖਲਾਈ ਦੀਆਂ ਬਹੁਤ ਸਾਰੀਆਂ ਸੀਮਾਵਾਂ ਹਨ ਜਿਸ ਕਾਰਨ ਉਹ ਪ੍ਰਕਿਰਿਆ ਜਿੰਨਾ ਸਮਝਿਆ ਜਾਂਦਾ ਹੈ ਉਸ ਤੋਂ ਜ਼ਿਆਦਾ ਮੁਸ਼ਕਿਲ ਹੋ ਸਕਦਾ ਹੈ। ਸਹਿਕਾਰੀ ਸਿਖਲਾਈ ਵਿੱਚ ਲਗਾਤਾਰ ਤਬਦੀਲੀ ਕਾਰਨ ਇਹ ਸੰਭਵ ਹੈ ਕਿ ਅਧਿਆਪਕ ਉਲਝ ਸਕਦਾ ਹੈ ਅਤੇ ਇਸ ਵਿਧੀ ਨੂੰ ਪੂਰਨ ਰੂਪ ਨਾਲ ਨਾ ਸਮਝ ਸਕੇ। ਜੋ ਅਧਿਆਪਕ ਇਸ ਵਿਧੀ ਨੂੰ ਲਾਗੂ ਕਰ ਰਹੇ ਹਨ, ਸ਼ਾਇਦ ਉਨ੍ਹਾਂ ਨੂੰ ਵਿਦਿਆਰਥੀਆਂ ਦਾ ਗੁੱਸੇ ਦਾ ਸਾਹਮਣਾ ਕਰਨਾ ਪਏ ਜੋ ਹੁਸ਼ਿਆਰ ਹਨ, ਨਿਪੁੰਨ ਹਨ ਕਿਉਂਕਿ ਕਮਜ਼ੋਰ ਵਿਦਿਆਰਥੀਆਂ ਕਾਰਨ ਉਨ੍ਹਾਂ ਦੀ ਪ੍ਰਗਤੀ ਰੁਕ ਸਕਦੀ ਹੈ ਅਤੇ ਆਪਣੇ ਸਮੂਹ ਵਿੱਚ ਅਣਦੇਖੀ ਅਤੇ ਤ੍ਰਿਸਕਾਰ ਵੀ ਅਨੁਭਵ ਕਰਦੇ ਹਨ।

**ਈ. 9 ਸਹਿਕਾਰੀ ਸਿਖਲਾਈ ਕਿਸ ਪ੍ਰਕਾਰ ਸਿਖਿਆਰਥੀਆਂ ਦੇ ਆਤਮ ਵਿਸ਼ਵਾਸ ਨੂੰ ਵਧਾਉਂਦੀ ਹੈ ?**

4.2.4 **ਸਹਿਯੋਗਾਤਮਕ ਸਿਖਲਾਈ**

ਸਹਿਯੋਗਾਤਮਕ ਸਿਖਲਾਈ, ਸਹਿਕਾਰੀ ਸਿਖਲਾਈ ਦ੍ਰਿਸ਼ਟੀਕੋਣ ਤੋਂ ਜ਼ਿਆਦਾ ਆਮ ਦ੍ਰਿਸ਼ਟੀਕੋਣ ਹੈ। ਇਸ ਦ੍ਰਿਸ਼ਟੀਕੋਣ ਵਿੱਚ ਦੋ ਜਾਂ ਉਸ ਤੋਂ ਜ਼ਿਆਦਾ ਵਿਅਕਤੀਆਂ ਨੂੰ ਸਿੱਖਣ ਵਿੱਚ ਜਾਂ ਇਕੱਠੇ ਸਿੱਖਣ ਲਈ ਕੋਸ਼ਿਸ਼ ਕਰਨ ਦੇ ਅਵਸਰ ਉਪਲੱਬਧ ਕਰਾਉਂਦਾ ਹੈ। ਵਿਅਕਤੀਗਤ ਸਿਖਲਾਈ ਤੋਂ ਭਿੰਨ ਇਸ ਸਿਖਲਾਈ ਦ੍ਰਿਸ਼ਟੀਕੋਣ ਵਿੱਚ ਵਿਅਕਤੀ ਇੱਕ ਦੂਜੇ ਦੇ ਸਰੋਤਾਂ ਅਤੇ ਕੁਸ਼ਲਾਂ ਦਾ ਲਾਭ ਉਠਾਉਂਦੇ ਹੋਏ ਸਿੱਖਦੇ ਹਨ (ਜਿਵੇਂ ਸੂਚਨਾ ਲਈ ਇੱਕ ਦੂਜੇ ਨੂੰ ਪੁੱਛਣਾ, ਇੱਕ ਦੂਜੇ ਦੇ ਵਿਚਾਰਾਂ ਦਾ ਮੁਲਾਂਕਣ ਅਤੇ ਇੱਕ ਦੂਜੇ ਦੇ ਕਾਰਜ ਦਾ ਨਿਰੀਖਣ ਕਰਨਾ) ਵਿਸ਼ੇਸ਼ ਰੂਪ ਨਾਲ ਕਹੀਏ ਤਾਂ ਸਹਿਯੋਗਾਤਮਕ ਸਿਖਲਾਈ ਦਾ ਆਧਾਰ ਹੈ ਕਿ ਵਿਅਕਤੀਆਂ ਦੇ ਸਮੂਹ ਵਿੱਚ ਗਿਆਨ ਦੀ ਸਿਰਜਣਾ, ਮੈਂਬਰਾਂ ਵੱਲੋਂ ਪਰਸਪਰ ਅੰਤਰ ਕਿਰਿਆ ਕਰਕੇ, ਅਨੁਭਵਾਂ ਨੂੰ ਵੰਡ ਕੇ ਅਤੇ ਸਰਗਰਮ ਭੂਮਿਕਾ ਨਿਭਾ ਕੇ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਸਹਿਯੋਗਾਤਮਕ ਸਿਖਲਾਈ ਇੱਕ ਸਿੱਖਿਆ ਸਿਖਲਾਈ ਵਿਧੀ ਹੈ ਜਿਸ ਵਿੱਚ ਅਧਿਆਪਕ ਅਤੇ ਵਿਦਿਆਰਥੀ ਦੋਨੋਂ ਮਿਲ ਕੇ ਇੱਕ ਮਹੱਤਵਪੂਰਨ ਸਮੱਸਿਆ ਦੀ ਖੋਜ ਕਰਦੇ ਹਨ ਜਾਂ ਕੋਈ ਅਰਥ ਪੂਰਨ ਪ੍ਰਾਜੈਕਟ ਦਾ ਨਿਰਮਾਣ ਕਰਦੇ ਹਨ। ਵਿਦਿਆਰਥੀਆਂ ਦਾ ਇੱਕ ਸਮੂਹ ਵਿਆਖਿਆ ’ਤੇ ਚਰਚਾ ਕਰਦਾ ਹੈ ਜਾਂ ਵਿਭਿੰਨ ਸਕੂਲ ਦੇ ਵਿਦਿਆਰਥੀ ਇੰਟਰਨੈੱਟ ’ਤੇ ਮਿਲ ਕੇ ਸਾਂਝਾ ਕਾਰਜ ਕਰਦੇ ਹਨ। ਇਹ ਦੋਨੋਂ ਸਹਿਯੋਗਾਤਮਕ ਸਿਖਲਾਈ ਦੇ ਉਦਾਹਰਨ ਹਨ।

ਦੂਜੇ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸਹਿਯੋਗਾਤਮਕ ਸਿਖਲਾਈ ਇੱਕ ਵਧੀਆ ਅਤੇ ਵਾਤਾਵਰਣ ਦੀ ਤਰਫ਼ ਇਸ਼ਾਰਾ ਕਰਦੀ ਹੈ ਜਿਸ ਵਿੱਚ ਸਿਖਿਆਰਥੀ ਕਿਸੇ ਸਾਂਝੇ ਕਾਰਜ ਵਿੱਚ ਲੱਗੇ ਰਹਿੰਦੇ ਹਨ ਜਿੱਥੇ ਹਰੇਕ ਸਿਖਿਆਰਥੀ ਇੱਕ ਦੂਜੇ ਨੂੰ ਖੋਜਦੇ ਹਨ ਅਤੇ ਉਨ੍ਹਾਂ ਪਤੀ ਜਵਾਬਦੇਹ ਵੀ ਹੁੰਦੇ ਹਨ। ਇਸ ਵਿਧੀ ਵਿੱਚ ਕੰਪਿਊਟਰ ਦੀ ਵਰਤੋਂ ਕਰਕੇ ਆਹਮਣੇ ਸਾਹਮਣੇ ਗੱਲਬਾਤ ਕਰ ਸਕਦੇ ਹਨ ( ਜਿਵੇਂ ਆਨਲਾਈਨ ਫੋਰਮ, ਚੈਟ ਰੂਮ ਆਦਿ)। ਸਹਿਯੋਗਾਤਮਕ ਸਿਖਲਾਈ ਪ੍ਰਕਿਰਿਆ ਦੀ ਸਿਖਲਾਈ ਵਿੱਚ ਸੰਵਾਦ ਵਿਸ਼ਲੇਸ਼ਣ ਅਤੇ ਅੰਕੜਾ ਵਿਆਖਿਆ ਵਿਸ਼ਲੇਸ਼ਣ ਸ਼ਾਮਲ ਹੈ।

ਸਹਿਯੋਗਾਤਮਕ ਅਤੇ ਸਹਿਕਾਰੀ ਸਿਖਲਾਈ ਪਰੰਪਰਾਗਤ ਸਿੱਖਿਆ ਦ੍ਰਿਸ਼ਟੀਕੋਣਾਂ ਤੋਂ ਭਿੰਨ ਹੈ। ਇਸ ਵਿੱਚ ਵਿਦਿਆਰਥੀ ਵਿਅਕਤੀਗਤ ਰੂਪ ਨਾਲ ਇੱਕ ਦੂਜੇ ਨਾਲ ਮੁਕਾਬਲਾ ਨਹੀਂ ਕਰਦੇ ਹਨ। ਬਲਕਿ ਇਕੱਠੇ ਮਿਲ ਜੁਲ ਕੇ ਕਾਰਜ ਕਰਦੇ ਹਨ। ਸਹਿਕਾਰੀ ਅਤੇ ਸਹਿਯੋਗਾਤਮਕ ਦ੍ਰਿਸ਼ਟੀਕੋਣਾਂ ਦੇ ਵਿਚਕਾਰ ਸੂਖਮ ਅੰਤਰ, ਸਹਿਯੋਗਾਤਮਕ ਸਿਖਲਾਈ ਦੀ ਪ੍ਰਕਿਰਤੀ ਨੂੰ ਪ੍ਰਦਰਸ਼ਿਤ ਕਰੇਗਾ।

- ਸਹਿਯੋਗਾਤਮਕ ਸਿਖਲਾਈ ਕਿਸੇ ਵੀ ਸਮੇਂ ਹੋ ਸਕਦੀ ਹੈ, ਉਦਾਹਰਨ ਲਈ ਗ੍ਰਹਿ ਕਾਰਜ ਸੰਪੂਰਨ ਕਰਨ ਵਿੱਚ ਵਿਦਿਆਰਥੀ ਇੱਕ ਦੂਜੇ ਦੀ ਸਹਾਇਤਾ ਕਰਦੇ ਹੋਏ ਕਾਰਜ ਕਰਦੇ ਹਨ। ਸਹਿਯੋਗਾਤਮਕ ਸਿਖਲਾਈ ਤਾਂ ਹੁੰਦੀ ਹੈ ਜਦੋਂ ਵਿਦਿਆਰਥੀ ਇੱਕ ਸਥਾਨ ’ਤੇ ਮਿਲ ਕੇ ਕਿਸੇ ਸੰਰਚਿਤ ਪ੍ਰਾਜੈਕਟ ’ਤੇ ਛੋਟੇ ਸਮੂਹ ਵਿੱਚ ਕਾਰਜ ਕਰਦੇ ਹਨ।

- ਸਹਿਯੋਗਾਤਮਕ ਸਿਖਲਾਈ ਵਿੱਚ ਇੱਕ ਵਾਰ ਕਾਰਜ ਨਿਰਧਾਰਤ ਕਰਨ ਤੋਂ ਬਾਅਦ ਜੋ ਕਿ ਮੁਕਤ ਅੰਤ ਹੁੰਦੇ ਹਨ, ਅਧਿਆਪਕ ਸਾਰੇ ਅਧਿਕਾਰ ਸਮੂਹ ਨੂੰ ਸੌਂਪ ਦਿੰਦਾ ਹੈ। ਇਹ ਸਮੂਹ ਦੇ ਉੱਪਰ ਨਿਰਭਰ ਕਰਦਾ ਹੈ ਕਿ ਕਿਸ ਤਰ੍ਹਾਂ ਨਾਲ ਉਹ ਕਾਰਜ ਨੂੰ ਮਿਲ ਜੁਲ ਕੇ ਪੂਰਾ ਕਰਨ ਦੀ ਯੋਜਨਾ ਬਣਾਉਂਦੇ ਹਨ। ਸਹਿਕਾਰੀ ਸਿਖਲਾਈ ਦ੍ਰਿਸ਼ਟੀਕੋਣ ਵਿੱਚ ਅਧਿਕਾਰ ਅਤੇ ਕਾਰਜ ਦੀ ਮਾਲਕੀ ਅਧਿਆਪਕ ਕੋਲ ਹੁੰਦੀ ਹੈ। ਅਤੇ ਅਧਿਆਪਕ ਸਮੱਸਿਆ ਸਮਾਧਾਨ ਕਰਾਉਣ ਲਈ ਸਮੂਹ ਨੂੰ ਲਗਾਤਾਰ ਦਿਸ਼ਾ ਨਿਰਦੇਸ਼, ਦੇਖਰੇਖ ਅਤੇ ਸੁਧਾਰਾਤਮਕ ਸੁਝਾਅ ਦਿੰਦਾ ਹੈ।

• ਸਹਿਯੋਗਾਤਮਕ ਸਿਖਲਾਈ ਅਸਲ ਵਿੱਚ ਵਿਦਿਆਰਥੀਆਂ ਨੂੰ ਸਸ਼ਕਤ ਬਣਾਉਂਦੀ ਹੈ ਜਦੋਂ ਕਿ ਸਹਿਕਾਰੀ ਸਿਖਲਾਈ ਵਿੱਚ ਅਜਿਹਾ ਨਹੀਂ ਹੁੰਦਾ ਹੈ। ਇਸ ਤੋਂ ਇਲਾਵਾ ਸਹਿਕਾਰੀ ਸਿਖਲਾਈ ਵਿੱਚ ਵਿਦਿਆਰਥੀਆਂ ਨੂੰ ਅਧਿਆਪਕ ਦੀ ਇੱਛਾ ਅਨੁਸਾਰ ਕਾਰਜ ਕਰਨਾ ਪੈਂਦਾ ਹੈ ਅਤੇ ਸਹੀ ਜਾਂ ਗਲਤ ਉੱਤਰ ਦੇਣ ਲਈ ਕਿਹਾ ਜਾਂਦਾ ਹੈ।

• ਸਿੱਖਿਆ ਵਿੱਚ ਸਹਿਯੋਗ ਅਧਿਆਪਕ, ਵਿਦਿਆਰਥੀ ਅਤੇ ਪਾਠਕ੍ਰਮ ਦੇ ਵਿਚਕਾਰ ਇੱਕ ਗੱਲਬਾਤ ਹੈ। ਵਿਦਿਆਰਥੀ ਨੂੰ ਇੱਕ ਸਮੱਸਿਆ ਹੱਲ ਕਰਤਾ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ।ਅਤੇ ਸਮੱਸਿਆ ਸਮਾਧਾਨ ਅਤੇ ਖੋਜ ਦ੍ਰਿਸ਼ਟੀਕੋਣ ਨੂੰ ਬੌਧਿਕ ਕੁਸ਼ਲਾਂ 'ਤੇ ਜ਼ੋਰ ਦੇਣ ਲਈ ਪ੍ਰਯੋਗ ਕੀਤਾ ਜਾਂਦਾ ਹੈ। ਇਹ ਦ੍ਰਿਸ਼ਟੀਕੋਣ ਅਧਿਆਪਨ ਨੂੰ ਇੱਕ ਗੱਲਬਾਤ ਦੇ ਰੂਪ ਵਿੱਚ ਦੇਖਦੀ ਹੈ ਜਿਸ ਵਿੱਚ ਅਧਿਆਪਕ ਅਤੇ ਵਿਦਿਆਰਥੀ ਦੋਨੋਂ ਪਾਠਕ੍ਰਮ ਨੂੰ ਗੱਲਬਾਤ ਰਾਹੀਂ ਕਰਨ ਦੀ ਇੱਕ ਪ੍ਰਕਿਰਿਆ ਦੇ ਜ਼ਰੀਏ ਸਿੱਖਦੇ ਹਨ ਅਤੇ ਵਿਸ਼ਵ ਦੇ ਬਾਰੇ ਵਿੱਚ ਇੱਕ ਸਾਂਝੇ ਦ੍ਰਿਸ਼ਟੀਕੋਣ ਦਾ ਵਿਕਾਸ ਕਰਦੇ ਹਨ। ਸਹਿਕਾਰੀ ਸਿਖਲਾਈ ਬੁਨਿਆਦੀ ਗਿਆਨ ਵਿੱਚ ਮਾਸਟਰੀ ਹਾਸਲ ਕਰਨ ਦੇ ਉੱਤਮ ਤਰੀਕੇ ਨੂੰ ਪ੍ਰਦਰਸ਼ਿਤ ਕਰਦੀ ਹੈ। ਇੱਕ ਵਾਰ ਜਦੋਂ ਵਿਦਿਆਰਥੀ ਇੱਕ ਦੂਜੇ ਤੋਂ ਚੰਗੀ ਤਰ੍ਹਾਂ ਤੋਂ ਜਾਣੂ ਹੋ ਜਾਂਦੇ ਹਨ ਤਾਂ ਉਹ ਸਹਿਯੋਗ ਲਈ, ਚਰਚਾ ਲਈ ਅਤੇ ਮੁਲਾਂਕਣ ਲਈ ਤਿਆਰ ਹੋ ਜਾਂਦੇ ਹਨ।

**ਸਹਿਯੋਗਾਤਮਕ ਸਿਖਲਾਈ ਦੇ ਲਾਭ–**

• **ਵਿਭਿੰਨਤਾਵਾਂ ਦਾ ਸਮਾਰੋਹ:** ਵਿਦਿਆਰਥੀ ਸਾਰੇ ਪ੍ਰਕਾਰ ਦੇ ਵਿਅਕਤੀਆਂ ਨਾਲ ਸਿੱਖਦਾ ਹੈ। ਉਨ੍ਹਾਂ ਨੂੰ ਚਿੰਤਨ ਲਈ ਕਈ ਅਵਸਰ ਮਿਲਦੇ ਹਨ ਅਤੇ ਉਠਾਏ ਗਏ ਪ੍ਰਸ਼ਨਾਂ ਦੇ ਸਹਿਪਾਠੀਆਂ ਵੱਲੋਂ ਦਿੱਤੇ ਗਏ ਵਿਭਿੰਨ ਉੱਤਰਾਂ ਦੇ ਸੰਦਰਭ ਵਿੱਚ ਜਵਾਬ ਦਿੰਦੇ ਹਨ। ਛੋਟੇ ਸਮੂਹ ਵਿੱਚ ਵਿਦਿਆਰਥੀਆਂ ਨੂੰ ਕਿਸੇ ਮੁੱਦੇ 'ਤੇ ਵਿਭਿੰਨਤਾਵਾਂ ਦੇ ਆਧਾਰ 'ਤੇ ਆਪਣਾ ਦ੍ਰਿਸ਼ਟੀਕੋਣ ਰੱਖਣ ਦਾ ਅਵਸਰ ਮਿਲਦਾ ਹੈ। ਇਸ ਪ੍ਰਕਾਰ ਨਾਲ ਆਦਾਨ ਪ੍ਰਦਾਨ ਵਿੱਚ ਨਿਸ਼ਚਤ ਰੂਪ ਨਾਲ ਵਿਦਿਆਰਥੀਆਂ ਨੂੰ ਦੂਜਿਆਂ ਦੀ ਸੰਸਕ੍ਰਿਤੀ ਅਤੇ ਦ੍ਰਿਸ਼ਟੀਕੋਣ ਨੂੰ ਬਿਤਹਰ ਢੰਗ ਨਾਲ ਸਮਝਣ ਵਿੱਚ ਸਹਾਇਤਾ ਕਰਦਾ ਹੈ।

• **ਵਿਅਕਤੀਗਤ ਵਿਭਿੰਨਤਾਵਾਂ ਦੀ ਸਵੀਕ੍ਰਿਤੀ:** ਜਦੋਂ ਪ੍ਰਸ਼ਨ ਉਠਾਏ ਜਾਂਦੇ ਹਨ ਤਾਂ ਅਲੱਗ ਅਲੱਗ ਵਿਦਿਆਰਥੀਆਂ ਕੋਲ ਵਿਭਿੰਨ ਪ੍ਰਕਾਰ ਦੇ ਜਵਾਬ ਹੁੰਦੇ ਹਨ।ਹਰੇਕ ਜਵਾਬ ਸਮੂਹ ਨੂੰ ਇੱਕ ਅਜਿਹੇ ਉਤਪਾਦ ਤਿਆਰ ਕਰਨ ਵਿੱਚ ਸਹਾਇਤਾ ਕਰਦਾ ਹੈ ਜੋ ਵਿਸਥਾਰਤ ਰੂਪ ਨਾਲ ਭਿੰਨ ਦ੍ਰਿਸ਼ਟੀਕੋਣ ਨੂੰ ਪ੍ਰਦਰਸ਼ਿਤ ਕਰਦਾ ਹੈ ਅਤੇ ਇਸ ਪ੍ਰਕਾਰ ਜ਼ਿਆਦਾ ਸੰਪੂਰਨ ਅਤੇ ਵਿਆਪਕ ਹੁੰਦਾ ਹੈ।

• **ਅੰਤਰਵਿਅਕਤੀਗਤ ਵਿਕਾਸ:** ਵਿਦਿਆਰਥੀ ਆਪਣੇ ਸਹਿਪਾਠੀਆਂ ਅਤੇ ਹੋਰ ਸਿਖਿਆਰਥੀਆਂ ਨਾਲ ਸਮੂਹ ਵਿੱਚ ਕਾਰਜ ਕਰਦੇ ਹੋਏ ਆਪਣੇ ਆਪ ਨੂੰ ਜੋੜਨਾ ਸਿੱਖਦੇ ਹਨ।ਉਹ ਉਨ੍ਹਾਂ ਵਿਦਿਆਰਥੀਆਂ ਲਈ ਵਿਸ਼ੇਸ਼ ਕਰਕੇ ਸਹਾਇਕ ਹੈ ਜਿਸ ਵਿੱਚ ਸਮਾਜਿਕ ਕੁਸ਼ਲਾਂ ਦੀ ਅਣਹੋਂਦ ਹੁੰਦੀ ਹੈ। ਉਹ ਦੂਜਿਆਂ ਨਾਲ ਮਿਲ ਕੇ ਅੰਤਰਕਿਰਿਆ ਕਰਕੇ ਲਾਭ ਉਠਾ ਸਕਦੇ ਹਨ।

• **ਸਿਖਲਾਈ ਵਿੱਚ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ:** ਛੋਟੇ ਸਮੂਹ ਵਿੱਚ ਹਰੇਕ ਮੈਂਬਰ ਦੇ ਕੋਲ ਆਪਣਾ ਯੋਗਦਾਨ ਦੇਣ ਲਈ ਅਵਸਰ ਹੁੰਦਾ ਹੈ। ਵਿਦਿਆਰਥੀ ਆਪਣੀਆਂ ਸਮੱਗਰੀਆਂ ਨੂੰ ਜ਼ਿਆਦਾ ਆਪਣਾ ਮੰਨਦੇ ਹਨ ਅਤੇ ਟੀਮ ਵਿੱਚ ਕਾਰਜ ਕਰਦੇ ਹੋਏ ਸੰਦਰਭਿਤ ਮੁੱਦੇ 'ਤੇ ਗੰਭੀਰ ਵਿਚਾਰ ਚਰਚਾ ਕਰਦੇ ਹਨ।

• **ਵਿਅਕਤੀਗਤ ਪ੍ਰਕਿਰਿਆ ਲਈ ਸਰਗਰਮ ਭਾਗੀਦਾਰੀ:** ਛੋਟੇ ਸਮੂਹ ਵਿੱਚ ਆਦਾਨ ਪ੍ਰਦਾਨ ਲਈ ਜ਼ਿਆਦਾ ਅਵਸਰ ਉਪਲੱਬਧ ਹੋਣ ਕਾਰਨ ਵਿਦਿਆਰਥੀ ਆਪਣੇ ਵਿਚਾਰ ਅਤੇ ਜਵਾਬ ਦੇ ਬਾਰੇ ਵਿੱਚ ਵਿਅਕਤੀਗਤ ਰੂਪ ਨਾਲ ਪ੍ਰਤੀਕਿਰਿਆ ਪ੍ਰਾਪਤ ਕਰਦੇ ਹਨ। ਵੱਡੇ ਸਮੂਹ ਵਿੱਚ ਇਸ ਪ੍ਰਕਾਰ ਦੀ ਪ੍ਰਤੀਕਿਰਿਆ ਪਹਿਲਾਂ ਸੰਭਵ ਨਹੀਂ ਹੁੰਦੀ ਹੈ, ਇਸ ਵਿੱਚ ਇੱਕ ਜਾਂ ਦੋ ਵਿਦਿਆਰਥੀ ਆਪਣੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਦੇ ਹਨ ਅਤੇ ਬਾਕੀ ਸਾਰੇ ਵਿਦਿਆਰਥੀ ਸੁਣਦੇ ਹਨ।

**ਈ. 10 ਸਹਿਕਾਰੀ ਅਤੇ ਸਹਿਯੋਗਾਤਮਕ ਸਿਖਲਾਈ ਦੇ ਵਿਚਕਾਰ ਕਿਸੇ ਦੋ ਅੰਤਰਾਂ ਦਾ ਵਰਣਨ ਕਰੋ।**

### 4.3 ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ

ਗਤੀਵਿਧੀ ਕੀ ਹੈ ? ਕੀ ਇਹ ਵਿਦਿਆਰਥੀਆਂ ਵੱਲੋਂ ਕੀਤਾ ਜਾਣ ਵਾਲਾ ਕਾਰਜ ਹੈ ? ਇੱਕ ਅਧਿਆਪਕ ਦੇ ਰੂਪ ਵਿੱਚ ਕੀ ਗਤੀਵਿਧੀ ਆਧਾਰਿਤ ਕਲਾਸ ਵਿੱਚ ਵਿਦਿਆਰਥੀਆਂ ਦੀ ਥਾਂ ਤੁਹਾਡੀ ਭੂਮਿਕਾ ਘੱਟ ਹੋਏਗੀ ? ਇਸ ਪ੍ਰਕਾਰ ਦੇ ਪ੍ਰਸ਼ਨ ਤੁਹਾਡੇ ਮਨ ਵਿੱਚ ਹੋਣੇ ਚਾਹੀਦੇ ਹਨ।

ਅਸੀਂ ਜਾਣਦੇ ਹਾਂ ਕਿ ਕਲਾਸ ਅਧਿਆਪਨ ਸਿਖਲਾਈ ਪ੍ਰਕਿਰਿਆ ਦੇ ਤਿੰਨ ਮੁੱਖ ਤੱਤ ਹਨ, ਅਧਿਆਪਕ, ਸਿਖਿਆਰਥੀ, ਵਿਸ਼ਾ ਜਾਂ ਪਾਠਕ੍ਰਮ ਵਿੱਚ ਮੌਜੂਦ ਅਨੁਭਵ। ਅਸੀਂ ਚਰਚਾ ਕਰ ਚੁੱਕੇ ਹਾਂ ਕਿ ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ, ਅਧਿਆਪਨ ਸਿਖਲਾਈ ਪ੍ਰਕਿਰਿਆ ਲਈ ਜ਼ਿਆਦਾ ਢੁਕਵਾਂ ਹੈ। ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਵਿੱਚ ਸਿਖਿਆਰਥੀ ਦੀ ਲੋੜ, ਰੁਚੀ, ਮਾਨਸਿਕ ਸਮਰੱਥਾ ਅਤੇ ਸਮਾਜਿਕ ਸੰਦਰਭ ਦਾ ਧਿਆਨ ਰੱਖਿਆ ਜਾਂਦਾ ਹੈ। ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ ਵਿੱਚ ਉਸ ਸਿਖਿਆਰਥੀ ਨੂੰ ਮਹੱਤਵ ਦਿੱਤਾ ਜਾਂਦਾ ਹੈ ਜੋ ਆਪਣੇ ਵਾਤਾਵਰਣ ਵਿੱਚ ਗਤੀਵਿਧੀ ਵਿੱਚ ਮੌਜੂਦ ਰਹਿ ਕੇ ਨਵਾਂ ਗਿਆਨ ਪ੍ਰਾਪਤ ਕਰਦਾ ਹੈ।

#### 4.3.1 ਸਿਖਲਾਈ ਗਤੀਵਿਧੀ ਅਤੇ ਇਸ ਦੇ ਤੱਤ

ਹਾਲਾਂਕਿ ਅਸੀਂ ਸਾਰੇ ਸਿੱਖਿਆ ਪ੍ਰਕਿਰਿਆ ਤੋਂ ਜਾਣੂ ਹਾਂ, ਗਤੀਵਿਧੀ ਦੇ ਬਾਰੇ ਵਿੱਚ ਸਾਡਾ ਦ੍ਰਿਸ਼ਟੀਕੋਣ ਭਿੰਨ ਹੈ। ਗਤੀਵਿਧੀ ਦੇ ਸੰਦਰਭ ਵਿੱਚ ਕੁਝ ਆਮ ਦ੍ਰਿਸ਼ਟੀਕੋਣ ਨਿਮਨ ਹਨ–

• ਗੀਤ ਗਾਉਣਾ, ਨੱਚਣਾ, ਭੂਮਿਕਾਵਾਂ ਨਿਭਾਉਣਾ, ਕਹਾਣੀ ਸੁਣਾਉਣਾ, ਇਕੱਲੇ ਅਭਿਨੈ ਆਦਿ।

• ਜੋ ਕਾਰਜ ਆਨੰਦਦਾਇਕ ਹੈ ਉਹ ਗਤੀਵਿਧੀ ਹੈ।

• ਗਤੀਵਿਧੀ ਵਿੱਚ ਕੁਝ ਸਰੀਰਿਕ ਕਾਰਜ ਸ਼ਾਮਲ ਹੁੰਦੇ ਹਨ।

• ਹਰੇਕ ਗਤੀਵਿਧੀ ਵਿੱਚ ਸਿੱਖਿਆ ਸਮੱਗਰੀ ਦਾ ਹੋਣਾ ਜ਼ਰੂਰੀ ਹੈ।

ਆਓ ਦੋ ਕਲਾਸ ਸਥਿਤੀਆਂ ਦਾ ਪ੍ਰੇਖਣ ਕਰਦੇ ਹਾਂ ਜਿਸ ਵਿੱਚ ਗਤੀਵਿਧੀ ਕਰਾਈ ਜਾ ਰਹੀ ਹੈ।

**ਸਥਿਤੀ** 4: ਇੱਕ ਸਕੂਲ ਅਧਿਆਪਕਾ ਵਿਦਿਆ ਨੇ ਬੱਚਿਆਂ ਤੋਂ ਕੁਝ ਪੇਪਰ, ਮਾਚਿਸ, ਗੂੰਦ ਅਤੇ ਕੈਂਚੀ ਮੰਗਾਈ। ਆਪਣੀ ਕਲਾਸ ਦੇ ਦਿਨ ਉਸ ਨੇ ਹਰੇਕ ਬੱਚੇ ਦੀ ਜਾਂਚ ਕੀਤੀ ਕਿ ਉਹ ਮੰਗਾਏ ਸਾਮਾਨ ਲਿਆਏ ਹਨ ਜਾਂ ਨਹੀਂ। ਉਸ ਨੇ ਬਲੈਕਬੋਰਡ ’ਤੇ ਇੱਕ ਕੁਰਸੀ ਦਾ ਚਿੱਤਰ ਬਣਾਇਆ ਅਤੇ ਬੱਚਿਆਂ ਨੂੰ ਕਿਹਾ ਕਿ ਇਸ ਚਿੱਤਰ ਨੂੰ ਦੇਖ ਕੇ ਤੁਸੀਂ ਸਾਰੇ ਲਿਆਂਦੇ ਸਾਮਾਨ ਦਾ ਉਪਯੋਗ ਕਰਕੇ ਇੱਕ ਕੁਰਸੀ ਦਾ ਮਾਡਲ ਤਿਆਰ ਕਰੋ। ਜਦੋਂ ਵਿਦਿਆਰਥੀ ਆਪਣੇ ਆਪਣੇ ਮਾਡਲ ਬਣਾਉਣ ਵਿੱਚ ਜੁਟੇ ਹੋਏ ਸਨ ਤਾਂ ਉਹ ਵਿਦਿਆਰਥੀਆਂ ਨੂੰ ਕਾਰਜ ਕਰਨ ਵਿੱਚ ਸਹਿਯੋਗ ਦੇ ਰਹੀ ਸੀ। ਉਨ੍ਹਾਂ ਨੇ ਸਾਰੇ ਬੱਚਿਆਂ ਨੂੰ ਕਲਾਸ ਵਿੱਚ ਅਨੁਸ਼ਾਸਨ ਬਣਾਏ ਰੱਖਣ ਲਈ ਕਿਹਾ ਅਤੇ ਬਿਨਾਂ ਕਿਸੇ ਨਾਲ ਗੱਲ ਕੀਤੇ ਜਾਂ ਰੁਕਾਵਟ ਪਾਏ ਬਿਨਾਂ ਆਪਣੇ ਕਾਰਜ ਵਿੱਚ ਧਿਆਨ ਲਗਾਓ। ਉਸ ਨੇ ਬੱਚਿਆਂ ਦੀ ਪ੍ਰਸ਼ੰਸਾ ਕੀਤੀ ਜਿਨ੍ਹਾਂ ਨੇ ਸਮੇਂ ’ਤੇ ਆਪਣਾ ਮਾਡਲ ਤਿਆਰ ਕਰ ਲਿਆ।

**ਸਥਿਤੀ** 5: ਵਿਨੋਆ ਇੱਕ ਗਣਿਤ ਅਧਿਆਪਕ, ਕਲਾਸ ਵਿੱਚ ਗਣਿਤ ਅਧਿਆਪਨ ਲਈ ਪੂਰੀ ਤਿਆਰੀ ਨਾਲ ਆਏ ਅਤੇ ਪੜ੍ਹਾਉਣ ਲਈ ਤਿਆਰ ਹਨ। ਉਸ ਨੇ ਦੇਖਿਆ ਕਿ ਕਲਾਸ ਦੇ ਬਾਹਰ ਦਾ ਵਾਤਾਵਰਣ ਬਹੁਤ ਅਨੁਕੂਲ ਹੈ ਅਤੇ ਬੱਚੇ ਕਲਾਸ ਤੋਂ ਬਾਹਰ ਦੇਖ ਰਹੇ ਸਨ। ਦਰੱਖਤ ਪੌਦੇ ਅਤੇ ਫੁੱਲ ਬੱਚਿਆਂ ਦਾ ਧਿਆਨ ਆਕਰਸ਼ਿਤ ਕਰ ਰਹੇ ਸਨ। ਉਨ੍ਹਾਂ ਨੇ ਆਪਣੀ ਯੋਜਨਾ ਵਿੱਚ ਤਬਦੀਲੀ ਕੀਤੀ ਅਤੇ ਬੱਚਿਆਂ ਨੂੰ ਕਿਹਾ ਕਿ ਤੁਸੀਂ ਸਾਰੇ 5 ਮਿੰਟ ਲਈ ਬਾਹਰ ਜਾਓ ਅਤੇ ਬਾਹਰ ਦੇ ਵਾਤਾਵਰਣ ਤੋਂ ਘੱਟ ਤੋਂ ਘੱਟ ਇੱਕ ਵਸਤੂ ਇਕੱਤਰ ਕਰਕੇ ਲਿਆਓ। ਸਾਰੇ ਬੱਚੇ ਖੁਸ਼ ਹੋ ਕੇ ਕਲਾਸ ਤੋਂ ਬਾਹਰ ਚਲੇ ਗਏ ਅਤੇ ਵਸਤੂਆਂ ਜਿਵੇਂ ਫੁੱਲ, ਪੱਤੀਆਂ, ਟਾਹਣੀਆਂ, ਛੋਟੇ ਪੱਥਰ ਦੇ ਟੁਕੜੇ ਆਦਿ ਇਕੱਠੇ ਕਰਕੇ ਕਲਾਸ ਵਿੱਚ ਵਾਪਸ ਆਏ। ਇਸ ਤੋਂ ਬਾਅਦ ਉਸ ਨੇ ਕਲਾਸ ਨੂੰ ਦੋ ਸਮੂਹਾਂ ਵਿੱਚ ਵੰਡ ਦਿੱਤਾ ਅਤੇ ਦੋਨੋਂ ਸਮੂਹਾਂ ਨੂੰ ਆਹਮਣੇ ਸਾਹਮਣੇ ਗੋਲਾਕਾਰ ਰੂਪ ਵਿੱਚ ਬੈਠਣ ਲਈ ਕਿਹਾ ਅਤੇ ਇੱਕ ਖੇਡ ‘ਵਸਤੂ ਪਛਾਣ’ ਸ਼ੁਰੂ ਕੀਤੀ। ਦੋਨੋਂ ਸਮੂਹਾਂ ਦੇ ਸਾਹਮਣੇ ਵਿਚਕਾਰ ਇਕੱਤਰ ਵਸਤੂਆਂ ਨੂੰ ਰੱਖਿਆ ਗਿਆ। ਇੱਕ ਸਮੂਹ ਦੇ ਮੈਂਬਰ ਨੇ ਇੱਕ ਪੇਪਰ ’ਤੇ ਸਾਹਮਣੇ ਰੱਖੀਆਂ ਹੋਈਆਂ ਵਸਤੂਆਂ ਵਿੱਚੋਂ ਕਿਸੇ ਇੱਕ ਵਸਤੂ ਦਾ ਨਾਂ ਲਿਖ ਕੇ ਅਧਿਆਪਕ ਨੂੰ ਦੇ ਦਿੱਤਾ। ਦੂਜੇ ਸਮੂਹ ਦੇ ਵਿਦਿਆਰਥੀਆਂ ਨੂੰ ਕਿਹਾ ਕਿ ਉਨ੍ਹਾਂ ਨੇ ਜ਼ਿਆਦਾ ਤੋਂ ਜ਼ਿਆਦਾ 10 ਪ੍ਰਸ਼ਨ ਪੁੱਛ ਕੇ ਵਸਤੂ ਦੀ ਪਛਾਣ ਕਰਨੀ ਹੈ। ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਹਾਂ ਜਾਂ ਨਹੀਂ ਵਿੱਚ ਪਹਿਲੇ ਸਮੂਹ ਦੇ ਵਿਦਿਆਰਥੀਆਂ ਨੇ ਦਿੱਤਾ। ਪ੍ਰਸ਼ਨ ਵਸਤੂ ਦੀ ਪਛਾਣ ਦੀਆਂ ਵਿਸ਼ੇਸ਼ਤਾਵਾਂ ਨਾਲ ਸਬੰਧਿਤ ਸਨ। ਜਦੋਂ ਵੀ ਸਮੂਹ ਨੇ ਇੱਕ ਪ੍ਰਸ਼ਨ ਹੀ ਪੁੱਛਕੇ ਵਸਤੂ ਨੂੰ ਪਛਾਣਿਆ ਤਾਂ ਉਨ੍ਹਾਂ ਨੂੰ ਦਸ ਅੰਕ ਪ੍ਰਾਪਤ ਹੋਏ। ਇੱਕ ਹੋਰ ਵਾਧੂ ਪ੍ਰਸ਼ਨ ਪੁੱਛਣ ’ਤੇ ਸਕੋਰ ਵਿੱਚ ਇੱਕ ਅੰਕ ਘੱਟ ਹੋ ਜਾਂਦਾ ਸੀ। ਦੋਨੋਂ ਸਮੂਹਾਂ ਦੇ ਮੈਂਬਰ ਪੁੱਛੇ ਗਏ ਪ੍ਰਸ਼ਨ ’ਤੇ ਵਿਚਾਰ ਕਰਦੇ ਸਨ। ਪੰਜ ਰਾਊਂਡ ਤੋਂ ਬਾਅਦ ਸਾਰੇ ਬੱਚੇ ਤਾਲੀ ਵਜਾ ਕੇ ਨੱਚਣ ਲੱਗੇ ਕਿਉਂਕਿ ਉਨ੍ਹਾਂ ਨੇ ਸਾਰੀਆਂ ਵਸਤੂਆਂ ਦੇ ਨਾਂ ਦੱਸਣ ਵਿੱਚ ਸਫਲਤਾ ਪ੍ਰਾਪਤ ਕੀਤੀ। ਇਸੀ ਪ੍ਰਕਾਰ ਖੇਡ ਚੱਲਦਾ ਰਿਹਾ। ਅੰਤ ਵਿੱਚ ਜਿਸ ਸਮੂਹ ਨੇ ਜ਼ਿਆਦਾ ਅੰਕ ਹਾਸਿਲ ਕੀਤੇ ਉਸ ਨੂੰ ਜੇਤੂ ਐਲਾਨਿਆ ਗਿਆ। ਇਸ ਵਿੱਚ ਪੀਰੀਅਡ ਦਾ ਸਮਾਂ ਸਮਾਪਤ ਹੋ ਗਿਆ ਸੀ ਅਤੇ ਕਿਸੇ ਨੇ ਵੀ ਘੰਟੀ ਵਜਾਉਣ ਦਾ ਇੰਤਜ਼ਾਰ ਨਹੀਂ ਕੀਤਾ ਅਤੇ ਨਾ ਹੀ ਉਹ ਇਸ ਪ੍ਰਤੀ ਸੁਚੇਤ ਸਨ।

ਉਪਰੋਕਤ ਦੋ ਸਥਿਤੀਆਂ ਵਿੱਚ ਅਧਿਆਪਕ ਨੇ ਬੱਚਿਆਂ ਨੂੰ ਜੋੜ ਕੇ ਰੱਖਣ ਦੀ ਕੋਸ਼ਿਸ਼ ਕੀਤੀ। ਪਹਿਲੀ ਸਥਿਤੀ ਵਿੱਚ ਅਧਿਆਪਕ ਨੇ ਸੰਪੂਰਨ ਰੂਪ ਨਾਲ ਬੱਚਿਆਂ 'ਤੇ ਨਿਯੰਤਰਣ ਰੱਖਿਆ ਅਤੇ ਬੱਚਿਆਂ ਨੇ ਇਹ ਕਾਰਜ ਕਿਉਂ ਕੀਤਾ ਜਾਂ ਬੱਚਿਆਂ ਨੂੰ ਇਸ ਕਾਰਜ ਵਿੱਚ ਰੁਚੀ ਹੈ ਜਾਂ ਨਹੀਂ ਹੈ, ਇਸ ਦਾ ਧਿਆਨ ਉਨ੍ਹਾਂ ਨੇ ਨਹੀਂ ਰੱਖਿਆ। ਵਿਦਿਆਰਥੀਆਂ ਨੇ ਅਧਿਆਪਕਾ ਦੇ ਨਿਰਦੇਸ਼ ਅਨੁਸਾਰ ਕਾਰਜ ਪੂਰਾ ਕੀਤਾ।

ਦੂਜੀ ਸਥਿਤੀ ਨਿਮਨ ਤਰੀਕੇ ਨਾਲ ਭਿੰਨ ਸੀ–

–ਵਿਦਿਆਰਥੀਆਂ ਦੀ ਰੁਚੀ ਨੂੰ ਦੇਖਦੇ ਹੋਏ ਅਧਿਆਪਕ ਆਪਣੀ ਯੋਜਨਾ ਬਦਲ ਦਿੰਦਾ ਹੈ।

–ਸਮੂਹ ਕਾਰਜ ਨੂੰ ਇਸ ਪ੍ਰਕਾਰ ਨਿਯੋਜਿਤ ਕੀਤਾ ਸੀ ਕਿ ਸਾਰੇ ਬੱਚੇ ਉਸ ਵਿੱਚ ਆਜ਼ਾਦ ਰੂਪ ਨਾਲ ਇੱਕ ਦੂਜੇ ਨਾਲ ਅੰਤਰਕਿਰਿਆ ਕਰਦੇ ਹਨ।

– ਆਪਣੇ ਸਮੂਹ ਦੇ ਅੰਦਰ ਚਰਚਾ ਕਰਕੇ ਬੱਚੇ ਪ੍ਰਸ਼ਨ ਪੁੱਛਣ ਦੇ ਕੁਸ਼ਲ ਨੂੰ ਆਪਣਾ ਲੈਂਦੇ ਹਨ।




–ਬੱਚਿਆਂ ਨੇ ਇੱਕ ਦੂਜੇ ਨਾਲ ਸਹਿਯੋਗ ਕੀਤਾ।

–ਬੱਚਿਆਂ ਨੇ ਆਨੰਦਪੂਰਬਕ ਟੀਚੇ ਨੂੰ ਪ੍ਰਾਪਤ ਕੀਤਾ।

ਤੁਸੀਂ ਧਿਆਨ ਦਿੱਤਾ ਹੋਏਗਾ ਕਿ ਇਸ ਗਤੀਵਿਧੀ ਵਿੱਚ ਨਾ ਤਾਂ ਸਰੀਰਿਕ ਕਿਰਿਆ ਹੈ, ਨਾ ਗੀਤ ਹੈ, ਨਾ ਹੀ ਨੱਚਣਾ ਹੈ ਅਤੇ ਨਾ ਹੀ ਕਹਾਣੀ ਸੁਣਾਈ ਗਈ। ਫਿਰ ਵੀ ਬੱਚਿਆਂ ਨੇ ਸਰਗਰਮ ਰੂਪ ਨਾਲ ਭਾਗ ਲੈ ਕੇ ਆਨੰਦਪੂਰਬਕ ਉਦੇਸ਼ ਨੂੰ ਪ੍ਰਾਪਤ ਕੀਤਾ।

ਸਾਰਣੀ 4.3 ਵਿੱਚ ਦਿੱਤੀਆਂ ਗਈਆਂ ਗਤੀਵਿਧੀਆਂ ਦਾ ਪ੍ਰੇਖਣ ਕਰੋ ਅਤੇ ਧਿਆਨ ਨਾਲ ਪੜ੍ਹੋ।

| ਉਦੇਸ਼ | ਗਤੀਵਿਧੀ | ਪ੍ਰਕਿਰਿਆ |
|---|---|---|
| ਜੰਗਲੀ ਜਾਨਵਰ ਨੂੰ ਪਛਾਣਨਾ,ਜਾਣਨਾ<br>ਗਾਉਣ ਦੀ ਸਮਰੱਥਾ ਨੂੰ ਵਿਕਸਤ ਕਰਨਾ | ਗਤੀਵਿਧੀ ਦੇ ਨਾਲ ਗੀਤ ਗਾਉਣਾ | ਬੱਚੇ/ਵਿਦਿਆਰਥੀ ਗੋਲਾਰਧ ਵਿੱਚ ਖੜ੍ਹੇ ਹੋਣ।<br>ਅਧਿਆਪਕ ਮੱਧ ਵਿੱਚ ਖੜ੍ਹੇ ਹੋ ਕੇ ਪਹਿਲੀਆਂ ਦੋ ਕਤਾਰਾਂ ਨੂੰ ਗਾਏਗਾ ਅਤੇ ਬੱਚੇ ਅਭਿਨੈ ਕਰਦੇ ਹੋਏ ਗੋਲ ਘੁੰਮਦੇ ਹਨ।<br>ਮੱਧ ਵਿੱਚ ਇੱਕ ਵਿਦਿਆਰਥੀ ਜਾਨਵਰ ਦੀ ਆਵਾਜ਼ ਕੱਢੇਗਾ ਅਤੇ ਬੱਚੇ ਆਵਾਜ਼ ਅਤੇ ਅਭਿਨੈ ਨੂੰ ਕਰਦੇ ਹੋਏ ਘੁੰਮਣਗੇ।<br>ਜੋ ਵਿਦਿਆਰਥੀ ਠੀਕ ਢੰਗ ਨਾਲ ਭਾਗ ਨਹੀਂ ਲਏਗਾ ਉਹ ਆਊਟ ਹੋ ਜਾਏਗਾ, ਪ੍ਰੇਖਣ ਕਰਨ ਤੋਂ ਬਾਅਦ ਸਮੂਹ ਵਿੱਚ ਮੁੜ ਸ਼ਾਮਿਲ ਹੋਏਗਾ। |
| ਜਾਣੂ ਵਸਤੂ ਦੇ ਜਿਓਮੈਟਰੀਕਲ ਰੂਪ ਨੂੰ ਪਛਾਨਣਾ | ਜਿਓਮੈਟਰੀਕਲ ਰੂਪ ਦਾ ਉਪਯੋਗ ਕਰਕੇ ਚਿੱਤਰ ਬਣਾਉਣਾ | ਅਧਿਆਪਕ ਬਲੈਕਬੋਰਡ 'ਤੇ ਜਿਓਮੈਟਰੀਕਲ ਰੂਪ ਦਾ ਚਿੱਤਰ ਬਣਾਏਗਾ ਜਿਵੇਂ |

| | | |
|---|---|---|
| | | <br>ਵਿਦਿਆਰਥੀ ਨੂੰ ਨਿਰਦੇਸ਼ ਦਿੱਤਾ ਜਾਏਗਾ ਕਿ ਉਪਰੋਕਤ ਆਕ੍ਰਿਤੀਆਂ ਦਾ ਉਪਯੋਗ ਕਰਦੇ ਹੋਏ ਚਿੱਤਰ ਬਣਾਓ, ਉਦਾਹਰਨ ਲਈ<br><br>ਵਿਦਿਆਰਥੀਆਂ ਨੂੰ ਕਿਹਾ ਕਿ 15 ਮਿੰਟ ਦੇ ਅੰਦਰ ਜਿੰਨਾ ਜ਼ਿਆਦਾ ਤੋਂ ਜ਼ਿਆਦਾ ਚਿੱਤਰਣ ਕਰ ਸਕਦੇ ਹਨ ਕਰੋ। |
| ਸੰਖਿਆ ਦਾ ਨਿਰਮਾਣ | ਗਰਿੱਡ ਗੇਮ | ਇੱਕ 4x4 ਦਾ ਵਰਗ ਖਿੱਚੋ<br>(3x3) ਜਾਂ (5x5) ਦਾ ਵਰਗ ਵੀ ਖਿੱਚ ਸਕਦੇ ਹੋ।<br> |
| | | ਇੱਕ ਸੈਲ ਦੇ ਅੰਤਰ ਇੱਕ ਸੰਖਿਆ ਲਿਖਣ ਲਈ ਵਿਦਿਆਰਥੀਆਂ ਨੂੰ ਕਹੋ।<br>ਉਨ੍ਹਾਂ ਨੂੰ ਕਹੋ ਕਿ ਤਿੰਨ ਆਸਾਨ ਸੈਲਾਂ ਦਾ ਉਪਯੋਗ ਕਰਦੇ ਹੋਏ ਸੰਖਿਆ ਲਿਖਣ ਲਈ ਕਹੋ।ਉਹ ਸ਼ਬਦ ਬਣਾਉਣ ਲਈ ਵਰਣਮਾਲਾ ਵੀ ਲਿਖ ਸਕਦੇ ਹਨ।<br>10 ਮਿੰਟ ਬਾਅਦ ਹਰੇਕ ਬੱਚਾ ਕਿੰਨੇ ਸ਼ਬਦਾਂ ਦੀ ਰਚਨਾਕਰਦਾ ਹੈ ਅਤੇ ਸੰਖਿਆ ਲਿਖਦਾ ਹੈ।<br>ਜੋ ਵਿਦਿਆਰਥੀ ਸਭ ਤੋਂ ਜ਼ਿਆਦਾ ਸੰਖਿਆ ਲਿਖਦਾ ਹੈ ਉਸ ਨੂੰ ਪਹਿਲਾ ਜੇਤੂ ਐਲਾਨਿਆ ਜਾਏਗਾ। |

ਇਨ੍ਹਾਂ ਉਦਾਹਰਨਾਂ ਨੂੰ ਦੇਖਦੇ ਹਾਂ

• ਗਤੀਵਿਧ ਖੇਡ, ਕਹਾਣੀ, ਭੂਮਿਕਾ ਅਭਿਨੈ, ਜਾਂ ਗੀਤ ਹੋ ਸਕਦਾ ਹੈ। ਹਾਲਾਂਕਿ ਇਹੀ ਇੱਕ ਤਰੀਕਾ ਨਹੀਂ ਹੈ। ਗਤੀਵਿਧੀ ਉਪਰੋਕਤ ਲਿਖਤ ਵਿਭਿੰਨ ਤਰੀਕਿਆਂ ਨਾਲ ਵੀ ਆਯੋਜਿਤ ਕੀਤੀਜਾ ਸਕਦੀ ਹੈ।

• ਹਰੇਕ ਬੱਚੇ ਨੂੰ ਗਤੀਵਿਧੀ ਵਿੱਚ ਅਵਸਰ ਮਿਲ ਸਕਦੇ ਹਨ।

• ਗਤੀਵਿਧੀ ਵਿਅਕਤੀਗਤ ਜਾਂ ਸਮੂਹ ਵਿੱਚ ਆਯੋਜਿਤ ਕੀਤੀ ਜਾ ਸਕਦੀ ਹੈ।

• ਹਰੇਕ ਗਤੀਵਿਧੀ ਵਿੱਚ ਸਰੀਰਿਕ ਅਭਿਆਸ ਹੋ ਸਕਦਾ ਹੈ ਜਾਂ ਨਹੀਂ ਵੀ ਹੋ ਸਕਦਾ ਹੈ, ਪਰ ਮਾਨਸਿਕ ਅਭਿਆਸ ਜਿਵੇਂ ਚਿੰਤਨ, ਸ਼੍ਰੇਣੀ ਵਿੱਚ ਵਿਸਥਾਪਨ, ਵਿਭਿੰਨਤਾ ਸਮੱਸਿਆ ਸਮਾਧਾਨ ਹੁਨਰਾਂ ਦਾ ਵਿਕਾਸ ਹੋਣਾ ਜ਼ਰੂਰੀ ਹੈ।

• ਇੱਕ ਵਿਦਿਆਰਥੀ ਨੂੰ ਹਰੇਕ ਗਤੀਵਿਧੀ ਵਿੱਚ ਸ਼ਾਮਲ ਕਰਕੇ ਇੱਕ ਨਵੇਂ ਉਦੇਸ਼ ਨੂੰ ਪ੍ਰਾਪਤ ਕਰਨ ਲਈ ਉਪਯੋਗ ਕੀਤਾ ਜਾ ਸਕਦਾ ਹੈ।

ਇਸ ਪ੍ਰਕਾਰ ਗਤੀਵਿਧੀ ਦਾ ਉਦੇਸ਼ ਆਧਾਰਿਤ ਕਾਰਜ ਹੈ ਜਿਸ ਵਿੱਚ ਵਿਦਿਆਰਥੀ ਤੁਰੰਤ ਸ਼ਾਮਲ ਹੋ ਕੇ ਆਨੰਦਪੂਰਬਕ ਸਿਖਲਾਈ ਉਦੇਸ਼ ਨੂੰ ਪ੍ਰਾਪਤ ਕਰਦਾ ਹੈ।

**ਗਤੀਵਿਧੀ** -1

ਆਪਣੀ ਪਸੰਦ ਦੀ ਕਿਸੇ ਵਿਸ਼ੇਸ਼ ਕਲਾਸ ਲਈ ਭਾਸ਼ਾ, ਗਣਿਤ ਅਤੇ ਵਾਤਾਵਰਣ ਸਿਖਲਾਈ ਦੀ ਕਿਸੇ ਧਾਰਨਾ ਦੀ ਚੋਣ ਕਰਕੇ ਘੱਟ ਤੋਂ ਘੱਟ ਦੋ ਸਿਖਲਾਈ ਗਤੀਵਿਧੀਆਂ ਤਿਆਰ ਕਰੋ।

ਗਤੀਵਿਧੀ ਦੇ ਤੱਤ–ਜਦੋਂ ਤੁਸੀਂ ਗਤੀਵਿਧੀ ਆਧਾਰਿਤ ਕਲਾਸ ਰੂਮ ਵਿੱਚ ਪ੍ਰਵੇਸ਼ ਕਰਦੇ ਹੋ ਤਾਂ ਅਜਿਹੇ ਕਿਹੜੇ ਪਹਿਲੂ ਹਨ ਜੋ ਤੁਹਾਨੂੰ ਯਕੀਨ ਦਿਵਾਉਂਦੇ ਹਨ ਕਿ ਗਤੀਵਿਧੀ ਉਚਿਤ ਢੰਗ ਨਾਲ ਚਲ ਰਹੀ ਹੈ ? ਤੁਹਾਨੂੰ ਨਿਮਨਲਿਖਤ 'ਤੇ ਧਿਆਨ ਦੇਣਾ ਚਾਹੀਦਾ ਹੈ–

• ਬੱਚੇ ਤੁਹਾਡੀ ਮੌਜੂਦਗੀ ਤੋਂ ਔਖੇ ਹੋਏ ਬਿਨਾਂ ਆਪਣੇ ਕਾਰਜ ਵਿੱਚ ਸੰਪੂਰਨ ਰੂਪ ਨਾਲ ਮੌਜੂਦ ਰਹਿੰਦੇ ਹਨ।

• ਉਹ ਆਪਸ ਵਿੱਚ ਗੱਲਬਾਤ ਕਰ ਰਹੇ ਹਨ, ਸਮੱਗਰੀਆਂ ਦੀ ਛੇੜਛਾੜ, ਸਮੱਸਿਆ ਸਮਾਧਾਨ ਲਈ ਵਿਭਿੰਨ ਤਰੀਕੇ ਅਤੇ ਵਿਵਸਥਾ ਕਰਨ ਲਈ ਕੋਸ਼ਿਸ਼ ਕਰਦੇ ਹਨ।

• ਜੇਕਰ ਤੁਸੀਂ ਉਨ੍ਹਾਂ ਤੋਂ ਪੁੱਛਦੇ ਹੋ ਕਿ ਉਹ ਕੀ ਕਰ ਰਹੇ ਹਨ ਤਾਂ ਉਹ ਸਪੱਸ਼ਟ ਰੂਪ ਨਾਲ ਵਰਣਨ ਕਰ ਸਕਣ ਕਿ ਇਸ ਗਤੀਵਿਧੀ ਨੂੰ ਕਰਨ ਦੇ ਕੀ ਕਾਰਨ ਹਨ ਅਤੇ ਇਸ ਦਾ ਉਦੇਸ਼ ਕੀ ਹੈ।

ਦੂਜੇ ਸ਼ਬਦਾਂ ਵਿੱਚ ਗਤੀਵਿਧੀ ਦਿਲਚਸਪ ਹੁੰਦੀ ਹੈ। ਵਿਦਿਆਰਥੀਆਂ ਨੂੰ ਸਿਖਲਾਈ ਉਦੇਸ਼ ਪ੍ਰਾਪਤ ਕਰਨ ਲਈ ਪ੍ਰੋਤਸਾਹਿਤ ਕਰਦਾ ਹੈ। ਕੀ ਵਿਦਿਆਰਥੀ ਲਈ ਗਤੀਵਿਧੀ ਜ਼ਿਆਦਾ ਸਰਲ ਜਾਂ ਜ਼ਿਆਦਾ ਕਠਿਨ ਹੋਣੀ ਚਾਹੀਦੀ ਹੈ ? ਜੇਕਰ ਗਤੀਵਿਧੀ ਆਸਾਨ ਹੋਏਗੀ ਤਾਂ ਵਿਦਿਆਰਥੀ ਉਸ ਵਿੱਚ ਰੁਚੀ ਨਹੀਂ ਲਏਗਾ ਅਤੇ ਜੇਕਰ ਬਹੁਤ ਮੁਸ਼ਕਿਲ ਹੋਈ ਤਾਂ ਵਿਦਿਆਰਥੀ ਉਸ ਗਤੀਵਿਧੀ ਵਿੱਚ ਭਾਗ ਲੈਣ ਤੋਂ ਬਚਣ ਦੀ ਕੋਸ਼ਿਸ਼ ਕਰੇਗਾ।

ਵਿਦਿਆਰਥੀ ਉਸ ਗਤੀਵਿਧੀ ਵਿੱਓ ਭਾਗ ਲੈਂਦੇ ਹਨ ਜਿੱਥੇ ਉਹ ਕਾਰਜ ਕਰਨ ਦੇ ਯੋਗ ਹੋਣ। ਗਤੀਵਿਧੀ ਨੂੰ ਇਸ ਪ੍ਰਕਾਰ ਡਿਜ਼ਾਇਨ ਕਰਨਾ ਚਾਹੀਦਾ ਹੈ ਕਿ ਵਿਦਿਆਰਥੀ ਵਿਅਕਤੀਗਤ ਰੂਪ ਨਾਲ ਜਾਂ ਆਪਣੇ ਸਹਿਪਾਠੀਆਂ ਨਾਲ ਗੱਲਬਾਤ ਕਰਕੇ ਜਾਂ ਅਧਿਆਪਕ ਦੀ ਸਹਾਇਤਾ ਲੈ ਕੇ ਕਾਰਜ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਕਾਰਜ ਵਿੱਚ ਖੁਦ ਅੰਤਰ ਸਹਿਭਾਗਤਾ ਦੀ ਸਿਰਜਣਾ ਕਰਨੀ ਸਿਖਲਾਈ ਗਤੀਵਿਧੀ ਦਾ ਇੱਕ ਮਹੱਤਵਪੂਰਨ ਤੱਤ ਹੈ। ਇਹ ਦੇਖਿਆ ਗਿਆ ਹੈ ਕਿ ਜੇਕਰ ਇੱਕ ਵਿਦਿਆਰਥੀ ਇੱਕ ਗਤੀਵਿਧੀ ਵਿੱਚ ਆਨੰਦ ਪ੍ਰਾਪਤ ਕਰਦਾ ਹੈ ਤਾਂ ਉਹ ਕਾਰਜ ਕਰਦਾ ਹੈ ਅਤੇ ਉਹ ਗਤੀਵਿਧੀ ਨੂੰ ਚੁਣੌਤੀ ਰੂਪ ਵਿੱਚ ਸਵੀਕਾਰ ਕਰਕੇ ਇਸ ਵਿੱਚ ਜ਼ਿਆਦਾ ਤੋਂ ਜ਼ਿਆਦਾ ਮੌਜੂਦ ਹੋ ਜਾਂਦਾ ਹੈ। ਜੇਕਰ ਉਹ ਕਾਰਜ ਕਰਨ ਵਿੱਚ ਆਨੰਦਿਤ ਨਹੀਂ ਹੁੰਦਾ ਹੈ ਅਤੇ ਕਾਰਜ ਨੂੰ ਬੋਝ ਸਮਝਦਾ ਹੈ ਤਾਂ ਕਾਰਜ ਨੂੰ ਅੰਸ਼ਿਕ ਰੂਪ ਵਿੱਚ ਪੂਰਾ ਕਰਨ ਦੀ ਕੋਸ਼ਿਸ਼ ਕਰੇਗਾ। ਸਿੱਟੇ ਵਜੋਂ ਅਸਫਲ ਹੋ ਜਾਂਦਾ ਹੈ। ਇਸ ਲਈ ਗਤੀਵਿਧੀ ਇੱਕ ਅਜਿਹੇ ਕਾਰਜ ਦੇ ਰੂਪ ਵਿੱਚ ਹੋਣੀ ਚਾਹੀਦੀ ਹੈ ਜਿਸ ਵਿੱਚ ਵਿਦਿਆਰਥੀ ਆਨੰਦ ਦਾ ਅਨੁਭਵ ਕਰਦਾ ਹੋਵੇ।

ਇਸ ਲਈ ਇੱਕ ਪ੍ਰਭਾਵਸ਼ਾਲੀ ਸਿਖਲਾਈ ਗਤੀਵਿਧੀ ਦੇ ਚਾਰ ਮੁੱਖ ਤੱਤ ਹਨ। ਇਹ ਨਿਮਨ ਪ੍ਰਕਾਰ ਨਾਲ ਹਨ।

• **ਧਿਆਨ ਕੇਂਦਰਿਤ**–ਸਿਖਲਾਈ ਗਤੀਵਿਧੀ ਖੁਦ ਟੀਚਾ ਨਿਰਧਾਰਤ ਹੁੰਦੀ ਹੈ ਅਤੇ ਇਸ ਪ੍ਰਕਾਰ ਡਿਜ਼ਾਇਨ ਕੀਤਾ ਹੁੰਦਾ ਹੈ ਕਿ ਸਹਿਭਾਗੀ ਵਿਦਿਆਰਥੀ ਸਮੱਸਿਆ ਸਮਾਧਾਨ ਕਰਨ ਵਿੱਚ ਜਾਂ ਟੀਚਾ ਪ੍ਰਾਪਤੀ ਲਈ ਧਿਆਨ ਕੇਂਦਰਿਤ ਰੱਖਦੇ ਹਨ ਅਤੇ ਆਸਾਨੀ ਨਾਲ ਉਨ੍ਹਾਂ ਦਾ ਧਿਆਨ ਭੰਗ ਨਹੀਂ ਹੁੰਦਾ ਹੈ।

• **ਚੁਣੌਤੀਪੂਰਨ**– ਇੱਕ ਪ੍ਰਭਾਵਸ਼ਾਲੀ ਗਤੀਵਿਧੀ ਵਿਦਿਆਰਥੀਆਂ ਦੇ ਸਾਹਮਣੇ ਇੱਕ ਚੁਣੌਤੀ ਪੇਸ਼ ਕਰਦੀ ਹੈ। ਇਹ ਨਾ ਤਾਂ ਇੰਨੀ ਆਸਾਨ ਹੁੰਦੀ ਹੈ ਕਿ ਇਸ ਦੀ ਅਣਦੇਖੀ ਕੀਤੀ ਜਾ ਸਕਦੀ ਹੈ। ਅਤੇ ਇੰਨੀ ਮੁਸ਼ਕਿਲ ਵੀ ਨਹੀਂ ਹੁੰਦੀ ਹੈ ਕਿ ਹੱਲ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਏ। ਇਹ ਔਸਤ ਰੂਪ ਨਾਲ ਕਠਿਨ ਹੁੰਦੀ ਹੈ ਜੋ ਕਿ ਵਿਦਿਆਰਥੀਆਂ ਦੀਆਂ ਸਮਰੱਥਾਵਾਂ ਦੇ ਅੰਦਰ ਹੁੰਦਾ ਹੈ, ਪਰ ਧਿਆਨ ਕੇਂਦਰਿਤ ਕਰਕੇ ਅਤੇ ਕੁਝ ਜ਼ਿਆਦਾ ਕੋਸ਼ਿਸ਼ ਕਰਕੇ ਸਮੱਸਿਆ ਨੂੰ ਹੱਲ ਕਰ ਸਕਦੇ ਹਨ।

ਯਾਦ ਕਰਨਾ

ਨਿਯਮਾਂ ਦਾ ਗਿਆਨ

ਬਾਰੰਬਬਾਰ ਵਾਚਣ

ਪ੍ਰਤੀਲਿਪੀਕਰਨ

ਅਧਿਆਪਕ ਪ੍ਰਦਰਸ਼ਨ

- ਅਮੂਰਤ ਧਾਰਨਾ/ਪ੍ਰਕਿਰਿਆ ਨੂੰ ਸਥੂਲ ਬਣਾਉਣ ਲਈ ਸਮੱਗਰੀਆਂ ਦਾ ਉਪਯੋਗ ਕਰ ਸਕਦੇ ਹਾਂ
- ਇੱਕ ਸਹਾਇਕ ਉਪਯੋਗ ਕਰ ਸਕਦੇ ਹਾਂ।
- ਇੱਕ ਖੇਡ ਹੋ ਸਕਦਾ ਹੈ।
- ਇੱਕ ਅਨੁਭਵ ਹੋ ਸਕਦਾ ਹੈ (ਵਾਸਤਵਿਕ ਜੀਵਨ ਜਾਂ ਹੋਰ)
- ਨਾਟਕ ਸ਼ਾਮਲ ਕੀਤਾ ਜਾ ਸਕਦਾ ਹੈ।
- ਕੋਈ ਸਰੀਰਿਕ ਵੇਗ ਦਾ ਉਪਯੋਗ ਸ਼ਾਇਦ ਨਾ ਹੋਵੇ।

ਗਤੀਵਿਧੀ ਨਹੀਂ ਹੈ

ਗਤੀਵਿਧੀ ਦੀਆਂ ਵਿਸ਼ੇਸ਼ਤਾਵਾਂ

ਗਤੀਵਿਧੀ

ਉਦੇਸ਼

ਵੱਲੋਂ ਕੀਤਾ ਜਾ ਸਕਦਾ ਹੈ

ਦਿਲਚਸਪ

ਅਰਥਪੂਰਨ

ਵਿਭਿੰਨ ਪ੍ਰਕਾਰ ਦੇ ਕੁਸ਼ਲਾਂ/ਯੋਗਤਾਵਾਂ ਲਈ ਅਵਸਰ ਉਪਲੱਬਧ ਕਰਨੇ

ਚੁਣੌਤੀ ਅਤੇ ਸੰਘਰਸ਼

ਚਿੰਤਨ ਲਈ ਸਥਾਨ

ਸਮੱਸਿਆ ਨਾਲ ਸੰਘਰਸ਼ ਸ਼ੁਰੂ ਕਰਨਾ

ਧਾਰਨਾ/ਪ੍ਰਕਿਰਿਆ ਦਾ ਅਭਿਆਸ ਕਰਨਾ

ਇੱਕ ਯੋਗਤਾ ਦੇ ਵਿਕਾਸ ਦਾ ਅਭਿਆਸ (ਉਦਾਹਰਨ ਘਟਾਉਣਾ)

ਇੱਕ ਧਾਰਨਾ ਦਾ ਸਾਕਾਰ ਰੂਪ ਵਿੱਚ ਪ੍ਰਦਰਸ਼ਨ

ਇੱਕ ਵਿਚਾਰ ਲਈ ਜ਼ਰੂਰਤ ਮਹਿਸੂਸ ਕਰਨਾ (ਇੱਕ ਮਾਪ ਇਕਾਈ, ਅੰਕ ਲਈ ਮਾਪ ਦਾ ਪ੍ਰਤੀਕ ਆਦਿ, ਪਹਿਲਾਂ ਸਮਾਜਿਕ ਸੰਦਰਭ ਵਿੱਚ ਉਤਪੰਨ ਹੁੰਦਾ ਹੈ।)

ਖਤਿਜੀ ਸਹਿਯੋਗ ਲਈ ਅਵਸਰ ਉਪਲੱਧਬ ਕਰਾਉਣਾ ਅਤੇ ਨਵੀਆਂ ਪ੍ਰਕਿਰਿਆਵਾਂ ਕੁਸ਼ਲਾਂ ਅਤੇ ਰਣਨੀਤੀਆਂ ਦੀ ਖੋਜ/ਵਿਕਾਸ ਕਰਨਾ

ਚਿੱਤਰ 1. ਗਤੀਵਿਧੀ ਲਈ ਯੋਜਨਾ ਦੀ ਰੂਪਰੇਖਾ

(ਸਰੋਤ: ਇਗਨੂੰ–ਐੱਲਐੱਮਟੀ–01 ਬਲਾਕ 2, 2000, ਪੇਜ਼ 63)

• **ਆਪਸੀ ਸਾਂਝ**– ਇੱਕ ਚੰਗੀ ਗਤੀਵਿਧੀ ਇਸ ਪ੍ਰਕਾਰ ਹੁੰਦੀ ਹੈ ਕਿ ਇਸ ਨਾਲ ਸ਼ੁਰੂ ਹੁੰਦੇ ਹੀ ਵਿਦਿਆਰਥੀ ਇਸਦੀ ਤਰਫ਼ ਤੁਰੰਤ ਆਕਰਸ਼ਿਤ ਹੁੰਦੇ ਹਨ ਅਤੇ ਉਹ ਇਸ ਗਤੀਵਿਧੀ ਵਿੱਚ ਬਿਨਾਂ ਕਿਸੇ ਦਬਾਅ ਦੇ ਜਾਂ ਕਿਸੇ ਪ੍ਰਕਾਰ ਦੀ ਪ੍ਰੇਰਨਾ ਜਾਂ ਮਜਬੂਰੀ ਦੇ ਆਪਣੀ ਇੱਛਾ ਅਨੁਸਾਰ ਭਾਗ ਲੈਂਦੇ ਹਨ।

• **ਆਨੰਦਮਈ**–ਗਤੀਵਿਧੀ ਦੀ ਪ੍ਰਭਾਵਸ਼ੀਲਤਾ ਦਾ ਨਿਰੀਖਣ ਉਦੋਂ ਹੁੰਦਾ ਹੈ ਜਦੋਂ ਵਿਦਿਆਰਥੀ ਇਸ ਦੇ ਸੰਪੂਰਨ ਹੋਣ 'ਤੇ ਸੰਤੁਸ਼ਟੀ ਦਾ ਅਨੁਭਵ ਪ੍ਰਾਪਤ ਕਰਦਾ ਹੈ। ਇੱਕ ਚੰਗੀ ਗਤੀਵਿਧੀ ਦੀ ਇਹ ਪ੍ਰਕਿਰਤੀ ਹੁੰਦੀ ਹੈ ਕਿ ਇਸ ਦਾ ਆਯੋਜਨ ਵਿਦਿਆਰਥੀ ਲਈ ਦਿਲਚਸਪ ਹੁੰਦਾ ਹੈ ਅਤੇ ਇਹ ਉਪਲੱਬਧੀ ਦਾ ਭਾਵ ਲਿਆਉਂਦਾ ਹੈ, ਆਨੰਦ ਉਪਲੱਬਧ ਕਰਾਉਂਦਾ ਹੈ ਜੋ ਕਿ ਵਿਦਿਆਰਥੀ ਨੂੰ ਅਗਲੀ ਚੁਣੌਤੀਪੂਰਨ ਗਤੀਵਿਧੀ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨ ਦਾ ਸਰੋਤ ਬਣਦਾ ਹੈ।

ਇਹ ਤੱਤ ਇੱਕ ਦੂਜੇ ਤੋਂ ਆਜ਼ਾਦ ਨਹੀਂ ਹਨ। ਇਹ ਪਰਸਪਰ ਅੰਤਰ ਨਿਰਭਰ ਹਨ। ਚਿੱਤਰ 1 ਵਿੱਚ 'ਗਤੀਵਿਧੀ' ਦੀ ਯੋਜਨਾ ਦੀ ਰੂਪਰੇਖਾ ਦਿੱਤੀ ਗਈ ਹੈ।

**ਈ.11 ਇੱਕ ਗਤੀਵਿਧੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ ?**

**ਈ.12 ਯਾਦ ਕਰਨ ਨੂੰ ਇੱਕ ਗਤੀਵਿਧੀ ਕਿਉਂ ਨਹੀਂ ਸਮਝਿਆ ਜਾਂਦਾ ਹੈ ?**

### 4.3.2 ਸਿਖਲਾਈ ਗਤੀਵਿਧੀਆਂ ਦਾ ਕਲਾਸ ਪ੍ਰਬੰਧਨ

ਹੁਣ ਤੱਕ ਤੁਸੀਂ ਕਲਾਸ ਆਯੋਜਨ ਅਤੇ ਜਾਣੂ ਆਮ ਕਲਾਸ ਸੰਚਾਲਨ ਅਤੇ ਗਤੀਵਿਧੀ ਆਧਾਰਿਤ ਕਲਾਸ ਸੰਚਾਲਨ ਦੇ ਵਿਚਕਾਰ ਅੰਤਰ ਨੂੰ ਜ਼ਰੂਰ ਦੇਖਿਆ ਹੋਏਗਾ।

**ਗਤੀਵਿਧੀ**–2

ਇੱਕ ਅਧਿਆਪਕ ਕੇਂਦਰਿਤ ਕਲਾਸ ਅਤੇ ਇੱਕ ਗਤੀਵਿਧੀ ਆਧਾਰਿਤ ਕਲਾਸ ਦੇ ਸੰਚਾਲਨ ਦੇ ਵਿਚਕਾਰ ਅੰਤਰਾਂ ਦੀ ਸੂਚੀ ਬਣਾਓ।

ਗਤੀਵਿਧੀ ਆਧਾਰਿਤ ਕਲਾਸ ਸੰਚਾਲਨ ਦੀ ਯੋਜਨਾ ਬਣਾਉਣ ਵਿੱਚ ਇੱਕ ਮਹੱਤਵਪੂਰਨ ਅੰਤਰ ਉਦੇਸ਼ ਦੇ ਬਾਰੇ ਵਿੱਚ ਸੰਪੂਰਨ ਸਪੱਸ਼ਟਤਾ ਹੈ। ਉਦਾਹਰਨ ਲਈ ਕੀ ਤੁਸੀਂ ਕੋਈ ਨਵੀਂ ਧਾਰਨਾ ਤੋਂ ਜਾਣੂ ਕਰਾਉਣਾ ਚਾਹੁੰਦੇ ਹੋ ? ਜਾਂ ਬੱਚਿਆਂ ਵੱਲੋਂ ਪਹਿਲਾਂ ਹੀ ਜਾਣੂ ਕਿਸੇ ਧਾਰਨਾ ਨੂੰ ਬਿਹਤਰ ਢੰਗ ਨਾਲ ਸਮਝਾਉਣ ਦੀ ਇੱਛਾ ਹੈ ? ਜਾਂ ਕੁਝ ਚੁਣੌਤੀਪੂਰਨ ਕਾਰਜ ਉਪਲੱਬਧ ਕਰਾਉਣਾ ਚਾਹੁੰਦੇ ਹੋ ? ਇੱਕ ਵਾਰ ਤੁਹਾਡਾ ਉਦੇਸ਼ ਸਪੱਸ਼ਟ ਹੋ ਜਾਣ ਤੋਂ ਬਾਅਦ ਤੁਹਾਨੂੰ ਇੱਕ ਉਚਿਤ ਗਤੀਵਿਧੀ ਦੀ ਯੋਜਨਾ ਬਣਾਉਣ ਦੀ ਲੋੜ ਹੋਏਗੀ। ਕੁਝ ਨਵੀਆਂ ਗਤੀਵਿਧੀਆਂ ਹੋ ਸਕਦੀਆਂ ਹਨ ਜਾਂ ਤੁਹਾਡੇ ਵੱਲੋਂ ਪਹਿਲਾਂ ਹੀ ਕਰਵਾਈਆਂ ਗਈਆਂ ਗਤੀਵਿਧੀਆਂ ਦਾ ਵਿਸਥਾਰ ਹੋ ਸਕਦਾ ਹੈ। ਕੁਝ ਤੁਹਾਡੇ ਉਦੇਸ਼ਾਂ ਨਾਲ ਪ੍ਰਤੱਖ ਰੂਪ ਨਾਲ ਜੁੜੇ ਹੋ ਸਕਦੇ ਹਨ ਅਤੇ ਕੁਝ ਅਪ੍ਰਤੱਖ ਰੂਪ ਨਾਲ। ਪਰ ਦੋਨੋਂ ਅਵਸਥਾਵਾਂ ਵਿੱਚ ਗਤੀਵਿਧੀ ਦਿਚਚਸਪਅ ਖੋਜਾਂ ਨੂੰ ਉਪਲੱਬਧ ਕਰਾਉਣ ਵਾਲੀ ਹੋਏਗੀ। ਸਿਖਲਾਈ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੁਚਾਰੂ ਬਣਾਉਣ ਲਈ ਤੁਹਾਨੂੰ ਗਤੀਵਿਧੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਧਿਆਨ ਵਿੱਚ ਰੱਖਣਾ ਅਤਿ ਜ਼ਰੂਰੀ ਹੈ। ਕਲਾਸ ਵਿੱਚ ਗਤੀਵਿਧੀਆਂ ਦਾ ਆਯੋਜਨ ਕਰਨ ਦਾ ਫੈਸਲਾ ਲੈਣ ਤੋਂ ਬਾਅਦ ਤੁਹਾਨੂੰ ਸੁਚਾਰੂ ਅਤੇ ਪ੍ਰਭਾਵੀ ਢੰਗ ਨਾਲ ਗਤੀਵਿਧੀਆਂ ਦੇ ਆਯੋਜਨ ਲਈ ਤੁਹਾਨੂੰ ਕਲਾਸ ਪ੍ਰਬੰਧਨ ਦੇ ਹੋਰ ਪਹਿਲੂਆਂ ਦੀ ਯੋਜਨਾ 'ਤੇ ਵੀ ਧਿਆਨ ਦੇਣ ਦੀ ਲੋੜ ਹੈ। ਸਿਖਲਾਈ ਗਤੀਵਿਧੀਆਂ ਦੇ

ਸਫਲਤਾਪੂਰਬਕ ਲਾਗੂ ਕਰਨ ਸਬੰਧੀ ਕੁਝ ਮਹੱਤਵਪੂਰਨ ਬਿੰਦੂ ਹਨ ਜਿਨ੍ਹਾਂ ਦਾ ਧਿਆਨ ਰੱਖਣਾ ਆਤਿ ਜ਼ਰੂਰੀ ਹੈ ਉਹ ਨਿਮਨਲਿਖਤ ਹਨ–

**ਉਪਲੱਬਧ ਸਥਾਨ ਦਾ ਪ੍ਰਬੰਧਨ**– ਗਤੀਵਿਧੀ ਸੰਚਾਲਨ ਲਈ ਕਲਾਸ ਵਿੱਚ ਉਪਲੱਬਧ ਸਥਾਨ ਦਾ ਉਪਯੋਗ ਕਰਨ ਲਈ ਉਚਿਤ ਯੋਜਨਾ ਬਣਾਉਣੀ ਜ਼ਰੂਰੀ ਹੈ। ਕੁਝ ਥਾਵਾਂ ਅਧਿਆਪਨ ਸਮੱਗਰੀ, ਬਲੈਕਬੋਰਡ ਰੱਖਣ ਅਤੇ ਉਪਯੋਗ ਲਈ ਅਤੇ ਪ੍ਰਦਰਸ਼ਨ ਬੋਰਡ ਲਈ ਸੁਰੱਖਿਅਤ ਹੋਣੀਆਂ ਚਾਹੀਦੀਆਂ ਹਨ ਅਤੇ ਕੁਝ ਥਾਂ ਵਿਦਿਆਰਥੀਆਂ ਦੇ ਰਿਕਾਰਡ ਅਤੇ ਪੋਰਟਫੋਲਿਓ ਰੱਖਣ ਲਈ ਸ਼ੈਲਫ/ਰੈਕ ਲਈ ਸੁਰੱਖਿਅਤ ਰੱਖਣੀ ਚਾਹੀਦੀ ਹੈ। ਵਿਦਿਆਰਥੀਆਂ ਦੇ ਬੈਠਣ, ਚੱਲਣ ਫਿਰਨ ਲਈ ਅਤੇ ਸਮੂਹਿਕ ਗਤੀਵਿਧੀਆਂ ਲਈ ਕਲਾਸ ਦੇ ਅੰਦਰ ਢੁਕਵਾਂ ਸਥਾਨ ਉਪਲੱਬਧ ਕਰਾਉਣ ਦੀ ਲੋੜ ਹੈ। ਵਿਸ਼ੇਸ਼ ਰੂਪ ਨਾਲ ਤੁਹਾਨੂੰ ਪਹਿਲਾਂ ਤੋਂ ਹੀ ਸਮੂਹਿਕ ਗਤੀਵਿਧੀਆਂ ਲਈ ਲੋੜੀਂਦੇ ਸਥਾਨ ਦੀ ਯੋਜਨਾ ਬਣਾਉਣ ਦੀ ਲੋੜ ਹੈ ਅਤੇ ਇਸੀ ਦੇ ਅਨੁਸਾਰ ਸਮੂਹਾਂ ਦੀ ਸੰਖਿਆ ਨਿਰਧਾਰਣ ਅਤੇ ਕਲਾਸ ਦੇ ਅੰਦਰ ਤੁਹਾਡੇ ਅਤੇ ਵਿਦਿਆਰਥੀਆਂ ਦੇ ਚੱਲਣ ਫਿਰਨ ਦੀ ਥਾਂ ਲਈ ਤੁਹਾਨੂੰ ਫੈਸਲਾ ਲੈਣਾ ਹੈ।

**ਸਮੱਗਰੀ ਪ੍ਰਬੰਧਨ**–ਗਤੀਵਿਧੀ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਹਰੇਕ ਕਲਾਸ ਦੀ ਅਧਿਆਪਨ ਸਮੱਗਰੀ ਕੋਨੇ ਵਿੱਚ ਢੁਕਵੀਂ ਮਾਤਰਾ ਵਿੱਚ ਸਮੱਗਰੀ ਰੱਖਣ ਦੀ ਲੋੜ ਹੈ। ਤੁਸੀਂ ਸ਼ਾਇਦ ਜਾਣਦੇ ਹੋਵੋਗੇ ਟੀਐੱਲਐੱਮ ਦੀ ਮੁੱਖ ਦੋ ਸ਼੍ਰੇਣੀਆਂ ਹਨ (1) ਬੁਨਿਆਦੀ ਸਮੱਗਰੀ ਜਿਵੇਂ ਡਾਇਸ, ਮਾਰਬਲ, ਲਾਠੀ, ਫਲੈਸ਼ ਕਾਰਡ, ਬੀਜ, ਕੰਕੜ ਆਦਿ ਇਨ੍ਹਾਂ ਸਭ ਦੀ ਗਤੀਵਿਧੀਆਂ ਵਿੱਚ ਪ੍ਰਕਾਰ ਨਾਲ ਵਰਤੋਂ ਕਰ ਸਕਦੇ ਹਾਂ।(2) ਇੱਕ ਵਿਸ਼ੇਸ਼ ਗਤੀਵਿਧੀ ਵਿੱਚ ਉਪਯੋਗ ਹੋਣ ਵਾਲੀ ਵਿਸ਼ੇਸ਼ ਸਮੱਗਰੀ। ਤੁਹਾਨੂੰ ਪਹਿਲੀ ਕਲਾਸ ਦੇ ਟੀਐੱਲਐੱਮ ਦੀ ਢੁਕਵੀਂ ਮਾਤਰਾ ਇਕੱਠੀ ਕਰਨੀ ਹੈ ਅਤੇ ਅਤੇ ਵਿਸ਼ੇ ਵਿਸ਼ੇਸ਼ 'ਤੇ ਆਧਾਰਿਤ ਗਤੀਵਿਧੀ ਲਈ ਉਚਿੱਤ ਟੀਐੱਲਐੱਮ ਦੀ ਲੋੜ ਚੰਗੀ ਮਾਤਰਾ ਵਿੱਚ ਇਕੱਠੀ ਕਰਨ ਦੀ ਜ਼ਰੂਰਤ ਹੈ। ਤੁਹਾਨੂੰ ਪਹਿਲਾਂ ਤੋਂ ਹੀ ਵਿਸ਼ੇਸ਼ ਰੂਪ ਨਾਲ ਸਿੱਖਿਆ ਸੈਸ਼ਨ ਦੇ ਸ਼ੁਰੂ ਵਿੱਚ, ਟੀਐੱਲਐੱਮ ਦੀ ਚੋਣ, ਸੰਗ੍ਰਹਿ ਅਤੇ ਉਨ੍ਹਾਂ ਨੂੰ ਰੱਖਣ ਲਈ ਉਚਿਤ ਵਿਵਸਥਾ ਕਰ ਲੈਣੀ ਚਾਹੀਦੀ ਹੈ। ਪਹਿਲਾਂ ਤੋਂ ਹੀ ਤੁਹਾਨੂੰ ਗਤੀਵਿਧੀ ਦੀ ਸਮੀਖਿਆ ਕਰਕੇ ਕਲਾਸ ਲਈ ਜ਼ਰੂਰੀ ਸਮੱਗਰੀ ਦੀ ਸੁਨਿਸ਼ਚਤਤਾ ਨਿਰਧਾਰਤ ਕਰਨੀ ਚਾਹੀਦੀ ਹੈ। ਟੀਐੱਲਐੱਮ ਦੀ ਚੋਣ ਕਰਨ ਵਿੱਚ ਵਿਦਿਆਰਥੀਆਂ ਨੂੰ ਵੀ ਸ਼ਾਮਲ ਕਰਨਾ ਚਾਹੀਦੀ ਹੈ। ਤਾਂ ਕਿ ਉਹ ਟੀਐੱਲਐੱਮ ਕੋਨੇ ਤੋਂ ਸਮੇਂ 'ਤੇ ਉਚਿਤ ਸਮੱਗਰੀ ਲਿਆ ਸਕਣ। ਇਹ ਪ੍ਰਸੰਗਿਕ ਗਤੀਵਿਧੀ ਦੇ ਦੌਰਾਨ ਖੁਦ ਬਦਲਵੇਂ ਰੂਪ ਵਿੱਚ ਸਹਾਇਤਾ ਕਰਦਾ ਹੈ। ਉਨ੍ਹਾਂ ਵਿਦਿਆਰਥੀਆਂ ਲਈ ਜੋ ਆਪਣਾ ਕੰਮ ਨਿਰਧਾਰਤ ਸਮੇਂ ਅਤੋਂ ਪਹਿਲਾਂ ਪੂਰਾ ਕਰ ਲੈਂਦੇ ਹਨ ਅਤੇ ਖਾਲੀ ਬੈਠੇ ਤੰਗ ਹੁੰਦੇ ਹਨ, ਉਨ੍ਹਾਂ ਲਈ ਕੋਈ ਨਾ ਕੋਈ ਸਾਧਾਰਨ ਖੇਡ ਤਿਆਰ ਰੱਖੋ। ਗਤੀਵਿਧੀ ਸਮਾਪਤ ਕਰਨ ਤੋਂ ਬਾਅਦ ਟੀਐੱਲਐੱਮ ਨੂੰ ਉਸ ਦੇ ਨਿਰਧਾਰਤ ਸਥਾਨ 'ਤੇ ਰੱਖਣ ਦੀ ਆਦਤ ਦਾ ਨਿਰਮਾਣ ਵਿਦਿਆਰਥੀਆਂ ਵਿੱਚ ਜ਼ਰੂਰ ਕਰੋ ਅਤੇ ਇਹ ਕਾਰਜ ਕਰਨ ਲਈ ਉਨ੍ਹਾਂ ਨੂੰ ਪੂਰਨ ਅਧਿਕਾਰ ਪ੍ਰਦਾਨ ਕਰੋ।

**ਗਤੀਵਿਧੀਆਂ ਵਿੱਚ ਵਿਦਿਆਰਥੀਆਂ ਦੀ ਅੰਤਰ ਨਿਰਭਰਤਾ**– ਗਤੀਵਿਧੀਆਂ ਵਿੱਚ ਵਿਦਿਆਰਥੀਆਂ ਦੀ ਅੰਤਰ ਨਿਰਭਰਤਾ ਨਾਲ ਸਿਖਲਾਈ ਨੂੰ ਸਹਿਜ ਸੁਚਾਰੂ ਬਣਾਇਆ ਜਾ ਸਕਦਾ ਹੈ। ਇਸ ਲਈ ਗਤੀਵਿਧੀ ਦੇ ਆਯੋਜਨ ਕਰਦੇ ਸਮੇਂ ਨਿਮਨਲਿਖਤ ਬਿੰਦੂ 'ਤੇ ਧਿਆਨ ਦੇਣਾ ਜ਼ਰੂਰੀ ਹੈ–

–**ਗਤੀਵਿਧੀ ਦੀ ਪ੍ਰਕਿਰਤੀ**–ਕਿਸੇ ਵਿਸ਼ਾ ਵਸਤੂ 'ਤੇ ਇੱਕ ਗਤੀਵਿਧੀ ਦੀ ਚੋਣ ਕਰਦੇ ਸਮੇਂ ਵਿਸ਼ਾ ਵਸਤੂ ਦੇ ਸੰਦਰਭ ਵਿੱਚ ਇਸ ਦਾ ਮਹੱਤਵ ਅਤੇ ਪ੍ਰਸੰਗਿਕਤਾ ਦੇ ਨਾਲ ਨਾਲ ਵਿਦਿਆਰਥੀਆਂ ਦੇ ਬੌਧਿਕ ਪੱਧਰ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਤੁਹਾਨੂੰ ਫੈਸਲਾ ਲੈਣਾ ਹੈ ਕਿ ਕੀ ਉਹ ਵਿਅਕਤੀਗਤ ਜਾਂ ਸਮੂਹਿਕ ਜਾਂ ਸੰਪੂਰਨ ਕਲਾਸ ਲਈ ਗਤੀਵਿਧੀ ਹੈ ? ਕੀ

ਇਹ ਕਲਾਸ ਨੂੰ ਸਹਿਜ ਬਣਾਉਣ ਲਈ ਸਾਧਾਰਨ ਗਤੀਵਿਧੀ ਹੈ ਜਾਂ ਜ਼ਿਆਦਾ ਸਰੀਰਿਕ ਕਿਰਿਆ ਨਾਲ ਭਰਪੂਰ ਗਤੀਵਿਧੀ ਹੈ ? ਜਾਂ ਸੋਚਣ ਅਤੇ ਚਿੰਤਨ ਲਈ ਗਤੀਵਿਧੀ ਹੈ ?

–**ਗਤੀਵਿਧੀ ਦਾ ਪ੍ਰਦਰਸ਼ਨ**–ਗਤੀਵਿਧੀ ਦੀ ਪ੍ਰਾਪਤੀ ਲਈ ਸਪੱਸ਼ਟ ਦਿਸ਼ਾ ਨਿਰਦੇਸ਼ ਹੋਣਾ ਚਾਹੀਦਾ ਹੈ। ਲੰਬੇ ਮੌਖਿਕ ਸਪੱਸ਼ਟੀਕਰਨ ਦੀ ਵਰਤੋਂ ਕਰਨ ਦੀ ਬਜਾਏ ਇੱਕ ਸਰਲ ਉਦਾਹਰਨ ਜਾਂ ਚਿੱਤਰ ਗਤੀਵਿਧੀ ਦੇ ਵਿਚਾਰ ਨੂੰ ਜ਼ਿਆਦਾ ਸਪੱਸ਼ਟਤਾ ਨਾਲ ਪੇਸ਼ ਕਰਦਾ ਹੈ। ਵਾਧੂ ਨਿਯਮ ਗਤੀਵਿਧੀ ਦੀ ਪ੍ਰਗਤੀ ਦੇ ਸਮੇਂ ਜਾਂ ਤਾਂ ਤੁਹਾਨੂੰ ਜਾਂ ਬੱਚਿਆਂ ਵੱਲੋਂ ਜੋੜੇ ਜਾ ਸਕਦੇ ਹਨ। ਇੱਕ ਪੀਰੀਅਡ ਦੇ ਸਮੇਂ ਵਿੱਚ ਅਲੱਗ ਅਲੱਗ ਗਤੀਵਿਧੀਆਂ ਉਚਿਤ ਸਮੇਂ ’ਤੇ ਕਰਾਉਣੀਆਂ ਚਾਹੀਦੀਆਂ ਹਨ, ਪਰ ਪੀਰੀਅਡ ਦੀ ਸ਼ੁਰੂਆਤ ਵਿੱਚ ਛੋਟੀਆਂ ਸਮੂਹਿਕ ਗਤੀਵਿਧੀਆਂ ਦਾ ਆਯੋਜਨ ਕਰਨਾ ਇਛੁੱਕ ਹੈ। ਇਸ ਤੋਂ ਬਾਅਦ ਕਲਾਸ ਵਿੱਚ ਗਤੀਵਿਧੀ ਦੇ ਵਿਭਿੰਨ ਮਹੱਤਵਪੂਰਨ ਘਟਨਾ/ਬਿੰਦੂਆਂ ’ਤੇ ਚਰਚਾ ਕੀਤੀ ਜਾ ਸਕਦੀ ਹੈ। ਜੇਕਰ ਲੋੜੀਂਦਾ ਹੋਇਆ ਤਾਂ ਪੀਰੀਅਡ ਦੇ ਮੱਧ ਵਿੱਚ ਬੱਚੇ ਲਈ ਵਿਅਕਤੀਗਤ ਤੌਰ ’ਤੇ ਗਤੀਵਿਧੀ ਕੀਤੀ ਜਾ ਸਕਦੀ ਹੈ। ਪੀਰੀਅਡ ਦੇ ਅੰਤ ਵਿੱਚ ਸੰਪੂਰਨ ਕਲਾਸ ਨੂੰ ਕੀਤੇ ਗਏ ਕਾਰਜ ’ਤੇ ਵਿਚਾਰ ਚਰਚਾ ਕਰਕੇ ਗਤੀਵਿਧੀ ਦੇ ਨਤੀਜੇ ਦਾ ਸਿੱਟਾ ਪ੍ਰਾਪਤ ਕਰਨ ਦੀ ਲੋੜ ਹੈ। ਇਸ ਪ੍ਰਕਾਰ ਨਾਲ ਸਮਾਪਤ ਨਾ ਹੋਣ ਦੀ ਦਿਸ਼ਾ ਵਿੱਚ ਗਤੀਵਿਧੀ ਵਿੱਚ ਬਹੁਤ ਸ਼ਾਮਲ ਹੋ ਸਕਦੀ ਹੈ, ਪਰ ਸਿਖਲਾਈ ਦੇ ਵਿਸ਼ੇਸ਼ ਪਹਿਲੂ ’ਤੇ ਜਿਸ ਨੂੰ ਤੁਸੀਂ ਚਾਹੁੰਦੇ ਹੋ ਕਿ ਬੱਚੇ ਸਿੱਖਣ, ਧਿਆਨ ਕੇਂਦਰਿਤ ਕਰਨ ਵਿੱਚ ਅਸਫਲ ਹੋ ਜਾਂਦੇ ਹਨ।

–**ਹਰੇਕ ਵਿਦਿਆਰਥੀ ਦੀ ਸਹਿਭਾਗਤਾ ਸੁਨਿਸ਼ਚਤ ਕਰਨੀ**–ਇਹ ਮਹੱਤਵਪੂਰਨ ਹੈ ਕਿ ਹਰੇਕ ਬੱਚਾ ਗਤੀਵਿਧੀ ਵਿੱਚ ਜ਼ਰੂਰ ਭਾਗ ਲਏ। ਇਹ ਹਮੇਸ਼ਾ ਸੰਭਵ ਨਹੀਂ ਹੈ ਕਿ ਕਲਾਸ/ਸਮੂਹ ਦੇ ਵਿਦਿਆਰਥੀ ਬਰਾਬਰ ਰੂਪ ਨਾਲ ਇੱਕ ਗਤੀਵਿਧੀ ਵਿੱਚ ਭਾਗ ਨਹੀਂ ਲੈ ਸਕਦੇ ਹਨ। ਵਿਦਿਆਰਥੀਆਂ ਦੀ ਸਹਿਭਾਗਤਾ ਦੇ ਅੰਸ਼ ਵਿੱਚ ਤਬਦੀਲੀ ਹੁੰਦੀ ਹੈ, ਪਰ ਤੁਸੀਂ ਹਰੇਕ ਵਿਦਿਆਰਥੀ ਦੀ ਸਹਿਭਾਗਤਾ ਨੂੰ ਜ਼ਰੂਰ ਸੁਨਿਸ਼ਚਤ ਕਰੋ। ਜਦੋਂ ਵੀ ਤੁਹਾਨੂੰ ਜ਼ਰੂਰਤ ਪਏ ਤੁਸੀਂ ਗਤੀਵਿਧੀ ਵਿੱਚ ਛੋਟੀ ਤਬਦੀਲੀ ਕਰਕੇ ਵਿਦਿਆਰਥੀਆਂ ਦੀ ਸਹਿਭਾਗਤਾ ਨੂੰ ਪ੍ਰੋਤਸਾਹਿਤ ਕਰੋ। ਗਤੀਵਿਧੀ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ’ਤੇ ਗਹਿਰੀ ਨਜ਼ਰ ਰੱਖੋ ਅਤੇ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰੋ ਜੋ ਕਲਾਸ ਵਿੱਚ ਸੁਸਤ ਰਹਿੰਦੇ ਹਨ। ਗਤੀਵਿਧੀ ਦੇ ਸ਼ੁਰੂ ਵਿੱਚ ਦਿਸ਼ਾ ਨਿਰਦੇਸ਼ ਦੇਣ ਜਾਂ ਕਿਸੇ ਬਿੰਦੂ ਨੂੰ ਸਪੱਸ਼ਟ ਕਰਨ ਲਈ ਤੁਹਾਡੀ ਮੌਜੂਦਗੀ ਜ਼ਰੂਰੀ ਹੈ। ਜੇਕਰ ਗਤੀਵਿਧੀ ਬੱਚਿਆਂ ਦੇ ਛੋਟੇ ਸਮੂਹਾਂ ਵਿੱਚ ਕਰ ਰਹੇ ਹੋ ਤਾਂ ਤੁਸੀਂ ਸਮਾਂ ਕੱਢ ਕੇ ਹਰੇਕ ਸਮੂਹ ਵਿੱਚ ਬੈਠ ਕੇ ਬੱਚਿਆਂ ਨਾਲ ਗੱਲ ਕਰੋ। ਇਸ ਵਿੱਚ ਤੁਸੀਂ ਉਨ੍ਹਾਂ ਨਾਲ ਗਤੀਵਿਧੀ ਦੇ ਨਤੀਜੇ ’ਤੇ ਗੱਲ ਕਰੋ ਅਤੇ ਇਹ ਵੀ ਸੁਨਿਸ਼ਚਤ ਕਰੋ ਕਿ ਸਾਰੇ ਵਿਦਿਆਰਥੀ ਗਤੀਵਿਧੀ ਵਿੱਚ ਸਮਾਨ ਰੂਪ ਨਾਲ ਭਾਗ ਲੈ ਰਹੇ ਹਨ। ਇਸ ਪ੍ਰਕਾਰ ਸਾਰੇ ਸਮੂਹ ਦੇ ਕੋਲ ਜਾ ਕੇ ਤੁਸੀਂ ਸਮੂਹ ਦੇ ਮੈਂਬਰਾਂ ਦੇ ਵਿਚਕਾਰ ਸਮਾਜਿਕ ਅੰਤਰਕਿਰਿਆ ਨੂੰ ਸਹਿਜ ਅਤੇ ਸੁਚਾਰੂ ਬਣਾ ਸਕਦੇ ਹੋ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੀਤੇ ਜਾ ਰਹੇ ਕਾਰਜ ਦੇ ਬਾਰੇ ਵਿੱਚ ਉਨ੍ਹਾਂ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ। ਤੁਸੀਂ ਇਸ ਪ੍ਰਕਾਰ ਇਹ ਵੀ ਫੈਸਲਾ ਕਰ ਸਕੋਗੇ ਕਿ ਗਤੀਵਿਧੀ ਦਾ ਬੱਚਿਆਂ ਦੀ ਸਿਖਲਾਈ ਦੇ ਉੱਪਰ ਕੀ ਪ੍ਰਭਾਵ ਪਿਆ।

–**ਗਤੀਵਿਧੀ ਵਿੱਚ ਸਮੁਦਾਏ ਦੀ ਸਹਿਭਾਗਤਾ**–ਕਈ ਸਮੁਦਾਏ ਸਰੋਤਾਂ ਦਾ ਉਪਯੋਗ ਗਤੀਵਿਧੀ ਨੂੰ ਜ਼ਿਆਦਾ ਅਰਥਪੂਰਨ ਅਤੇ ਪ੍ਰਸੰਗਿਕ ਬਣਾਉਣ ਲਈ ਕੀਤਾ ਜਾ ਸਕਦਾ ਹੈ। ਸਥਾਨਕ ਰੂਪ ਨਾਲ ਉਪਲੱਬਧ ਸਮਗੱਗਰੀ ਲੋਕ ਕਹਾਣੀ, ਲੋਕ ਗੀਤ, ਖੇਡ ਅਤੇ ਪਹੇਲੀ ਦੀ ਵਰਤੋਂ ਕਲਾਸ ਗਤੀਵਿਧੀ ਵਿੱਚ ਕੀਤੀ ਜਾ ਸਕਦੀ ਹੈ ਜਿਸ ਵਿੱਚ ਵਿਦਿਆਰਥੀ ਸਹਿਜ ਰੂਪ ਨਾਲ ਸ਼ਾਮਲ ਹੋ ਸਕਦੇ ਹਨ। ਇਸ ਤੋਂ ਇਲਾਵਾ ਸਮਾਦੁਾਏ ਦੇ ਮੈਂਬਰਾਂ ਨੂੰ ਸਰੋਤ ਵਿਅਕਤੀ ਦੇ ਰੂਪ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ਜਿਵੇਂ ਸਥਾਨਕ ਕਲਾਕਾਰ, ਕਿਸਾਨ, ਦਸਤਕਾਰ ਆਦਿ। ਇਹ ਸਭ ਕਲਾਸ ਗਤੀਵਿਧੀ ਦੀ ਗੁਣਵੱਤਾ ਨੂੰ ਆਪਣੇ ਅਨੁਭਵ ਰਾਹੀਂ ਸਮਰਿੱਧ ਕਰ ਸਕਦੇ ਹਨ ਅਤੇ ਗਤੀਵਿਧੀ ਨੂੰ ਸਮਾਜਿਕ ਸੰਸਕ੍ਰਿਤਕ ਰੂਪ ਨਾਲ ਸੰਦਰਭਿਤ ਅਤੇ ਪ੍ਰਸੰਗਿਕ ਬਣਾ ਸਕਦੇ ਹਨ। ਇੱਥੋਂ ਤੱਕ

ਕਿ ਸਮੁਦਾਏ ਦੀਆਂ ਬਜ਼ੁਰਗ ਔਰਤਾਂ ਬੱਚਿਆਂ ਨੂੰ ਕਹਾਣੀਆਂ ਸੁਣਾ ਸਕਦੀਆਂ ਹਨ ਜਾਂ ਨੌਜਵਾਨ ਔਰਤਾਂ ਬੱਚਿਆਂ ਨੂੰ ਡਾਂਸ ਅਤੇ ਗਾਉਣਾ ਸਿਖਾ ਸਕਦੀਆਂ ਹਨ।

**-ਮੁਲਾਂਕਣ ਦੀ ਪ੍ਰਕਿਰਿਆ**-ਗਤੀਵਿਧੀ ਆਧਾਰਿਤ ਸਿਖਲਾਈ ਦ੍ਰਿਸ਼ਟੀਕੋਣ ਵਿੱਚ ਵਿਸ਼ੇਸ਼ ਤੌਰ 'ਤੇ ਰਚਨਾਤਮਕ ਪੱਧਰ 'ਤੇ ਸਿਖਲਾਈ ਦੇ ਮੁਲਾਂਕਣ ਵਿੱਚ ਸਵੈ ਮੁਲਾਂਕਣ, ਸਹਿਪਾਠੀਆਂ ਵੱਲੋਂ ਮੁਲਾਂਕਣ ਜਾਂ ਸਮੂਹਿਕ ਮੁਲਾਂਕਣ ਸ਼ਾਮਲ ਹੈ। ਜਿਸ ਨੂੰ ਨਿਰੰਤਰ ਰੂਪ ਨਾਲ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਵਿਦਿਆਰਥੀ ਆਪਣੀ ਸਿਖਲਾਈ ਪ੍ਰਗਤੀ ਦੇ ਬਾਰੇ ਵਿੱਚ ਸਹੀ ਸਮੇਂ 'ਤੇ ਜਾਣਕਾਰੀ ਪ੍ਰਾਪਤ ਕਰ ਸਕਣ ਅਤੇ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਆਪਣੀ ਸਿਖਲਾਈ ਦੀ ਗੁਣਵੱਤਾ ਨੂੰ ਸੁਧਾਰ ਸਕਦੇ ਹਨ। ਨਿਸ਼ਚਤ ਰੂਪ ਨਾਲ ਛੋਟੀਆਂ ਸਮੂਹਿਕ ਗਤੀਵਿਧੀਆਂ ਵਿੱਚ ਸਹਿਪਾਠੀਆਂ ਵੱਲੋਂ ਮੁਲਾਂਕਣ ਨਿਰਮਾਣ ਹੁੰਦਾ ਹੈ ਅਤੇ ਇਸੀ ਕਾਰਨ ਇਸ ਸਿਖਲਾਈ ਨੂੰ ਇੱਕ ਪ੍ਰਭਾਵਸ਼ਾਲੀ ਵਿਧੀ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਦੀ ਸਿਖਲਾਈ ਦਾ ਰਸਮੀ ਮੁਲਾਂਕਣ ਕਰਨ ਦੀ ਵੀ ਲੋੜ ਹੈ।

**-ਸਮਾਂ ਪ੍ਰਬੰਧਨ**- ਕਲਾਸ ਦੇ ਇੱਕ ਪੀਰੀਅਰ ਦਾ ਸਮਾਂ ਨਿਰਧਾਰਤ ਹੁੰਦਾ ਹੈ। ਇਸ ਨੂੰ ਕਲਾਸ ਗਤੀਵਿਧੀ ਦੀ ਯੋਜਨਾ ਬਣਾਉਂਦੇ ਸਮੇਂ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਹਰੇਕ ਗਤੀਵਿਧੀ ਜਿਸ ਦਾ ਆਯੋਜਨ ਪੀਰੀਅਡ ਦੇ ਦੌਰਾਨ ਕਰਨਾ ਹੈ, ਲਈ ਅਲੱਗ ਅਲੱਗ ਸਮਾਂ ਨਿਰਧਾਰਤ ਕਰਨਾ ਜ਼ਰੂਰੀ ਹੈ। ਆਮ ਤੌਰ 'ਤੇ ਗਤੀਵਿਧੀ ਜਾਣ ਪਛਾਣ ਲਈ ਘੱਟ ਤੋਂ ਘੱਟ ਸਮਾਂ (5 ਤੋਂ 10 ਮਿੰਟ) ਅਤੇ ਸਮਾਪਨ ਗਤੀਵਿਧੀ ਲਈ ਵੀ 5 ਤੋਂ 10 ਮਿੰਟ ਤੱਕ ਦਾ ਸਮਾਂ ਰੱਖਣਾ ਚਾਹੀਦਾ ਹੈ। ਹਰੇਕ ਗਤੀਵਿਧੀ ਦੀ ਸ਼ੁਰੂਆਤ ਵਿੱਚ ਵਿਦਿਆਰਥੀ ਨੂੰ ਉਸ ਗਤੀਵਿਧੀ ਲਈ ਨਿਰਧਾਰਤ ਸਮੇਂ ਦੇ ਬਾਰੇ ਵਿੱਚ ਜਾਣਕਾਰੀ ਦੇਣ ਦੀ ਲੋੜ ਹੈ।

ਇੱਕ ਗਤੀਵਿਧੀ ਆਧਾਰਿਤ ਕਲਾਸ ਵਿੱਚ 40 ਤੋਂ 50 ਮਿੰਟ ਦੇ ਇੱਕ ਪੀਰੀਅਡ ਵਿੱਚ ਉਚਿਤ ਰੂਪ ਨਾਲ ਗਤੀਵਿਧੀ ਆਯੋਜਿਤ ਕਰਨ ਲਈ ਹਮੇਸ਼ਾ ਢੁਕਵਾਂ ਹੁੰਦਾ ਹੈ, ਇਸ ਲਈ ਕਲਾਸ ਲਈ ਸਮਾਂ ਸਾਰਣੀ ਨਿਰਮਾਣ ਕਰਦੇ ਸਮੇਂ ਗਤੀਵਿਧੀ ਲਈ ਜ਼ਿਆਦਾ ਤੋਂ ਜ਼ਿਆਦਾ (ਲੰਚ ਤੋਂ ਪਹਿਲਾਂ ਜਾਂ ਬਾਅਦ ਵਿੱਚ ਲਗਾਤਾਰ 2 ਪੀਰੀਅਡ ਇਕੱਠੇ ਪ੍ਰਸਤਾਵਿਤ ਹੋਣ) ਦਿੱਤਾ ਜਾਣਾ ਚਾਹੀਦਾ ਹੈ ਅਤੇ ਇਹ ਵੀ ਧਿਆਨ ਰੱਖੋ ਕਿ ਪ੍ਰਤੀ ਸਪਤਾਹ ਵਿੱਚ ਹਰੇਕ ਵਿਸ਼ੇ ਲਈ ਨਿਰਧਾਰਤ ਸਮੇਂ ਦੇ ਅਨੁਪਾਤ ਵਿੱਚ ਕਿਸੇ ਪ੍ਰਕਾਰ ਦੀ ਮੁਸ਼ਕਿਲ ਪੇਸ਼ ਨਾ ਆਵੇ।

### 4.3.3 **ਸਿਖਲਾਈ ਗਤੀਵਿਧੀ ਦੇ ਲਾਭ**

ਗਤੀਵਿਧੀ ਦੇ ਕੁਝ ਲਾਭ ਨਿਮਨ ਪ੍ਰਕਾਰ ਨਾਲ ਹਨ-

ਗਤੀਵਿਧੀ ਆਪਣੇ ਢੰਗ ਨਾਲ ਸਿੱਖਣ ਅਤੇ ਆਪਣੇ ਸਿੱਖਣ ਦੀ ਗਤੀ ਦਾ ਨਿਰਧਾਰਨ ਕਰਨ ਲਈ ਕਾਰਜ ਖੇਤਰ ਉਪਲੱਬਧ ਕਰਾਉਂਦਾ ਹੈ। ਗਤੀਵਿਧੀ ਵਿੱਚ ਸਹਿਭਾਗਤਾ ਦੇ ਸਮੇਂ ਵਿਦਿਆਰਥੀ ਖੋਜੀ ਸਮਰੱਥਾਵਾਂ ਦਾ ਵਿਕਾਸ ਕਰਦਾ ਹੈ, ਆਪਣੇ ਗਿਆਨ ਦਾ ਮੁਲਾਂਕਣ ਕਰਦੇ ਹਨ ਅਤੇ ਨਵੇਂ ਗਿਆਨ ਦੀ ਸੰਰਚਨਾ ਕਰਦਾ ਹੈ। ਗਤੀਵਿਧੀ ਦੀ ਪ੍ਰਕਿਰਤੀ ਇਸ ਪ੍ਰਕਾਰ ਦੀ ਹੁੰਦੀ ਹੈ ਕਿ ਇਸ ਵਿੱਚ ਸਿਖਿਆਰਥੀ ਪਹਿਲਾਂ ਤੋਂ ਸ਼ਾਮਲ ਹੋ ਜਾਂਦਾਹੈ ਜੋ ਕਿ ਸਿਖਿਆਰਥੀ ਵਿੱਚ ਰੁਚੀ ਪੈਦਾ ਕਰਦਾ ਹੈ ਅਤੇ ਉਹ ਜ਼ਿਆਦਾ ਤੋਂ ਜ਼ਿਆਦਾ ਗਿਆਨ ਹਾਸਲ ਕਰਨ ਲਈ ਪ੍ਰੇਰਿਤ ਹੁੰਦਾ ਹੈ।

ਜਾਣਨ ਲਈ ਸਿੱਖਣਾ, ਕਰਨ ਲਈ ਸਿੱਖਣਾ, ਸਾਂਝਾ ਕਰਨ ਲਈ ਸਿੱਖਣਾ ਅਤੇ ਸਵੈ ਪ੍ਰਗਟਾਵੇ ਲਈ ਸਿੱਖਣਾ-ਸਿਖਲਾਈ ਦੇ ਇਨ੍ਹਾਂ ਚਾਰ ਸਤੰਭਾ ਦੇ ਬਾਰੇ ਵਿੱਚ ਗਤੀਵਿਧੀ

ਆਧਾਰਿਤ ਦ੍ਰਿਸ਼ਟੀਕੋਣ ਦੇ ਜ਼ਰੀਏ ਸਿੱਖਿਆ ਜਾ ਸਕਦਾ ਹੈ। ਇੱਕ ਗਤੀਵਿਧੀ ਵਿੱਚ ਥੋੜ੍ਹੀ ਤਬਦੀਲੀ ਕਰਕੇ ਇਸ ਨੂੰ ਮਿਸ਼ਰਤ ਕਲਾਸ ਅਤੇ ਸਥਿਤੀਆਂ ਦੇ ਕਈ ਪੱਧਰਾਂ ਵਿੱਚ ਆਸਾਨੀ ਨਾਲ ਕੀਤਾਜਾ ਸਕਦਾ ਹੈ। ਇੱਕ ਗਤੀਵਿਧੀ ਵਿੱਚ ਭਾਗ ਲੈਂਦੇ ਸਮੇਂ ਚਾਹੇ ਉਹ ਸਮੂਹ ਵਿੱਚ ਹੋਵੇ, ਜਾਂ ਵਿਅਕਤੀਗਤ ਰੂਪ ਨਾਲ ਹੋਵੇ, ਜਾਂ ਸਹਿਪਾਠੀਆਂ ਨਾਲ ਸਿੱਖਣ ਦੀ ਸਥਿਤੀ ਵਿੱਚ, ਇੱਕ ਵਿਦਿਆਰਥੀ ਨੂੰ ਕਈ ਪ੍ਰਕਾਰ ਦੇ ਕਾਰਜਾਂ ਨੂੰ ਕਰਨਾ ਪੈਂਦਾ ਹੈ। ਇਸ ਨਹੀ ਉਹ ਆਪਣੀ ਤਰਕ ਸਮਰੱਥਾ, ਵਿਚਾਰਕ ਸਮਰੱਥਾ, ਵਿਕਲਪਾਂ ਦੀ ਖੋਜ, ਸਮਾਜਿਕ ਰੂਪ ਨਾਲ ਚਾਹੇ ਤਰੀਕੇ ਨਾਲ ਜਵਾਬ ਦੇਣਾ, ਭਾਵਨਾਵਾਂ 'ਤੇ ਨਿਯੰਤਰਣ, ਸਹਿਯੋਗ ਦੀਆਂ ਸਮਰੱਥਾਵਾਂ ਦੀ ਵਰਤੋਂ ਕਰਦਾ ਹੈ ਅਤੇ ਉਸ ਨੂੰ ਵਿਭਿੰਨ ਪ੍ਰਕਾਰ ਦੀਆਂ ਵਿਧੀਆਂ ਦਾ ਵੀ ਉਪਯੋਗ ਕਰਨਾ ਪੈਂਦਾ ਹੈ। ਇਸ ਲਈ ਗਤੀਵਿਧੀਆਂ ਦਾ ਆਯੋਜਨ ਨਿਯਮਤ ਰੂਪ ਨਾਲ ਕਲਾਸ ਵਿੱਚ ਕਰਨ ਨਾਲ ਵਿਦਿਆਰਥੀ ਵਿੱਚ ਬੌਧਿਕ, ਸਮਾਜਿਕ ਭਾਵਨਾਤਮਕ ਅਤੇ ਮਾਨਸਿਕ ਸੰਵੇਗ ਪਹਿਲੂਆਂ ਦਾ ਵਿਕਾਸ ਕਰਨ ਵਿੱਚ ਸਹਾਇਤਾ ਮਿਲਦੀ ਹੈ ਜੋ ਕਿ ਸਮੁੱਚੇ ਵਿਅਕਤੀਤਵ ਵਿਕਾਸ ਨੂੰ ਸੁਨਿਸ਼ਚਤ ਕਰਦੀ ਹੈ।

### 4.3.4 **ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ ਨਾਲ ਸਬੰਧਿਤ ਮੁੱਦੇ ਅਤੇ ਵਿਚਾਰ**

ਅਸੀਂ ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਦੇ ਜ਼ਰੀਏ ਨਾਲ ਅਧਿਆਪਨ ਕਰਕਨ ਦੇ ਇੰਨੇ ਆਦੀ ਹੋ ਚੁੱਕੇ ਹਾਂ ਕਿ ਸਾਡੇ ਵਿੱਚੋਂ ਜ਼ਿਆਦਾਤਰ ਲਈ ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ ਜਾਂ ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਨੂੰ ਲਾਭਕਾਰੀ ਦ੍ਰਿਸ਼ਟੀਕੋਣ ਦੇ ਰੂਪ ਵਿੱਚ ਸਵੀਕਾਰ ਕਰਨਾ ਮੁਸ਼ਕਿਲ ਹੈ। ਅਧਿਆਪਕਾਂ ਵੱਲੋਂ ਉਠਾਏ ਗਏ ਕੁਝ ਮੁੱਦੇ ਵਿਚਾਰਮਈ ਹਨ ਜੋ ਹੇਠ ਅੰਕਿਤ ਹਨ। ਇਸ 'ਤੇ ਵਿਚਾਰ ਕਰੋ ਅਤੇ ਉਸ ਤੋਂ ਬਾਅਦ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਕੋਸ਼ਿਸ਼ ਕਰੋ।

1. ਇੱਕ ਗਤੀਵਿਧੀ ਤਿਆਰ ਕਰਨੀ ਇੱਕ ਅਧਿਆਪਕ ਲਈ ਮੁਸ਼ਕਿਲ ਅਤੇ ਸਮਾਂ ਖਰਚ ਕਰਨ ਵਾਲਾ ਕਾਰਜ ਹੁੰਦਾ ਹੈ।

2. ਇੱਕ ਵਿਸ਼ੇਸ਼ ਧਾਰਨਾ ਨਾਲ ਸਬੰਧਿਤ ਗਤੀਵਿਧੀ ਡਿਜ਼ਾਇਨ ਕਰਨਾ ਅਨੁਭਵੀ ਅਤੇ ਮਾਹਿਰ ਅਧਿਆਪਕ ਲਈ ਆਸਾਨ ਕਾਰਜ ਹੈ, ਪਰ ਨਵੇਂ ਅਨੁਭਵਹੀਣ ਅਧਿਆਪਕ ਲਈ ਔਖਾ ਹੈ।

   ਇੱਕ ਧਾਰਨਾ ਜਾਂ ਧਾਰਨਾਵਾਂ ਦੇ ਸਮੂਹ ਨਾਲ ਸਬੰਧਿਤ ਇੱਕ ਗਤੀਵਿਧੀ ਆਧਾਰਿਤ ਸਿਖਲਾਈ ਦ੍ਰਿਸ਼ਟੀਕੋਣ ਦੇ ਵਿਕਾਸ ਲਈ ਇੱਕ ਅਧਿਆਪਕ ਵੱਲੋਂ ਲਏ ਗਏ ਕ੍ਰਮਵਾਰ ਪੜਾਵਾਂ ਦਾ ਵਰਣਨ ਕਰੋ।

3. ਕਲਾਸ ਵਿੱਚ ਗਤੀਵਿਧੀ ਕਰਨ ਨਾਲ ਸਬੰਧਿਤ ਸਮਾਂ ਪ੍ਰਬੰਧਨ ਇੱਕ ਮਹੱਤਵਪੂਰਨ ਸਮੱਸਿਆ ਹੈ। ਆਮ ਤੌਰ 'ਤੇ ਇੱਕ ਪੀਰੀਅਡ 40 ਤੋਂ 50 ਮਿੰਟ ਦਾ ਹੁੰਦਾ ਹੈ। ਇਸ ਪੀਰੀਅਡ ਵਿੱਚ ਗਤੀਵਿਧੀ ਕਰਾਉਣੀ ਮੁਸ਼ਕਿਲ ਹੈ। ਇਸ ਤੋਂ ਇਲਾਵਾ ਪਾਠਕ੍ਰਮ ਨੂੰ ਨਿਰਧਾਰਤ ਸਮੇਂ ਦੇ ਅੰਦਰ ਪੂਰਾ ਨਹੀਂ ਕੀਤਾ ਜਾ ਸਕਦਾ ਹੈ।

   ਗਤੀਵਿਧੀ ਆਧਾਰਿਤ ਸਿਖਲਾਈ ਨੂੰ ਅਪਣਾਉਣ ਲਈ ਇੱਕ ਅਧਿਆਪਕ ਕੀ ਕਰ ਸਕਦਾ ਹੈ ?

4. ਇੱਕ ਅਧਿਆਪਕ ਲਈ ਗੀਤ ਗਾਉਣਾ, ਨੱਚਣਾ, ਭੂਮਿਕਾ ਨਿਭਾਉਣਾ, ਕਹਾਣੀ ਸੁਣਾਉਣਾ, ਚਿੱਤਰ ਬਣਾਉਣਾ, ਮਾਡਲ ਬਣਾਉਣਾ ਬਹੁਤ ਮੁਸ਼ਕਿਲ ਹੈ।

   ਇਸ ਪ੍ਰਕਾਰ ਦੀਆਂ ਸਮੱਸਿਆਵਾਂ ਨਾਲ ਨਿਪਟਣ ਲਈ ਕੁਝ ਸੁਝਾਅ ਦਿਓ।

5. ਇੱਕ ਗਤੀਵਿਧੀ ਦਾ ਆਯੋਜਨ ਕਰਨ ਲਈ ਬਹੁਤ ਸਾਰੀਆਂ ਟੀਐੱਲਐੱਮਅ ਦੀ ਲੋੜ ਹੁੰਦੀ ਹੈ ਅਤੇ ਟੀਐੱਲਐੱਮ ਤਿਆਰ ਕਰਨ ਜਾਂ ਇਕੱਤਰ ਕਰਨ ਵਿੱਚ ਬਹੁਤ ਸਮਾਂ ਖਰਚ ਹੁੰਦਾ ਹੈ।

ਇਸ ਮੁੱਦੇ ਨਾਲ ਨਿਪਟਣ ਲਈ ਕੁਝ ਤਰੀਕਿਆਂ ਦਾ ਵਰਣਨ ਕਰੋ।

ਇਹ ਵਿਸ਼ਵਾਸ ਕੀਤਾ ਜਾਂਦਾਹੈ ਕਿ ਗਤੀਵਿਧੀ ਆਧਾਰਿਤ ਸਿਖਲਾਈ, ਸਿਖਿਆਰਥੀ ਕੇਂਦਰਿਤ ਅਧਿਆਪਨ ਸਿਖਲਾਈ ਪ੍ਰਕਿਰਿਆ ਲਈ ਇਹ ਇੱਕ ਉੱਤਮ ਦ੍ਰਿਸ਼ਟੀਕੋਣ ਹੈ। ਉਹ ਅਧਿਆਪਕ ਜੋ ਅਧਿਆਪਕ ਕੇਂਦਰਿਤ ਦ੍ਰਿਸ਼ਟੀਕੋਣ ਤੋਂ ਜਾਣੂ ਹੈ, ਉਨ੍ਹਾਂ ਨੂੰ ਗਤੀਵਿਧੀ ਆਧਾਰਿਤ ਦ੍ਰਿਸ਼ਟੀਕੋਣ ਨੂੰ ਅਪਣਾਉਣ ਲਈ ਆਪਣੇ ਦ੍ਰਿਸ਼ਟੀਕੋਣ ਵਿੱਚ ਤਬਦੀਲੀ ਲਿਆਉਣ ਦੀ ਲੋੜ ਹੈ। ਜਦੋਂ ਅਧਿਆਪਕ ਕਲਾਸ ਵਿੱਚ ਨਿਯਮਤ ਰੂਪ ਨਾਲ ਗਤੀਵਿਧੀ ਕਰੇਗਾ ਤਾਂ ਉਸਨੂੰ ਵਿਦਿਆਰਥੀਆਂ ਨੂੰ ਅਰਥਪੂਰਨ ਢੰਗ ਨਾਲ ਸਿੱਖਣ ਲਈ ਅਵਸਰ ਜਾਂ ਕਾਰਜ ਖੇਤਰ ਉਪਲੱਬਧ ਕਰਾਉਣ ਦੇ ਲਾਭਾਂ ਨਾਲ ਜ਼ਰੂਰੀ ਯਕੀਨ ਹੋਏਗਾ। ਸਮੂਹਿਕ ਸਿਖਲਾਈ ਅਤੇ ਸਵੈ ਸਿਖਲਾਈ ਨੂੰ ਪ੍ਰੋਤਸਾਹਨ ਦੇ ਇਹ ਦ੍ਰਿਸ਼ਟੀਕੋਣ ਅਧਿਆਪਕ ਨੂੰ ਜ਼ਿਆਦਾ ਦਿਲਚਸਪ ਅਤੇ ਚੁਣੌਤੀਪੂਰਨ ਕਾਰਜ ਵਿਕਸਤ ਕਰਨ ਵਿੱਚ ਸਹਾਇਤਾ ਕਰਦਾ ਹੈ। ਇਸ ਨਾਲ ਸਿਖਲਾਈ ਦੀ ਗੁਣਵੱਤਾ ਵਿੱਚ ਵਾਧਾ ਹੁੰਦਾ ਹੈ।

4.4 **ਸਿੱਟਾ**

- ਕਿਉਂਕਿ ਸਿਖਿਆਰਥੀ ਸਾਰੀਆਂ ਸਿੱਖਿਆ ਗਤੀਵਿਧੀਆਂ ਦਾ ਕੇਂਦਰ ਹੁੰਦਾ ਹੈ, ਇਸ ਲਈ ਜ਼ਰੂਰੀ ਹੈ ਕਿ ਸਾਨੂੰ ਕਲਾਸ ਦੇ ਹਰੇਕ ਵਿਦਿਆਰਥੀ ਦੀਆਂ ਵਿਸ਼ੇਸ਼ਤਾਵਾਂ ਦੇ ਬਾਰੇ ਵਿੱਚ ਵਿਸਥਾਰਤ ਜਾਣਕਾਰੀ ਹੋਣੀ ਚਾਹੀਦੀ ਹੈ।
- ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਨੂੰ ਅਪਣਾਉਣ ਲਈ ਸਾਨੂੰ ਵਿਦਿਆਰਥੀ ਦੇ ਵਿਭਿੰਨ ਪਹਿਲੂਆਂ ਨੂੰ ਸਮਝਣ ਦੀ ਲੋੜ ਹੈ। ਜਿਵੇਂ ਉਸ ਦੇ ਸਵੱਸਥ ਸਰੀਰਿਕ ਵਿਕਾਸ, ਮਾਨਸਿਕ ਯੋਗਤਾਵਾਂ, ਵਿਅਕਤੀਤਵ ਵਿਸ਼ੇਸ਼ ਅਨੁਸਾਰ ਸਿਖਲਾਈ ਤਰੀਕੇ, ਪ੍ਰੇਰਨਾ ਅਤੇ ਉਨ੍ਹਾਂ ਦੇ ਘਰ ਅਤੇ ਸੰਸਕ੍ਰਿਤਕ ਪਿਛੋਕੜ ਦੇ ਬਾਰੇ ਵਿੱਚ ਜਾਣਕਾਰੀ ਹੋਣੀ ਚਾਹੀਦੀ ਹੈ।
- ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਵਿੱਚ ਅਧਿਆਪਕ ਦੀਆਂ ਤਿੰਨ ਮਹੱਤਵਪੂਰਨ ਭੂਮਿਕਾਵਾਂ ਹਨ–

  (1) ਵਿਦਿਆਰਥੀ ਦਾ ਪ੍ਰੇਖਣਕਰਤਾ ਅਤੇ ਨਿਦਾਨਕਰਤਾ

  (2) ਸਿਖਲਾਈ ਦੇ ਅਨੁਕੂਲ ਵਾਤਾਵਰਣ ਉਪਲੱਬਧ ਕਰਾਉਣਾ

  (3) ਸਿਖਲਾਈ ਨੂੰ ਸਹਿਜ ਸੁਚਾਰੂ ਬਣਾਉਣ ਵਾਲਾ

- ਸਿਖਿਆਰਥੀ ਕੇਂਦਰਿਤ ਸਿੱਖਿਆ ਮੁੱਖ ਤੌਰ ’ਤੇ ਵਿਦਿਆਰਥੀਆਂ ਦੀ ਸਿਖਲਾਈ ’ਤੇ ਪ੍ਰਮੁੱਖਤਾ ਨਾਲ ਵਿਚਾਰ ਕਰਦੇ ਹੋਏ ਸਿਖਲਾਈ ਪ੍ਰਕਿਰਿਆ ’ਤੇ ਧਿਆਨ ਕੇਂਦਰਿਤ ਕਰਦਾ ਹੈ। ਇਹ ਬੁਨਿਆਦੀ ਰੂਪ ਨਾਲ ਸਿਖਿਆਰਥੀ ਕੇਂਦਰਿਤ ਹੈ, ਪਰ ਕਲਾਸ ਵਿੱਚ ਅਧਿਆਪਕ ਵੀ ਸਿਖਲਾਈ ਦੀ ਪ੍ਰਕਿਰਿਆ ਵਿੱਚ ਸ਼ਾਮਲ ਹੁੰਦਾ ਹੈ।

ਸਹਿਕਾਰੀ ਸਿਖਲਾਈ ਇੱਕ ਵਿਸ਼ੇਸ਼ ਛੋਟਾ ਸਮੂਹਿਕ ਦ੍ਰਿਸ਼ਟੀਕੋਣ ਹੈ ਜਿਸ ਵਿੱਚ ਲੋਕਤੰਤਰੀ ਪ੍ਰਕਿਰਿਆ, ਵਿਅਕਤੀਗਤ ਜਵਾਬਦੇਹੀ, ਸਮਾਨ ਅਵਸਰ ਅਤੇ ਸਮੂਹ ਪੁਰਸਕਾਰ ਸ਼ਾਮਲ ਹਨ। ਸਹਿਕਾਰੀ ਸਿਖਲਾਈ ਮਾਡਲ ਤਿੰਨ ਮਹੱਤਵਪੂਰਨ ਨਿਰਦੇਸ਼ਾਤਮਕ ਟੀਚਿਆਂ ਦੀ ਪ੍ਰਾਪਤ ਲਈ ਉਪਰਾਲਾ ਕਰਦਾ ਹੈ -

ਸਿੱਖਿਆ ਉਪਲੱਬਧੀ, ਵਿਭਿੰਨਾ ਦੀ ਸਵੀਕਾਰਤਾ ਅਤੇ ਸਮਾਜਿਕ ਕੌਸ਼ਲ ਦਾ ਵਿਕਾਸ।

- ਸਹਿਯੋਗਾਤਮਕ ਸਿਖਲਾਈ ਸਿੱਖਿਆ ਸਿਖਲਾਈ ਦੀ ਇੱਕ ਅਜਿਹੀ ਵਿਧੀ ਹੈ ਜਿਸ ਵਿੱਚ ਵਿਦਿਆਰਥੀ ਅਤੇ ਅਧਿਆਪਕ ਦੋਨੋਂ ਇੱਕ ਵਿਸ਼ੇਸ਼ ਸਮੱਸਿਆ ਦੀ ਖੋਜਬੀਣ ਕਰਦੇ ਹਨ ਜਾਂ ਇੱਕ ਅਰਥਪੂਰਨ ਪ੍ਰਾਜੈਕਟ ਦਾ ਨਿਰਮਾਣ ਕਰਦੇ ਹਨ। ਸਹਿਯੋਗਾਤਮਕ ਸਿਖਲਾਈ ਵਿਧੀਆਂ ਅਤੇ ਵਾਤਾਵਰਣ ਨਾਲ ਸਬੰਧਿਤ ਹੈ ਜਿਸ ਵਿੱਚ ਸਿਖਿਆਰਥੀ ਇੱਕ ਅਹਿਮ ਕਾਰਜ ਵਿੱਚ ਸ਼ਾਮਲ ਰਹਿੰਦੇ ਹਨ ਅਤੇ ਇਸ ਵਿੱਚ ਹਰੇਕ ਵਿਦਿਆਰਥੀ ਇੱਕ ਦੂਜੇ ਨੂੰ ਖੋਜਦੇ ਹਨ ਅਤੇ ਇੱਕ ਦੂਜੇ ਪ੍ਰਤੀ ਜਵਾਬਦੇਹ ਹੁੰਦੇ ਹਨ।

- ਗਤੀਵਿਧੀ ਟੀਚਾ ਆਧਾਰਿਤ ਕਾਰਜ ਹੈ ਜਿਸ ਵਿੱਚ ਵਿਦਿਆਰਥੀ ਖੁਦ ਹੀ ਸ਼ਾਮਲ ਹੁੰਦਾ ਹੈ ਅਤੇ ਸਿਖਲਾਈ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਉਸ ਨੂੰ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਇੱਕ ਗਤੀਵਿਧੀ ਦੇ ਚਾਰ ਮੁੱਖ ਤੱਤ ਹਨ ਇਹ ਹੈ ਧਿਆਨ, ਚੁਣੌਤੀ, ਸਵੈ ਸਫੁਰਤੀ ਸਹਿਭਾਗਤਾ ਅਤੇ ਆਨੰਦਦਾਇਕ।

- ਜੇਕਰ ਕਲਾਸ ਵਿੱਚ ਗਤੀਵਿਧੀ ਨੂੰ ਉਚਿੱਤ ਰੂਪ ਨਾਲ ਸੰਚਾਲਿਤ ਕੀਤਾ ਜਾਏ ਤਾਂ ਇਸ ਦੇ ਕਈ ਲਾਭ ਹਨ। ਇਸ ਰਾਹੀਂ ਵਿਦਿਆਰਥੀਆਂ ਨੂੰ ਸੰਦਰਭਿਤ, ਪ੍ਰਸੰਗਿਕ ਅਤੇ ਅਰਥਪੂਰਨ ਢੰਗ ਨਾਲ ਸਿਖਲਾਈ ਦੇ ਅਵਸਰ ਉਪਲੱਬਧ ਕਰਾਏ ਜਾ ਸਕਦੇ ਹਨ।

### 4.5 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

**ਈ.1 ਨਿਮਨਲਿਖਤ ਵਿੱਚੋਂ ਕੋਈ ਤਿੰਨ**

- ਅਧਿਆਪਕ ਜ਼ਿਆਦਾ ਸਰਗਰਮ
- ਵਿਦਿਆਰਥੀ ਜ਼ਿਆਦਾ ਅਸਰਗਰਮ
- ਕਲਾਸ ਵਿੱਚ ਅਧਿਆਪਕ ਨਿਰਦੇਸ਼ਿਤ ਅਨੁਸ਼ਾਸਨ
- ਅਧਿਆਪਕ ਕੀ ਕਰ ਰਹੇ ਹਨ, ਇਸ ਵਿੱਚ ਵਿਦਿਆਰਥੀਆਂ ਦਾ ਬਹੁਤ ਹੀ ਘੱਟ ਰੁਚੀ ਪ੍ਰਦਰਸ਼ਨ

ਈ.2 (ਅ), (ੲ) ਅਤੇ (ਹ)

ਈ.3 (1) ਸਿਖਿਆਰਥੀ ਸਾਰੇ ਸਿੱਖਿਆ ਅਭਿਆਸਾਂ ਦਾ ਕੇਂਦਰ ਹੁੰਦਾ ਹੈ।

(2) ਵਿਦਿਆਰਥੀ ਦੇ ਵਿਭਿੰਨ ਪਹਿਲੂਆਂ ਦੇ ਬਾਰੇ ਵਿੱਚ ਜਾਣਕਾਰੀ ਰੱਖਣ ਨਾਲ ਉਚਿਤ ਸਿਖਲਾਈ ਅਨੁਭਵ ਉਪਲੱਬਧ ਕਰਾਉਣ ਵਿੱਚ ਸਹਾਇਤਾ ਮਿਲਦੀ ਹੈ।

ਈ.4 (1) ਸੁਚੱਜੇ ਸਿਖਲਾਈ ਤਰੀਕੇ ਵਿੱਚ ਸੂਚਨਾ ਅਤੇ ਕਲਪਨਾ ਦੀ ਵਰਤੋਂ ਸਮੱਸਿਆ ਸਮਾਧਾਨ ਵਿੱਚ ਕੀਤੀ ਜਾਂਦੀ ਹੈ ਜਦੋਂ ਕਿ ਸੁਚੱਜੇ ਸਿਖਲਾਈ ਤਰੀਕੇ ਵਿੱਚ ਵਿਵਹਾਰਕ ਅਨੁਭਵ ਦੀ ਵਰਤੋਂ ਸਮੱਸਿਆ ਸਮਾਧਾਨ ਵਿੱਚ ਕੀਤੀ ਜਾਂਦੀ ਹੈ। (2) ਉਹ ਜੋ ਸੁਚੱਜੇ ਸਿਖਲਾਈ ਤਰੀਕੇ ਨਾਲ ਸਿੱਖਦੇ ਹਨ ਉਹ ਚੀਜ਼ਾਂ ਨੂੰ ਵਿਭਿੰਨ

ਦ੍ਰਿਸ਼ਟੀਕੋਣ ਤੋਂ ਦੇਖਦੇ ਹਨ ਜਦੋਂਕਿ ਸੁੱਚਜੇ ਸਿਖਲਾਈ ਤਰੀਕੇ ਵਾਲੀਆਂ ਵਿਵਹਾਰਕ ਕਦਰਾਂ ਕੀਮਤਾਂ 'ਤੇ ਜ਼ਿਆਦਾ ਧਿਆਨ ਕੇਂਦਰਿਤ ਕਰਦੇ ਹਨ।

ਈ.5 (ੳ) ਸਿਖਿਆਰਥੀ ਦਾ ਪ੍ਰੇਖਣ ਅਤੇ ਨਿਦਾਨਕਰਤਾ (ਅ) ਸਿਖਲਾਈ ਲਈ ਵਾਤਾਵਰਣ ਉਪਲੱਬਧ ਕਰਾਉਣਾ ਅਤੇ (ੲ) ਸਿਖਲਾਈ ਸੁਗਮਕਰਤਾ

ਈ.6 (1) ਅਨੁਭਵ ਗ੍ਰਹਿਣ ਅਤੇ (2) ਅਨੁਭਵ ਰੁਪਾਂਤਰਣ

ਈ.7 (1) ਪਰਸਪਰ ਅੰਤਰਕਿਰਿਆ ਰਾਹੀਂ ਸਮਝ ਪੈਦਾ ਕਰਨਾ

(2) ਵਿਕਲਪਿਕਅ ਕਦਰਾਂ ਕੀਮਤਾਂ ਨਾਲ ਸਬੰਧਿਤ ਅਰਥ ਕੱਢਣੇ

ਈ. 8 ਵੇਮਰ ਦੇ ਪੰਜ ਅਭਿਆਸਾਂ ਵਿੱਚੋਂ ਕੋਈ ਤਿੰਨ

ਈ.9 ਸਮੂਹ ਵਿੱਚ ਪਰਸਪਰ ਸਹਿਯੋਗ ਅਤੇ ਸਾਕਾਰਾਤਮਕ ਦ੍ਰਿਸ਼ਟੀਕੋਣ ਨਾਲ ਵਿਦਿਆਰਥੀ ਵਿੱਚ ਆਤਮਵਿਸ਼ਵਾਸ ਪੈਦਾ ਹੁੰਦਾ ਹੈ। ਇੱਕ ਦੂਜੇ ਨਾਲ ਪ੍ਰਤੀਯੋਗਿਤਾ ਕਰਨ ਨਾਲ ਨਹੀਂ।

ਈ. 10 ਕੋਈ ਦੋ ਅੰਤਰਾਂ ਦਾ ਵਰਣਨ ਕਰ ਸਕਦੇ ਹਨ।

ਈ. 11 ਧਿਆਨ, ਚੁਣੌਤੀ, ਸਵੈ ਸਫੁਰਤ ਸਹਿਭਾਗਤਾ ਅਤੇ ਆਨੰਦਦਾਇਕ

ਈ. 12 ਯਾਦ ਕਰਨਾ, ਦੁਹਰਾਉਣ ਦਾ ਇੱਕ ਮਕੈਨੀਕਲ ਤਰੀਕਾ ਹੈ ਜਿਸ ਵਿੱਓ ਇੱਕ ਗਤੀਵਿਧੀ ਦੀਆਂ ਚਾਰੋਂ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਵੀ ਸ਼ਾਮਲ ਨਹੀਂ ਹੈ।

## 4.6 ਸੰਦਰਭ ਗ੍ਰੰਥ/ ਕੁਝ ਉਪਯੋਗੀ ਪੁਸਤਕਾਂ


1. Brown, H., and Ciuffetelli, D.C. (Eds.). (2009). Foundational methods:

Understanding teaching and learning. Toronto: Pearson Education.

2. Cooper, James M. Classroom teaching skills. Boston, New York: Houghton

Mifflin Company.

3. IGONU (2000). Learning Mathematics: Encouraging Learning in the Classroom

(LMT-01). New Delhi: School of Sciences, IGONU.

4. Weimer, M. (2002). Learner-centered teaching. San Francisco: Jossey-Bass.


## 4.7 ਇਕਾਈ ਅੰਤ ਅਭਿਆਸ

1. ਸਿਖਿਆਰਥੀ ਕੇਂਦਰਿਤ ਦ੍ਰਿਸ਼ਟੀਕੋਣ ਅਤੇ ਸਿਖਲਾਈ ਕੇਂਦਰਿਤ ਦ੍ਰਿਸ਼ਟੀਕੋਣ ਦੇ ਅੰਤਰ ਦੱਸੋ।

2. ਸਹਿਯੋਗਾਤਮਕ ਸਿਖਲਾਈ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ। ਇਸ ਨੂੰ ਸਿਖਲਾਈ ਕੇਂਦਰਿਤ ਦ੍ਰਿਸ਼ਟੀਕੋਣ ਕਿਉਂ ਸਮਝਿਆ ਜਾਂਦਾ ਹੈ।

3. ਪ੍ਰਾਇਮਰੀ ਸਕੂਲ ਦੇ ਪਾਠਕ੍ਰਮ ਦੇ ਵਿਭਿੰਨ ਵਿਸ਼ਿਆਂ ਤੋਂ ਉਚਿਤ ਉਦਾਹਰਨ ਪੇਸ਼ ਕਰਕੇ ਇੱਕ ਗਤੀਵਿਧੀ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ। ਇਸ ਦ੍ਰਿਸ਼ਟੀਕੋਣ ਦੇ ਲਾਭ ਅਤੇ ਸੀਮਾਵਾਂ ਦਾ ਵਰਣਨ ਕਰੋ।

4. ਕਲਾਸ ਵਿੱਚ ਗਤੀਵਿਧੀ ਪ੍ਰਬੰਧਨ ਦੇ ਵਿਭਿੰਨ ਪਹਿਲੂਆਂ ਦਾ ਵਰਣਨ ਕਰੋ।